ਕੌਮਾਂਤਰੀ
ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 12 | Issue 25 | 29 June 2022 to 05 July 2022 | Ph.: (510) 240-5949 | Fax: (888) 323-6950 | Email: info@amritsartimes.com, asrtimes@gmail.com

# ਸੰਗਰੂਰ ਵਿਚ ਮਾਨ ਨੇ ਝਾੜੂ ਕੀਤਾ ਢੇਰ, ਜਿੱਤ ਦੇ ਨਿਸ਼ਾਨ ਲਹਿਰਾਏ

### ✪ ਫ਼ਸਵੇਂ ਮੁਕਾਬਲੇ ਵਿਚ ਗੁਰਮੇਲ ਸਿੰਘ ਘਰਾਚੋਂ ਨੂੰ 5822 ਵੋਟਾਂ ਨਾਲ ਹਰਾਇਆ ✪ ਕਾਂਗਰਸ, ਭਾਜਪਾ ਤੇ ਅਕਾਲੀ ਦਲ (ਬ) ਦੇ ਉਮੀਦਵਾਰਾਂ ਦੀਆਂ ਜ਼ਮਾਨਤਾਂ ਜ਼ਬਤ ✪'ਆਪ' ਨੇ ਘੱਟ ਵੋਟਿੰਗ ਨੂੰ ਦੱਸਿਆ ਹਾਰ ਦਾ ਕਾਰਨ

**ਸੰਗਰੂਰ**-ਲੋਕ ਸਭਾ ਹਲਕਾ ਸੰਗਰੂਰ ਦੀ ਜ਼ਿਮਨੀ ਚੋਣ ਵਿਚ ਸ਼੍ਰੋਮਣੀ ਅਕਾਲੀ ਦਲ (ਅ) ਦੇ ਉਮੀਦਵਾਰ ਸ. ਸਿਮਰਨਜੀਤ ਸਿੰਘ ਮਾਨ ਨੇ ਵੱਡਾ ਉਲਟਫੇਰ ਕਰਦਿਆਂ ਜਿੱਤ ਹਾਸਲ ਕੀਤੀ। ਉਨਾਂ 'ਆਪ' ਦੇ ਗੜ ਮੰਨੇ ਜਾਂਦੇ ਹਲਕਾ ਸੰਗਰੂਰ ਤੋਂ ਪਾਰਟੀ ਦੇ ਉਮੀਦਵਾਰ ਗੁਰਮੇਲ ਸਿੰਘ ਘਰਾਚੋਂ ਨੂੰ ਫਸਵੇਂ ਮੁਕਾਬਲੇ ਵਿਚ 5822 ਵੋਟਾਂ ਨਾਲ ਹਰਾਇਆ, ਜਦਕਿ ਕਾਂਗਰਸ, ਭਾਜਪਾ ਤੇ ਅਕਾਲੀ ਦਲ (ਬ) ਦੇ ਉਮੀਦਵਾਰਾਂ ਦੀਆਂ ਜ਼ਮਾਨਤਾਂ ਜ਼ਬਤ ਹੋ ਗਈਆਂ। ਸਿਮਰਨਜੀਤ ਸਿੰਘ ਮਾਨ 2,53,154 ਵੋਟਾਂ ਹਾਸਲ ਕਰਕੇ ਪਹਿਲੇ ਸਥਾਨ 'ਤੇ ਰਹੇ, ਜਦਕਿ ਆਪ ਪਾਰਟੀ ਦੇ ਗੁਰਮੇਲ ਸਿੰਘ ਘਰਾਚੋਂ 2,47,332 ਵੋਟਾਂ ਨਾਲ ਦੂਸਰੇ, ਕਾਂਗਰਸ ਦੇ ਦਲਵੀਰ ਸਿੰਘ ਗੋਲਡੀ 79,668 ਵੋਟਾਂ ਨਾਲ ਤੀਸਰੇ, ਭਾਜਪਾ ਦੇ ਕੇਵਲ ਸਿੰਘ ਢਿੱਲੋਂ 66,298 ਨਾਲ ਚੌਥੇ ਤੇ ਅਕਾਲੀ ਦਲ (ਬ) ਦੀ ਬੀਬੀ ਕਮਲਦੀਪ ਕੌਰ ਰਾਜੋਆਣਾ 44,428 ਵੋਟਾਂ ਨਾਲ ਪੰਜਵੇਂ ਸਥਾਨ 'ਤੇ ਰਹੇ। ਇਨਾਂ ਤੋਂ ਇਲਾਵਾ ੧੧ ਹੋਰ ਉਮੀਦਵਾਰ ਵੀ ਮੈਦਾਨ ਵਿਚ ਸਨ, ਜਿਨਾਂ ਵਿਚੋਂ ਸਭ ਤੋਂ ਵੱਧ 3023 ਵੋਟਾਂ ਆਜ਼ਾਦ ਉਮੀਦਵਾਰ ਕੁਲਵੀਰ ਸਿੰਘ ਨੂੰ ਪਈਆਂ।

**ਹੁਣ ਲੋਕ ਸਭਾ ਵਿਚ 'ਆਪ' ਦਾ ਕੋਈ ਮੈਂਬਰ ਨਹੀਂ**

ਲੋਕ ਸਭਾ ਹਲਕਾ ਸੰਗਰੂਰ ਦੀ ਜ਼ਿਮਨੀ ਚੋਣ ਹਾਰਨ ਤੋਂ ਬਾਅਦ ਲੋਕ ਸਭਾ ਵਿਚ ਹੁਣ ਆਮ ਆਦਮੀ ਪਾਰਟੀ ਦਾ ਕੋਈ ਵੀ ਮੈਂਬਰ ਨਹੀਂ ਰਿਹਾ। ਦੱਸਣਯੋਗ ਹੈ ਕਿ 2014 ਦੀਆਂ ਲੋਕ ਸਭਾ ਚੋਣਾਂ ਵਿਚ ਆਮ ਆਦਮੀ ਪਾਰਟੀ ਨੇ ਚਾਰ ਲੋਕ ਸਭਾ ਹਲਕਿਆਂ ਤੋਂ ਜਿੱਤ ਪ੍ਰਾਪਤ ਕਰ ਕੇ ਸੰਗਰੂਰ ਤੋਂ ਭਗਵੰਤ ਮਾਨ, ਪਟਿਆਲਾ ਤੋਂ ਡਾ. ਧਰਮਵੀਰ ਗਾਂਧੀ, ਫ਼ਤਹਿਗੜ ਸਾਹਿਬ ਤੋਂ ਹਰਿੰਦਰ ਸਿੰਘ ਖ਼ਾਲਸਾ ਤੇ ਫ਼ਰੀਦਕੋਟ ਤੋਂ ਪ੍ਰੋ: ਸਾਧੂ ਸਿੰਘ ਨੇ ਲੋਕ ਸਭਾ ਵਿਚ ਕਦਮ ਰੱਖਿਆ ਸੀ ਪਰ 2019 ਦੀਆਂ ਲੋਕ ਸਭਾ ਚੋਣਾਂ ਵਿਚ ਕੇਵਲ ਹਲਕਾ ਸੰਗਰੂਰ ਤੋਂ ਭਗਵੰਤ ਮਾਨ ਹੀ ਜਿੱਤ ਸਕੇ ਸਨ।

ਹੁਣ ਜ਼ਿਮਨੀ ਚੋਣ ਵਿਚ ਪਾਰਟੀ ਉਮੀਦਵਾਰ ਗੁਰਮੇਲ ਸਿੰਘ ਘਰਾਚੋਂ ਦੇ ਹਾਰਨ ਨਾਲ ਆਮ ਆਦਮੀ ਪਾਰਟੀ ਲੋਕ ਸਭਾ ਵਿਚ ਮੈਂਬਰ ਤੋਂ ਹੀਣੀ ਹੋ ਗਈ ਹੈ।

**ਭਾਜਪਾ ਤੋਂ ਵੀ ਪਿੱਛੇ ਰਿਹਾ ਅਕਾਲੀ ਦਲ (ਬ)**

ਨਤੀਜਿਆਂ ਨੇ ਰਾਜਨੀਤਕ ਹਲਕਿਆਂ ਵਿਚ ਕਾਫ਼ੀ ਹੈਰਾਨੀ ਪੈਦਾ ਕੀਤੀ ਹੈ। ਇਸ ਚੋਣ ਵਿਚ ਅਕਾਲੀ ਦਲ (ਬ) ਨੂੰ ਵੀ ਵੋਟਰਾਂ ਵਲੋਂ ਵੱਡਾ ਝਟਕਾ ਦਿੱਤਾ ਗਿਆ ਹੈ। ਇਸ ਚੋਣ ਵਿਚ ਅਕਾਲੀ ਦਲ ਬਾਦਲ ਦੇ ਉਮੀਦਵਾਰ ਬੀਬੀ ਕਮਲਦੀਪ ਕੌਰ ਪੰਜਵੇਂ ਸਥਾਨ 'ਤੇ ਆਏ ਹਨ ਜਦਕਿ ਭਾਜਪਾ ਉਮੀਦਵਾਰ ਕੇਵਲ ਸਿੰਘ ਢਿੱਲੋਂ ਨੇ ਚੌਥਾ ਸਥਾਨ ਹਾਸਲ ਕੀਤਾ ਹੈ। ਨਤੀਜਿਆਂ ਵਿਚ ਨੋਟਾ ਨੇ 9 ਉਮੀਦਵਾਰਾਂ ਤੋਂ ਵੱਧ ਵੋਟਾਂ ਪ੍ਰਾਪਤ ਕੀਤੀਆਂ ਹਨ। ਨੋਟਾ ਨੂੰ 2471 ਵੋਟਾਂ ਮਿਲੀਆਂ, ਜੋ ਕੁੱਲ ਪੋਲ ਹੋਈਆਂ ਵੋਟਾਂ ਦਾ 0.35 ਫ਼ੀਸਦੀ ਹੈ।



## ਸਿਮਰਨਜੀਤ ਸਿੰਘ ਮਾਨ ਕਰੋਨਾ ਪਾਜ਼ੇਟਿਵ ਆਉਣ ਮਗਰੋਂ ਰਾਜਿੰਦਰਾ ਹਸਪਤਾਲ ਦਾਖ਼ਲ

ਪਟਿਆਲਾ/ਏ.ਟੀ.ਨਿਊਜ਼ :- ਹਾਲ ਹੀ ਵਿੱਚ ਸੰਗਰੂਰ ਲੋਕ ਸਭਾ ਹਲਕੇ ਤੋਂ ਚੁਣੇ ਗਏ ਸੰਸਦ ਮੈਂਬਰ ਸਿਮਰਨਜੀਤ ਸਿੰਘ ਮਾਨ ਦੀ ਕਰੋਨਾ ਰਿਪੋਰਟ ਪਾਜ਼ੇਟਿਵ ਆਉਣ 'ਤੇ ਸੰਗਰੂਰ ਤੋਂ ਰੈਫਰ ਕਰਨ ਮਗਰੋਂ ਉਨਾਂ ਨੂੰ ਪਟਿਆਲਾ ਦੇ ਸਰਕਾਰੀ ਰਾਜਿੰਦਰਾ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ ਹੈ। ਉਨਾਂ ਨੂੰ ਇੱਥੇ ਆਈਸੋਲੇਸ਼ਨ ਵਾਰਡ ਵਿਚ ਰੱਖਿਆ ਗਿਆ ਹੈ। ਡਾਕਟਰਾਂ ਅਨੁਸਾਰ ਮਾਨ ਦੀ ਹਾਲਤ ਖ਼ਤਰੇ ਤੋਂ ਬਾਹਰ ਹੈ ਪਰ ਨਿਰਧਾਰਤ ਨਿਯਮਾਂ ਮੁਤਾਬਿਕ ਉਨਾਂ ਨੂੰ ਇੱਥੇ ਘੱਟੋ-ਘੱਟ ਇੱਕ ਹਫ਼ਤਾ ਰੱਖਿਆ ਜਾਵੇਗਾ।

## ਮਾਨ ਨੂੰ ਆਪ, ਕਾਂਗਰਸ, ਬਾਦਲ ਦਲ ਵਲੋਂ ਜਿੱਤ ਦੀਆਂ ਮੁਬਾਰਕਾਂ

'ਆਪ' ਪੰਜਾਬ ਦੇ ਮੁੱਖ ਬੁਲਾਰੇ ਮਲਵਿੰਦਰ ਸਿੰਘ ਕੰਗ ਨੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸ. ਸਿਮਰਨਜੀਤ ਸਿੰਘ ਮਾਨ ਨੂੰ ਜਿੱਤ ਦੀ ਵਧਾਈ ਦਿੱਤੀ ਤੇ ਕਿਹਾ ਕਿ 'ਆਪ' ਉਮੀਦਵਾਰ ਗੁਰਮੇਲ ਸਿੰਘ ਇਕ ਬਹੁਤ ਹੀ ਸਖ਼ਤ ਮੁਕਾਬਲੇ ਵਿਚ ਹਾਰੇ ਹਨ। ਕੰਗ ਨੇ ਕਿਹਾ ਕਿ 2019 ਦੀਆਂ ਲੋਕ ਸਭਾ ਚੋਣਾਂ ਦੇ ਮੁਕਾਬਲੇ ਇਸ ਚੋਣ ਵਿਚ ਆਮ ਆਦਮੀ ਪਾਰਟੀ ਦਾ ਵੋਟ ਸ਼ੇਅਰ 2 ਫ਼ੀਸਦੀ ਘਟਿਆ ਹੈ।ਇਸ ਵਾਰ ਆਮ ਆਦਮੀ ਪਾਰਟੀ ਨੂੰ 34.65 ਫ਼ੀਸਦੀ ਵੋਟਾਂ ਮਿਲੀਆਂ।ਕੰਗ ਨੇ ਕਿਹਾ ਕਿ ਪਾਰਟੀ ਸੰਗਰੂਰ ਉਪ ਚੋਣ ਦੇ ਨਤੀਜੇ ਨੂੰ ਬਹੁਤ ਗੰਭੀਰਤਾ ਨਾਲ ਲੈ ਰਹੀ ਹੈ।ਅਸੀਂ ਇਸ ਦੀ ਸਮੀਖਿਆ ਕਰਾਂਗੇ। 'ਆਪ' ਆਗੂ ਨੇ ਜ਼ਿਮਨੀ ਚੋਣ ਵਿਚ ਘੱਟ ਵੋਟਿੰਗ ਨੂੰ ਹਾਰ ਦਾ ਵੱਡਾ ਕਾਰਨ ਦੱਸਿਆ।

ਅਕਾਲੀ ਦਲ (ਬ) ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੂੰ ਸੰਗਰੂਰ ਲੋਕ ਸਭਾ ਹਲਕੇ ਦੀ ਜ਼ਿਮਨੀ ਚੋਣ ਜਿੱਤਣ 'ਤੇ ਵਧਾਈ ਦਿੱਤੀ ਤੇ ਉਨਾਂ ਨੂੰ ਪਾਰਟੀ ਵਲੋਂ ਸਹਿਯੋਗ ਦੇਣ ਦੀ ਪੇਸ਼ਕਸ਼ ਕੀਤੀ।

ਸ਼੍ਰੋਮਣੀ ਅਕਾਲੀ ਦਲ (ਬ) ਪਾਰਟੀ ਦੇ ਸੀਨੀਅਰ ਮੀਤ ਪ੍ਰਧਾਨ ਪ੍ਰੇਮ ਸਿੰਘ ਚੰਦੂਮਾਜਰਾ ਸਿਮਰਨਜੀਤ ਸਿੰਘ ਮਾਨ ਨੂੰ ਜਿਤ ਦੀ ਵਧਾਈ ਦਿੰਦਿਆਂ ਕਿਹਾ ਕਿ ਪਾਰਟੀ ਦੀ ਜ਼ਿਮਨੀ ਚੋਣ ਵਿਚ ਹੋਈ ਹਾਰ ਦੇ ਕਾਰਨਾਂ ਬਾਰੇ ਮੰਥਨ ਕੀਤਾ ਜਾਵੇਗਾ। ਸੰਗਰੂਰ ਜ਼ਿਮਨੀ ਚੋਣ ਜਿੱਤਣ 'ਤੇ ਸਿਮਰਨਜੀਤ ਸਿੰਘ ਮਾਨ ਨੂੰ ਵਧਾਈ ਦਿੰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸੰਸਦ ਵਿਚ ਸਿੱਖ ਮਸਲੇ ਉਠਾਉਣ ਦੀ ਆਸ ਪ੍ਰਗਟ ਕੀਤੀ ਹੈ।

ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਕਿ ਸੰਗਰੂਰ ਲੋਕ ਸਭਾ ਜ਼ਿਮਨੀ ਚੋਣ ਵਿਚ ਆਮ ਆਦਮੀ ਪਾਰਟੀ ਦੀ ਹਾਰ ਸਰਕਾਰ ਵਿਰੁੱਧ ਫ਼ਤਵਾ ਹੈ, ਜੋ ਲੋਕਾਂ ਦੀਆਂ ਉਮੀਦਾਂ 'ਤੇ ਖਰੀ ਉਤਰਨ ਵਿਚ ਪੂਰੀ ਤਰਾਂ ਨਾਕਾਮ ਰਹੀ ਹੈ। ਉਨਾਂ ਲੋਕਾਂ ਦੇ ਫ਼ੈਸਲੇ ਨੂੰ ਸਵੀਕਾਰ ਕਰਦਿਆਂ ਸਿਮਰਨਜੀਤੱ ਸਿੰਘ ਮਾਨ ਨੂੰ ਜਿੱਤ ਦੀ ਵਧਾਈ ਦਿੱਤੀ।ਉਨਾਂ ਨੂੰ ਉਮੀਦ ਹੈ ਕਿ ਇਹ ਭਗਵੰਤ ਮਾਨ ਲਈ ਇਕ ਸਬਕ ਹੋਵੇਗਾ, ਜਿਨਾਂ ਨੇ ਕੇਜਰੀਵਾਲ ਨੂੰ ਆਪਣੇ ਅਧਿਕਾਰ ਸੌਂਪ ਦਿੱਤੇ ਹਨ ਅਤੇ ਹਮੇਸ਼ਾ ਉਨਾਂ ਦੇ ਇਸ਼ਾਰਿਆਂ 'ਤੇ ਚੱਲਦੇ ਹਨ।

**ਬਾਕੀ ਸਫ਼ਾ 31 'ਤੇ**

**ਲੋਕਾਂ ਦਾ ਫ਼ਤਵਾ ਸਿਰ ਮੱਥੇ : ਭਗਵੰਤ ਮਾਨ**

ਚੰਡੀਗੜ-ਮੁੱਖ ਮੰਤਰੀ ਭਗਵੰਤ ਮਾਨ ਨੇ ਆਮ ਆਦਮੀ ਪਾਰਟੀ ਦੇ ਉਮੀਦਵਾਰ ਗੁਰਮੇਲ ਸਿੰਘ ਦੀ ਸੰਗਰੂਰ ਲੋਕ ਸਭਾ ਜ਼ਿਮਨੀ ਚੋਣ ਵਿਚ ਹਾਰ ਤੋਂ ਬਾਅਦ ਟਵੀਟ ਕਰਕੇ ਲੋਕਾਂ ਦੇ ਫ਼ਤਵੇ ਨੂੰ ਮਨਜ਼ੂਰ ਕੀਤਾ ਹੈ, ਹਾਲਾਂਕਿ ਉਨਾਂ ਆਪਣੇ ਇਸ ਟਵੀਟ ਵਿਚ ਸ. ਸਿਮਰਨਜੀਤ ਸਿੰਘ ਮਾਨ ਨੂੰ ਉਨਾਂ ਦੀ ਜਿੱਤ ਲਈ ਵਧਾਈ ਨਹੀਂ ਦਿੱਤੀ ਹੈ।

## ਸੰਸਦ ਵਿਚ ਪੰਜਾਬੀਆਂ ਦੀ ਆਵਾਜ਼ ਬਣ ਕੇ ਗੂੰਜਾਂਗਾ : ਮਾਨ

ਸੰਗਰੂਰ-ਲੋਕ ਸਭਾ ਹਲਕਾ ਸੰਗਰੂਰ ਤੋਂ ਜ਼ਿਮਨੀ ਚੋਣ 'ਚ ਇਤਿਹਾਸਕ ਜਿੱਤ ਦਰਜ ਕਰਵਾਉਣ ਉਪਰੰਤ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਸਰ) ਦੇ ਪ੍ਰਧਾਨ ਸ. ਸਿਮਰਨਜੀਤ ਸਿੰਘ ਮਾਨ ਨੇ ਕਿਹਾ ਉਹ ਸੰਗਰੂਰ ਦੇ ਨਾਲ ਨਾਲ ਪੰਜਾਬ ਤੇ ਸਿੱਖ ਕੌਮ ਦੇ ਮੁੱਦੇ ਹੱਲ ਕਰਵਾਉਣ ਲਈ ਪੂਰੀ ਵਾਹ ਲਗਾ ਦੇਣਗੇ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਲਟਕ ਰਹੀਆਂ ਚੋਣਾਂ ਬਾਰੇ ਮਾਨ ਨੇ ਕਿਹਾ ਕਿ ਮੈਂ ਸਿੱਖਾਂ ਦੀ ਮਿੰਨੀ ਪਾਰਲੀਮੈਂਟ ਸਮਝੀ ਜਾਂਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਕਰਵਾਉਣ ਲਈ ਪਿਛਲੇ ਸਮੇਂ ਤੋਂ ਯਤਨਸ਼ੀਲ ਰਿਹਾ ਹਾਂ ਅਤੇ ਹੁਣ ਵੀ ਮੇਰਾ ਇਹੀ ਏਜੰਡਾ ਰਹੇਗਾ ਕਿ ਇਹ ਚੋਣਾਂ ਕਰਵਾ ਕੇ ਸਿੱਖ ਆਪਣੀ ਮਿੰਨੀ ਪਾਰਲੀਮੈਂਟ ਦਾ ਕੰਮਕਾਜ ਸੁਚਾਰੂ ਢੰਗ ਨਾਲ ਚਲਾ ਸਕਣ।

ਪਾਕਿਸਤਾਨ ਨਾਲ ਲੱਗਦੀ ਅੰਤਰਰਾਸ਼ਟਰੀ ਸਰਹੱਦ ਖੋਲਣ ਸੰਬੰਧੀ ਮਾਨ ਨੇ ਕਿਹਾ ਕਿ ਮੇਰੀ ਸੋਚ ਹੈ ਕਿ ਪਾਕਿਸਤਾਨ ਨਾਲ ਪੰਜਾਬ ਦੀ ਖੋਲੀ ਗਈ ਸਰਹੱਦ ਨਾਲ ਜਿੱਥੇ ਬਾਸਮਤੀ ਤੋਂ ਲੈ ਕੇ ਹੋਰ ਫ਼ਸਲਾਂ ਦਾ ਭਾਅ ਵਧੀਆ ਮਿਲੇਗਾ ਉੱਥੇ ਪੰਜਾਬ ਦੇ ਨੌਜਵਾਨਾਂ ਨੂੰ ਟਰਾਂਸਪੋਰਟ ਦਾ ਕਾਰੋਬਾਰ ਅਰਬ ਦੇਸ਼ਾਂ ਤੱਕ ਕਰਨ ਦਾ ਵਧੀਆ ਵਸੀਲਾ ਵੀ ਬਣੇਗਾ।

ਪੰਜਾਬ ਵਿਚ 'ਆਪ' ਸਰਕਾਰ ਦੇ ਤਿੰਨ ਮਹੀਨੇ ਦੇ ਕਾਰਜਕਾਲ 'ਤੇ ਟਿੱਪਣੀ ਕਰਦਿਆਂ ਮਾਨ ਨੇ ਕਿਹਾ ਕਿ ਇਸ ਦਾ ਜਵਾਬ ਲੋਕ ਸਭਾ ਹਲਕਾ ਸੰਗਰੂਰ ਦੇ ਲੋਕਾਂ ਨੇ ਭਲੀਭਾਂਤ ਦੇ ਹੀ ਦਿੱਤਾ ਹੈ। ਮੇਰੇ ਖ਼ਿਲਾਫ਼ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਤੋਂ ਇਲਾਵਾ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਚੋਣ ਪ੍ਰਚਾਰ ਲਈ ਉਤਰੇ ਹੋਏ ਸਨ ਪਰ ਮੈਨੂੰ ਹਰ ਵਰਗ ਚਾਹੇ ਉਹ ਹਿੰਦੂ, ਮੁਸਲਮਾਨ ਜਾਂ ਸਿੱਖ ਵੋਟਰ ਹੋਵੇ, ਨੇ ਭਰਵਾਂ ਸਮਰਥਨ ਦੇ ਕੇ ਵੱਡੀ ਜਿੱਤ ਦਿਵਾਈ ਹੈ। ਸੰਸਦ ਵਿਚ ਪੰਜਾਬੀਆਂ ਤੇ ਘੱਟਗਿਣਤੀਆਂ ਦੇ ਮੁੱਦੇ ਉਠਾਉਣ ਬਾਰੇ ਕਿਹਾ ਕਿ ਮੈਂ ਸੰਸਦ ਵਿਚ ਮੁਸਲਿਮ ਭਾਈਚਾਰੇ ਦੇ ਹੱਕਾਂ ਦੀ ਰਾਖੀ ਦੇ ਨਾਲ-ਨਾਲ ਕਸ਼ਮੀਰ ਵਿਚ ਭਾਰਤੀ ਫ਼ੌਜ ਵਲੋਂ ਮੁਸਲਿਮ ਵਰਗ 'ਤੇ ਹੋਏ ਅੱਤਿਆਚਾਰਾਂ ਖ਼ਿਲਾਫ਼ ਵੀ ਆਵਾਜ਼ ਉਠਾਵਾਂਗਾ। ਇਸ ਤੋਂ ਇਲਾਵਾ ਮੈਂ ਸੰਗਰੂਰ ਲੋਕ ਸਭਾ ਹਲਕੇ ਦੇ ਸਰਬਪੱਖੀ ਵਿਕਾਸ ਕਰਨ ਲਈ ਹਰ ਸੰਭਵ ਯਤਨ ਵੀ ਕਰਾਂਗਾ।ਮੇਰੀ ਸੋਚ ਹੈ ਕਿ ਹੁਣ ਸੰਗਰੂਰ ਲੋਕ ਸਭਾ ਹਲਕੇ ਦਾ ਕੋਈ ਵਰਗ ਕਿਸੇ ਵੀ ਜ਼ਿਆਦਤੀ ਦਾ ਸ਼ਿਕਾਰ ਨਹੀਂ ਬਣੇਗਾ।

## ਉਦੈਪੁਰ ਵਿੱਚ ਹਿੰਦੂ ਦੇ ਕਤਲ ਮਗਰੋਂ ਤਣਾਅ : ਕਰਫਿਊ ਲਾਇਆ

### ✪ ਪੁਲਿਸ ਨੇ ਦੋ ਮੁਸਲਮਾਨਾਂ ਨੂੰ ਹਿਰਾਸਤ ਵਿੱਚ ਲਿਆ ✪ ਗ੍ਰਹਿ ਮੰਤਰਾਲੇ ਨੇ ਐੱਨਆਈਏ ਟੀਮ ਉਦੈਪੁਰ ਭੇਜੀ ✪ ਮੁਲਜ਼ਮਾਂ ਵਲੋਂ ਵੀਡੀਓ ਵਿੱਚ ਦਾਅਵਾ ਕਿ ਇਸਲਾਮ ਦੇ ਅਪਮਾਨ ਦਾ ਬਦਲਾ ਲਿਆ

**ਉਦੈਪੁਰ/ਏ.ਟੀ.ਨਿਊਜ਼** :- ਇੱਥੋਂ ਦੇ ਭੀੜ-ਭੜੱਕੇ ਵਾਲੇ ਇਲਾਕੇ ਵਿੱਚ ਬੀਤੇ ਦਿਨੀਂ ਦਿਨ-ਦਿਹਾੜੇ ਇੱਕ ਦਰਜੀ ਦਾ ਕਤਲ ਕੀਤੇ ਜਾਣ ਮਗਰੋਂ ਦੋ ਵਿਅਕਤੀਆਂ ਵੱਲੋਂ ਸੋਸ਼ਲ ਮੀਡੀਆ 'ਤੇ ਇਸ ਦੀ ਜ਼ਿੰਮੇਵਾਰੀ ਲੈਣ ਤੋਂ ਬਾਅਦ ਰਾਜਸਥਾਨ ਦੇ ਇਸ ਸ਼ਹਿਰ ਵਿੱਚ ਤਣਾਅ ਪੈਦਾ ਹੋ ਗਿਆ। ਮੁੱਖ ਮੰਤਰੀ ਅਸ਼ੋਕ ਗਹਿਲੋਤ ਨੇ ਉਦੈਪੁਰ ਦੇ ਸੱਤ ਥਾਣਿਆਂ ਅਧੀਨ ਆਉਂਦੇ ਖੇਤਰਾਂ ਵਿੱਚ ਰਾਤ ਅੱਠ ਵਜੇ ਤੋਂ ਧਾਰਾ 144, ਕਰਫਿਊ ਲਾਉਣ ਅਤੇ 24 ਘੰਟਿਆਂ ਲਈ ਇੰਟਰਨੈੱਟ ਸੇਵਾਵਾਂ ਬੰਦ ਕਰਨ ਦਾ ਐਲਾਨ ਕੀਤਾ ਹੈ। ਇਸ ਦੌਰਾਨ ਗ੍ਰਹਿ ਮੰਤਰਾਲੇ ਨੇ ਐੱਨਆਈਏ ਟੀਮ ਉਦੈਪੁਰ ਭੇਜ ਦਿੱਤੀ ਹੈ।

ਮੁਲਜ਼ਮਾਂ ਨੇ ਵੀਡੀਓ ਵਿੱਚ ਦਾਅਵਾ ਕੀਤਾ ਕਿ ਉਨਾਂ ਨੇ ਇਸ ਕਤਲ ਨਾਲ ਇਸਲਾਮ ਦੇ ਅਪਮਾਨ ਦਾ ਬਦਲਾ ਲੈ ਲਿਆ ਹੈ। ਉਨਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਵੀ ਧਮਕੀ ਦਿੱਤੀ। ਪੁਲਿਸ ਨੇ ਇਸ ਮਾਮਲੇ ਵਿੱਚ ਉਦੈਪੁਰ ਦੇ ਗੁਆਂਢੀ ਜ਼ਿਲੇ ਰਾਜਸਮੰਡ ਦੇ ਭੀਮ ਖੇਤਰ ਤੋਂ ਦੋ ਜਣਿਆਂ ਨੂੰ ਹਿਰਾਸਤ ਵਿੱਚ ਲਿਆ ਹੈ।



ਪੁਲਿਸ ਨੇ ਦੱਸਿਆ ਕਿ ਪੀੜਤ ਦੀ ਪਛਾਣ ਕਨਈਆ ਲਾਲ ਵਜੋਂ ਹੋਈ ਹੈ। ਉਹ ਦਰਜੀ ਦਾ ਕੰਮ ਕਰਦਾ ਸੀ। ਦੋਵੇਂ ਹਮਲਾਵਰ ਸ਼ਹਿਰ ਦੇ ਧਾਨ ਮੰਡੀ ਇਲਾਕੇ ਵਿੱਚ ਉਸ ਦੀ ਦੁਕਾਨ ਵਿੱਚ ਦਾਖ਼ਲ ਹੋਏ ਅਤੇ ਤੇਜ਼ਧਾਰ ਹਥਿਆਰ ਨਾਲ ਉਸ ਦਾ ਗਲਾ ਰੇਤ ਦਿੱਤਾ। ਦੋਵੇਂ ਵਿਅਕਤੀ ਮੌਕੇ ਤੋਂ ਫ਼ਰਾਰ ਹੋ ਗਏ ਅਤੇ ਬਾਅਦ ਵਿੱਚ ਸੋਸ਼ਲ ਮੀਡੀਆ 'ਤੇ ਵੀਡੀਓ ਕਲਿੱਪ ਸਾਂਝੀ ਕੀਤੀ, ਜੋ ਵਾਇਰਲ ਹੋ ਰਹੀ ਹੈ।

ਸੂਤਰਾਂ ਦਾ ਕਹਿਣਾ ਹੈ ਕਿ ਕਨਈਆ ਲਾਲ ਨੇ ਭਾਜਪਾ ਦੀ ਸਾਬਕਾ ਆਗੂ ਨੂਪੁਰ ਸ਼ਰਮਾ ਵੱਲੋਂ ਪੈਗੰਬਰ ਮੁਹੰਮਦ ਬਾਰੇ ਕੀਤੀ ਵਿਵਾਦਤ ਟਿੱਪਣੀ ਦਾ ਸੋਸ਼ਲ ਮੀਡੀਆ 'ਤੇ ਸਮਰਥਨ ਕੀਤਾ ਸੀ, ਜਿਸ ਕਾਰਨ ਉਸ ਦਾ ਕਤਲ ਕੀਤਾ ਗਿਆ ਹੈ। ਕਤਲ ਸਬੰਧੀ ਵੀਡੀਓ ਵਾਇਰਲ ਹੋਣ ਮਗਰੋਂ ਉਦੈਪੁਰ ਵਿੱਚ ਤਣਾਅ ਪੈਦਾ ਹੋ ਗਿਆ। ਸਥਾਨਕ ਦੁਕਾਨਦਾਰਾਂ ਨੇ ਦੁਕਾਨਾਂ ਬੰਦ ਕਰ ਦਿੱਤੀਆਂ।ਮੁੱਖ ਮੰਤਰੀ ਗਹਿਲੋਤ ਨੇ ਇਸ ਘਟਨਾ ਦੀ ਨਿਖੇਧੀ ਕਰਦਿਆਂ ਲੋਕਾਂ ਨੂੰ ਸ਼ਾਂਤੀ ਬਣਾਈ ਰੱਖਣ ਦੀ ਅਪੀਲ ਕੀਤੀ।

# Valley Real Estate Center



Better Deal will be given from New Builders to Book New home in Mountain House, Tracy, Manteca and lathrop

For agriculture and almond Farm,office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing

**TOTAL 35.5 YOUNG THREE YEARS OLD TREE PADRE AND NONPAREIL VARIETY. WITH RIPARIAN RIGHT FROM THE SAN JOAQUIN RIVER. WITH A SINGLE FAMILY SMALL HOME, IT'S VERY DESIRABLE PROPERTY**



**PROPERTY ADDRESS: 27022 RIVER ROADM, NEWMAN CA 95360.**



RANJIT SINGH
(Lic: 01922089)

# RANJIT SINGH

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700, gbsingh84@gmail.com**

# ਨਹੀਂ ਭੁਲਾਈ ਜਾ ਸਕਦੀ ਬਾਬਾ ਬੰਦਾ ਸਿੰਘ ਬਹਾਦਰ ਦੀ ਲਾਸਾਨੀ ਸ਼ਹਾਦਤ : ਗਿਆਨੀ ਹਰਪ੍ਰੀਤ ਸਿੰਘ

## ਮੁਜਾਰਿਆਂ ਨੂੰ ਜਮੀਨਾਂ ਦੇ ਮਾਲਕ ਬਣਾਇਆ

**ਅੰਮ੍ਰਿਤਸਰ/ਏ.ਟੀ.ਨਿਊਜ਼ :-** ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸਿੱਖ ਸੰਗਤਾਂ ਨੂੰ ਮਹਾਨ ਸਿੱਖ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਦੇ ਜੀਵਨ ਤੋਂ ਪ੍ਰੇਰਨਾ ਲੈਣ ਦੀ ਅਪੀਲ ਕੀਤੀ ਹੈ । ਸਿੱਖ ਜਰਨੈਲ ਦੇ ਸ਼ਹੀਦੀ ਦਿਹਾੜੇ ਮੌਕੇ ਕੌਮ ਦੇ ਨਾਮ ਜਾਰੀ ਸੰਦੇਸ਼ ਵਿਚ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਬਾਬਾ ਬੰਦਾ ਸਿੰਘ ਬਹਾਦਰ ਨੇ ਲੰਬੇ ਅਰਸੇ ਬਾਅਦ ਪੰਜਾਬ ਦੀ ਧਰਤੀ ’ਤੇ ਸਿੱਖ ਰਾਜ ਸਥਾਪਿਤ ਕੀਤਾ। ਇਸ ਥੋੜੇ ਅਰਸੇ ਦੌਰਾਨ ਵੀ ਉਨਾਂ ਨੇ ਮਹਾਨ ਕਾਰਜ ਕੀਤੇ। ਜਿਹੜੇ ਮੁਜਾਰੇ ਜ਼ਮੀਨਾਂ ਵਾਹੁੰਦੇ ਸਨ, ਉਨਾਂ ਨੂੰ ਜਮੀਨਾਂ ਦੇ ਮਾਲਕ ਬਣਾਇਆ। ਮੁਗਲ ਸਾਮਰਾਜ ਨਾਲ ਬਾਬਾ ਬੰਦਾ ਸਿੰਘ ਬਹਾਦਰ ਨੇ ਟੱਕਰ ਲੈਂਦਿਆਂ ਸਰਹਿੰਦ ਦੀ ਇੱਟ ਨਾਲ ਇੱਟ ਖੜਕਾਈ। ਉਨਾਂ ਲੋਹਗੜ ਨੂੰ ਆਪਣੀ ਰਾਜਧਾਨੀ ਬਣਾਇਆ। ਬਾਬਾ ਬੰਦਾ ਸਿੰਘ ਬਹਾਦਰ ਦੀ ਮਹਾਨ ਸ਼ਹਾਦਤ ਦਾ ਜਿਕਰ ਕਰਦਿਆਂ ਜਥੇਦਾਰ ਨੇ ਕਿਹਾ ਕਿ ਜਦੋਂ ਪ੍ਰਧਾਨ ਮੰਤਰੀ ਅਮੀਨ ਖਾਨ ਇਸ ਦੀ ਸ਼ਹਾਦਤ ਅੱਖੀਂ ਦੇਖਣ ਲਈ ਕਤਲਗਾਹ ਵਿੱਚ ਪੁੱਜਾ। ਉਹ ਬਾਬਾ ਬੰਦਾ ਸਿੰਘ ਦੇ ਚਿਹਰੇ ਦਾ ਜਲਾਲ ਦੇਖ ਕੇ ਦੰਗ ਰਹਿ ਗਿਆ ਤੇ ਪੁੱਛਿਆ-ਇੱਕ ਫਕੀਰ ਲਈ ਕੀ ਇਹ ਉਚਿਤ ਸੀ ਕਿ ਇਹੋ ਜਿਹਾ ਕਤਲੇਆਮ ਮਚਾਉਂਦਾ ? ਬਾਬਾ ਬੰਦਾ ਸਿੰਘ ਬਹਾਦਰ ਨੇ ਕਿਹਾ ਜਦੋਂ ਸਟੇਟ ਜੁਲਮ ਦੀ ਅੱਤ ਚੁੱਕਣ ਤਾਂ ਮੇਰਾ ਗੁਰੂ ਮੇਰੇ ਜਿਹਿਆਂ ਨੂੰ ਥਾਪੜਾ ਦੇ ਕੇ ਤੋਰ ਦਿੰਦਾ ਹੈ ਕਿ ਜ਼ੁਲਮ ਖਤਮ ਕਰੋ। ਪਰ ਮੇਰੇ ਜਿਹਾ ਵੀ ਕੋਈ ਜੋ ਵਧੀਕੀਆਂ ਕਰੇ ਤਾਂ ਮੇਰਾ ਗੁਰੂ ਮੇਰੇ ਜਿਹਿਆਂ ਨੂੰ ਫਿਰ ਤੇਰੇ ਜਿਹਿਆਂ ਦੇ ਹਵਾਲੇ ਕਰ ਦਿੰਦਾ ਹੈ। ਅਮੀਨ ਖਾਨ ਨੇ ਫਿਰ ਪੁੱਛਿਆ ਪਰ ਤੁਸੀਂ ਕਹਿੰਦੇ ਹੋ ਤੁਹਾਡਾ ਗੁਰੂ ਸਰਬ ਸਮਰੱਥ ਤੇ ਮਦਦਗਾਰ ਹੈ। ਫਿਰ ਇਸ ਸੰਕਟ ਦੀ ਘੜੀ ਉਹ ਤੈਨੂੰ ਕਿਉਂ ਨਹੀਂ ਬਚਾਉਂਦਾ ? ਬੰਦਾ ਸਿੰਘ ਨੇ ਕਿਹਾ ਮੇਰਾ ਗੁਰੂ ਮਿਹਰਬਾਨ ਹੈ। ਉਹ ਮੈਨੂੰ ਆਪਣੇ ਚਰਨਾਂ ਵਿੱਚ ਬਿਠਾ ਕੇ ਰੱਖਣ ਦਾ ਇਛੁੱਕ ਹੈ ਕਿਉਂਕਿ ਉਹ ਮੈਨੂੰ ਪਿਆਰ ਕਰਦਾ ਹੈ। ਮੇਰੇ ਕੀਤੇ ਪਾਪਾਂ ਦੀ



ਸਜ਼ਾ ਉਹ ਧਰਤੀ ਉੱਪਰ ਹੀ ਦੇ ਕੇ ਫਿਰ ਆਪਣੇ ਪਾਸ ਰੱਖੇਗਾ। ਉਹ ਅਨੰਤ ਸ਼ਾਨਾ ਦਾ ਮਾਲਕ, ਕਲਗੀਧਰ ਗੁਰੂ ਪਿਤਾ ਅਦੁੱਤੀ ਵਿਹਾਰ ਕਰਦਾ ਹੈ।

ਜਲਾਦ ਨੇ ਪਹਿਲਾਂ ਉਸਦੀ ਸੱਜੀ ਅੱਖ ਕੱਢੀ ਫਿਰ ਖੱਬੀ ਫਿਰ ਉਸਦਾ ਖੱਬਾ ਪੈਰ ਵੱਢ ਦਿੱਤਾ ਗਿਆ ਤੇ ਇਸ ਤੋਂ ਬਾਅਦ ਦੋਵੇਂ ਹੱਥ ਕੱਟ ਦਿੱਤੇ ਗਏ। ਬੇਅੰਤ ਖ਼ੂਨ ਵਹਿ ਜਾਣ ਕਾਰਨ ਉਹ ਬੇਹੋਸ਼ ਹੋ ਗਿਆ ਤਾਂ ਉਸਦਾ ਸਿਰ ਕੱਟ ਦਿੱਤਾ ਗਿਆ। ਫਿਰ ਉਸਦੇ ਸਾਰੇ ਜਿਸਮ ਦੀ ਬੋਟੀ ਬੋਟੀ ਕਰਕੇ ਕਾਵਾਂ ਕੁੱਤਿਆਂ ਦੇ ਖਾਣ ਵਾਸਤੇ ਖਲਾਰ ਦਿੱਤੀ ਗਈ।

ਇਹੋ ਜਿਹੇ ਲਾਸਾਨੀ ਸ਼ਹੀਦ ਇਤਿਹਾਸ ਵਿੱਚ ਬੜੇ ਘੱਟ ਪਰ ਸਿੱਖਾਂ ਵਿੱਚ ਬਹੁਤ ਹੋਏ ਹਨ। ਬਾਕੀ ਦੇ ਸਾਥੀਆਂ ਨੂੰ ਵੀ ਇਸੇ ਢੰਗ ਨਾਲ ਕਤਲ ਕੀਤਾ ਗਿਆ। ਜਿਸ ਕਿਸੇ ਨੇ ਵੀ ਇਹ ਦ੍ਰਿਸ਼ ਦੇਖੇ ਚਾਹੇ ਮੁਸਲਮਾਨ, ਚਾਹੇ ਹਿੰਦੂ ਜਾਂ ਈਸਾਈ ਸਭਨਾਂ ਨੇ ਬੰਦਾ ਸਿੰਘ ਦੀ ਸ਼ਹਾਦਤ ਨੂੰ ਗੈਬੀ ਵਰਤਾਰੇ ਵਾਲੀ ਮੰਨਿਆ ਹੈ। ਅੰਤ ਮੁਗਲ ਹਕੂਮਤ ਨੇ ਮਹਿਰੌਲੀ ਦੇ ਸਥਾਨ ’ਤੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਬੇਹੱਦ ਤਸੀਹੇ ਦੇ ਕੇ ਸ਼ਹੀਦ ਕੀਤਾ। ਉਨਾਂ ਕਿਹਾ ਸਾਡੇ ਸਿੱਖ ਸਮਾਜ ਨੂੰ ਇਸ ਮਹਾਨ ਜਰਨੈਲ ਦੇ ਜੀਵਨ ਤੋਂ ਪ੍ਰੇਰਨਾ ਲੈਣ ਦੀ ਜ਼ਰੂਰਤ ਹੈ।

---

# ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਨੇ ਲੰਡਨ ਰੋਸ ਮੁਜ਼ਾਹਰੇ ਦੌਰਾਨ ਹੋਏ ਪੱਖਪਾਤ ਦੀ ਕੀਤੀ ਨਿਖੇਧੀ

## 15 ਅਗਸਤ ਨੂੰ ਮੁਜ਼ਾਹਰੇ ਦਾ ਐਲਾਨ ਅਤੇ ਸਿੱਖ ਸੰਗਤ ਦਾ ਧੰਨਵਾਦ

**ਲੰਡਨ/ਏ.ਟੀ.ਨਿਊਜ਼:-** ਬਰਤਾਨੀਆ ਵਿੱਚ ਅਜਾਦ ਸਿੱਖ ਰਾਜ ਖਾਲਿਸਤਾਨ ਲਈ ਯਤਨਸ਼ੀਲ ਸਿੱਖ ਜਥੇਬੰਦੀਆਂ ਵਲੋਂ ਜੂਨ 1984 ਨੂੰ ਸਿੱਖ ਤਵਾਰੀਖ ਵਿੱਚ ਵਾਪਰੇ ਤੀਸਰੇ ਖੂਨੀ ਘੱਲੂਘਾਰੇ ਤੋਂ ਬਾਅਦ ਯੂ.ਕੇ. ਸਥਿਤ ਭਾਰਤੀ ਅੰਬੈਸੀ ਮੂਹਰੇ ਲਗਾਤਾਰ ਰੋਸ ਅਤੇ ਰੋਹ ਭਰਪੂਰ ਪ੍ਰਦਰਸ਼ਨ ਕੀਤੇ ਜਾਂਦੇ ਹਨ। ਕਰੀਬ ਤੀਹ ਕੁ ਸਾਲ ਪਹਿਲਾਂ ਇਨਾਂ ਰੋਸ ਮੁਜ਼ਾਹਰਿਆਂ ਅਤੇ ਯੂ.ਕੇ. ਵਿੱਚ ਪੰਥਕ ਮੁੱਦਿਆਂ ’ਤੇ ਵਿਚਾਰ ਕਰਨ, ਪੰਥਕ ਮਸਲਿਆਂ ਨੂੰ ਸੁਲਝਾਉਣ ਲਈ ਵੱਖ ਵੱਖ ਸਿੱਖ ਜਥੇਬੰਦੀਆਂ ਨੇ ਸਾਂਝਾ ਸੰਗਠਨ ਕਾਇਮ ਕੀਤਾ ਸੀ। ਜਿਸਦਾ ਨਾਮ ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂ.ਕੇ. ਰੱਖਿਆ ਗਿਆ। ਇਸ ਸਾਂਝੇ ਪਲੇਟਫਾਰਮ ਰੂਪੀ ਸੰਗਠਨ ਵਿੱਚ ਸ਼ਾਮਲ ਸਿੱਖ ਜਥੇਬੰਦੀਆਂ ਦੀ ਗਿਣਤੀ ਸਮੇਂ ਅਨੁਸਾਰ ਵਧਦੀ ਘਟਦੀ ਰਹੀ ਹੈ। ਅਜੋਕੇ ਸਮੇਂ ਦੌਰਾਨ ਇਸ ਵਿੱਚ 8 ਸਿੱਖ ਜਥੇਬੰਦੀਆਂ ਸ਼ਾਮਲ ਹਨ। ਇਸ ਸਾਲ 19 ਜੂਨ ਐਤਵਾਰ ਵਾਲੇ ਦਿਨ ਲੰਡਨ ਵਿੱਚ ਭਾਰੀ ਰੋਸ ਮੁਜ਼ਾਹਰਾ ਕੀਤਾ ਗਿਆ। ਇਸ ਮੁਜ਼ਾਹਰੇ ਤੋਂ ਇਕ ਹਫਤਾ ਪਹਿਲਾਂ ਗੁਰਦਵਾਰਾ ਗੁਰੂ ਤੇਗ ਬਹਾਦਰ ਸਾਹਿਬ ਲੈਸਟਰ ਵਿੱਖੇ ਮੀਟਿੰਗ ਹੋਈ ਸੀ। ਜਿਸ ਵਿੱਚ ਗੁਰਦਵਾਰਾ ਸਾਹਿਬ ਦੇ ਮੌਜੂਦਾ



ਪ੍ਰਬੰਧਕਾਂ ਨੇ ਆਪਣਾ ਵਾਜਿਬ ਰੋਸ ਅਤੇ ਨਾਰਾਜ਼ਗੀ ਜਾਹਰ ਕਰਦਿਆਂ ਆਖਿਆ ਸੀ ਕਿ ਪਿਛਲੇ ਸਾਲਾਂ ਦੌਰਾਨ ਉਨਾਂ ਨੂੰ ਜਾਣਬੁੱਝ ਕੇ ਸਟੇਜ ਤੋਂ ਟਾਈਮ ਨਹੀਂ ਦਿੱਤਾ ਗਿਆ। ਜਦਕਿ ਉਨਾਂ ਦੀ ਵਿਰੋਧੀ ਧਿਰ ਦੇ ਸਾਬਕਾ ਪ੍ਰਬੰਧਕ ਵੀ ਸਿੱਖ ਸੰਗਤਾਂ ਨੂੰ ਮੁਖਾਤਿਬ ਹੋਏ ਸੀ। ਇਸ ਉਪਰੰਤ ਮੀਟਿੰਗ ਵਿੱਚ ਇਹ ਫੈਸਲਾ ਹੋਇਆ ਸੀ ਕਿ ਇਸ ਸਾਲ ਉਨਾਂ ਨੂੰ ਟਾਈਮ ਜ਼ਰੂਰ ਦਿੱਤਾ ਜਾਵੇਗਾ। ਕਿਉਂਕਿ ਇਹ ਰੋਸ ਮੁਜ਼ਾਹਰਾ ਕਿਸੇ ਇਕ ਜਥੇਬੰਦੀ, ਵਿਆਕਤੀ ਵਿਸ਼ੇਸ਼ ਵਲੋਂ ਨਹੀਂ ਕੀਤਾ ਜਾਂਦਾ। ਬਲਕਿ ਇਹ ਯੂ.ਕੇ. ਭਰ ਦੀਆਂ ਸਮੁੱਚੀਆਂ ਸਿੱਖ ਸੰਗਤਾਂ ਦਾ ਸਾਂਝਾ ਪ੍ਰੋਗਰਾਮ ਹੁੰਦਾ ਹੈ ਜਿਸ ਵਿੱਚ ਸਭ ਤੋਂ ਵੱਧ **ਬਾਕੀ ਸਫ਼ਾ 30 ’ਤੇ**

---

# ਪੀਰ ਦੀ ਦਰਗਾਹ ’ਤੇ ਅਖੰਡ ਪਾਠ ਕਰਵਾਉਣ ਕਾਰਨ 8 ਜਣਿਆਂ ਖ਼ਿਲਾਫ਼ ਮਾਮਲਾ ਦਰਜ

## ਸਤਿਕਾਰ ਕਮੇਟੀ ਨੇ ਕੇਸ ਦਰਜ ਕਰਵਾਇਆ

**ਭਿੱਖੀਵਿੰਡ/ਏ.ਟੀ.ਨਿਊਜ਼ :-** ਸ੍ਰੀ ਅਕਾਲ ਤਖਤ ਸਾਹਿਬ ਦੇ ਹੁਕਮਾਂ ਦੀ ਉਲੰਘਣਾ ਕਰਦਿਆਂ ਪੀਰ ਦੀ ਦਰਗਾਹ ਉੱਪਰ ਕਥਿਤ ਤੌਰ ’ਤੇ ਸ੍ਰੀ ਅਖੰਡ ਪਾਠ ਸਾਹਿਬ ਕਰਵਾਉਣ ਦੇ ਦੋਸ਼ ਹੇਠ ਥਾਣਾ ਭਿੱਖੀਵਿੰਡ ਦੀ ਪੁਲਿਸ ਨੇ 8 ਲੋਕਾਂ ਦੇ ਖ਼ਿਲਾਫ਼ ਕੇਸ ਦਰਜ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਬ ਡਵੀਜਨ ਭਿੱਖੀਵਿੰਡ ਦੇ ਡੀਐੱਸਪੀ ਤਰਸੇਮ ਮਸੀਹ ਨੇ ਦੱਸਿਆ ਕਿ ਪਿੰਡ ਬਲੇਰ ਵਿਖੇ ਕੁਝ ਵਿਅਕਤੀਆਂ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਦੇ ਉਲਟ ਜਾ ਕੇ ਖੇਤਾਂ ਵਿਚ ਬਣੀ ਪੀਰ ਦੀ ਜਗਾ ਉੱਪਰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕਰਵਾਏ ਗਏ ਸਨ।

ਇਸ ਸਬੰਧੀ ਪਹਿਲਾਂ 24 ਜੂਨ ਨੂੰ ਚੌਕੀ ਸੁਰਸਿੰਘ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਰੋਕਣ ਸਬੰਧੀ ਦਰਖਾਸਤ ਦਿੱਤੀ ਗਈ ਸੀ। ਜਿਸ ਦੇ ਬਾਵਜੂਦ ਤਰਸੇਮ ਸਿੰਘ, ਨਿਸ਼ਾਨ ਸਿੰਘ, ਬਲਦੇਵ ਸਿੰਘ ਅਤੇ ਗੁਰਮੁੱਖ ਸਿੰਘ ਬਲੇਰ ਤੋਂ ਇਲਾਵਾ ਪਾਠੀ ਸਿੰਘ ਗੁਰਦੀਪ ਸਿੰਘ, ਅੰਗਰੇਜ਼ ਸਿੰਘ, ਜੱਜਬੀਰ ਸਿੰਘ ਅਤੇ ਗੁਰਪ੍ਰੀਤ ਸਿੰਘ ਵੱਲੋਂ ਉਕਤ ਜਗਾ ’ਤੇ ਅਖੰਡ ਪਾਠ ਸਾਹਿਬ ਆਰੰਭ ਕਰਵਾ ਦਿੱਤੇ। ਜਿਸ ਕਾਰਨ ਗੁਰੂ ਗ੍ਰੰਥ ਸਾਹਿਬ ਜੀ ਸਤਿਕਾਰ ਕਮੇਟੀ ਦੇ ਆਗੂ ਭਾਈ ਤਰਲੋਚਨ ਸਿੰਘ ਸੋਹਲ ਅਤੇ ਭਾਈ ਰਣਜੀਤ ਸਿੰਘ ਉਦੋਕੇ ਵੱਲੋਂ ਉਕਤ ਵਿਅਕਤੀਆਂ ਖ਼ਿਲਾਫ਼ ਸ਼ਿਕਾਇਤ ਦਰਜ ਕਰਵਾਈ ਗਈ। ਉਕਤ ਸਾਰੇ ਲੋਕਾਂ ਵਿਰੁੱਧ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੀਆਂ ਧਾਰਾਵਾਂ ਦੇ ਤਹਿਤ ਮੁਕੱਦਮਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

ਸਤਿਕਾਰ ਕਮੇਟੀ ਦੇ ਭਾਈ ਤਰਲੋਚਨ ਸਿੰਘ ਸੋਹਲ ਅਤੇ ਭਾਈ ਰਣਜੀਤ ਸਿੰਘ ਉਦੋਕੇ ਨੇ ਕਿਹਾ ਕਿ ਪਿੰਡ ਬਲੇਰ ਵਿਚ ਪੀਰ ਦੀ ਜਗਾ ਤੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕਰਵਾਉਣ ਤੋਂ ਪਹਿਲਾਂ ਪੁਲਿਸ ਚੌਕੀ ਸੁਰਸਿੰਘ ਵਿਖੇ ਦਰਖਾਸਤ ਦਿੱਤੀ ਗਈ ਸੀ ਕਿ ਪਿੰਡ ਦੇ ਕੁਝ ਵਿਅਕਤੀ ਤੇ ਸਿਆਸੀ ਆਗੂ ਸਿੱਖ ਮਰਿਆਦਾ ਦੇ ਉਲਟ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਨਾਮੇ ਦੀ ਉਲੰਘਣਾ ਕਰ ਰਹੇ ਹਨ। ਪਰ ਉਕਤ ਲੋਕਾਂ ਨੇ ਪੁਲਿਸ ਨੂੰ ਦਿੱਤੀ ਸ਼ਿਕਾਇਤ ਦੀ ਪਰਵਾਹ ਨਾ ਕਰਦਿਆਂ ਉਸੇ ਜਗਾ ’ਤੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕਰਵਾ ਦਿੱਤੇ ਗਏ। ਜਿਸ ਨੂੰ ਲੈ ਕੇ ਸਮੂਹ ਸਿੱਖ ਜਥੇਬੰਦੀਆਂ ਵਿਚ ਰੋਸ ਤੇ ਗੁੱਸਾ ਪਾਇਆ ਜਾ ਰਿਹਾ ਹੈ।

---

# ਗੁਰਦੁਆਰਾ ਕਰਤੇ ਪ੍ਰਵਾਨ ਦੇ ਸ਼ਸਤਰ ਅਫਗਾਨਿਸਤਾਨ ਤੋਂ ਭਾਰਤ ਆਉਣਗੇ

**ਅੰਮ੍ਰਿਤਸਰ/ਏ.ਟੀ.ਨਿਊਜ਼ :-** ਗੁਰਦੁਆਰਾ ਕਰਤੇ ਪਰਵਾਨ ਕਾਬੁਲ ਅਫ਼ਗਾਨਿਸਤਾਨ ਵਿਖੇ ਪਿਛਲੇ ਦਿਨੀਂ ਅੱਤਵਾਦੀਆਂ ਵੱਲੋਂ ਬੰਬ ਧਮਾਕਿਆਂ ਨਾਲ ਕੀਤੇ ਭਾਰੀ ਨੁਕਸਾਨ ਤੋਂ ਬਾਅਦ ਕਾਬਲ ਦੀਆਂ ਸੰਗਤਾਂ ਨੇ ਗੁਰਦੁਆਰਾ ਸਾਹਿਬ ਦੇ ਸ਼ਸਤਰਾਂ ਨੂੰ ਅਫਗਾਨਿਸਤਾਨ ਤੋਂ ਭਾਰਤ ਭੇਜਣ ਲਈ ਸਹਿਮਤੀ ਪ੍ਰਗਟਾਈ ਗਈ ਹੈ।

ਇਸ ਸਬੰਧੀ ਕਾਬੁਲ ਤੋਂ ਜਾਣਕਾਰੀ ਦਿੰਦਿਆਂ ਸਤਬੀਰ ਸਿੰਘ, ਕਰਤਾਰ ਸਿੰਘ ਤੇ ਗੁਰਨਾਮ ਸਿੰਘ ਨੇ ਦੱਸਿਆ ਕਿ ਕਾਬੁਲ ਸਥਿਤ ਗੁਰਦੁਆਰਾ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਰਨ ਛੋਹ ਪ੍ਰਾਪਤ ਕਰਤੇ ਪਰਵਾਨ ਸਾਹਿਬ ਵਿਖੇ 18 ਜੂਨ ਨੂੰ ਅੱਤਵਾਦੀ ਹਮਲਾ ਕਰਕੇ ਗੁਰਦੁਆਰਾ ਸਾਹਿਬ ਦੇ ਅੰਦਰੂਨੀ ਹਿੱਸੇ ਨੂੰ ਭਾਰੀ ਨੁਕਸਾਨ ਪਹੁੰਚਾਇਆ ਗਿਆ ਸੀ ਜਿੱਥੇ ਇਕ ਸਿੱਖ ਤੇ ਇਕ ਮੁਸਲਿਮ ਭਾਈਚਾਰੇ ਦੇ ਸੇਵਾਦਾਰਾਂ ਦੀ ਮੌਤ ਹੋ ਗਈ ਸੀ। ਉਪਰੰਤ ਗੁਰਦੁਆਰਾ ਸਾਹਿਬ ਦੇ ਨੁਕਸਾਨੇ ਗਏ ਸ਼ਸਤਰ ਜਿਨਾਂ ਵਿਚ ਚੌਰ ਸਾਹਿਬ, ਰੁਮਾਲਾ ਸਾਹਿਬ, ਚੰਦੋਆ ਸਾਹਿਬ, ਗੁਟਕਾ ਸਾਹਿਬ, ਧਾਰਮਿਕ ਪੁਸਤਕਾਂ ਤੇ ਹੋਰ ਸ਼ਸਤਰਾਂ ਨੂੰ ਅਫਗਾਨਿਸਤਾਨੀ ਸਿੱਖਾਂ ਵੱਲੋਂ ਗੁਰਦੁਆਰਾ ਸਾਹਿਬ ਅੰਦਰ ਮਰਿਆਦਾ ਅਨੁਸਾਰ ਸੇਵਾ ਸੰਭਾਲ ਕਰਕੇ ਅਫ਼ਗਾਨਿਸਤਾਨ-ਪਾਕਿਸਤਾਨ ਦੇ ਬਾਰਡਰ ਤੁਰਖਮ ਰਸਤਿਓਂ ਪਾਕਿਸਤਾਨ ਸਿੱਖਾਂ ਨੂੰ ਸੌਂਪਿਆ ਜਾ ਰਿਹਾ ਹੈ। ਪਾਕਿਸਤਾਨੀ ਸਿੱਖ ਗੁਰਦੁਆਰਾ ਸਾਹਿਬ ਦੇ ਧਾਰਮਿਕ ਸ਼ਸਤਰ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਨਾਰੋਵਾਲ ਪਾਕਿਸਤਾਨ ਵਿਖੇ ਲੈ ਕੇ ਆਉਣਗੇ। ਇਹ ਸਾਮਾਨ ਭਾਰਤ ਵਿਖੇ ਪਹਿਲਾਂ ਤੋਂ ਵੱਸ ਰਹੇ ਅਫਗਾਨਿਸਤਾਨ ਦੇ ਸਿੱਖ ਜਥੇ ਦੇ ਰੂਪ ਵਿਚ ਭਾਰਤ ਤੋਂ ਸ੍ਰੀ ਕਰਤਾਰਪੁਰ ਸਾਹਿਬ ਜਾ ਕੇ ਇਹ ਸਾਮਾਨ ਲੈ ਕੇ ਆਉਣਗੇ। ਉਨਾਂ ਦੱਸਿਆ ਕਿ ਹੁਣ ਉਥੇ ਗੁਰਦੁਆਰਾ ਸਾਹਿਬ ਦੀ ਇਮਾਰਤ ਹੀ ਰਹੇਗੀ, ਜਿਸ ਵਿਚ ਗੁਰੂ ਗਰੰਥ ਸਾਹਿਬ ਜੀ ਦਾ ਪ੍ਰਕਾਸ਼ ਜਾਂ ਕੋਈ ਹੋਰ ਧਾਰਮਿਕ ਸਮਾਗਮ ਨਹੀਂ ਕੀਤੇ ਜਾਣਗੇ। ਉਨਾਂ ਦੱਸਿਆ ਕਿ ਬੇਸ਼ੱਕ ਭਾਰਤ ਸਰਕਾਰ ਨੇ ਅਫਗਾਨਿਸਤਾਨ ਵਿਚ ਕਾਬੁਲ ਦੇ ਸਿੱਖਾਂ ਲਈ ਈ ਵੀਜ਼ਾ ਦੇਣ ਦੀ ਸਹੂਲਤ ਮੁਹੱਈਆ ਕਰਵਾਈ ਹੈ, ਪਰ ਕਾਬੁਲ ਸਿੱਖ ਆਪਣਾ ਕੰਮ ਧੰਦਾ ਛੱਡ ਕੇ ਇੰਨੀ ਜਲਦੀ ਕਿਵੇਂ ਨਵੀਂ ਜਗਾ ਜਾ ਕੇ ਰੈਣ ਬਸੇਰਾ ਕਰਨਗੇ।

---

# ਲੁਧਿਆਣਾ ਵਿਚ ਐੱਸਟੀਐੱਫ ਵਲੋਂ 208 ਕਰੋੜ ਰੁਪਏ ਦੀ ਆਈਸ ਸਣੇ ਦੋ ਤਸਕਰ ਗ੍ਰਿਫ਼ਤਾਰ



**ਲੁਧਿਆਣਾ/ਏ.ਟੀ.ਨਿਊਜ਼ :-** ਲੁਧਿਆਣਾ ਦੇ ਸਪੈਸ਼ਲ ਟਾਸਕ ਫੋਰਸ ਨੇ ਦੋ ਤਸਕਰਾਂ ਸੁਨੇਤ ਦੇ ਵਾਸੀ ਹਰਪ੍ਰੀਤ ਸਿੰਘ ਬੌਬੀ (40) ਅਤੇ ਅੰਬੇਦਕਰ ਨਗਰ ਦੇ ਰਹਿਣ ਵਾਲੇ ਅਰਜੁਨ (26) ਨੂੰ ਗ੍ਰਿਫਤਾਰ ਕਰਕੇ ਉਨਾਂ ਦੇ ਕਬਜ਼ੇ ਵਿਚੋਂ 20.8 ਕਿੱਲੋ ਆਈਸ (ਐਮਫੇਟਾਮਾਈਨ) ਬਰਾਮਦ ਕੀਤੀ ਹੈ। ਬਰਾਮਦ ਕੀਤੇ ਗਏ ਨਸ਼ੀਲੇ ਪਦਾਰਥਾਂ ਦੀ ਅੰਤਰਰਾਸ਼ਟਰੀ ਬਜ਼ਾਰ ਵਿੱਚ ਕੀਮਤ 208 ਕਰੋੜ ਦੱਸੀ ਜਾ ਰਹੀ ਹੈ।

ਐੱਸਟੀਐੱਫ ਦੇ ਏਆਈਜੀ ਸਨੇਹਦੀਪ ਸ਼ਰਮਾ ਅਤੇ ਐੱਸਟੀ ਦੇ ਲੁਧਿਆਣਾ ਮੁਖੀ ਹਰਬੰਸ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਐੱਸਟੀਐੱਫ ਦੀ ਟੀਮ ਕੇਸ ਦੇ ਮੁਖ ਮੁਲਜ਼ਮ ਜਵਾਹਰ ਨਗਰ ਕੈਂਪ ਦੇ ਵਾਸੀ ਵਿਸ਼ਾਲ ਉਰਫ਼ ਵਿਨੈ ਦੀ ਤਲਾਸ਼ ਕਰਨ ਵਿੱਚ ਜੁਟ ਗਈ ਹੈ।

ਪੁੱਛਗਿੱਛ ਦੇ ਦੌਰਾਨ ਮੁਲਜ਼ਮ ਹਰਪ੍ਰੀਤ ਨੇ ਦੱਸਿਆ ਕਿ ਉਹ ਪੇਸ਼ੇ ਤੋਂ ਡਰਾਈਵਰ ਹੈ। ਉਹ ਇਸ ਸਾਲ ਅਪ੍ਰੈਲ ਵਿਚ ਨਸ਼ੇ ਦੇ ਮਾਮਲੇ ਵਿਚ ਜੇਲ ਤੋਂ ਜ਼ਮਾਨਤ ’ਤੇ ਬਾਹਰ ਆਇਆ ਸੀ। ਹਰਪ੍ਰੀਤ ਅਤੇ ਅਰਜੁਨ ਮਿਲ ਕੇ ਵਿਸ਼ਾਲ ਦੇ ਗਾਹਕਾਂ ਨੂੰ ਆਈਸ ਦੀ ਡਿਲੀਵਰੀ ਕਰਨੀ ਦੇਣ ਲੱਗ ਪਏ। ਮੁਲਜ਼ਮਾਂ ਨੇ ਦੱਸਿਆ ਕਿ ਵਿਸ਼ਾਲ ਉਨਾਂ ਨੂੰ ਤਸਕਰੀ ਦੇ ਬਦਲੇ ਮੋਟੇ ਰੁਪਈਏ ਦਿੰਦਾ ਸੀ।

**ਪਾਰਟੀਆਂ ਵਿੱਚ ਹੁੰਦੀ ਸੀ ਨਸ਼ੇ ਦੀ ਖਪਤ**

ਜਾਣਕਾਰੀ ਦਿੰਦਿਆਂ ਸਨੇਹਦੀਪ ਸ਼ਰਮਾ ਨੇ ਦੱਸਿਆ ਕਿ ਮੁੱਢਲੀ ਜਾਂਚ ਦੇ ਦੌਰਾਨ ਪਤਾ ਲੱਗਾ ਹੈ ਕਿ ਇਸ ਮਹਿੰਗੇ ਨਸ਼ੇ ਦੀ ਖਪਤ ਵੱਡੀਆਂ ਪਾਰਟੀਆਂ ਵਿੱਚ ਕੀਤੀ ਜਾਂਦੀ ਸੀ। ਪੁਲਿਸ ਇਸ ਮਾਮਲੇ ਵਿੱਚ ਮੁਲਜ਼ਮਾਂ ਕੋਲੋਂ ਪੁੱਛਗਿੱਛ ਕਰਕੇ ਹੋਰ ਮੁਲਜ਼ਮਾਂ ਬਾਰੇ ਪੜਤਾਲ ਕਰ ਰਹੀ ਹੈ।

# 'ਆਪ' ਸਰਕਾਰ ਦੇ ਪਲੇਠੇ ਬਜਟ ਅਨੁਸਾਰ ਪੰਜਾਬ ਗੰਭੀਰ ਆਰਥਿਕ ਸੰਕਟ ਵਿਚ

**✪ ਸਰਕਾਰ ਸਿਰ ਕਰਜ਼ਾ 2.63 ਲੱਖ ਕਰੋੜ ਰੁਪਏ ✪ ਬਜਟ ਇਜਲਾਸ : ਨਾਜਾਇਜ ਖਣਨ ਤੋਂ ਪੰਜਾਬ ਵਿਧਾਨ ਸਭਾ ਵਿੱਚ ਹੰਗਾਮਾ ✪ ਹਰਜੋਤ ਬੈਂਸ ਤੇ ਸਰਕਾਰੀਆ ਹੋਏ ਆਹਮੋ ਸਾਹਮਣੇ ✪ ਵਿਰੋਧੀ ਧਿਰ ਨੇ 'ਆਪ' ਸਰਕਾਰ ਨੂੰ ਰੇਤੇ ਤੋਂ 20 ਹਜਾਰ ਕਰੋੜ ਕਮਾਉਣ ਦੀ ਚੁਣੌਤੀ ਦਿੱਤੀ ✪ ਬਜਟ ਵਿਚ ਸਿਮਰਨਜੀਤ ਸਿੰਘ ਮਾਨ ਦੀ ਚਰਚਾ**

**ਜਲੰਧਰ/ਏ.ਟੀ.ਨਿਊਜ਼ :-** ਆਮ ਆਦਮੀ ਪਾਰਟੀ (ਆਪ) ਦਾ ਪਲੇਠਾ ਬਜਟ ਪੰਜਾਬ ਦੇ ਗੰਭੀਰ ਆਰਥਿਕ ਸੰਕਟ ਦਾ ਪ੍ਰਗਟਾਵਾ ਹੈ। ਇਸ ਵਿਚੋਂ ਇਹ ਸੁਭਾਵਿਕ ਸੰਕੇਤ ਮਿਲਦਾ ਹੈ ਕਿ ਸੂਬੇ ਦੀ ਲੀਹੋਂ ਲੱਥੀ ਆਰਥਿਕਤਾ ਦੀ ਗੱਡੀ ਪਟੜੀ ਉੱਤੇ ਚੜਨੀ ਕਾਫੀ ਮੁਸ਼ਕਲ ਹੈ। ਆਮ ਕਰ ਕੇ ਸਰਕਾਰਾਂ ਪਿਛਲੇ ਵਿੱਤੀ ਸਾਲ ਤੋਂ ਵੱਧ ਖਰਚੇ ਦਾ ਬਜਟ ਪੇਸ਼ ਕਰਦੀਆਂ ਹਨ ਪਰ 'ਆਪ' ਸਰਕਾਰ ਨੇ ਪਿਛਲੇ ਵਿੱਤੀ ਸਾਲ ਦੇ ਮੁਕਾਬਲੇ 12 ਹਜਾਰ ਕਰੋੜ ਰੁਪਏ ਦੇ ਘੱਟ ਖਰਚੇ ਵਾਲਾ ਬਜਟ ਪੇਸ਼ ਕੀਤਾ ਹੈ। ਇਹ ਉਸ ਆਰਥਿਕ ਸੰਕਟ ਦਾ ਸੂਚਕ ਹੈ ਜਿਸ ਦਾ ਸਾਹਮਣਾ ਪੰਜਾਬ ਨੂੰ ਕਰਨਾ ਪੈ ਰਿਹਾ ਹੈ। ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਆਰਥਿਕ ਹਾਲਤ ਬਿਆਨ ਕਰਦਿਆਂ ਜੋ ਤੱਥ ਦਿੱਤੇ ਹਨ, ਉਹ ਗੌਰ ਕਰਨ ਵਾਲੇ ਹਨ। ਪੰਜਾਬ ਪ੍ਰਤੀ ਵਿਅਕਤੀ ਆਮਦਨ ਦੇ ਹਿਸਾਬ ਨਾਲ ਗਿਆਰਵੇਂ ਨੰਬਰ ਉੱਤੇ ਹੈ। ਸਰਕਾਰ ਸਿਰ ਕਰਜ਼ਾ 2.63 ਲੱਖ ਕਰੋੜ ਰੁਪਏ ਹੋ ਗਿਆ ਹੈ। ਸੂਬੇ ਦੇ ਬੋਰਡਾਂ ਤੇ ਕਾਰਪੋਰੇਸ਼ਨਾਂ ਸਿਰ ਕਰਜ਼ਾ 55000 ਕਰੋੜ ਰੁਪਏ ਅਤੇ ਕਰਜ਼ੇ ਵਾਸਤੇ ਪੰਜਾਬ ਸਰਕਾਰ ਦੀਆਂ ਗਾਰੰਟੀਆਂ 22500 ਕਰੋੜ ਰੁਪਏ ਹਨ। ਹੁਣ ਤੱਕ 'ਆਪ' ਸਰਕਾਰ ਨੇ 8000 ਕਰੋੜ ਰੁਪਏ ਕਰਜ਼ਾ ਲਿਆ ਹੈ। ਸਰਕਾਰੀ ਕਰਜ਼ਾ ਸੂਬੇ ਦੀ ਕੁੱਲ ਘਰੇਲੂ ਪੈਦਾਵਾਰ ਦੇ 45.23 ਫੀਸਦੀ ਤੱਕ ਪਹੁੰਚ ਗਿਆ ਹੈ। ਪਿਛਲੇ ਦਿਨੀਂ ਰਿਜ਼ਰਵ ਬੈਂਕ ਨੇ ਅਜਿਹੀ ਨਾਜ਼ੁਕ ਹਾਲਤ ਕਾਰਨ ਚਿਤਾਵਨੀ ਵੀ ਦਿੱਤੀ ਹੈ। ਇਸੇ ਵਿੱਤੀ ਸਾਲ ਦੇ ਅੰਤ ਤੱਕ ਸਰਕਾਰੀ ਕਰਜ਼ਾ ਵਧ ਕੇ 2.82 ਲੱਖ ਕਰੋੜ ਤੱਕ ਪਹੁੰਚ ਜਾਣ ਦਾ ਅਨੁਮਾਨ ਹੈ। ਪਹਿਲੀ ਜੁਲਾਈ ਤੋਂ ਜੀਐੱਸਟੀ ਵਸੂਲੀ ਦੀ ਵਿਕਾਸ ਦਰ 14 ਫੀਸਦੀ ਤੋਂ ਘੱਟ ਰਹਿਣ ਕਾਰਨ ਜੋ ਅੰਤਰ ਹੁੰਦਾ ਹੈ, ਉਸ ਦੀ ਭਰਪਾਈ ਕੇਂਦਰ ਸਰਕਾਰ ਨੇ ਕਰਨੀ ਸੀ। ਪੰਜ ਸਾਲ ਪੂਰੇ ਹੋ ਜਾਣ ਕਾਰਨ ਇਸੇ ਪਹਿਲੀ ਜੁਲਾਈ ਤੋਂ ਸੂਬੇ ਨੂੰ 14 ਤੋਂ 15 ਹਜ਼ਾਰ ਕਰੋੜ ਰੁਪਏ ਮਿਲਣੇ ਬੰਦ ਹੋ ਜਾਣਗੇ।

ਇਨਾਂ ਆਰਥਿਕ ਹਾਲਾਤ ਵਿਚ ਵਿੱਤ ਮੰਤਰੀ ਨੇ 1.56 ਲੱਖ ਕਰੋੜ ਰੁਪਏ ਦਾ ਕੁੱਲ ਬਜਟ ਪੇਸ਼ ਕੀਤਾ ਹੈ। ਮਾਲੀ ਖਰਚ 1.07 ਲੱਖ ਕਰੋੜ ਰੁਪਏ ਹੋਣ ਦਾ ਅਨੁਮਾਨ ਹੈ। ਸਰਕਾਰ ਨੂੰ 95,378 ਕਰੋੜ ਰੁਪਏ ਮਾਲੀਆ ਇਕੱਠਾ ਹੋਣਾ ਹੈ। 12,553 ਕਰੋੜ ਰੁਪਏ ਦਾ ਮਾਲੀ ਘਾਟਾ ਹੈ। ਪੰਜਾਬ ਦੇਸ਼ ਦੇ ਸਾਰੇ ਰਾਜਾਂ ਵਿਚੋਂ ਪੂੰਜੀਗਤ ਖਰਚ ਦੇ ਮਾਮਲੇ ਵਿਚ ਪਛੜਿਆ ਹੋਇਆ ਹੈ। ਇਸ ਵਾਰ 10981 ਕਰੋੜ ਰੁਪਏ ਪੂੰਜੀਗਤ ਖਰਚੇ ਲਈ ਰੱਖੇ ਹਨ ਜੋ ਪਿਛਲੇ ਸਾਲ ਨਾਲੋਂ 8.9 ਫੀਸਦੀ ਦਾ ਵਾਧਾ ਦਰਸਾਉਂਦੇ ਹਨ। ਬਜਟ ਵਿਚ ਸਿੱਖਿਆ ਅਤੇ ਸਿਹਤ ਦੇ ਖੇਤਰਾਂ 'ਤੇ ਧਿਆਨ ਕੇਂਦਰਿਤ ਕੀਤਾ ਗਿਆ ਹੈ; 'ਆਪ' ਸਰਕਾਰ ਇਨਾਂ ਖੇਤਰਾਂ ਨੂੰ ਤਰਜੀਹ ਦੇਣਾ ਚਾਹੁੰਦੀ ਹੈ। ਸਿਹਤ ਅਤੇ ਪਰਿਵਾਰ ਭਲਾਈ ਲਈ 24 ਫੀਸਦੀ ਅਤੇ ਸਿੱਖਿਆ ਖੇਤਰ ਲਈ 16.27 ਫੀਸਦੀ ਦਾ ਵਾਧਾ ਕਰਨ ਦਾ ਐਲਾਨ ਕੀਤਾ ਗਿਆ ਹੈ।

ਖੇਤੀਬਾੜੀ ਪੰਜਾਬ ਦੀ ਜੀਵਨ ਰੇਖਾ ਹੈ। ਬਜਟ ਵਿਚ 11560



ਕਰੋੜ ਰੁਪਏ ਰੱਖੇ ਗਏ ਹਨ। ਇਸ ਵਿਚ ਲਗਭਗ ਸੱਤ ਹਜ਼ਾਰ ਕਰੋੜ ਰੁਪਏ ਬਿਜਲੀ ਸਬਸਿਡੀ, ਖੇਤੀ ਯੂਨੀਵਰਸਿਟੀ ਲੁਧਿਆਣਾ ਦੇ ਸਟਾਫ ਦੀਆਂ ਤਨਖਾਹਾਂ ਤੇ ਪੈਨਸ਼ਨਾਂ ਦਾ ਲਗਭਗ ਪੌਣੇ ਚਾਰ ਸੌ ਕਰੋੜ ਅਤੇ ਖੇਤੀ ਵਿਭਾਗ ਦੇ ਮੁਲਾਜ਼ਮਾਂ ਦੀਆਂ ਤਨਖਾਹਾਂ ਦਾ ਕਰੀਬ ਦੋ ਸੌ ਕਰੋੜ ਰੁਪਿਆ ਵੀ ਹੈ। ਅਸਲ ਵਿਚ ਖੇਤੀ ਲਈ 2632 ਕਰੋੜ ਰੁਪਏ ਬਣਦੇ ਹਨ। ਪਾਣੀ ਬਚਾਉਣ ਦੇ ਨਾਮ ਉੱਤੇ ਸਿੱਧੀ ਬਿਜਾਈ ਨੂੰ ਉਤਸ਼ਾਹਿਤ ਕਰਨ ਵਾਸਤੇ 1500 ਰੁਪਏ ਪ੍ਰਤੀ ਏਕੜ ਦੇਣ ਦਾ ਐਲਾਨ ਕੀਤਾ ਹੋਇਆ ਹੈ। ਮੂੰਗੀ ਦੀ ਖਰੀਦ ਲਈ 66 ਕਰੋੜ ਰੁਪਏ ਰੱਖੇ ਹਨ। ਸਿੱਧੀ ਬਿਜਾਈ ਦਾ ਟੀਚਾ ਪੂਰਾ ਨਹੀਂ ਹੋਇਆ ਅਤੇ ਮੂੰਗੀ ਦੀ ਖਰੀਦ ਲਈ ਧਰਨੇ ਲੱਗ ਰਹੇ ਹਨ। ਖੇਤੀ ਨਾਲ ਜੁੜਿਆ ਸਭ ਤੋਂ ਵੱਡਾ ਮੁੱਦਾ ਕਿਸਾਨ ਮਜ਼ਦੂਰ ਸਿਰ ਚੜੇ ਕਰਜ਼ੇ ਦਾ ਹੈ। ਕਰਜ਼ੇ ਦੇ ਬੋਝ ਕਾਰਨ ਕਿਸਾਨ ਅਤੇ ਮਜ਼ਦੂਰ ਅੱਜ ਵੀ ਖੁਦਕੁਸ਼ੀਆਂ ਕਰ ਰਹੇ ਹਨ।

ਸਿਹਤ ਦੇ ਖੇਤਰ ਵਿਚ 15 ਅਗਸਤ ਨੂੰ 75 ਮੁਹੱਲਾ ਕਲੀਨਿਕ ਖੋਲਣ ਦਾ ਐਲਾਨ ਕੀਤਾ ਗਿਆ ਹੈ। ਸੂਬੇ ਵਿਚ ਅਨੇਕਾਂ ਡਿਸਪੈਂਸਰੀਆਂ ਬਿਨਾਂ ਡਾਕਟਰਾਂ ਅਤੇ ਸਟਾਫ ਤੇ ਦਵਾਈਆਂ ਤੋਂ ਹਨ। ਪਹਿਲਾਂ ਉਨਾਂ ਵੱਲ ਧਿਆਨ ਦੇਣ ਦੀ ਜਰੂਰਤ ਹੈ। 16 ਨਵੇਂ ਕਾਲਜ ਖੋਲਣ ਦਾ ਫੈਸਲਾ ਕੀਤਾ ਹੈ। ਇਹ ਸਪੱਸ਼ਟ ਨਹੀਂ ਕਿ ਉਹ ਸਰਕਾਰੀ ਖੇਤਰ ਵਿਚ ਹੋਣਗੇ ਜਾਂ ਪ੍ਰਾਈਵੇਟ ਖੇਤਰ ਵਿਚ।

ਆਰਥਿਕ ਮਾਹਿਰਾਂ ਅਨੁਸਾਰ ਖੇਤੀ ਅਤੇ ਸਨਅਤੀ ਖੇਤਰਾਂ ਨੂੰ ਲੋੜੀਂਦੀ ਤਵੱਜੋ ਨਹੀਂ ਦਿੱਤੀ ਗਈ। ਬਜਟ 'ਤੇ ਝਾਤ ਸਪੱਸ਼ਟ ਕਰਦੀ ਹੈ ਕਿ ਪੰਜਾਬ ਕੋਲ ਵਿਕਾਸ, ਬੁਨਿਆਦੀ ਢਾਂਚੇ ਵਿਚ ਸੁਧਾਰ, ਖੇਤੀ ਅਤੇ ਹੋਰਨਾਂ ਖੇਤਰਾਂ ਵਿਚ ਨਵੀਆਂ ਸਕੀਮਾਂ ਲਾਗੂ ਕਰਨ ਲਈ ਪੈਸਾ ਬਿਲਕੁਲ ਘੱਟ ਹੈ। ਪੰਜਾਬ 'ਤੇ ਵਧ ਰਿਹਾ ਕਰਜਾ ਚਿੰਤਾ ਦਾ ਵਿਸ਼ਾ ਹੈ। ਸਰਕਾਰ ਨੂੰ ਪਿਛਲੇ ਕਰਜਿਆਂ ਵਿਚ ਸੁਧਾਰ ਕਰਨ ਲਈ ਨਵੇਂ ਕਰਜੇ ਲੈਣੇ ਪੈਣੇ ਹਨ। ਵਿੱਤੀ ਸਾਲ ਦੇ ਅੰਤ ਤਕ ਇਹ ਕਰਜਾ 2.84 ਲੱਖ ਕਰੋੜ ਰੁਪਏ ਹੋ ਜਾਵੇਗਾ।

### ਬਜਟ ਉਪਰ ਹੰਗਾਮਾ

ਪੰਜਾਬ ਵਿਧਾਨ ਸਭਾ ਵਿਚ ਬਜਟ 'ਤੇ ਬਹਿਸ ਦੌਰਾਨ ਰੇਤ ਮਾਫੀਆ ਦੇ ਮੁੱਦੇ ਤੋਂ ਜੰਮ ਕੇ ਹੰਗਾਮਾ ਹੋਇਆ। ਖਣਨ ਮੰਤਰੀ ਹਰਜੋਤ ਸਿੰਘ ਬੈਂਸ ਨੇ ਜਦੋਂ ਦਸ ਸਾਲਾਂ ਵਿਚ ਰੇਤੇ ਤੋਂ 1,083 ਕਰੋੜ ਦੀ ਆਮਦਨ ਅਤੇ ਲੰਘੇ ਪੰਜ ਸਾਲਾਂ ਵਿਚ ਰੇਤ ਬਜਰੀ ਵਿਚ 10 ਹਜ਼ਾਰ ਕਰੋੜ ਦੀ ਲੁੱਟ ਹੋਣ ਦੀ ਗੱਲ ਆਖੀ ਤਾਂ ਕਾਂਗਰਸੀ ਵਿਧਾਇਕ ਆਪੇ ਤੋਂ ਬਾਹਰ ਹੋ ਗਏ। ਖਣਨ ਮੰਤਰੀ ਬੈਂਸ ਅਤੇ ਵਿਧਾਇਕ ਸੁਖਬਿੰਦਰ ਸਿੰਘ ਸਰਕਾਰੀਆ ਰੇਤੇ ਬਜਰੀ ਦੀ ਆਮਦਨੀ ਤੋਂ ਮਿਹਣੋਂ-ਮਿਹਣੀਂ ਹੋਏ। ਕਾਂਗਰਸੀ ਵਿਧਾਇਕ ਰਾਜਾ ਵੜਿੰਗ ਨੇ ਚੁਣੌਤੀ ਦਿੱਤੀ ਕਿ ਜੇ ਸਰਕਾਰ 20 ਹਜਾਰ ਕਰੋੜ ਦੀ ਆਮਦਨੀ ਮਾਈਨਿੰਗ ਦਾ ਟੀਚਾ ਪੂਰਾ ਕਰ ਦਿਖਾਵੇ ਤਾਂ ਉਹ ਸਦਨ ਵਿੱਚ ਪੈਰ ਨਹੀਂ ਪਾਉਣਗੇ।

ਪੰਚਾਇਤ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਰਾਜਾਸਾਂਸੀ ਹਲਕੇ ਵਿੱਚ ਰੇਤ ਦੀਆਂ ਨਾਜਾਇਜ਼ ਖੱਡਾਂ ਚੱਲਣ ਦਾ ਮੁੱਦਾ ਚੁੱਕ ਲਿਆ ਜਿਸ ਮਗਰੋਂ ਸਰਕਾਰੀਆ ਨੇ ਧਾਲੀਵਾਲ ਦੇ ਹਲਕੇ ਅਜਨਾਲਾ ਵਿਚ ਖੱਡ ਚੱਲਦੀ ਹੋਣ ਦੀ ਗੱਲ ਆਖ ਦਿੱਤੀ। ਸਿੱਖਿਆ ਮੰਤਰੀ ਮੀਤ ਹੇਅਰ ਨੇ ਸਰਕਾਰੀਆਂ ਨੂੰ ਕਿਹਾ, 'ਜੇ ਤੁਹਾਡੀ ਹਕੂਮਤ ਵਿੱਚ ਅਜਨਾਲੇ ਤੇ ਰਾਜਾਸਾਂਸੀ ਵਿੱਚ ਖੱਡਾਂ ਚੱਲੀਆਂ ਤਾਂ ਤੁਸੀਂ ਕਿਉਂ ਨਹੀਂ ਫੜੀਆਂ।' ਬੈਂਸ ਨੇ ਜੁਆਬ ਦਿੱਤਾ ਕਿ ਉਨਾਂ ਦੀ ਸਰਕਾਰ ਨੇ 18 ਖਣਨ ਅਧਿਕਾਰੀ ਮੁਅੱਤਲ ਕੀਤੇ ਹਨ ਅਤੇ ਖੱਡਾਂ ਤੋਂ ਇੱਕ ਲੱਖ ਮੀਟਰਕ ਟਨ ਰੇਤਾ ਕੱਢਣਾ ਸੁਰੂ ਕੀਤਾ ਹੈ ਜਦੋਂ ਕਿ ਕਾਂਗਰਸ ਦੇ ਰਾਜ ਵਿਚ ਰੋਜ਼ਾਨਾ 40 ਹਜ਼ਾਰ ਟਨ ਹੀ ਰੇਤਾ ਨਿਕਲਦਾ ਸੀ।

ਜਦੋਂ ਹਾਕਮ ਧਿਰ ਤਰਫੋਂ ਰੌਲਾ ਪੈਣ ਲੱਗਾ ਤਾਂ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਤਿੱਖੇ ਸੁਰ ਵਿਚ ਆਖਿਆ, 'ਸਾਨੂੰ ਤੁਹਾਡਾ ਕੋਈ ਡਰ ਨਹੀਂ, ਬਜਟ ਦੀ ਬਹਿਸ ਨੂੰ ਹੋਰ ਪਾਸੇ ਨਾ ਪਾਵੋ।' ਵਿੱਤ ਮੰਤਰੀ ਹਰਪਾਲ ਚੀਮਾ ਨੇ ਦਖਲ ਦਿੰਦਿਆਂ ਕਿਹਾ ਕਿ ਜਿਨਾਂ ਨੇ ਭ੍ਰਿਸ਼ਟਾਚਾਰ ਕੀਤਾ ਹੈ, ਉਨਾਂ ਖਿਲਾਫ ਸਖਤ ਕਾਰਵਾਈ ਹੋਵੇਗੀ। ਇਸ ਮੌਕੇ ਅਮਨ ਅਰੋੜਾ ਨੇ ਮਸ਼ਵਰਾ ਦਿੱਤਾ ਕਿ ਬਜਟ 'ਤੇ ਉਸਾਰੂ ਬਹਿਸ ਹੋਣੀ ਚਾਹੀਦੀ ਹੈ। ਕਾਂਗਰਸੀ ਵਿਧਾਇਕ ਰਾਜਾ ਵੜਿੰਗ ਨੇ ਬਹਿਸ ਵਿਚ ਹਿੱਸਾ ਲੈਂਦਿਆ ਕਿਹਾ ਕਿ ਬਜਟ ਪੇਪਰ ਰਹਿਤ ਕਰਕੇ ਪੈਸੇ ਬਚਾਉਣ ਦੀ ਸਰਕਾਰ ਨੇ ਗੱਲ ਕੀਤੀ ਅਤੇ ਦੂਜੇ ਪਾਸੇ ਇੱਕੋ ਦਿਨ ਵਿਚ ਬਜਟ ਬਾਰੇ ਦੂਸਰੇ ਸੂਬਿਆਂ ਵਿਚ 42 ਲੱਖ ਦੇ ਇਸ਼ਤਿਹਾਰ ਜਾਰੀ ਕਰ ਦਿੱਤੇ। ਉਨਾਂ ਕਿਹਾ ਕਿ 'ਆਪ' ਸਰਕਾਰ ਦਾ ਬਜਟ ਦਿੱਲੀ ਤੋਂ ਬਣ ਕੇ ਆਇਆ ਹੈ। ਸਰਕਾਰ ਦਾ ਸਰਾਬ ਦਾ ਖੁੱਲਾ ਕੋਟਾ ਰੱਖ ਕੇ ਕਮਾਈ ਦੀ ਗੱਲ ਕਰ ਰਹੀ ਹੈ ਜਿਸ ਨਾਲ ਨਸ਼ੇ ਵਧਣਗੇ। ਭਾਜਪਾ ਵਿਧਾਇਕ ਅਸ਼ਵਨੀ ਸ਼ਰਮਾ ਨੇ ਬਜਟ ਨੂੰ ਦਿਸ਼ਾਹੀਣ ਦੱਸਿਆ। ਵਿਧਾਇਕ ਪਰਗਟ ਸਿੰਘ ਨੇ ਬਹਿਸ ਮੌਕੇ ਕਿਹਾ ਕਿ ਇਹ ਬਜਟ 'ਐਕਸਲ ਸ਼ੀਟ' ਤੋਂ ਵੱਧ ਕੁਝ ਨਹੀਂ। ਬਦਲਾਅ ਵਾਲੀ ਗੱਲ ਕਿਤੇ ਨਜ਼ਰ ਨਹੀਂ ਆਈ। ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਕਿਸਾਨ ਤੇ ਮਜਦੂਰਾਂ ਦੀਆਂ ਖੁਦਕੁਸ਼ੀਆਂ ਦੇ ਮਾਮਲੇ 'ਤੇ ਪੀੜਤ ਪਰਿਵਾਰ ਨੂੰ ਸਹਾਇਤਾ ਰਾਸ਼ੀ ਦੇਣ ਲਈ ਇੱਕ ਨੀਤੀ ਲਿਆਉਣ ਦਾ ਮਸ਼ਵਰਾ ਦਿੱਤਾ।

ਬਹਿਸ ਦੌਰਾਨ ਵਿਧਾਇਕਾਂ ਬਲਜਿੰਦਰ ਕੌਰ ਤਲਵੰਡੀ ਸਾਬੋ ਨੇ ਕਾਂਗਰਸੀ ਰਾਜ ਭਾਗ ਦੌਰਾਨ ਹੋਏ ਘੁਟਾਲਿਆਂ ਦੀ ਗੱਲ ਕਰਦਿਆਂ ਕਿਹਾ ਕਿ ਉਦੋਂ ਦੀ ਹਕੂਮਤ ਕਲੀਨ ਚਿੱਟ ਦੇਣ ਵਿਚ ਢਿੱਲ ਨਹੀਂ ਕਰਦੀ ਸੀ ਜਦਕਿ 'ਆਪ' ਸਰਕਾਰ ਨੇ ਭ੍ਰਿਸ਼ਟਾਚਾਰ ਦੇ ਮਾਮਲੇ 'ਤੇ ਕੋਈ ਸਮਝੌਤਾ ਨਹੀਂ ਕੀਤਾ। ਉਨਾਂ ਸਿਹਤ ਵਿਭਾਗ ਵਿਚ ਹੋਏ ਘੁਟਾਲਿਆਂ ਦਾ ਮਸਲਾ ਵੀ ਰੱਖਿਆ। ਸਿੱਖਿਆ ਮੰਤਰੀ ਮੀਤ ਹੇਅਰ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਸਮੇਂ ਸਿਹਤ ਬਜਟ ਸੁੰਗੜਿਆ ਹੈ ਅਤੇ ਕਾਂਗਰਸ ਸਰਕਾਰ ਸਮੇਂ ਸਿਹਤ ਵਿਭਾਗ ਹੋਏ ਘੁਟਾਲਿਆਂ ਦਾ ਜ਼ਿਕਰ ਵੀ ਕੀਤਾ ਗਿਆ। ਉਨਾਂ ਕਿਹਾ ਕਿ ਮੁੱਖ ਮੰਤਰੀ ਅਤੇ ਸਰਕਾਰ ਦੀ ਨੀਅਤ ਸਾਫ ਹੈ ਜਿਸ ਨਾਲ ਉਹ ਟੀਚੇ ਹਾਸਲ ਕਰ ਲੈਣਗੇ। ਸਰਵਜੀਤ ਕੌਰ ਮਾਣੂੰਕੇ ਨੇ ਕਿਹਾ ਕਿ ਜੇ ਪੰਜਾਬ ਦਾ ਸਿਹਤ ਢਾਂਚਾ ਪਹਿਲਾਂ ਠੀਕ ਹੁੰਦਾ ਤਾਂ ਲੀਡਰ ਇਲਾਜ ਕਰਾਉਣ ਵਿਦੇਸ਼ ਨਾ ਜਾਂਦੇ।

### ਅੰਸਾਰੀ ਨੂੰ ਲੈ ਕੇ ਬੈਂਸ ਤੇ ਬਾਜਵਾ ਭਿੜੇ

ਜੇਲ ਮੰਤਰੀ ਹਰਜੋਤ ਬੈਂਸ ਅਤੇ ਪ੍ਰਤਾਪ ਸਿੰਘ ਬਾਜਵਾ ਯੂ.ਪੀ ਦੇ ਗੈਂਗਸਟਰ ਮੁਖਤਾਰ ਅੰਸਾਰੀ ਦੇ ਮਾਮਲੇ 'ਤੇ ਆਪਸ ਵਿਚ ਭਿੜ ਪਏ। ਜੇਲ ਮੰਤਰੀ ਬੈਂਸ ਨੇ ਕਿਹਾ ਕਿ ਕਾਂਗਰਸ ਸਰਕਾਰ ਨੇ 2 ਸਾਲ ਤਿੰਨ ਮਹੀਨੇ ਗੈਂਗਸਟਰ ਅੰਸਾਰੀ ਨੂੰ ਰੋਪੜ ਜੇਲ ਵਿਚ ਰੱਖਿਆ ਅਤੇ ਵੀਆਈਪੀ ਟਰੀਟਮੈਂਟ ਦਿੱਤਾ। ਉਸ ਨੂੰ ਰੋਪੜ ਜੇਲ ਵਿਚ ਰੱਖਣ ਲਈ ਸੁਪਰੀਮ ਕੋਰਟ ਤੱਕ ਕੇਸ ਲੜਿਆ ਅਤੇ ਸੀਨੀਅਰ ਵਕੀਲਾਂ ਦੀ ਫੀਸ 55 ਲੱਖ ਰੁਪਏ ਬਣੀ। ਜਦੋਂ ਬੈਂਸ ਨੇ ਅੰਸਾਰੀ ਦੇ ਨਾਲ ਜੇਲ ਵਿਚ ਉਸ ਦੀ ਪਤਨੀ ਨੂੰ ਰੱਖਣ ਦੀ ਸਹੂਲਤ ਦੇਣ ਦੀ ਗੱਲ ਆਖੀ ਤਾਂ ਵਿਧਾਇਕ ਸੁਖਜਿੰਦਰ ਸਿੰਘ ਰੰਧਾਵਾ ਨੇ ਜੇਲ ਮੰਤਰੀ ਨੂੰ ਇਹ ਗੱਲ ਸਾਬਤ ਕਰਨ ਦੀ ਚੁਣੌਤੀ ਦਿੱਤੀ। ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਜੇ ਗੱਲ ਹੁਣ

**ਬਾਕੀ ਸਫ਼ਾ 30 'ਤੇ**

## ਅਮਰੀਕੀ ਰਾਸ਼ਟਰਪਤੀ ਨੇ ਗੰਨ ਹਿੰਸਾ ਰੋਕਣ ਸਬੰਧੀ ਕਾਂਗਰਸ ਵੱਲੋਂ ਪਾਸ ਕੀਤੇ ਬਿੱਲ ਉਪਰ ਕੀਤੇ ਦਸਤਖਤ

**ਸੈਕਰਮੈਂਟੋ/ਹੁਸਨ ਲੜੋਆ ਬੰਗਾ :-** ਅਮਰੀਕੀ ਰਾਸ਼ਟਰਪਤੀ ਜੋਅ ਬਾਈਡਨ ਨੇ ਕਾਂਗਰਸ ਵੱਲੋਂ ਪਾਸ ਕੀਤੇ ਗਏ ਗੰਨ ਹਿੰਸਾ ਰੋਕਣ ਸਬੰਧੀ ਬਿੱਲ ਉਪਰ ਦਸਤਖ਼ਤ ਕਰ ਦਿੱਤੇ ਹਨ। ਇਸ ਮੌਕੇ ਰਾਸ਼ਟਰਪਤੀ ਨੇ ਦਾਅਵਾ ਕੀਤਾ ਕਿ ਲੋਕਾਂ ਨੂੰ ਸੁਰੱਖਿਅਤ ਕੀਤਾ ਜਾਵੇਗਾ। ਰਾਸ਼ਟਰਪਤੀ ਨੇ ਵਾਈਟ ਹਾਊਸ ਵਿਚ ਸੰਖੇਪ ਟਿਪਣੀ ਕਰਦਿਆਂ ਇਸ ਬਿੱਲ ਨੂੰ ਅਹਿਮ ਕਰਾਰ ਦਿੱਤਾ ਜੋ ਹੁਣ ਕਾਨੂੰਨ ਬਣ ਗਿਆ ਹੈ। ਉਨਾਂ ਕਿਹਾ ਅਸੀਂ ਫੈਸਲਾਕੁੰਨ ਕਦਮ ਚੁੱਕਿਆ ਹੈ। ਇਸ ਕਾਨੂੰਨ ਦਾ ਮਕਸਦ ਖਤਰਨਾਕ ਲੋਕਾਂ ਤੇ ਨੌਜਵਾਨਾਂ ਤੋਂ ਹਥਿਆਰਾਂ ਨੂੰ ਦੂਰ ਰਖਣਾ ਹੈ। ਹੁਣ 18 ਤੋਂ 21 ਸਾਲ ਦੇ ਨੌਜਵਾਨਾਂ ਤੇ ਹੋਰ ਖਤਰਨਾਕ ਲੋਕਾਂ ਲਈ ਗੰਨ ਖਰੀਦਣਾ ਆਸਾਨ ਨਹੀਂ ਹੋਵੇਗਾ ਤੇ ਉਨਾਂ ਨੂੰ ਗੰਨ ਖ੍ਰੀਦਣ ਲਈ ਇਕ ਪ੍ਰਕਿਆ ਵਿਚੋਂ ਲੰਘਣਾ ਪਵੇਗਾ। ਗੰਨ ਖ੍ਰੀਦਣ ਦੇ ਚਾਹਵਾਨਾਂ ਦੇ ਪਿਛੋਕੜ ਦੀ ਜਾਂਚ ਕੀਤੀ ਜਾਵੇਗੀ। ਪੂਰੀ ਤਸੱਲੀ ਹੋਣ ਉਪਰੰਤ ਹੀ ਉਨਾਂ ਨੂੰ ਗੰਨ ਖ੍ਰੀਦਣ ਦੀ ਇਜਾਜ਼ਤ ਦਿੱਤੀ ਜਾਵੇਗੀ। ਪ੍ਰਤੀਨਿੱਧ ਸਦਨ ਵਿਚ 193 ਵੋਟਾਂ ਬਿੱਲ ਦੇ ਵਿਰੁੱਧ ਪਈਆਂ ਸਨ ਜਦ ਕਿ 234 ਵੋਟਾਂ ਬਿੱਲ ਦੇ ਹੱਕ ਵਿਚ ਪਈਆਂ ਸਨ। ਇਸੇ ਤਰਾਂ ਸੈਨੇਟ ਵਿਚ ਬਿੱਲ ਦੇ ਸਮਰਥਨ ਵਿਚ 65 ਵੋਟਾਂ ਪਈਆਂ ਸਨ ਤੇ ਵਿਰੋਧ ਵਿਚ 33 ਮੈਂਬਰ ਭੁਗਤੇ ਸਨ। ਖਾਸ ਗੱਲ ਇਹ ਰਹੀ ਕਿ ਪ੍ਰਤੀਨਿੱਧ ਸਦਨ ਵਿਚ 14 ਤੇ ਸੈਨੇਟ ਵਿਚ 15 ਰਿਪਬਲੀਕਨ ਮੈਂਬਰਾਂ ਨੇ ਬਿੱਲ ਦੇ ਹੱਕ ਵਿਚ ਵੋਟ ਪਾਈ। ਬਾਈਡਨ ਦੀ ਇਹ ਇਕ ਵੱਡੀ ਪ੍ਰਾਪਤੀ ਮੰਨੀ ਜਾ ਰਹੀ ਹੈ।

## 5 ਮਹੀਨੇ ਦੀ ਬੱਚੀ ਗੰਨ ਹਿੰਸਾ ਦਾ ਸ਼ਿਕਾਰ ਬਣੀ, ਸਿਰ ਵਿਚ ਮਾਰੀ ਗੋਲੀ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ :-** ਸ਼ਿਕਾਗੋ ਦੇ ਦੱਖਣ ਵਿਚ ਇਕ 5 ਮਹੀਨੇ ਦੀ ਬੱਚੀ ਗੰਨ ਹਿੰਸਾ ਦਾ ਸ਼ਿਕਾਰ ਬਣੀ ਹੈ। ਪੁਲਿਸ ਤੇ ਕੁੱਕ ਕੌਂਟੀ ਮੈਡੀਕਲ ਜਾਂਚ ਅਧਿਕਾਰੀ ਅਨੁਸਾਰ ਸੈਸਸੀਲੀਆ ਥਾਮਸ ਨਾਮੀ ਬੱਚੀ ਕਾਰ ਦੀ ਪਿਛਲੀ ਸੀਟ ਉਪਰ ਬੈਠੀ ਸੀ ਜਦੋਂ ਨਾਲ ਖੜੇ ਇਕ ਹੋਰ ਵਾਹਨ ਵਿਚੋਂ ਗੋਲੀ ਚਲਾਈ ਗਈ ਜੋ ਬੱਚੀ ਦੇ ਸਿਰ ਵਿਚ ਵੱਜੀ। ਉਸ ਨੂੰ ਹਸਪਤਾਲ ਲਿਜਾਇਆ ਗਿਆ ਜਿਥੇ ਥੋੜੀ ਦੇਰ ਬਾਅਦ ਉਹ ਦਮ ਤੋੜ ਗਈ। ਅਮਰੀਕਾ ਵਿਚ ਗੰਨ ਹਿੰਸਾ ਦਾ ਸ਼ਿਕਾਰ ਹੋਣ ਵਾਲੀ ਇਹ ਸਭ ਤੋਂ ਛੋਟੀ ਉਮਰ ਦੀ ਬੱਚੀ ਹੈ। ਬੱਚੀ ਨੇ 4 ਦਿਨ ਬਾਅਦ 6 ਮਹੀਨੇ ਦੀ ਹੋ ਜਾਣਾ ਸੀ। ਸ਼ਿਕਾਗੋ ਪੁਲਿਸ ਅਨੁਸਾਰ ਇਕ 41 ਸਾਲਾ ਵਿਅਕਤੀ ਦੇ ਵੀ ਅੱਖ ਦੇ ਨੇੜੇ ਗੋਲੀ ਵੱਜੀ ਹੈ ਉਸ ਦਾ ਹਸਪਤਾਲ ਵਿਚ ਇਲਾਜ ਚਲ ਰਿਹਾ ਹੈ ਜਿਥੇ ਉਸ ਦੀ ਹਾਲਤ ਠੀਕ ਹੈ। ਇਹ ਵਿਅਕਤੀ ਇਕ ਹੋਰ ਕਾਰ ਵਿਚ ਸਵਾਰ ਸੀ। ਪੁਲਿਸ ਨੇ ਕਿਹਾ ਹੈ ਕਿ ਉਸ ਕੋਲ ਇਸ ਘਟਨਾ ਬਾਰੇ ਹੋਰ ਕੋਈ ਜਾਣਕਾਰੀ ਨਹੀਂ ਹੈ ਤੇ ਨਾ ਹੀ ਅਜੇ ਤੱਕ ਕੋਈ ਗ੍ਰਿਫਤਾਰੀ ਹੋਈ ਹੈ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Editor: **Malkeet Singh** Manager: **Pardeep Singh** Asst. Editor: **Balwinderpal Singh, Sarbjeet Kaur Sarb** Online Interview Host: **Balraj Pannu** Proof Editor: **Prabhjot Kaur**

Designer: **Balbir Singh** Content Composer: **Amritpal Singh** US Distributor: **Amritsar Times Inc** Owner: **Amritsar Times Pvt Ltd.**

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau.

They do not purport to reflect the opinions or views of the Owner or its members.

All legal disputes must be handled in the courts of State of Punjab in India.

# ਪੰਜਾਬ ਦੀ ਆਰਥਿਕਤਾ ਨੂੰ ਹੁਲਾਰਾ ਦੇਣ ਲਈ ਪਰਵਾਸੀ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਹਵਾਈ ਅੱਡੇ ਨੂੰ ਤਰਜੀਹ ਦੇਣ : ਗੁਮਟਾਲਾ

**ਮੈਲਬੌਰਨ/ਏ.ਟੀ.ਨਿਊਜ਼ :-** ਵਿਦੇਸ਼ ਵਿੱਚ ਵੱਸਦਾ ਪੰਜਾਬੀ ਭਾਈਚਾਰਾ ਹਮੇਸ਼ਾ ਹੀ ਪੰਜਾਬ ਦੀ ਖ਼ੁਸ਼ਹਾਲੀ ਲਈ ਕੋਈ ਵੀ ਕਾਰਜ ਹੋਵੇ ਉਸ ਵਿੱਚ ਵੱਧ ਚੜ ਕੇ ਯੋਗਦਾਨ ਪਾਉਂਦਾ ਹੈ। ਇਸੇ ਸੰਦਰਭ ਵਿੱਚ ਬੀਤੇ ਦਿਨੀਂ ਪੰਜਾਬੀ ਸੱਭਿਆਚਾਰਕ ਕੇਂਦਰ ਮੈਲਬੌਰਨ ਵੱਲੋਂ ਸ਼ਹਿਰ ਦੇ 'ਵੈਜੀ ਡ੍ਰਾਈਵ' ਰੈਸਤਰਾਂ ਵਿੱਚ ਇਕ ਸੰਖੇਪ ਤੇ ਪ੍ਰਭਾਵਸ਼ਾਲੀ ਸਮਾਗਮ ਕਰਵਾਇਆ ਗਿਆ ਜਿਸ ਵਿੱਚ ਅਮਰੀਕਾ ਤੋਂ ਆਸਟ੍ਰੇਲੀਆ ਦੀ ਫੇਰੀ ਤੇ ਆਏ 'ਫਲਾਈ ਅੰਮ੍ਰਿਤਸਰ ਇਨੀਸ਼ੀਏਟਿਵ' ਦੇ ਗਲੋਬਲ ਕਨਵੀਨਰ ਅਤੇ ਅੰਮ੍ਰਿਤਸਰ ਵਿਕਾਸ ਮੰਚ ਦੇ ਵਿਦੇਸ਼ ਸਕੱਤਰ ਸਮੀਪ ਸਿੰਘ ਗੁਮਟਾਲਾ ਅਤੇ ਪ੍ਰਸਿੱਧ ਫਿਲਮੀ ਅਦਾਕਾਰ ਹਰਿੰਦਰ ਸਿੰਘ ਭੁੱਲਰ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ।

ਸ੍ਰੀ ਗੁਰੂ ਰਾਮਦਾਸ ਅੰਤਰਰਾਸ਼ਟਰੀ ਹਵਾਈ ਅੱਡਾ ਅੰਮ੍ਰਿਤਸਰ ਤੋਂ ਵਧੇਰੇ ਅੰਤਰਰਾਸ਼ਟਰੀ ਉਡਾਣਾਂ ਦੀ ਮੁਹਿੰਮ ਚਲਾ ਰਹੇ ਸਮੀਪ ਸਿੰਘ ਗੁਮਟਾਲਾ ਨੇ ਆਪਣੇ ਸੰਖੇਪ ਭਾਸ਼ਨ ਵਿੱਚ ਕਿਹਾ ਕਿ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਹਵਾਈ ਅੱਡੇ ਤੋਂ ਉਡਾਣਾਂ ਤਦ ਹੀ ਵਧ ਸਕਦੀਆਂ ਹਨ ਜੇਕਰ ਪਰਵਾਸੀ ਇਸ ਹਵਾਈ ਅੱਡੇ ਨੂੰ ਪਹਿਲ ਦੇਣ। ਉਨਾਂ ਕਿਹਾ ਕਿ ਅੰਮ੍ਰਿਤਸਰ ਹਵਾਈ ਅੱਡੇ ਤੋਂ ਆਸਟ੍ਰੇਲੀਆ, ਨਿਊਜ਼ੀਲੈਂਡ ਵਾਸੀਆਂ ਲਈ ਸਕੂਟ ਵਰਗੀਆਂ ਘੱਟ ਕਿਰਾਏ ਵਾਲੀਆਂ ਏਅਰਲਾਈਨਾਂਦੀਆਂ ਉਡਾਣਾਂ ਹੁਣ ਮੁੜ ਉਪਲੱਬਧ ਹਨ। ਕਰੋਨਾ ਮਹਾਂਮਾਰੀ ਕਰਕੇ ਮੁਲਤਵੀ ਹੋਈਆਂ ਏਅਰ ਏਸ਼ੀਆ ਅਤੇ ਮਲਿੰਡੋ ਏਅਰ ਦੀਆਂ ਉਡਾਣਾਂ ਜਲਦੀ ਬਹਾਲ ਹੋ ਰਹੀਆਂ ਹਨ ਜਿਸ ਨਾਲ ਪੰਜਾਬੀਆਂ ਨੂੰ ਜ਼ਿਆਦਾ ਸਹੂਲਤ ਮਿਲੇਗੀ। ਉਹਨਾਂ ਉਮੀਦ ਜਾਹਿਰ ਕੀਤੀ ਕਿ ਪੰਜਾਬੀ ਕੋਵਿਡ ਤੋਂ ਪਹਿਲਾਂ ਵਾਂਗ ਅੰਮ੍ਰਿਤਸਰ ਜਾਣ ਲਈ ਇਹਨਾਂ ਸਭਨਾਂ ਉਡਾਣਾਂ ਨੂੰ ਤਰਜੀਹ ਦੇ ਕੇ ਕਾਮਯਾਬ ਕਰਨਗੇ ਤਾਂ ਜੋ ਹੋਰਨਾਂ ਵੱਡੀਆਂ ਏਅਰਲਾਈਨ ਤੱਕ ਵੀ ਪਹੁੰਚ ਕੀਤੀ ਜਾ ਸਕੇ।

ਜੇਕਰ ਪਰਵਾਸੀ ਅੰਮ੍ਰਿਤਸਰ ਹਵਾਈ ਅੱਡੇ ਨੂੰ ਤਰਜੀਹ ਦਿੰਦੇ ਹਨ ਤਾਂ ਭਵਿੱਖ ਵਿੱਚ ਇਨਾਂ ਦੀ ਗਿਣਤੀ ਹੋਰ ਵਧਾਈ ਜਾ ਸਕਦੀ ਹੈ। ਇਸ ਨਾਲ ਪੰਜਾਬ ਦੀ ਆਰਥਿਕਤਾ ਨੂੰ ਵਧੇਰੇ ਹੁਲਾਰਾ ਮਿਲੇਗਾ ਅਤੇ ਰੁਜ਼ਗਾਰ ਦੇ ਵਧੇਰੇ ਮੌਕੇ ਪੈਦਾ ਹੋਣਗੇ। ਉਨਾਂ ਕਿਹਾ ਕਿ ਕੈਨੇਡਾ ਤੋਂ ਅੰਮ੍ਰਿਤਸਰ ਲਈ ਸਿੱਧੀ ਫਲਾਈਟ ਚਲਾਉਣ ਦਾ ਮੁੱਦਾ ਹੁਣ ਕੈਨੇਡੀਅਨ ਪਾਰਲੀਮੈਂਟ ਵਿਚਚੁੱਕਿਆ ਗਿਆ ਹੈ ਅਤੇ ਇਸ ਤਰਾਂ ਦੀ ਕੋਸ਼ਿਸ਼ ਆਸਟਰੇਲੀਆ, ਨਿਊਜ਼ੀਲੈਂਡ ਵੱਸਦੇ ਪੰਜਾਬੀਆਂ ਨੂੰ ਵੀ ਕਰਨੀ ਚਾਹੀਦੀ ਹੈ।




ਇਸ ਮੌਕੇ ਹਾਜ਼ਰ ਪ੍ਰਸਿੱਧ ਪੰਜਾਬੀ ਅਦਾਕਾਰ ਹਰਿੰਦਰ ਸਿੰਘ ਭੁੱਲਰ ਨੇ ਵੀ ਆਪਣੇ ਤਜਰਬੇ ਸਾਂਝੇ ਕੀਤੇ। ਉਨਾਂ ਕਿਹਾ ਕਿ ਕੈਨੇਡਾ, ਅਮਰੀਕਾ, ਇੰਗਲੈਂਡ, ਨਿਊਜ਼ੀਲੈਂਡ ਅਤੇ ਆਸਟਰੇਲੀਆ ਵਿਚ ਵੱਡੀ ਗਿਣਤੀ ਵਿੱਚ ਪੰਜਾਬੀ ਵੱਸਦੇ ਹਨ। ਜੇਕਰ ਉਹ ਦਿੱਲੀ ਦੀ ਬਜਾਏ ਸ੍ਰੀ ਅੰਮ੍ਰਿਤਸਰ ਸਾਹਿਬ ਨੂੰ ਤਰਜੀਹ ਦਿੰਦੇ ਹਨ ਤਾਂ ਇਸ ਦਾ ਵੱਡਾ ਫ਼ਾਇਦਾ ਪੰਜਾਬ ਨੂੰਹੋਵੇਗਾ। ਉਨਾਂ ਕਿਹਾ ਕਿ ਕੁਝ ਲੋਕਾਂ ਦਾ ਮੰਨਣਾ ਹੈ ਕਿ ਘੱਟ ਕਿਰਾਏ ਦੀਆਂ ਏਅਰ ਲਾਈਨਾਂ ਵਿੱਚ ਵੱਡੀਆਂ ਏਅਰ ਲਾਈਨਾਂ ਦੇ ਮੁਕਾਬਲੇ ਸਹੂਲਤ ਘੱਟ ਮਿਲਦੀ ਹੈ ਪਰ ਇਸ ਦਾ ਦੂਜਾ ਪਹਿਲੂ ਇਹ ਵੀ ਹੈ ਕਿ ਘੱਟ ਕਿਰਾਇਆ, ਸਮੇਂ ਦੀ ਬੱਚਤ ਅਤੇ ਪੰਜਾਬ ਤੋਂ ਦਿੱਲੀ ਆਉਣ ਜਾਣ ਵੇਲੇ ਹੁੰਦੀ ਖੱਜਲ ਖੁਆਰੀ ਤੋਂ ਬਚਿਆ ਜਾ ਸਕਦਾ ਹੈ।

ਇਸ ਮੌਕੇ ਮਨਦੀਪ ਸਿੰਘ, ਡਾ. ਪ੍ਰੀਤਇੰਦਰ ਸਿੰਘ ਗਰੇਵਾਲ, ਸੁਖਦੀਪ ਸਿੰਘ, ਅਮਰਦੀਪ ਕੌਰ, ਗੁਰਵਿੰਦਰ ਸਿੰਘ, ਗੁਰਿੰਦਰ ਕੌਰ, ਖੁਸ਼ਪ੍ਰੀਤ ਸਿੰਘ ਸੁਨਾਮ, ਹਰਮਨ ਬੋਪਾਰਾਏ, ਸੰਦੀਪ ਸਿੰਘ ਕਾਹਲੋਂ ਆਦਿ ਸ਼ਖ਼ਸੀਅਤਾਂ ਹਾਜ਼ਰ ਸਨ। ਪੰਜਾਬੀ ਸੱਭਿਆਚਾਰਕ ਕੇਂਦਰ ਮੈਲਬੌਰਨ ਵੱਲੋਂ ਆਏ ਹੋਏ ਮਹਿਮਾਨਾਂ ਨੂੰ ਯਾਦਗਾਰੀ ਚਿੰਨ ਭੇਂਟ ਕੀਤੇ ਗਏ।

# ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਦੀਆਂ ਦੋ ਤਰੀਕਾਂ ਨੂੰ ਲੈ ਕੇ ਵਖਰੇਵਾਂ ਬਰਕਰਾਰ

**ਅੰਮ੍ਰਿਤਸਰ/ਏ.ਟੀ.ਨਿਊਜ਼ :-** ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦਾ ਦਿਹਾਂਤ 15 ਹਾੜ, ਸੰਮਤ 1896 ਬਿਕ੍ਰਮੀ (ਸੰਨ 1839) ਨੂੰ ਲਾਹੌਰ ਵਿਖੇ ਹੋਇਆ। ਲਗਾਤਾਰ 175 ਸਾਲ ਤੋਂ ਵਧੇਰੇ ਸਮੇਂ ਤੱਕ ਮਹਾਰਾਜਾ ਦੀ ਬਰਸੀ 27 ਜੂਨ ਨੂੰ ਮਨਾਏ ਜਾਣ ਦੇ ਬਾਅਦ ਹੁਣ ਪਿਛਲੇ ਕੁੱਝ ਵਰਿਆਂ ਤੋਂ ਭਾਰਤ-ਪਾਕਿਸਤਾਨ ਦੋਵੇਂ ਮੁਲਕਾਂ 'ਚ ਵੱਖ-ਵੱਖ ਜਥੇਬੰਦੀਆਂ ਵਲੋਂ ਮਹਾਰਾਜਾ ਦੀ ਬਰਸੀ 29 ਜੂਨ ਨੂੰ ਮਨਾਈ ਜਾ ਰਹੀ ਹੈ। ਜਿੱਥੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸੋਸ਼ਲ ਮੀਡੀਆ 'ਤੇ ਮਹਾਰਾਜਾ ਦੀ ਬਰਸੀ ਦੇ ਮੱਦੇਨਜ਼ਰ ਇਹ ਸੰਦੇਸ਼ ਜਾਰੀ ਕਰਕੇ ਕਿ 'ਅੱਜ ਦੇ ਦਿਨ ਸਿੱਖ ਰਾਜ ਦਾ ਸੂਰਜ ਡੁੱਬਾ ਸੀ ਜਦੋਂ ਸਰਕਾਰ-ਏ-ਖ਼ਾਲਸਾ ਮਹਾਰਾਜਾ ਰਣਜੀਤ ਸਿੰਘ ਇਸ ਦੁਨੀਆ ਨੂੰ ਅਲਵਿਦਾ ਕਹਿ ਗਏ ਸਨ (27 ਜੂਨ 1839)' ਆਪਣੀ ਤਰਫ਼ੋਂ ਸ਼ਰਧਾਂਜਲੀ ਭੇਟ ਕੀਤੀ, ਉੱਥੇ ਹੀ ਸਿੱਖਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਕਮੇਟੀ ਸਮੇਤ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਪੰਜਾਬ ਸਰਕਾਰ ਆਦਿ ਵਲੋਂ ਇਸ ਦਿਹਾੜੇ ਨੂੰ 29 ਜੂਨ ਵਜੋਂ ਮਾਨਤਾ ਦਿੱਤੀ ਗਈ ਹੈ। ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਦੀਆਂ



ਉਕਤ ਦੋ ਤਰੀਕਾਂ ਨੂੰ ਲੈ ਕੇ ਇਤਿਹਾਸ ਦੇ ਵਿਦਿਆਰਥੀਆਂ ਅਤੇ ਸਿੱਖ ਜਥੇਬੰਦੀਆਂ ਵਿਚ ਭੰਬਲਭੂਸਾ ਬਣਿਆ ਹੋਇਆ ਹੈ। ਇਸੇ ਤਰਾਂ ਮਹਾਰਾਜਾ ਦੇ ਜਨਮ ਦਿਹਾੜੇ ਨੂੰ ਲੈ ਕੇ ਵੀ ਲੰਬੇ ਸਮੇਂ ਤੋਂ ਵਿਦਵਾਨਾਂ ਤੇ ਲੇਖਕਾਂ ਵਿਚ ਇਹ ਬਹਿਸ ਬਣੀ ਹੋਈ ਹੈ ਕਿ ਸ਼ੇਰ-ਏ-ਪੰਜਾਬ ਦਾ ਜਨਮ 2 ਨਵੰਬਰ 1780 ਨੂੰ ਲਹਿੰਦੇ ਪੰਜਾਬ ਦੇ ਸ਼ਹਿਰ ਗੁੱਜਰਾਂਵਾਲਾ ਵਿਚ ਹੋਇਆ ਜਾਂ 13 ਨਵੰਬਰ 1776 ਨੂੰ ਭਾਰਤੀ ਪੰਜਾਬ ਦੇ ਜ਼ਿਲਾ ਸੰਗਰੂਰ ਦੇ ਪਿੰਡ ਬਡਰੁੱਖਾਂ ਵਿਚ। ਜਿਸ ਦੇ ਚਲਦਿਆਂ ਚੜਦੇ ਤੇ ਲਹਿੰਦੇ ਪੰਜਾਬ ਵਿਚ ਕੁੱਝ ਸੰਸਥਾਵਾਂ ਵਲੋਂ ਸ਼ੇਰ-ਏ-ਪੰਜਾਬ ਦਾ ਜਨਮ ਦਿਹਾੜਾ 2 ਨਵੰਬਰ ਨੂੰ ਅਤੇ ਪੰਜਾਬ ਸਰਕਾਰ ਸਮੇਤ ਵੱਡੀ ਗਿਣਤੀ ਵਿਚ ਸਭਾ-ਸੁਸਾਇਟੀਆਂ ਵਲੋਂ ਇਹ ਦਿਹਾੜਾ 13 ਨਵੰਬਰ ਨੂੰ ਮਨਾਇਆ ਜਾ ਰਿਹਾ ਹੈ। ਦੱਸਣਯੋਗ ਹੈ ਕਿ ਜ਼ਿਆਦਾਤਰ ਵਿਦਵਾਨ ਲੇਖਕਾਂ ਨੇ ਮਹਾਰਾਜਾ ਦੀ ਜਨਮ ਤਾਰੀਖ਼ 2 ਨਵੰਬਰ 1776 ਲਿਖੀ ਹੈ, ਜਦਕਿ ਕੁੱਝ ਲੇਖਕਾਂ ਦਾ ਮੰਨਣਾ ਹੈ ਕਿ ਮਹਾਰਾਜਾ ਦਾ ਜਨਮ ਰਾਜਾ ਜਿੰਦ ਸ: ਗਜਪਤ ਸਿੰਘ ਦੀ ਧੀ ਰਾਜ ਕੌਰ ਦੀ ਕੁੱਖੋਂ ਸ: ਮਹਾਂ ਸਿੰਘ ਸ਼ੁਕਰਚੱਕੀਆ ਦੇ ਘਰ ਗੁੱਜਰਾਂਵਾਲਾ ਵਿਚ ਦੂਜੀ ਸੰਗਰਾਂਦ ਤਰੀਕ ਵਦੀ ਸੰਮਤ 1837 'ਚ 19 ਘੜੀ ਵੇਲੇ 13 ਪਲ ਦਿਨ ਚੜੇ ਭਾਵ 13 ਨਵੰਬਰ 1780 ਨੂੰ ਹੋਇਆ।

# ਢਾਈ ਦਹਾਕੇ ਬਾਅਦ ਵੀ ਨਾ ਲੱਗਾ ਸ਼ੇਰੇ ਪੰਜਾਬ ਦਾ ਬੁੱਤ

## ਸਮੇਂ ਦੀਆਂ ਸਰਕਾਰਾਂ ਨੇ ਮਹਾਰਾਜਾ ਰਣਜੀਤ ਸਿੰਘ ਦੇ ਜਨਮ ਸਥਾਨ ਨੂੰ ਵਿਸਾਰ ਦਿਤਾ

**ਸੰਗਰੂਰ/ਏ.ਟੀ.ਨਿਊਜ਼ :-** ਪਿਛਲੇ ਢਾਈ ਦਹਾਕਿਆਂ ਤੋਂ ਸਮੇਂ-ਸਮੇਂ ਦੀਆਂ ਸਰਕਾਰਾਂ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਰਗਾ ਰਾਜ ਦੇਣ ਦੇ ਵਾਅਦੇ ਕਰਦੀਆਂ ਰਹੀਆਂ ਪਰ ਕਿਸੇ ਵੀ ਪਾਰਟੀ ਦੀ ਸਰਕਾਰ ਨੇ ਸ਼ੇਰ-ਏ-ਪੰਜਾਬ ਦੇ ਜਨਮ ਸਥਾਨ ਅਤੇ ਨਾਨਕੇ ਪਿੰਡ ਬਡਰੁੱਖਾਂ ਵਿੱਚ ਇਸ ਮਹਾਨ ਜਰਨੈਲ ਦਾ ਬੁੱਤ ਸਥਾਪਤ ਕਰਨ ਦੀ ਮੰਗ ਨੂੰ ਗੰਭੀਰਤਾ ਨਾਲ ਨਹੀਂ ਲਿਆ।

ਜਾਣਕਾਰੀ ਅਨੁਸਾਰ ਪਿੰਡ ਬਡਰੁੱਖਾਂ ਵਿੱਚ ਕਰੀਬ ਢਾਈ ਦਹਾਕੇ ਪਹਿਲਾਂ ਸ਼ੇਰ-ਏ-ਪੰਜਾਬ ਦੇ ਜਨਮ ਦਿਹਾੜੇ ਮੌਕੇ ਸੂਬਾਈ ਸਮਾਗਮ ਦੌਰਾਨ ਤਤਕਾਲੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਐਲਾਨ ਕੀਤਾ ਸੀ ਕਿ ਪਿੰਡ ਵਿੱਚ ਸ਼ੇਰ-ਏ-ਪੰਜਾਬ ਯਾਦਗਾਰੀ ਪਾਰਕ ਸਥਾਪਤ ਕਰਕੇ ਘੋੜੇ 'ਤੇ ਸਵਾਰ ਮਹਾਰਾਜਾ ਰਣਜੀਤ ਸਿੰਘ ਦਾ ਕਾਂਸੀ ਦਾ ਬੁੱਤ ਲਗਾਇਆ ਜਾਵੇਗਾ। ਇਹ ਵਾਅਦਾ ਕਰੀਬ 19 ਵਰਿਆਂ ਮਗਰੋਂ 2016 ਵਿੱਚ ਉਸ ਵੇਲੇ ਪੂਰਾ ਹੁੰਦਾ ਜਾਪਿਆ, ਜਦੋਂ ਸਰਕਾਰ ਨੇ ਪਾਰਕ ਵਿੱਚ ਸਥਾਪਤ ਕਰਨ ਲਈ ਮਹਾਰਾਜਾ ਰਣਜੀਤ



ਸਿੰਘ ਦਾ ਬੁੱਤ ਭੇਜ ਦਿੱਤਾ ਪਰ ਵਾਅਦੇ ਅਨੁਸਾਰ ਇਹ ਬੁੱਤ ਨਾ ਤਾਂ ਘੋੜੇ ਦੀ ਸਵਾਰੀ ਵਾਲਾ ਸੀ ਅਤੇ ਨਾ ਹੀ ਕਾਂਸੀ ਦਾ ਬਣਿਆ ਸੀ। ਸਭ ਤੋਂ ਅਹਿਮ ਗੱਲ ਕਿ ਇਸ ਬੁੱਤ ਵਿੱਚ ਮਹਾਰਾਜਾ ਰਣਜੀਤ ਸਿੰਘ ਦੀਆਂ ਦੋਵੇਂ ਅੱਖਾਂ ਸਹੀ ਸਲਾਮਤ ਦਿਖਾਈਆਂ ਗਈਆਂ ਸਨ, ਜਿਸ ਕਾਰਨ ਪਿੰਡ ਦੀ ਪੰਚਾਇਤ ਨੇ ਇਹ ਬੁੱਤ ਸਥਾਪਤ ਨਾ ਕਰਨ ਦਾ ਫ਼ੈਸਲਾ ਲਿਆ। ਸਰਕਾਰੀ ਲਾਪ੍ਰਵਾਹੀ ਦਾ ਸ਼ਿਕਾਰ ਹੋ ਕੇ ਇਹ ਬੁੱਤ ਕਰੀਬ ਛੇ ਸਾਲ ਤੋਂ ਸਾਬਕਾ ਸਰਪੰਚ ਦੇ ਘਰ ਹੀ ਧੂੜ ਫੱਕ ਰਿਹਾ ਹੈ।

### ਬਚਨ ਬੇਦਿਲ ਨੂੰ ਬੁੱਤ ਸਥਾਪਤ ਹੋਣ ਦੀ ਉਮੀਦ

ਪਿੰਡ ਬਡਰੁੱਖਾਂ ਦੇ ਵਸਨੀਕ ਗੀਤਕਾਰ ਬਚਨ ਬੇਦਿਲ ਨੇ ਕਿਹਾ ਕਿ ਪਿੰਡ ਬਡਰੁੱਖਾਂ ਹਲਕਾ ਵਿਧਾਇਕ ਅਮਨ ਅਰੋੜਾ ਦਾ ਜੱਦੀ ਪਿੰਡ ਹੈ ਅਤੇ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੇ ਜੱਦੀ ਜ਼ਿਲਾ ਸੰਗਰੂਰ ਦਾ ਇਤਿਹਾਸਕ ਪਿੰਡ ਹੈ, ਇਸ ਲਈ ਉਨਾਂ ਨੂੰ ਪੂਰੀ ਉਮੀਦ ਹੈ ਕਿ ਜਲਦੀ ਹੀ ਸਰਕਾਰ ਜਿੱਥੇ ਪਿੰਡ ਵਿੱਚ ਸ਼ੇਰ-ਏ-ਪੰਜਾਬ ਦਾ ਬੁੱਤ ਸਥਾਪਤ ਕਰੇਗੀ, ਉਥੇ ਸਿੱਖ ਕੌਮ ਦੇ ਇਸ ਮਹਾਨ ਜਰਨੈਲ ਦੇ ਜਨਮ ਸਥਾਨ ਬਡਰੁੱਖਾਂ ਵਿੱਚ ਕੋਈ ਹੋਰ ਵੀ ਵੱਡੀ ਯਾਦਗਾਰ ਜਾਂ ਸੰਸਥਾ ਕਾਇਮ ਕਰੇਗੀ।

ਮਾਮਲਾ ਰਾਧਾ ਸਵਾਮੀ ਡੇਰੇ ਵਲੋਂ ਫੌਜ ਦੀ ਜ਼ਮੀਨ ਉਪਰ ਕਬਜ਼ੇ ਦਾ

# ਗੋਲਾ ਬਾਰੂਦ ਡਿੱਪੂ ਬਿਆਸ ਨਾਲ ਲੱਗਦੀ ਜ਼ਮੀਨ ਦੀ ਨਿਸ਼ਾਨਦੇਹੀ ਸ਼ੁਰੂ

- ਡੇਰੇ ਦੇ ਸ਼ਰਧਾਲੂਆਂ ਨੇ ਨਿਸ਼ਾਨਦੇਹੀ ਵਿਰੁੱਧ ਧਰਨਾ ਲਾਇਆ
- ਸਰਕਾਰ, ਫੌਜੀ ਅਧਿਕਾਰੀਆਂ ਤੇ ਪ੍ਰਸ਼ਾਸਨ ਵਿਰੁੱਧ ਨਾਅਰੇਬਾਜ਼ੀ

**ਰਈਆ/ਏ.ਟੀ.ਨਿਊਜ਼ :-** ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਹੁਕਮਾਂ 'ਤੇ ਗੋਲਾ ਬਾਰੂਦ ਡਿੱਪੂ ਬਿਆਸ ਦੇ ਨਾਲ ਲਗਦੀ ਡੇਰਾ ਬਿਆਸ ਦੀ ਕੰਧ ਅਤੇ 1000 ਮੀਟਰ ਦੇ ਘੇਰੇ ਵਿੱਚ ਆਉਂਦੀਆਂ ਹੋਰ ਉਸਾਰੀਆਂ ਦੀ ਨਿਸ਼ਾਨਦੇਹੀ ਡੇਰਾ ਰਾਧਾ ਸਵਾਮੀ ਦੇ ਸ਼ਰਧਾਲੂਆਂ ਦੇ ਵਿਰੋਧ ਦੇ ਬਾਵਜੂਦ ਸ਼ੁਰੂ ਹੋ ਗਈ ਹੈ। ਜ਼ਿਕਰਯੋਗ ਹੈ ਕਿ ਹਾਈ ਕੋਰਟ ਨੇ ਇੱਕ ਸਿਵਲ ਰਿੱਟ ਪਟੀਸ਼ਨ ਸਬੰਧੀ ਨਿਸ਼ਾਨਦੇਹੀ ਲਈ ਜ਼ਿਲਾ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਨੂੰ ਹੁਕਮ ਦਿੱਤੇ ਸਨ ਅਤੇ ਡੀਸੀ ਵੱਲੋਂ ਇਸ ਸਬੰਧੀ ਰਿਪੋਰਟ ਛੇਤੀ ਹੀ ਹਾਈ ਕੋਰਟ ਨੂੰ ਸੌਂਪੀ ਜਾਵੇਗੀ। ਇਸ ਦੌਰਾਨ ਸ਼ਰਧਾਲੂਆਂ ਨੇ ਪੰਜਾਬ ਸਰਕਾਰ, ਫੌਜੀ ਅਧਿਕਾਰੀਆਂ ਅਤੇ ਪ੍ਰਸ਼ਾਸਨ ਵਿਰੁੱਧ ਨਾਅਰੇਬਾਜ਼ੀ ਕੀਤੀ, ਪਰ ਮਾਲ ਅਧਿਕਾਰੀਆਂ ਨੇ ਆਪਣਾ ਕੰਮ ਜਾਰੀ ਰੱਖਿਆ।

ਜ਼ਿਲਾ ਮਾਲ ਅਧਿਕਾਰੀ ਸੰਜੀਵ ਸ਼ਰਮਾ ਨੇ ਕਿਹਾ ਕਿ ਇਸ ਕਾਰਜ ਨੂੰ ਨੇਪਰੇ ਚਾੜਨ ਵਾਸਤੇ ਕਈ ਔਕੜਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਪਰ ਹਾਈ ਕੋਰਟ ਦੇ ਹੁਕਮਾਂ 'ਤੇ ਇਹ ਕੰਮ ਛੇਤੀ ਮੁਕੰਮਲ ਕਰ ਲਿਆ ਜਾਵੇਗਾ।

# ਸਾਬਕਾ ਓਲੰਪੀਅਨ ਵਰਿੰਦਰ ਸਿੰਘ ਚੱਲ ਵਸੇ

## ਭਾਰਤੀ ਹਾਕੀ ਟੀਮ ਨੂੰ ਓਲੰਪਿਕ 'ਚ ਸੋਨ ਤਮ਼ਗਾ ਦਿਵਾਉਣ ਵਿੱਚ ਰਹੀ ਸੀ ਅਹਿਮ ਭੂਮਿਕਾ



**ਜਲੰਧਰ/ਏ.ਟੀ.ਨਿਊਜ਼ :-** ਸਾਬਕਾ ਓਲੰਪੀਅਨ ਤੇ ਹਾਕੀ ਖਿਡਾਰੀ ਵਰਿੰਦਰ ਸਿੰਘ (75) ਦਾ ਬੀਤੇ ਦਿਨੀਂ ਜਲੰਧਰ ਵਿਚ ਦੇਹਾਂਤ ਹੋ ਗਿਆ। ਉਹ ਪਿਛਲੇ ਕੁਝ ਦਿਨਾਂ ਤੋਂ ਬਿਮਾਰ ਚੱਲ ਰਹੇ ਸਨ। ਉਨਾਂ ਦਾ ਸਸਕਾਰ ਬਾਅਦ ਦੁਪਹਿਰ ਜੱਦੀ ਪਿੰਡ ਧਨੋਵਾਲੀ ਵਿਚਲੇ ਸ਼ਮਸ਼ਾਨਘਾਟ ਵਿਚ ਕੀਤਾ ਗਿਆ। ਇਸ ਮੌਕੇ ਵੱਡੀ ਗਿਣਤੀ ਸਾਬਕਾ ਹਾਕੀ ਖਿਡਾਰੀਆਂ ਨੇ ਵਰਿੰਦਰ ਸਿੰਘ ਨੂੰ ਆਖਰੀ ਵਿਦਾਈ ਦਿੱਤੀ। ਇਸ ਤੋਂ ਪਹਿਲਾਂ ਜੂਨੀਅਰ ਹਾਕੀ ਖਿਡਾਰੀਆਂ ਨੇ ਵਰਿੰਦਰ ਸਿੰਘ ਨੂੰ ਹਾਕੀਆਂ ਉਚੀਆਂ ਕਰਕੇ ਸਲਾਮੀ ਦਿੱਤੀ। ਵਰਿੰਦਰ ਸਿੰਘ ਦੇ ਪੁੱਤਰ ਗੁਰਜੀਤ ਸਿੰਘ ਨੇ ਆਪਣੇ ਪਿਤਾ ਦੀ ਚਿਖਾ ਨੂੰ ਅਗਨੀ ਦਿੱਤੀ। ਧਿਆਨ ਚੰਦ ਐਵਾਰਡੀ ਵਰਿੰਦਰ ਸਿੰਘ ਦਾ ਜਨਮ 16 ਮਈ 1947 ਨੂੰ ਹੋਇਆ ਸੀ। ਉਨਾਂ 1970 ਦੇ ਦਹਾਕੇ ਵਿੱਚ ਭਾਰਤ ਨੂੰ ਕਈ ਯਾਦਗਾਰੀ ਜਿੱਤਾਂ ਦਿਵਾਉਣ ਵਿਚ ਅਹਿਮ ਭੂਮਿਕਾ ਨਿਭਾਈ। ਦੱਸਣਾ ਬਣਦਾ ਹੈ ਕਿ ਭਾਰਤ ਦੀ ਹਾਕੀ ਟੀਮ ਨੇ ਸਾਲ 1972 ਦੀਆਂ ਮਿਊਨਿਖ ਓਲੰਪਿਕ ਖੇਡਾਂ ਵਿੱਚ ਕਾਂਸੀ ਦਾ ਤਮ਼ਗਾ ਜਿੱਤਿਆ ਸੀ। ਉਸ ਮੈਚ ਵਿਚ ਵਰਿੰਦਰ ਸਿੰਘ ਫਾਰਵਰਡ ਵਜੋਂ ਖੇਡੇ ਸਨ ਤੇ ਉਨਾਂ ਦੇ ਸ਼ਾਨਦਾਰ ਪ੍ਰਦਰਸ਼ਨ ਸਦਕਾ ਹੀ ਭਾਰਤੀ ਟੀਮ ਤਮ਼ਗਾ ਜਿੱਤ ਸਕੀ ਸੀ। ਵਰਿੰਦਰ ਸਿੰਘ ਨੇ 1975 ਦੌਰਾਨ ਕੁਆਲਾਲੰਪੁਰ ਦੇ ਪੁਰਸ਼ ਹਾਕੀ ਵਿਸ਼ਵ ਕੱਪ ਵਿੱਚ ਹਿੱਸਾ ਲਿਆ ਜਿਸ ਵਿਚ ਭਾਰਤ ਨੇ ਸੋਨ ਤਮ਼ਗਾ ਜਿੱਤਿਆ ਸੀ। ਇਸ ਵੱਕਾਰੀ ਫਾਈਨਲ ਮੈਚ ਵਿਚ ਭਾਰਤ ਨੇ ਪਾਕਿਸਤਾਨ ਨੂੰ 2-1 ਨਾਲ ਹਰਾਇਆ ਸੀ। ਵਰਿੰਦਰ ਸਿੰਘ 1974 ਅਤੇ 1978 ਦੀਆਂ ਏਸ਼ੀਆਈ ਖੇਡਾਂ ਵਿੱਚ ਭਾਰਤੀ ਹਾਕੀ ਟੀਮ ਦਾ ਹਿੱਸਾ ਸੀ ਜਿਸ ਦੀ ਖੇਡ ਸਦਕਾ ਭਾਰਤ ਨੇ ਚਾਂਦੀ ਦੇ ਤਮ਼ਗੇ ਜਿੱਤੇ। ਵਰਿੰਦਰ ਸਿੰਘ ਨੂੰ 1975 ਮਾਂਟਰੀਅਲ ਓਲੰਪਿਕ ਵਿੱਚ ਵੀ ਭਾਰਤੀ ਟੀਮ ਵਿੱਚ ਸ਼ਾਮਿਲ ਕੀਤਾ ਗਿਆ ਸੀ। ਭਾਰਤ ਸਰਕਾਰ ਨੇ ਉਨਾਂ ਨੂੰ 2007 ਵਿੱਚ ਵੱਕਾਰੀ ਧਿਆਨ ਚੰਦ ਐਵਾਰਡ ਨਾਲ ਸਨਮਾਨਿਤ ਕੀਤਾ। ਉਨਾਂ ਨੂੰ ਲਾਈਫਟਾਈਮ ਅਚੀਵਮੈਂਟ ਐਵਾਰਡ ਨਾਲ ਵੀ ਸਨਮਾਨਿਤ ਕੀਤਾ ਗਿਆ ਸੀ। ਵਰਿੰਦਰ ਸਿੰਘ ਨੇ 1985 ਤੋਂ 1993 ਤੱਕ ਪੰਜਾਬ ਐਂਡ ਸਿੰਧ ਬੈਂਕ ਵਿੱਚ ਹਾਕੀ ਕੋਚ ਵਜੋਂ ਸੇਵਾ ਨਿਭਾਈ।

ਬਾਕੀ ਸਫ਼ਾ 31 'ਤੇ

# ਸੰਗਰੂਰ ਜ਼ਿਮਨੀ ਚੋਣ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੀਆਂ ਸਿੱਖਿਆਵਾਂ ਦੀ ਜਿੱਤ ਹੈ : ਸਿਮਰਨਜੀਤ ਸਿੰਘ ਮਾਨ



**ਸਰਬਜੀਤ ਕੌਰ ਸਰਬ**

ਮੈਂ ਸੰਗਰੂਰ ਦੇ ਸਾਡੇ ਵੋਟਰਾਂ ਦਾ ਧੰਨਵਾਦੀ ਹਾਂ ਕਿ ਮੈਨੂੰ ਸੰਸਦ ਵਿੱਚ ਤੁਹਾਡਾ ਨੁਮਾਇੰਦਾ ਚੁਣਿਆ। ਮੈਂ ਕਿਸਾਨਾਂ, ਖੇਤ ਮਜ਼ਦੂਰਾਂ, ਵਪਾਰੀਆਂ ਅਤੇ ਹਰ ਕਿਸੇ ਦੇ ਦੁੱਖਾਂ ਨੂੰ ਦੂਰ ਕਰਨ ਲਈ ਸਖ਼ਤ ਮਿਹਨਤ ਕਰਾਂਗਾ : ਸਿਮਰਨਜੀਤ ਸਿੰਘ ਮਾਨ

ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਮੁਖੀ ਸਿਮਰਨਜੀਤ ਸਿੰਘ ਮਾਨ, ਸਾਬਕਾ ਆਈਪੀਐਸ ਅਧਿਕਾਰੀ, ਜਿਨਾਂ ਨੇ 1984 ਵਿੱਚ ਬਲੂ ਸਟਾਰ ਦੇ ਵਿਰੋਧ ਵਿੱਚ ਅਸਤੀਫਾ ਦੇ ਦਿੱਤਾ ਸੀ। ਉਨਾਂ ਨੇ ਹਾਲ ਹੀ ਵਿੱਚ ਹੋਈ ਸੰਗਰੂਰ ਉਪ ਚੋਣ 2,53,154 ਵੋਟਾਂ ਨਾਲ ਜਿੱਤੀ ਹੈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਗ੍ਰਹਿ ਖੇਤਰ ਸੰਗਰੂਰ ਤੋਂ ਜ਼ਿਮਨੀ ਚੋਣ ਜਿੱਤਣ ਵਾਲੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਉਮੀਦਵਾਰ ਸਿਮਰਨਜੀਤ ਸਿੰਘ ਮਾਨ ਨੇ ਆਪਣੀ ਜਿੱਤ ਦਾ ਸਿਹਰਾ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਅਤੇ ਪਾਰਟੀ ਵਰਕਰਾਂ ਨੂੰ ਦਿੰਦੇ ਹੋਏ ਕਿਹਾ ਕਿ ਉਹ ਸੰਸਦ ਵਿਚ ਸਿੱਖ ਕੌਮ ਦੇ ਨਾਲ-ਨਾਲ ਕਸ਼ਮੀਰ 'ਚ ਭਾਰਤੀ ਫੌਜ ਦੇ ਜ਼ੁਲਮਾਂ ਦੇ ਮੁੱਦੇ ਉਠਾਉਣਗੇ।

ਸਰਦਾਰ ਸਿਮਰਨਜੀਤ ਸਿੰਘ ਮਾਨ ਦੀ ਜਿੱਤ ਨਾਲ ਜਿੱਥੇ ਸਿੱਖ ਕੌਮ ਦੇ ਅੰਦਰ ਖੁਸ਼ੀ ਦੀ ਲਹਿਰ ਹੈ ਉੱਥੇ ਹੀ ਉਨਾਂ ਦੇ ਵਿਰੋਧੀਆਂ ਦੁਆਰਾ ਲਗਾਤਾਰ ਸੋਸ਼ਲ ਮੀਡੀਆ ਦੇ ਉੱਤੇ ਵਿਰੋਧ ਵੀ ਕੀਤਾ ਜਾ ਰਿਹਾ ਹੈ। ਬੇਸ਼ੱਕ ਵਿਰੋਧੀ ਸਿੱਖ ਕੌਮ ਨਾਲ ਸਬੰਧਿਤ ਹਨ ਪਰ ਇਨਾਂ ਦੇ ਅੰਦਰ ਸਿਆਸਤ ਦਾ ਕੀੜਾ ਹੋਣ ਦੇ ਕਾਰਨ ਇਨਾਂ ਨੂੰ ਪੰਥ ਦਾ ਦਰਦ ਨਜ਼ਰ ਨਹੀਂ ਆਉਂਦਾ ਹੈ ।

ਸੋਸ਼ਲ ਮੀਡੀਆ ਉੱਤੇ ਲਗਾਤਾਰ ਸਿਮਰਨਜੀਤ ਸਿੰਘ ਮਾਨ ਦੇ ਹੱਕ ਵਿਚ ਅਤੇ ਵਿਰੋਧ ਵਿਚ ਟਵੀਟ ਕੀਤੇ ਜਾ ਰਹੇ ਹਨ। ਸਭ ਤੋਂ ਪਹਿਲਾਂ ਉਨਾਂ ਦੇ ਹੱਕ ਵਿੱਚ ਸੁਖਪਾਲ ਸਿੰਘ ਖਹਿਰਾ ਦੁਆਰਾ ਟਵੀਟ ਕੀਤਾ ਗਿਆ ਜਿਸ ਵਿਚ ਉਨਾਂ ਨੇ ਸਿਮਰਨਜੀਤ ਸਿੰਘ ਮਾਨ ਨੂੰ ਵਧਾਈ ਦਿੰਦਿਆਂ ਹੋਇਆਂ ਸੰਗਰੂਰ ਦੇ ਲੋਕਾਂ ਦਾ ਧੰਨਵਾਦ ਕੀਤਾ ਹੈ.

ਵਿਰੋਧੀਆਂ ਵੱਲੋਂ ਕਾਂਗਰਸ ਦੇ ਰਵਨੀਤ ਸਿੰਘ ਬਿੱਟੂ ਨੇ ਟਵੀਟ ਜਰੀਏ ਕਿਹਾ ਕਿ ਲੋਕਾਂ ਵੱਲੋਂ ਦਿੱਤਾ ਗਿਆ ਫਤਵਾ ਹਮੇਸ਼ਾ ਹੀ ਸਰਵਉੱਚ ਹੁੰਦਾ ਹੈ ਅਤੇ ਇਸ ਵਾਰ ਸਿਮਰਨਜੀਤ ਸਿੰਘ ਮਾਨ ਦੇ ਹੱਕ ਵਿੱਚ ਨਿੱਤਰਿਆ ਹੈ। ਵੈਸੇ ਵੀ ਮਾਨ ਦੀ ਵਿਚਾਰਧਾਰਾ ਅਤੀਤ ਵਿੱਚ ਪੰਜਾਬ ਅਤੇ ਸਾਡੀ ਕੌਮ ਲਈ ਜ਼ਹਿਰੀਲੀ ਸਾਬਤ ਹੋਈ ਹੈ। ਉਨਾਂ ਦਾ ਖਾਲਿਸਤਾਨੀ ਏਜੰਡਾ ਪੰਜਾਬ ਅਤੇ ਦੇਸ਼ ਦੀ ਸ਼ਾਂਤੀ ਅਤੇ ਅਖੰਡਤਾ ਲਈ ਖ਼ਤਰਾ ਹੈ।

ਕਾਂਗਰਸ ਪਾਰਟੀ ਦੇ ਬੁਲਾਰੇ ਰਣਦੀਪ ਸਿੰਘ ਸੂਰਜੇਵਾਲਾ ਨੇ ਟਵੀਟ ਕਰਕੇ ਉਨਾਂ ਦੀ ਚੋਣ 'ਤੇ ਚਿੰਤਾ ਜ਼ਾਹਰ ਕੀਤੀ ਹੈ। ਸੰਗਰੂਰ ਵਿਚ ਅੱਜ ਲੋਕਤੰਤਰ ਹਾਰ ਗਿਆ। ਸਰਦਾਰ ਸਿਮਰਨਜੀਤ ਸਿੰਘ ਮਾਨ ਦੀ ਜਿੱਤ ਦਾ ਸਭ ਤੋਂ ਵੱਡਾ ਪਹਿਲੂ ਵੋਟਰਾਂ ਦੁਆਰਾ ਸਥਾਨਕ ਵਿਧਾਇਕਾਂ ਦੀ ਕਾਰਗੁਜ਼ਾਰੀ ਤੋਂ ਨਾਖੁਸ਼ ਹੋਣਾ ਸੀ। ਸਿਰਫ਼ ਚਾਰ ਮਹੀਨੇ ਪਹਿਲਾਂ ਹੀ ਵੋਟਰਾਂ ਨੇ ਇਸ ਸੰਸਦੀ ਹਲਕੇ ਦੀਆਂ ਸਾਰੀਆਂ 9 ਵਿਧਾਨ ਸਭਾ ਸੀਟਾਂ 'ਆਪ' ਨੂੰ ਦਿੱਤੀਆਂ ਸਨ। ਪਾਰਟੀ ਵਰਕਰ ਵੀ ਕਥਿਤ ਤੌਰ 'ਤੇ ਗੈਰ-ਜ਼ਿੰਮੇਵਾਰ ਸਥਾਨਕ ਲੀਡਰਸ਼ਿਪ ਤੋਂ ਨਾਰਾਜ਼ ਸਨ। ਸਿਆਸੀ ਅਬਜ਼ਰਵਰ ਡਾ. ਜੀ.ਐਸ. ਸੇਖੋਂ ਦਾ ਕਹਿਣਾ ਹੈ ਕਿ ਰਾਜ ਸਭਾ ਦੇ ਸੱਤ ਉਮੀਦਵਾਰਾਂ ਦੀ ਚੋਣ ਵੀ ਵੋਟਰਾਂ ਲਈ ਚੰਗੀ ਨਹੀਂ ਰਹੀ ਕਿਉਂਕਿ ਉਨਾਂ ਵਿੱਚੋਂ ਕਿਸੇ ਨੇ ਵੀ ਮਾਲਵੇ ਦੀ ਨੁਮਾਇੰਦਗੀ ਨਹੀਂ ਕੀਤੀ, ਜਿਸ ਪੱਟੀ ਵਿੱਚ 'ਆਪ' ਨੇ 69 ਵਿੱਚੋਂ 66 ਸੀਟਾਂ ਜਿੱਤੀਆਂ ਸਨ। ਇਸ ਤੋਂ ਇਲਾਵਾ ਸਿੱਧੂ ਮੁਸੇਵਾਲ ਦੀ ਮੌਤ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੇਅਦਬੀ ਦਾ ਇਨਸਾਫ਼ ਸਿੱਖ ਕੌਮ ਨੂੰ ਨਾ ਮਿਲਣਾ ਹੈ।











### ਲੋਕਾਂ 'ਚ ਸਿੱਧੂ ਮੂਸੇਵਾਲਾ ਦੀ ਮੌਤ ਦਾ ਸੋਗ

29 ਮਈ ਨੂੰ ਪ੍ਰਸਿੱਧ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੀ ਹੱਤਿਆ 'ਤੇ ਬਹੁਤ ਗੁੱਸਾ ਅਤੇ ਸੋਗ ਸੀ। 'ਆਪ' ਸਰਕਾਰ ਵੱਲੋਂ ਸੁਰੱਖਿਆ ਕਵਰ ਵਾਪਸ ਲੈਣ ਤੋਂ ਕੁਝ ਦਿਨ ਬਾਅਦ ਹੀ ਉਸ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਮੂਸੇਵਾਲਾ ਦੇ ਪ੍ਰਸ਼ੰਸਕਾਂ ਨੇ ਖੁੱਲੇਆਮ ਉਸ ਦੀ ਹੱਤਿਆ ਲਈ ਸਰਕਾਰ ਨੂੰ ਜ਼ਿੰਮੇਵਾਰ ਠਹਿਰਾਇਆ, ਇਹ ਦੱਸਦੇ ਹੋਏ ਕਿ ਕਿਸ ਤਰਾਂ ਇਸ ਨੇ ਉਨਾਂ ਲੋਕਾਂ ਦੀ ਸੂਚੀ ਨੂੰ ਸੋਸ਼ਲ ਮੀਡੀਆ 'ਤੇ ਸਾਂਝਾ ਕਰਕੇ ਨੁਕਸਾਨ ਦੇ ਰਾਹ ਪਾਇਆ, ਜਿਨਾਂ ਦੀ ਸੁਰੱਖਿਆ ਰੱਦ ਕਰ ਦਿੱਤੀ ਗਈ ਸੀ। ਭਾਵੇਂ ਮੂਸੇਵਾਲਾ ਨੇ ਕਾਂਗਰਸ ਦੀ ਟਿਕਟ 'ਤੇ ਵਿਧਾਨ ਸਭਾ ਚੋਣਾਂ ਲੜੀਆਂ ਸਨ, ਪਰ ਇਹ ਗੱਲ ਕਿਸੇ ਤੋਂ ਲੁਕੀ ਨਹੀਂ ਸੀ ਕਿ ਉਸ ਨੇ ਇਸ ਚੋਣ ਵਿਚ ਸਿਮਰਨਜੀਤ ਸਿੰਘ ਮਾਨ ਦੀ ਹਮਾਇਤ ਕਰਨ ਦਾ ਫੈਸਲਾ ਕੀਤਾ ਸੀ, ਇਹ ਤੱਥ ਉਸ ਦੀ ਚੋਣ ਮੁਹਿੰਮ ਅਤੇ ਇਸ਼ਤਿਹਾਰਾਂ ਵਿਚ ਸਾਹਮਣੇ ਆਇਆ ਸੀ।

### ਬੇਅਦਬੀ ਅਤੇ ਕਿਸਾਨ ਅੰਦੋਲਨ ਦਾ ਪਰਛਾਵਾਂ

ਸਿਆਸੀ ਉਜਾੜ ਵਿੱਚ ਰਹੇ ਸਿਮਰਨਜੀਤ ਮਾਨ ਨੇ 20 15 ਵਿੱਚ ਅਕਾਲੀ- ਭਾਜਪਾ ਸ਼ਾਸਨ ਦੌਰਾਨ ਬੇਅਦਬੀ ਦੇ ਵਿਰੋਧ ਵਿੱਚ ਪ੍ਰਦਰਸ਼ਨ ਦੌਰਾਨ ਪ੍ਰਸੰਗਿਕਤਾ ਹਾਸਲ ਕੀਤੀ ਜਦੋਂ ਉਹ 'ਸਰਬੱਤ ਖਾਲਸਾ' ਮੀਟਿੰਗ ਵਿੱਚ ਵੱਡੀ ਗਿਣਤੀ ਵਿੱਚ ਲੋਕਾਂ ਨੂੰ ਸ਼ਾਮਲ ਕਰਨ ਵਿੱਚ ਸਫਲ ਰਿਹਾ। ਕਿਸਾਨ ਅੰਦੋਲਨ ਦੌਰਾਨ ਉਸ ਨੂੰ ਇੱਕ ਹੋਰ ਧੱਕਾ ਉਦੋਂ ਮਿਲਿਆ ਜਦੋਂ ਮਰਹੂਮ ਦੀਪ ਸਿੱਧੂ ਵਰਗੇ ਪ੍ਰਭਾਵਸ਼ਾਲੀ ਲੋਕਾਂ ਨੇ ਉਸ ਨਾਲ ਗੱਠਜੋੜ ਕੀਤਾ। ਸੋਸ਼ਲ ਮੀਡੀਆ 'ਤੇ ਅੰਦੋਲਨ ਨੂੰ ਵੰਡਣ ਵਾਲਾ ਰੰਗ ਦੇਣ ਦੀ ਕੋਸ਼ਿਸ਼ ਨੇ ਮਾਨ ਵਰਗੇ ਨੇਤਾਵਾਂ ਨੂੰ ਵਿਸ਼ਵਾਸ ਦਿਵਾਇਆ, ਜੋ ਹਮੇਸ਼ਾ ਕੇਂਦਰ ਸਰਕਾਰ ਦੀਆਂ ਅਖੌਤੀ 'ਵਧੀਕੀਆਂ' ਨੂੰ ਉਜਾਗਰ ਕਰਦੇ ਰਹੇ ਹਨ। ਇਸ ਵਾਰ ਉਸ ਨੇ ਇਸ ਨੂੰ 'ਧਰਮ ਨਿਰਪੱਖ ਤਾਕਤਾਂ ਅਤੇ ਕਾਂਗਰਸ, ਆਪ ਅਤੇ ਭਾਜਪਾ ਸਮੇਤ ਅਤਿ-ਦੱਖਣਪੰਥੀਆਂ ਵਿਚਕਾਰ ਮੁਕਾਬਲਾ ਬਣਾ ਦਿੱਤਾ।'

ਮੁੱਖ ਮੰਤਰੀ ਭਗਵੰਤ ਮਾਨ ਦੀ ਜੇਬ ਵਾਲੀ ਮੰਨੀ ਜਾਂਦੀ ਸੰਗਰੂਰ ਦੀ ਸੰਸਦੀ ਸੀਟ ਲਈ ਪਹਿਲੀ ਵਾਰ ਸੰਗਰੂਰ ਵਿੱਚ ਪੰਜ ਪਾਰਟੀਆਂ ਵੋਟਰਾਂ ਨੂੰ ਲੁਭਾਉਂਦੀਆਂ ਨਜ਼ਰ ਆਈਆਂ। ਅਣਕਹੇ ਸੰਦੇਸ਼ ਇਹ ਸੀ ਕਿ 'ਆਪ' ਨੂੰ ਬਾਹਰ ਰੱਖਿਆ ਜਾਣਾ ਚਾਹੀਦਾ ਹੈ। ਜਦੋਂ ਕਿ ਕਾਂਗਰਸ ਨੇ ਦਲਵੀਰ ਗੋਲਡੀ ਜੋ ਕਿ ਵਿਧਾਨ ਸਭਾ ਚੋਣਾਂ ਵਿੱਚ ਧੂਰੀ ਤੋਂ ਭਗਵੰਤ ਮਾਨ ਦੇ ਖਿਲਾਫ ਚੋਣ ਲੜਿਆ ਸੀ, ਨੂੰ ਮੈਦਾਨ ਵਿੱਚ ਉਤਾਰਿਆ, ਭਾਜਪਾ ਨੇ ਕੇਵਲ ਢਿੱਲੋਂ, ਇੱਕ ਚੰਗੇ ਉਦਯੋਗਪਤੀ ਅਤੇ ਕਾਂਗਰਸ ਦੇ ਸਾਬਕਾ ਵਿਧਾਇਕ ਅਤੇ ਅਕਾਲੀ ਦਲ ਨੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਕਤਲ ਕੇਸ ਵਿੱਚ ਫਾਂਸੀ ਦੀ ਸਜ਼ਾ ਭੁਗਤ ਰਹੇ ਬਲਵੰਤ ਸਿੰਘ ਰਾਜੋਆਣਾ ਦੀ ਭੈਣ ਕਮਲਦੀਪ ਕੌਰ ਨੂੰ ਟਿਕਟ ਦਿੱਤੀ ਹੈ। ਦਿਲਚਸਪ ਗੱਲ ਇਹ ਹੈ ਕਿ ਪਿਛਲੇ ਦਿਨੀਂ ਬਰਨਾਲਾ (ਜ਼ਿਲਾ ਸੰਗਰੂਰ) ਤੋਂ ਵਿਧਾਨ ਸਭਾ ਚੋਣ ਲੜ ਰਹੇ ਭਾਜਪਾ ਉਮੀਦਵਾਰ ਨੇ ਅਕਾਲੀ ਦਲ ਨਾਲੋਂ ਵੱਧ ਵੋਟਾਂ ਹਾਸਲ ਕੀਤੀਆਂ ਸਨ। ਇਨਾਂ ਸਭ ਨੂੰ ਪਿੱਛੇ ਕਰ ਕੇ ਸੰਗਰੂਰ ਦੇ ਲੋਕਾਂ ਨੇ ਸਰਦਾਰ ਸਿਮਰਨਜੀਤ ਸਿੰਘ ਮਾਨ ਨੂੰ ਜਿੱਤ ਦਾ ਸਿਹਰਾ ਦਿੱਤਾ। ਆਪ ਪਾਰਟੀ ਦੀ ਹਾਰ ਤੋਂ ਬਾਅਦ ਅਕਾਲੀ ਕਾਗਰਸੀਆਂ ਨੂੰ ਵੀ ਮਾਨ ਦੀ ਜਿੱਤ ਦਾ ਅੰਦਰੋਂ ਅੰਦਰੀ ਗੋਡੇ-ਗੋਡੇ ਚਾਅ ਹੈ।




## ਮੋਦੀ ਦਾ ਚਹੇਤਾ ਦਿਨਕਰ ਗੁਪਤਾ ਐਨ.ਆਈ.ਏ. ਦਾ ਡਾਇਰੈਕਟਰ ਜਨਰਲ ਬਣਿਆ



**ਨਵੀਂ ਦਿੱਲੀ/ਏ.ਟੀ.ਨਿਊਜ਼ :-** ਪੰਜਾਬ ਦੇ ਸਾਬਕਾ ਡੀ.ਜੀ.ਪੀ. ਦਿਨਕਰ ਗੁਪਤਾ ਨੂੰ ਮੁੰਬਈ ਵਿਚ 26/11 ਦੇ ਹਮਲੇ ਤੋਂ ਬਾਅਦ ਬਣਾਈ ਗਈ ਅੱਤਵਾਦ ਵਿਰੋਧੀ ਜਾਂਚ ਏਜੰਸੀ, ਕੌਮੀ ਜਾਂਚ ਏਜੰਸੀ (ਐਨ.ਆਈ.ਏ.) ਦਾ ਨਵਾਂ ਡਾਇਰੈਕਟਰ ਜਨਰਲ ਨਿਯੁਕਤ ਕੀਤਾ ਗਿਆ ਹੈ। ਸੀ. ਆਰ. ਪੀ. ਐਫ. ਦੇ ਡਾਇਰੈਕਟਰ ਜਨਰਲ ਕੁਲਦੀਪ ਸਿੰਘ ਨੂੰ ਵਾਈ. ਸੀ. ਮੋਦੀ ਦੀ ਸੇਵਾਮੁਕਤੀ ਤੋਂ ਬਾਅਦ ਪਿਛਲੇ ਸਾਲ ਮਈ ਵਿਚ ਐਨ.ਆਈ.ਏ. ਦਾ ਵਾਧੂ ਚਾਰਜ ਦਿੱਤਾ ਗਿਆ ਸੀ। ਦਿਨਕਰ ਗੁਪਤਾ ਦੀ ਨਿਯੁਕਤੀ ਨਾਲ ਐਨ.ਆਈ.ਏ. ਨੂੰ ਸਥਾਈ ਮੁਖੀ ਮਿਲ ਗਿਆ ਹੈ। ਉਹ ਪ੍ਰਧਾਨ ਮੰਤਰੀ ਮੋਦੀ ਦੇ ਬਹੁਤ ਨੇੜੇ ਹਨ। ਪਰਸੋਨਲ ਮੰਤਰਾਲੇ ਵਲੋਂ ਜਾਰੀ ਆਦੇਸ਼ ਅਨੁਸਾਰ ਮੰਤਰੀ ਮੰਡਲ ਦੀ ਨਿਯੁਕਤੀ ਕਮੇਟੀ ਨੇ ਪੰਜਾਬ ਦੇ 1987 ਬੈਚ ਦੇ ਆਈ.ਪੀ.ਐਸ. ਅਧਿਕਾਰੀ ਗੁਪਤਾ ਦੇ ਨਾਂ ਨੂੰ ਐਨ.ਆਈ.ਏ. ਦੇ ਉੱਚ ਅਹੁਦੇ ਲਈ ਹਰੀ ਝੰਡੀ ਦੇ ਦਿੱਤੀ ਹੈ।

# ਭਾਰਤ ਸਰਕਾਰ ਦਾ ਪੰਜਾਬ ਨਾਲ ਧੱਕਾ

## ✪ ਸਿੱਧੂ ਮੂਸੇਵਾਲਾ ਦਾ ਗੀਤ 'ਐੱਸਵਾਈਐੱਲ' ਯੂ-ਟਿਊਬ ਤੋਂ ਹਟਵਾਇਆ ✪ ਮੂਸੇਵਾਲਾ ਦੇ ਪਰਿਵਾਰ, ਮਾਨ ਤੇ ਬਾਦਲ ਦਲ ਵੱਲੋਂ ਗੀਤ 'ਤੇ ਪਾਬੰਦੀ ਦਾ ਵਿਰੋਧ ✪ ਸਿੱਧੂ ਮੂਸੇਵਾਲਾ ਦੇ ਗੀਤ 'ਐਸ.ਵਾਈ.ਐਲ.' ਨਾਲ ਭਾਈ ਜਟਾਣਾ ਦਾ ਨਾਮ ਚਰਚਾ ਵਿਚ

ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਪਿਛਲੇ ਹਫਤੇ ਰਿਲੀਜ਼ ਹੋਏ ਨਵੇਂ ਗੀਤ 'ਐੱਸਵਾਈਐੱਲ' ਨੂੰ ਯੂ-ਟਿਊਬ ਤੋਂ ਹਟਾ ਦਿੱਤਾ ਗਿਆ ਹੈ। ਤੁਹਾਨੂੰ ਦੱਸ ਦੇਈਏ ਕਿ ਸਿੱਧੂ ਮੂਸੇਵਾਲਾ ਦਾ 29 ਮਈ ਨੂੰ ਕਤਲ ਹੋ ਗਿਆ ਸੀ ਅਤੇ ਕਤਲ ਤੋਂ 26 ਦਿਨਾਂ ਬਾਅਦ ਉਨਾਂ ਦਾ ਨਵਾਂ ਗੀਤ ਰਿਲੀਜ਼ ਹੋਇਆ ਹੈ। ਇਹ ਗੀਤ ਸਿੱਧੂ ਮੂਸੇਵਾਲਾ ਨੇ ਪੰਜਾਬ-ਹਰਿਆਣਾ ਦਰਮਿਆਨ ਵਿਵਾਦਤ ਐੱਸਵਾਈਐੱਲ ਨਹਿਰ ਦੇ ਮੁੱਦੇ 'ਤੇ ਗਾਇਆ ਹੈ। ਗੀਤ ਵਿੱਚ ਹਿਮਾਚਲ ਪ੍ਰਦੇਸ਼ ਦਾ ਵੀ ਜ਼ਿਕਰ ਕੀਤਾ ਗਿਆ ਹੈ। ਦੂਜੇ ਪਾਸੇ ਬੀਤੇ ਵੀਰਵਾਰ ਨੂੰ ਐੱਸਵਾਈਐੱਲ ਗੀਤ ਦੇ ਰਿਲੀਜ਼ ਹੋਣ ਦੇ ਪਹਿਲੇ ਘੰਟੇ ਵਿਚ 13 ਲੱਖ ਲੋਕਾਂ ਨੇ ਇਸ ਨੂੰ ਯੂ-ਟਿਊਬ 'ਤੇ ਦੇਖਿਆ ਸੀ।ਇਸ ਗੀਤ ਵਿੱਚ ਪੰਜਾਬ ਅਤੇ ਹਰਿਆਣਾ ਵਿਚਕਾਰ ਐੱਸਵਾਈਐੱਲ (ਸਤਲੁਜ-ਯੁਮਨਾ ਲਿੰਕ) ਨਹਿਰ ਦੇ ਪਾਣੀ ਅਤੇ ਬੰਦੀ ਸਿੱਖਾਂ ਦੀ ਰਿਹਾਈ ਦੇ ਮੁੱਦੇ ਉਭਾਰੇ ਗਏ ਸਨ। ਯੂ-ਟਿਊਬ 'ਤੇ ਗਾਣੇ ਦੇ ਲਿੰਕ 'ਤੇ ਕਲਿਕ ਕਰਨ 'ਤੇ ਪਤਾ ਲੱਗਦਾ ਹੈ ਕਿ ਕੇਂਦਰ ਦੀ ਸ਼ਿਕਾਇਤ ਮਗਰੋਂ 'ਐੱਸਵਾਈਐੱਲ' ਗਾਣੇ ਨੂੰ ਭਾਰਤ ਵਿਚ ਨਹੀਂ ਦੇਖਿਆ ਜਾ ਸਕਦਾ ਹੈ। ਇਸ ਗੀਤ ਨੂੰ ਹੁਣ ਤੱਕ 2.8 ਕਰੋੜ ਵਾਰ ਦੇਖਿਆ ਜਾ ਚੁੱਕਿਆ ਹੈ ਅਤੇ ਵਪਾਰਕ ਪੱਖੋਂ ਇਹ ਗੀਤ ਪਹਿਲੇ ਨੰਬਰ 'ਤੇ ਆ ਗਿਆ ਸੀ, ਜਿਸ ਦੇ 3.4 ਕਰੋੜ ਕੁਮੈਂਟ ਵੀ ਆ ਚੁੱਕੇ ਹਨ। ਦੁਨੀਆ ਭਰ ਦੇ ਪੰਜਾਬੀਆਂ ਵਿੱਚ ਇਸ ਨੂੰ ਲੈ ਕੇ ਵੱਡੀ ਦਿਲਚਸਪੀ ਬਣੀ ਹੋਈ ਹੈ।

**ਦਰਪਣ ਝੂਠ ਨਹੀਂ ਬੋਲਦਾ**

ਜ਼ਿਕਰਯੋਗ ਹੈ ਕਿ 4 ਮਿੰਟ 9 ਸੈਕਿੰਡ ਦੇ ਇਸ ਗੀਤ ਵਿੱਚ ਸਿੱਧੂ ਮੂਸੇਵਾਲਾ ਨੇ ਖੇਤੀ ਕਾਨੂੰਨਾਂ ਦੇ ਵਿਰੋਧ 'ਵਿਚ ਸ਼ੁਰੂ ਹੋਏ ਕਿਸਾਨ ਅੰਦੋਲਨ ਅਤੇ ਲਾਲ ਕਿਲੇ 'ਤੇ ਝੰਡਾ ਲਗਾਉਣ ਦਾ ਜ਼ਿਕਰ ਵੀ ਕੀਤਾ ਹੈ ਜਦੋਂ ਕਿ ਪੰਜਾਬ ਦੇ ਪਾਣੀਆਂ ਦੇ ਜ਼ਿਕਰ ਦੇ ਨਾਲ ਦਿੱਲੀ ਦੇ ਨੇਤਾਵਾਂ ਵੱਲੋਂ ਸੂਬੇ ਨਾਲ ਕੀਤੀਆਂ ਗਈਆਂ ਵਧੀਕੀਆਂ ਨੂੰ ਲੈ ਕੇ ਪੰਜਾਬ, ਹਰਿਆਣਾ ਅਤੇ ਚੰਡੀਗੜ੍ਹ ਦੀ ਕੀਤੀ ਗਈ ਵੰਡ ਨੂੰ ਜ਼ੋਰਦਾਰ ਢੰਗ ਨਾਲ ਉਭਾਰਦਿਆਂ ਇਸ 'ਤੇ ਵਿਅੰਗ ਕੱਸਿਆ ਗਿਆ ਹੈ। ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਦੇਹਾਂਤ ਤੋਂ ਬਾਅਦ ਉਨਾਂ ਦੇ ਪ੍ਰਸ਼ੰਸਕ ਮੂਸੇਵਾਲਾ ਦੇ ਗੀਤਾਂ ਨੂੰ ਸੁਣ ਅਤੇ ਦੇਖ ਕੇ ਆਪਣਾ ਦੁੱਖ ਪ੍ਰਗਟ ਕਰ ਰਹੇ ਹਨ। ਤੁਹਾਨੂੰ ਦੱਸ ਦੇਈਏ ਕਿ ਸਿੱਧੂ ਮੂਸੇਵਾਲਾ ਦੇ ਫੇਸਬੁੱਕ, ਇੰਸਟਾਗ੍ਰਾਮ ਅਤੇ ਟਵਿਟਰ ਵਰਗੇ ਸੋਸ਼ਲ ਮੀਡੀਆ ਦੇ ਹਰ ਪਲੇਟਫਾਰਮ 'ਤੇ ਕਰੋੜਾਂ ਫਾਲੋਅਰਜ਼ ਹਨ। ਇੰਸਟਾਗ੍ਰਾਮ ਦੀ ਗੱਲ ਕਰੀਏ ਤਾਂ ਮੂਸੇਵਾਲਾ ਦੇ ਇੰਸਟਾ 'ਤੇ 10.6 ਮਿਲੀਅਨ ਫਾਲੋਅਰਜ਼ ਹਨ। ਇਸ ਦੇ ਨਾਲ ਹੀ ਫੇਸਬੁੱਕ 'ਤੇ ਮੂਸੇਵਾਲਾ ਨੂੰ ਕਰੀਬ 16 ਲੱਖ ਲੋਕ ਫਾਲੋ ਕਰ ਚੁੱਕੇ ਹਨ। ਮੂਸੇਵਾਲਾ ਦੇ ਫੇਸਬੁੱਕ 'ਤੇ 15,78,202 ਫਾਲੋਅਰਜ਼ ਹਨ। ਸਿੱਧੂ ਮੂਸੇਵਾਲਾ ਦੇ ਕਤਲ ਤੋਂ ਬਾਅਦ ਉਨਾਂ ਦਾ ਗੀਤ '295' ਉਨਾਂ ਦੇ ਪ੍ਰਸ਼ੰਸਕਾਂ ਨੇ ਕਾਫੀ ਸੁਣਿਆ ਅਤੇ ਦੇਖਿਆ। ਮੂਸੇਵਾਲਾ ਦਾ ਇਹ ਗੀਤ ਬਿਲਬੋਰਡ-200 ਦੀ ਸੂਚੀ ਵਿੱਚ ਪਹੁੰਚ ਗਿਆ ਹੈ। ਉਸ ਦਾ ਗੀਤ ਇਸ ਸੂਚੀ ਵਿਚ 154ਵੇਂ ਸਥਾਨ 'ਤੇ ਸੀ। ਮੂਸੇਵਾਲਾ ਪਹਿਲਾ ਪੰਜਾਬੀ ਗਾਇਕ ਹੈ ਜਿਸਦਾ ਗੀਤ ਬਿਲਬੋਰਡ-200 ਵਿੱਚ ਆਇਆ ਹੈ। ਮੂਸੇਵਾਲਾ ਦਾ ਗੀਤ '295' ਜੁਲਾਈ 2021 ਵਿੱਚ ਰਿਲੀਜ਼ ਹੋਇਆ ਸੀ ਅਤੇ ਯੂ-ਟਿਊਬ 'ਤੇ ਹੁਣ ਤੱਕ 2 ਕਰੋੜ ਤੋਂ ਵੱਧ ਵਾਰ ਸੁਣਿਆ ਜਾ ਚੁੱਕਾ ਹੈ

ਅਕਾਲੀ ਦਲ (ਅੰਮ੍ਰਿਤਸਰ) ਅਤੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਨੇ 'ਐੱਸਵਾਈਐੱਲ' ਗੀਤ 'ਤੇ ਪਾਬੰਦੀ ਦਾ ਵਿਰੋਧ ਕੀਤਾ ਹੈ। ਅਕਾਲੀ ਦਲ (ਅੰਮ੍ਰਿਤਸਰ) ਦੇ ਸਕੱਤਰ ਜਨਰਲ ਭਾਈ ਗੁਰਸੇਵਕ ਸਿੰਘ ਜਵਾਹਰਕੇ ਨੇ 'ਐੱਸਵਾਈਐੱਲ' ਗੀਤ ਨੂੰ ਸੌ ਫੀਸਦੀ ਸੱਚ ਆਖਦਿਆਂ ਕਿਹਾ ਕਿ ਇਸ ਵਿੱਚ ਪੰਜਾਬ ਦਾ ਦੁਖਾਂਤ ਦਿਖਾਇਆ ਗਿਆ ਹੈ ਜਿਸ ਨੂੰ ਪਾਰਟੀ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਆਪਣੇ ਪਿੰਡੇ 'ਤੇ ਹੰਢਾਇਆ ਹੈ। ਉਨਾਂ ਕਿਹਾ ਕਿ ਐੱਸਵਾਈਐੱਲ ਨਹਿਰ ਨੂੰ ਪੰਜਾਬ ਵਿੱਚ ਪੂਰਨ ਦਾ ਸਭ ਤੋਂ ਪਹਿਲਾਂ ਸੱਦਾ ਹੀ ਮਾਨ ਵੱਲੋਂ ਦਿੱਤਾ ਗਿਆ ਸੀ ਅਤੇ ਉਨਾਂ ਦੀ ਸੰਗਰੂਰ ਲੋਕ ਸਭਾ ਸੀਟ 'ਤੇ ਜਿੱਤ ਦੌਰਾਨ ਇਸ ਗੀਤ 'ਤੇ ਲਾਈ ਗਈ ਪਾਬੰਦੀ ਦਾ ਪਾਰਟੀ ਵੱਲੋਂ ਵਿਰੋਧ ਕੀਤਾ ਜਾਂਦਾ ਹੈ। ਉਧਰ ਸ਼੍ਰੋਮਣੀ ਅਕਾਲੀ ਦਲ ਨੇ ਟਵੀਟ ਕਰਕੇ ਕਿਹਾ ਕਿ 'ਐੱਸਵਾਈਐੱਲ' ਗੀਤ ਦਰਿਆਈ ਪਾਣੀਆਂ ਅਤੇ ਬੰਦੀ ਸਿੰਘਾਂ ਦੀ ਤਕਲੀਫ਼ ਸਬੰਧੀ ਰਿਪੇਰੀਅਨ ਸਿਧਾਂਤ ਅਤੇ ਪੰਜਾਬੀਆਂ ਦੀ ਭਾਵਨਾਵਾਂ ਨੂੰ ਦਰਸਾਉਂਦਾ ਹੈ। ਉਨਾਂ ਕਿਹਾ ਕਿ ਕਿਸੇ ਵੀ ਬਹਾਨੇ ਨਾਲ ਇਸ ਗੀਤ 'ਤੇ ਪਾਬੰਦੀ ਲਾਉਣੀ ਮਾੜੀ ਗੱਲ ਹੈ।

ਗਾਇਕ ਸਿੱਧੂ ਮੂਸੇਵਾਲਾ ਦੇ ਪਰਿਵਾਰ ਨੇ 'ਐੱਸਵਾਈਐੱਲ' ਗੀਤ ਨੂੰ ਯੂ-ਟਿਊਬ ਤੋਂ ਹਟਾਉਣ ਦਾ ਵਿਰੋਧ ਕਰਦਿਆਂ ਕਿਹਾ ਹੈ ਕਿ ਕੇਂਦਰ ਸਰਕਾਰ ਨੇ ਇਹ ਗਲਤ ਕੰਮ ਕੀਤਾ ਹੈ ਕਿਉਂਕਿ ਉਨਾਂ ਦੇ ਪੁੱਤਰ ਦਾ ਗੀਤ ਪੰਜਾਬ ਦੀਆਂ ਮੰਗਾਂ ਅਤੇ ਮਸਲਿਆਂ ਨੂੰ ਹੀ ਨਹੀਂ ਉਭਾਰਦਾ ਹੈ, ਸਗੋਂ ਇਹ ਪੰਜਾਬ ਦੇ ਹੱਕਾਂ ਦੀ ਗੱਲ ਵੀ ਕਰਦਾ ਹੈ। ਉਨਾਂ ਕਿਹਾ ਕਿ ਅਜਿਹੀਆਂ



ਗੱਲਾਂ ਨਾਲ ਦੁੱਖ ਪਹੁੰਚਦਾ ਹੈ ਕਿਉਂਕਿ ਇਸ ਗੀਤ ਨਾਲ ਕਿਸੇ ਦਾ ਕੋਈ ਜ਼ਾਤੀ ਜਾਂ ਨਿੱਜੀ ਨੁਕਸਾਨ ਨਹੀਂ ਹੁੰਦਾ ਹੈ ਅਤੇ ਇਹ ਨੌਜਵਾਨਾਂ ਦੀਆਂ ਭਾਵਨਾਵਾਂ ਤੇ ਦੇਸ਼ ਲਈ ਸਭ ਤੋਂ ਜ਼ਿਆਦਾ ਅਨਾਜ ਪੈਦਾ ਕਰਨ ਵਾਲੇ ਸੂਬੇ ਦੀ ਤਰਾਸਦੀ ਨੂੰ ਬਿਆਨ ਕਰਦਾ ਹੈ। ਸਿੱਧੂ ਮੂਸੇਵਾਲਾ ਦੇ ਤਾਇਆ ਚਮਕੌਰ ਸਿੰਘ ਸਿੱਧੂ ਨੇ ਕਿਹਾ ਕਿ ਇਸ ਗੀਤ ਨੂੰ ਸੰਸਾਰ ਵਿੱਚ ਵੱਡੇ ਪੱਧਰ 'ਤੇ ਲੋਕਾਂ ਵੱਲੋਂ ਸੁਣਨਾ ਹੀ ਇਸ ਦੀ ਮਕਬੂਲੀਅਤ ਅਤੇ ਅਸਲੀਅਤ ਦਾ ਸਭ ਤੋਂ ਵੱਡਾ ਸਬੂਤ ਹੈ।

### ਗੈਂਗਸਟਰਾਂ ਦੀਆਂ ਗਤੀਵਿਧੀਆਂ ਵੱਡੀ ਚੁਨੌਤੀ, ਭਾਰਤ ਸਰਕਾਰ ਚਿੰਤਤ

ਭਾਰਤ ਵਿਚ ਮਗਰਲੇ ਕੁਝ ਸਮੇਂ ਦੌਰਾਨ ਗੈਂਗਸਟਰਾਂ ਦੀਆਂ ਗਤੀਵਿਧੀਆਂ ਦੇ ਅਚਾਨਕ ਵਧਣ ਕਾਰਨ ਅਤੇ ਇਨਾਂ ਗੈਂਗਸਟਰ ਗਰੁੱਪਾਂ ਕੋਲ ਸੈਂਕੜੇ ਸ਼ੂਟਰ ਹੋਣ ਅਤੇ ਅਤਿ ਆਧੁਨਿਕ ਹਥਿਆਰ ਤੇ ਗ੍ਰਨੇਡ ਲਾਂਚਰ ਆਦਿ ਵੀ ਫੜੇ ਜਾਣ ਤੋਂ ਬਾਅਦ ਭਾਰਤ ਸਰਕਾਰ ਵੱਡੀ ਚਿੰਤਾ ਵਿਚ ਹੈ, ਕਿਉਂਕਿ ਅਜਿਹੇ ਹਥਿਆਰ ਚਲਾਉਣ ਦੀ ਸਿਖਲਾਈ ਤਾਂ ਸੂਬਿਆਂ ਦੀ ਪੁਲਿਸ ਨੂੰ ਵੀ ਨਹੀਂ ਹੈ। ਮਗਰਲੇ ਕੁਝ ਸਮੇਂ ਦੌਰਾਨ ਗੈਂਗਸਟਰਾਂ ਦੀਆਂ ਜਿਵੇਂ ਕੌਮਾਂਤਰੀ ਗਤੀਵਿਧੀਆਂ ਸਾਹਮਣੇ ਆ ਰਹੀਆਂ ਹਨ ਅਤੇ ਫਿਰੌਤੀਆਂ ਦੇ ਬਹੁਤੇ ਟੈਲੀਫ਼ੋਨ ਵਿਦੇਸ਼ਾਂ ਤੋਂ ਆ ਰਹੇ ਹਨ, ਤੋਂ ਸਪਸ਼ਟ ਹੈ ਕਿ ਇਨਾਂ ਗਰੁੱਪਾਂ ਦੇ ਵਿਦੇਸ਼ਾਂ ਵਿਚ ਵੀ ਬਰਾਬਰ ਅੱਡੇ ਹਨ ਅਤੇ ਇਸੇ ਤਰਾਂ ਕੌਮਾਂਤਰੀ ਨਸ਼ਾ ਤਸਕਰਾਂ ਤੇ ਹਥਿਆਰ ਸਪਲਾਇਰਾਂ ਨਾਲ ਵੀ ਗੈਂਗਸਟਰਾਂ ਦੇ ਸੰਪਰਕਾਂ ਨੇ ਸਰਕਾਰ ਨੂੰ ਵੱਡੀ ਚਿੰਤਾ ਵਿਚ ਪਾ ਦਿੱਤਾ ਹੈ। ਕੇਂਦਰ ਸਰਕਾਰ ਵਲੋਂ ਬੀਤੇ ਦਿਨੀਂ ਰਾਜ ਸਰਕਾਰਾਂ ਨੂੰ ਪੱਤਰ ਲਿਖ ਕੇ ਉਨਾਂ ਤੋਂ ਉਸ ਰਾਜ ਵਿਚਲੇ ਗੈਂਗਸਟਰਾਂ ਸੰਬੰਧੀ ਸਟੇਟਸ ਰਿਪੋਰਟ ਵੀ ਮੰਗੀ ਹੈ, ਕਿਉਂਕਿ ਕਈ ਰਾਜਾਂ ਦਾ ਇਹ ਕਹਿਣਾ ਹੈ ਕਿ ਗੈਂਗਸਟਰ ਕਾਰਵਾਈਆਂ ਤੋਂ ਬਾਅਦ ਇਕ ਤੋਂ ਦੂਜੇ ਰਾਜਾਂ ਵਿਚ ਚਲੇ ਜਾਂਦੇ ਹਨ। ਇਸੇ ਤਰਾਂ ਇਨਾਂ ਗਰੁੱਪਾਂ ਵਲੋਂ ਗੱਲਬਾਤ ਲਈ ਜੋ ਟੈਲੀਫ਼ੋਨ ਐਪਾਂ ਦੀ ਵਰਤੋਂ ਹੋ ਰਹੀ ਹੈ, ਰਾਜਾਂ ਕੋਲ ਉਸ ਦਾ ਪਤਾ ਲਗਾਉਣ ਲਈ ਕੋਈ ਤਕਨੀਕ ਹੀ ਨਹੀਂ ਹੈ। ਰਾਜਾਂ ਦਾ ਇਹ ਵੀ ਕਹਿਣਾ ਹੈ ਕਿ ਗੈਂਗਸਟਰ ਗਰੁੱਪਾਂ ਸੰਬੰਧੀ ਇਕ ਕੌਮੀ ਖ਼ੁਫ਼ੀਆ ਏਜੰਸੀ ਹੋਣੀ ਚਾਹੀਦੀ ਹੈ, ਜੋ ਉਨਾਂ ਦੀਆਂ ਸਰਗਰਮੀਆਂ 'ਤੇ ਨਜ਼ਰ ਰੱਖੇ ਅਤੇ ਰਾਜਾਂ ਨਾਲ ਜਾਣਕਾਰੀ ਸਾਂਝੀ ਕਰਦੀ ਰਹੇ, ਕਿਉਂਕਿ ਇਹ ਗਰੁੱਪ ਇਕ ਰਾਜ ਵਿਚ ਯੋਜਨਾ ਬਣਾਉਂਦੇ ਹਨ, ਦੂਜੇ ਵਿਚ ਵਾਰਦਾਤ ਤੇ ਤੀਜੇ ਰਾਜ ਵਿਚ ਜਾ ਕੇ ਲੁਕਦੇ ਹਨ। ਸੰਭਵ ਹੈ ਕਿ ਕੇਂਦਰੀ ਗ੍ਰਹਿ ਮੰਤਰਾਲੇ ਵਲੋਂ ਇਸ ਸਮੱਸਿਆ ਨਾਲ ਨਿਪਟਣ ਲਈ ਜਾਂ ਤਾਂ ਐਨ.ਆਈ.ਏ. ਦੀ ਮਦਦ ਲਈ ਜਾਵੇ ਅਤੇ ਜਾਂ ਫਿਰ ਕੋਈ ਵੱਖਰੀ ਏਜੰਸੀ ਦੀ ਸਥਾਪਨਾ ਕੀਤੀ ਜਾਵੇ। ਚਰਚਾ ਇਹ ਵੀ ਹੈ ਕਿ ਯੂ.ਪੀ. ਵਿਚਲੀ ਮੌਜੂਦਾ ਯੋਗੀ ਸਰਕਾਰ ਵਲੋਂ ਗੈਂਗਸਟਰਾਂ ਵਿਰੁੱਧ ਮਗਰਲੇ ਸਮਿਆਂ ਦੌਰਾਨ ਵਰਤੀ ਸਖ਼ਤੀ ਕਾਰਨ ਉਥੋਂ ਦੇ ਬਹੁਤੇ ਗੈਂਗਸਟਰਾਂ ਦੂਜੇ ਰਾਜਾਂ ਵੱਲ ਚਲੇ ਗਏ ਹਨ ਅਤੇ ਉਨਾਂ ਰਾਜਾਂ ਦੇ ਗੈਂਗਸਟਰਾਂ ਨਾਲ ਮਿਲ ਕੇ ਕੰਮ ਕਰ ਹਨ ਪਰ ਫਿਰੌਤੀਆਂ ਮੰਗਣ ਲਈ ਇਨਾਂ ਦਿਨਾਂ ਦੌਰਾਨ ਜਿਵੇਂ ਵੱਡੇ ਪੱਧਰ 'ਤੇ ਟੈਲੀਫ਼ੋਨ ਆ ਰਹੇ ਹਨ ਅਤੇ ਆਮ ਲੋਕਾਂ ਦਾ ਸਰਕਾਰੀ ਸੁਰੱਖਿਆ ਤੰਤਰ ਤੋਂ ਜਿਵੇਂ ਭਰੋਸਾ ਉਠ ਰਿਹਾ ਹੈ, ਉਸ ਦੇ ਹੁੰਦਿਆਂ ਲੋਕਾਂ ਵਿਚ ਡਰ ਤੇ ਸਹਿਮ ਲਗਾਤਾਰ ਵੱਧ ਰਿਹਾ ਹੈ, ਜੋ ਸਾਰੀਆਂ ਸਰਕਾਰਾਂ ਲਈ ਇਕ ਵੱਡੀ ਚੁਨੌਤੀ ਜ਼ਰੂਰ ਬਣ ਰਹੀ ਹੈ।

### ਭਾਈ ਜਟਾਣਾ ਦਾ ਨਾਂ ਚਰਚਾ 'ਚ

ਮੌਤ ਤੋਂ ਬਾਅਦ ਸਿੱਧੂ ਮੂਸੇਵਾਲਾ ਦੇ ਜਾਰੀ ਹੋਏ ਗੀਤ ਐਸ. ਵਾਈ. ਐਲ. ਕਰ ਕੇ ਸ੍ਰੀ ਚਮਕੌਰ ਸਾਹਿਬ ਦੇ ਨੇੜਲੇ ਪਿੰਡ ਜਟਾਣਾ ਅਤੇ ਉੱਥੋਂ ਦੇ ਸ਼ਹੀਦ ਭਾਈ ਬਲਵਿੰਦਰ ਸਿੰਘ ਜਟਾਣਾ ਦਾ ਨਾਂ ਵੀ ਇਸ ਗੀਤ ਕਾਰਨ ਦੁਨੀਆ ਵਿਚ ਗੂੰਜ ਉੱਠਿਆ। ਸਿੱਧੂ ਮੂਸੇਵਾਲਾ ਦੇ ਰਿਕਾਰਡ ਇਸ ਗੀਤ ਵਿਚ ਪੰਜਾਬ ਦੇ ਹੱਕਾਂ, ਪੰਜਾਬ ਦੇ ਪਾਣੀਆਂ ਅਤੇ ਬੰਦੀ ਸਿੰਘਾਂ ਦੀ ਗੱਲ ਕੀਤੀ ਗਈ ਹੈ । ਇਸ ਗੀਤ ਵਿਚ ਬਲਵਿੰਦਰ ਸਿੰਘ ਜਟਾਣਾ ਦਾ ਖ਼ਾਸ ਤੌਰ 'ਤੇ ਜ਼ਿਕਰ ਕੀਤਾ ਗਿਆ ਹੈ। ਕਿਉਂਕਿ ਸਤਲੁਜ ਯਮੁਨਾ ਲਿੰਕ ਨਹਿਰ ਦਾ ਕੰਮ ਭਾਈ ਬਲਵਿੰਦਰ ਸਿੰਘ ਜਟਾਣਾ ਅਤੇ ਉਸ ਦੇ ਸਾਥੀਆਂ ਰੂਪਨਗਰ ਦੇ ਪਿੰਡ ਝੱਲੀਆਂ ਖ਼ੁਰਦ ਦੇ ਭਾਈ ਚਰਨਜੀਤ ਸਿੰਘ ਚੰਨਾ ਅਤੇ ਪਿੰਡ ਭਾਓਵਾਲ ਦੇ ਭਾਈ ਹਰਮੀਤ ਸਿੰਘ ਭਾਓਵਾਲ ਆਦਿ ਨੇ ਬੰਦ ਕਰਵਾ ਦਿੱਤਾ। ਸਾਲ 1990 ਦੇ ਇਸ ਐਕਸ਼ਨ ਤੋਂ ਬਾਦ ਨਹਿਰ ਦੀ ਅੱਜ ਤੱਕ ਇੱਕ ਵੀ ਇੱਟ ਨਹੀਂ ਲੱਗੀ। ਇਸ ਦੇ ਵਿੱਚ ਪਾਣੀ ਕਦੇ ਨਹੀਂ ਚੱਲਿਆ। ਇਸ ਗੀਤ ਤੋਂ ਬਾਅਦ ਲੋਕ ਬਲਵਿੰਦਰ ਸਿੰਘ ਜਟਾਣਾ ਬਾਰੇ ਵੀ ਗੂਗਲ ਸਰਚ ਕਰ ਰਹੇ ਹਨ। ਬਲਵਿੰਦਰ ਸਿੰਘ ਦਾ ਜਨਮ ਪਿਤਾ ਸੋਹਣ ਸਿੰਘ ਦੇ ਗ੍ਰਹਿ 1963 ਨੂੰ ਜ਼ਿਲਾ ਰੋਪੜ ਦੇ ਪਿੰਡ ਜਟਾਣਾ ਨੇੜੇ ਸ੍ਰੀ ਚਮਕੌਰ ਸਾਹਿਬ ਵਿਖੇ ਹੋਇਆ। ਬਲਵਿੰਦਰ ਸਿੰਘ ਨੇ ਪੰਜਵੀਂ ਤੱਕ ਪਿੰਡ ਦੇ ਸਕੂਲ, ਦਸਵੀਂ ਸਰਕਾਰੀ ਹਾਈ ਸਕੂਲ ਬੇਲਾ ਅਤੇ ਬੀ. ਏ. ਬੇਲਾ ਕਾਲਜ ਤੋਂ ਕੀਤੀ ਅਤੇ ਐਮ. ਏ. ਇਤਿਹਾਸ ਸਰਕਾਰੀ ਕਾਲਜ ਰੋਪੜ ਤੋਂ ਕਰ ਰਿਹਾ ਸੀ। ਉਹ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਦੇ ਵਿਚਾਰਾਂ ਤੋਂ ਬਹੁਤ ਪ੍ਰਭਾਵਿਤ ਹੋਇਆ। ਜੂਨ ਚੁਰਾਸੀ ਵਿਚ ਸਾਕਾ ਨੀਲਾ ਤਾਰਾ ਨੇ ਦਿਲ 'ਤੇ ਅਜਿਹੀ ਗਹਿਰੀ ਚੋਟ ਮਾਰੀ ਕਿ ਰੋਪੜ ਹੋਸਟਲ ਰਹਿੰਦਿਆਂ ਹੀ ਖਾੜਕੂ ਗਤੀਵਿਧੀਆਂ ਵਿਚ ਹਿੱਸਾ ਲੈਣ ਲੱਗ ਪਿਆ।ਪੁਲਿਸ ਉਸ ਨੂੰ ਚੁੱਕਣ ਲਈ ਘਰ ਗੇੜੇ ਮਾਰਨ ਲੱਗ ਪਈ । ਅਖੀਰ 1987 'ਚ ਵਿਸਾਖੀ ਵਾਲੇ ਦਿਨ ਘਰੋਂ ਗਿਆ ਤੇ ਮੁੜ ਕੇ ਨਹੀਂ ਪਰਤਿਆ।

### 2016 ਤੋਂ 2021 ਵਿਚਕਾਰ 9.84 ਲੱਖ ਲੋਕਾਂ ਨੇ ਪਰਵਾਸ ਕੀਤਾ

2021 ਵਿਚ ਲੋਕ ਸਭਾ ਵਿਚ ਦਿੱਤੇ ਇਕ ਜਵਾਬ ਵਿਚ ਕੇਂਦਰ ਸਰਕਾਰ ਨੇ ਦੱਸਿਆ ਸੀ ਕਿ ਪੰਜਾਬ ਅਤੇ ਚੰਡੀਗੜ੍ਹ ਤੋਂ 2016 ਤੋਂ 2021 ਵਿਚਕਾਰ 9.84 ਲੱਖ ਲੋਕਾਂ ਨੇ ਪਰਵਾਸ ਕੀਤਾ ਜਿਨਾਂ ਵਿਚੋਂ 3.79 ਲੱਖ ਵਿਦਿਆਰਥੀ ਸਨ ਅਤੇ 6 ਲੱਖ ਤੋਂ ਜ਼ਿਆਦਾ ਵਿਅਕਤੀਆਂ ਨੂੰ ਕੰਮ ਕਰਨ ਦੇ ਆਧਾਰ 'ਤੇ ਵੀਜ਼ਾ ਮਿਲਿਆ ਸੀ। 2021 ਵਿਚ ਹੀ ਰਾਜ ਸਭਾ ਵਿਚ ਪੁੱਛੇ ਪ੍ਰਸ਼ਨ ਦੇ ਉੱਤਰ ਵਿਚ ਕੇਂਦਰ ਸਰਕਾਰ ਨੇ ਦੱਸਿਆ ਸੀ ਕਿ 2016 ਵਿਚ ਪੰਜਾਬ ਦੇ 36,000 ਵਿਦਿਆਰਥੀਆਂ ਨੇ ਪੜ੍ਹਾਈ ਕਰਨ ਲਈ ਵਿਦੇਸ਼ਾਂ ਦਾ ਵੀਜ਼ਾ ਲਿਆ ਜਦੋਂਕਿ 20 19 ਵਿਚ ਇਹ ਗਿਣਤੀ 73,000 ਤੱਕ ਪਹੁੰਚ ਗਈ। 2020 ਵਿਚ ਜਦੋਂ ਸਾਰੀ ਦੁਨੀਆ ਕਰੋਨਾ ਤੋਂ ਪ੍ਰਭਾਵਿਤ ਸੀ, ਤਦ ਵੀ 38,000 ਪੰਜਾਬੀ ਵਿਦਿਆਰਥੀ ਪੜ੍ਹਾਈ ਆਧਾਰਿਤ ਵੀਜ਼ਾ ਲੈ ਕੇ ਵਿਦੇਸ਼ਾਂ ਨੂੰ ਗਏ। 2021 ਤੇ 2022 ਵਿਚ ਇਹ ਗਿਣਤੀ ਬਹੁਤ ਵੱਧ ਗਈ ਹੈ ਅਤੇ ਮਾਹਿਰਾਂ ਅਨੁਸਾਰ 20 22 ਵਿਚ ਪੜ੍ਹਾਈ ਲਈ ਵਿਦੇਸ਼ਾਂ ਵਿਚ ਜਾਣ ਵਾਲੇ ਪੰਜਾਬੀ ਵਿਦਿਆਰਥੀਆਂ ਦੀ ਗਿਣਤੀ ਦੋ ਤੋਂ ਚਾਰ ਗੁਣਾ ਤੱਕ ਵਧਣ ਦੇ ਅਨੁਮਾਨ ਹਨ। ਪੰਜਾਬ ਦੀ ਮੱਧਵਰਗੀ ਜਮਾਤ ਜਿਸ ਵਿਚ ਕਿਸਾਨੀ ਵੀ ਸ਼ਾਮਲ ਹੈ, ਵਿਚੋਂ ਬਹੁਗਿਣਤੀ ਆਪਣੇ ਬੱਚਿਆਂ ਦਾ ਭਵਿੱਖ ਪੰਜਾਬ ਤੋਂ ਬਾਹਰ ਦੇਖਦੀ ਹੈ। 2008 ਵਿਚ ਪੰਜਾਬੀ ਯੂਨੀਵਰਸਿਟੀ ਵੱਲੋਂ ਕਰਵਾਏ ਸਰਵੇਖਣ ਅਨੁਸਾਰ ਪੰਜਾਬ ਦੀਆਂ ਯੂਨੀਵਰਸਿਟੀਆਂ ਵਿਚ ਦਿਹਾਤੀ ਵਿਦਿਆਰਥੀਆਂ ਦੀ ਗਿਣਤੀ 4 ਫ਼ੀਸਦੀ ਸੀ ਜਦੋਂਕਿ ਵਸੋਂ ਦਾ 62 ਫ਼ੀਸਦੀ ਹਿੱਸਾ ਪਿੰਡਾਂ ਵਿਚ ਵੱਸਦਾ ਹੈ। ਪਿੰਡਾਂ ਅਤੇ ਕਸਬਿਆਂ ਵਿਚੋਂ ਵੱਡੇ ਪੱਧਰ 'ਤੇ ਪਰਵਾਸ ਹੋ ਰਿਹਾ ਹੈ।

ਲੋਕ ਬੈਂਕਾਂ ਤੋਂ ਕਰਜ਼ੇ ਲੈ ਕੇ ਅਤੇ ਜ਼ਮੀਨਾਂ ਵੇਚ ਕੇ ਆਪਣੇ ਬੱਚਿਆਂ ਨੂੰ ਵਿਦੇਸ਼ਾਂ ਵਿਚ ਭੇਜ ਰਹੇ ਹਨ। ਸਿਆਸੀ ਪਾਰਟੀਆਂ ਰੁਜ਼ਗਾਰ ਪੈਦਾ ਕਰਨ ਦੇ ਵਾਅਦੇ ਕਰਦੀਆਂ ਰਹੀਆਂ ਹਨ ਪਰ ਵਾਅਦੇ ਰੁਜ਼ਗਾਰ ਪੈਦਾ ਨਹੀਂ ਕਰ ਸਕਦੇ। ਰੁਜ਼ਗਾਰ ਪੈਦਾ ਕਰਨ ਲਈ ਸਰਕਾਰਾਂ ਨੂੰ ਲੰਮੇ ਸਮੇਂ ਵਾਲੀਆਂ ਸੂਝਵਾਨ ਨੀਤੀਆਂ ਬਣਾਉਣੀਆਂ ਅਤੇ ਉਨਾਂ 'ਤੇ ਇਮਾਨਦਾਰੀ ਨਾਲ ਅਮਲ ਕਰਨਾ ਪੈਣਾ ਹੈ। ਪੰਜਾਬ ਵਿਚ ਅਜਿਹੀ ਸੂਝ ਦੀ ਘਾਟ ਦਿਖਾਈ ਦਿੰਦੀ ਹੈ।

# ਭਾਈ ਦਲਜੀਤ ਸਿੰਘ ਬਿੱਟੂ ਨੂੰ ਸਦਮਾ

## ਮਾਤਾ ਬੀਬੀ ਪਲਵਿੰਦਰ ਕੌਰ ਦਾ ਦੇਹਾਂਤ

**ਚੰਡੀਗੜ/ਏ.ਟੀ.ਨਿਊਜ਼** :- ਭਾਈ ਦਲਜੀਤ ਸਿੰਘ ਦੇ ਸਤਿਕਾਰਯੋਗ ਮਾਤਾ ਬੀਬੀ ਪਲਵਿੰਦਰ ਕੌਰ ਜੀ ਬੀਤੇ ਦਿਨ ਅਕਾਲ ਚਲਾਣਾ ਕਰ ਗਏ। ਉਨਾਂ ਦਾ ਅੰਤਿਮ ਸੰਸਕਾਰ 27 ਜੂਨ ਨੂੰ ਪਿੰਡ ਸੁਨੇਤ (ਲੁਧਿਆਣਾ) ਦੇ ਸ਼ਮਸ਼ਾਨਘਾਟ ਵਿਖੇ ਕੀਤਾ ਗਿਆ। ਜਿਥੇ ਸੈਂਕੜੇ ਸੰਗਤਾਂ ਤੋਂ ਇਲਾਵਾ ਪਰਿਵਾਰਕ ਮੈਂਬਰਾਂ ਰਿਸ਼ਤੇਦਾਰਾਂ ਤੇ ਪੰਥਕ ਆਗੂਆਂ ਨੇ ਅੰਤਿਮ ਵਿਦਾਇਗੀ ਦਿੱਤੀ। ਭਾਈ ਦਲਜੀਤ ਸਿੰਘ ਬਿੱਟੂ ਨੇ ਪੂਰਨ ਗੁਰ ਮਰਿਆਦਾ ਅਨੁਸਾਰ ਅੰਤਿਮ ਰਸਮਾਂ ਨਿਭਾਈਆਂ।

ਇਸ ਦੁੱਖ ਦੀ ਘੜੀ ਵਿੱਚ ਸਾਂਸਦ ਸਿਮਰਜੀਤ ਸਿੰਘ ਮਾਨ, ਗੁਰਪਾਲ ਸਿੰਘ ਹੰਸਰਾ ਅਮਰੀਕਾ, ਬਾਬਾ ਹਰਦੀਪ ਸਿੰਘ ਗੁਰੂਸਰ ਮਹਿਰਾਜ, ਸਰਬਜੀਤ ਸਿੰਘ ਘੁਮਾਣ, ਰਮਿੰਦਰਜੀਤ ਸਿੰਘ ਸੰਧੂ, ਗੁਰਸੇਵਕ ਸਿੰਘ



ਭਾਣਾ ਪਰਮਿੰਦਰ ਸਿੰਘ, ਜਥੇਦਾਰ ਮੋਹਨ ਸਿੰਘ ਬਗਸੀਪੁਰਾ, ਜਥੇਦਾਰ ਗੁਰਮੀਤ ਸਿੰਘ ਬਰਸਾਲਾ, ਸਰਪੰਚ ਹਰਬੰਸ ਸਿੰਘ ਖ਼ਾਲਸਾ, ਰੁਪਿੰਦਰ ਸਿੰਘ ਪੰਜਗਰਾਈਂ, ਬੀਬੀ ਜਸਪ੍ਰੀਤ ਕੌਰ ਹਾਂਗਕਾਂਗ, ਮੁਕੰਦ ਸਿੰਘ ਮਾਨ ਜਸਵਿੰਦਰ ਸਿੰਘ ਖਾਲਸਾ ਜਸਪ੍ਰੀਤ ਸਿੰਘ ਢੋਲਣ, ਬਲਦੇਵ ਸਿੰਘ ਖਾਲਸਾ ਆਦਿ ਪੰਥਕ ਆਗੂਆਂ ਨੇ ਹਮਦਰਦੀ ਦਾ ਪ੍ਰਗਟਾਵਾ ਕੀਤਾ ।

ਮਾਤਾ ਬੀਬੀ ਪਲਵਿੰਦਰ ਕੌਰ ਨਮਿਤ ਅੰਤਿਮ ਅਰਦਾਸ ਮਿਤੀ 7 ਜੁਲਾਈ 2022 ਨੂੰ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਸਰਾਭਾ ਨਗਰ, ਲੁਧਿਆਣਾ ਵਿਖੇ ਹੋਵੇਗੀ।

# ਅਕਾਲੀ ਦਲ ਦਾ ਪੂਰਨਗਠਨ, ਚਿੰਤਾ ਅਤੇ ਭਵਿੱਖ



**ਸ. ਦਲਵਿੰਦਰ ਸਿੰਘ ਘੁੰਮਣ**

ਸ਼੍ਰੋਮਣੀ ਅਕਾਲੀ ਦਲ ਦੇ ਪੂਰਨਗਠਨ ਦੀ ਚਰਚਾ ਸ਼ੁਰੂ ਹੋ ਗਈ ਹੈ। ਸਿੱਖਾਂ ਵਿੱਚ ਸੰਭਾਵਿਤ ਖਤਰਿਆਂ ਨੂੰ ਲੈ ਕੇ ਵੱਡੀ ਚਿੰਤਾ ਬਣੀ ਹੋਈ ਹੈ। ਆਰ ਐਸ ਐਸ ਵੱਲੋਂ ਪਾਏ ਜਾਲ਼ ਨਾਲ ਮੋਦੀ, ਸ਼ਾਹ ਦੀ ਜੋੜੀ ਨੇ ਜਿਸ ਤਾਰੀਕੇ ਨਾਲ ਸਿੱਖਾਂ ਦੇ ਰਾਜਨੀਤਕ ਰਾਹ ਨੂੰ ਥੜਕਾਉਣ ਅਤੇ ਸਿਆਸੀ ਰੀੜ ਹੱਡੀ ਸ਼੍ਰੋਮਣੀ ਅਕਾਲੀ ਦਲ ਨੂੰ ਸੰਨ ਲਾਈ ਹੈ। ਉਹ ਬਾਦਲ ਪਰਿਵਾਰ ਲਈ ਤਾਂ ਘਾਤਕ ਸਾਬਤ ਹੋਈ ਪਰ ਜਿਆਦਾ ਨੁਕਸਾਨ ਉਹ ਸਿੱਖਾਂ ਦਾ ਕਰ ਰਹੀ ਹੈ। ਪੰਥਕ ਹਲਕਿਆਂ ਵਿੱਚ ਬਾਦਲਾਂ ਦਾ ਸ਼੍ਰੋਮਣੀ ਅਕਾਲੀ ਦਲ ਤੋਂ ਪੰਜਾਬ ਸਮੇਤ ਹਰਿਆਣਾ, ਦਿੱਲੀ ਵਿੱਚੋਂ ਮੁਕੰਮਲ ਸਫਾਏ ਨਾਲ ਇਕ ਦੋਗਲੀ ਅਤੇ ਸਿੱਖ ਵਿਰੋਧੀ ਨੀਤੀ ਦੇ ਸਫਾਏ ਨੇ ਇਕ ਢਾਰਸ ਦਿੱਤੀ ਪਰ ਫਿਕਰਮੰਦੀ ਦਾ ਦਰਵਾਜ਼ਾ ਵੀ ਖੜਕਿਆ ਹੈ। ਰਾਜਨੀਤਕ ਤੌਰ ’ਤੇ ਅਕਾਲੀ ਦਲ ਸਿੱਖਾਂ ਦਾ ਨੁਮਾਇਦਾ ਸੰਵਿਧਾਨਿਕ ਚੋਣ ਢਾਂਚਾ ਹੈ। ਜਿਸ ਦੀ ਰਹਿਨੁਮਾਈ ਹੇਠ ਰਾਜਨੀਤਕ ਗਠਨ ਕਰਕੇ ਕੌਮ ਪ੍ਰਤੀ ਸੇਵਾਵਾਂ ਨੂੰ ਲਾਗੂ ਕੀਤਾ ਜਾਦਾਂ ਹੈ। ਕਾਂਗਰਸ (1885) ਤੋਂ ਬਾਆਦ ਭਾਰਤ ਦੀ ਦੂਜੀ ਪੁਰਾਣੀ ਪਾਰਟੀ ਸ਼੍ਰੋਮਣੀ ਅਕਾਲੀ ਦਲ (1920) ਹੈ। ਇਸ ਪਾਰਟੀ ਨੇ ਕੇਵਲ ਸਿੱਖਾਂ ਜਾਂ ਪੰਜਾਬ ਦੀ ਲੜਾਈ ਹੀ ਨਹੀਂ ਲੜੀ ਸਗੋਂ 1947 ਤੋਂ ਪਹਿਲਾਂ ਬਹੁਤ ਵੱਡੀਆਂ ਸੇਵਾਵਾਂ ਦੇ ਕੇ ਭਾਰਤ ਦੀ ਅਜ਼ਾਦੀ ਦੀ ਲੜਾਈ ਵਿੱਚ ਖੂਨ ਡੋਲ ਕੇ ਆਪਣਾ ਇਤਿਹਾਸ ਸਿਰਜਿਆ ਹੈ। ਅਜ਼ਾਦੀ ਤੋਂ ਬਾਅਦ ਵਾਲੇ ਭਾਰਤ ਵਿੱਚ ਦੇਸ਼ ਦੀ ਦਿਸ਼ਾ ਸੁਧਾਰਨ ਵਿੱਚ ਆਪਣੇ ਹੱਕਾਂ ਦੀ ਲੜਾਈ ਲੜਦਾ ਰਿਹਾ ਹੈ। ਸ਼੍ਰੋਮਣੀ ਅਕਾਲੀ ਦਲ ਦੀ ਪਹਿਲੀ ਸ਼ਤਾਬਤੀ (2020) ਆਉਂਦੇ ਤੱਕ ਅਕਾਲੀ ਦਲ ਦੇ ਡਿੱਗੇ ਮਿਆਰ ਨੂੰ ਸਹਿਣਾ ਸਿੱਖਾਂ ਲਈ ਅਸਿਹ ਅਤੇ ਅਕਹਿ ਹੋ ਗਿਆ ਹੈ। ਪੰਜਾਬ ਲਈ ਅਕਾਲੀ ਦਲ ਦਾ ਕੰਮ ਕੇਵਲ ਸਿਆਸਤ ਕਰਨਾ ਨਹੀਂ ਸਗੋਂ ਗੁਰੂਆਂ ਦੇ ਵਰਸੋਏ ਗੁਰੂਬਾਣੀ ਆਧਾਰਿਤ ਸਿੱਖੀ ਸਿਧਾਤਾਂ ਨੂੰ ਰਾਜਨੀਤਕ ਪਲੇਟਫਾਰਮ ਰਾਹੀਂ ਮਨੁੱਖਤਾ ਦੀ ਭਲਾਈ ਅਤੇ ਅਗਵਾਈ ਕਰਨਾ ਹੈ ਪਰ ਇਥੇ ਇੱਕ ਪਰਿਵਾਰ ਦੀ ਵਧੀ ਲਾਲਸਾ ਨੇ ਕੌਮ ਦਾ ਸਰਮਾਇਆ, ਰਾਜਨੀਤੀ ਦੀ ਪੁਖਤਾ ਅਗਵਾਈ ਕਰਦੀ ਪਾਰਟੀ ਨੂੰ ਜੱਦੀ ਜ਼ਗੀਰ ਬਣਾ ਕੇ ਕੀਤੇ ਘਾਤਕ ਫੈਸਲਿਆਂ ਨੇ ਕੌਮ ਨੂੰ ਚੌਰਾਹੇ ਵਿੱਚ ਖੜੇ ਕਰ ਦਿੱਤਾ ਹੈ। ਅੱਜ ਇਸ ਪਰਿਵਾਰ ਦਾ ਪਾਰਟੀ ਉਪਰੋਂ ਖਤਮ ਹੋਣ ਦੇ ਸੰਕੇਤ ਉਭਰੇ ਹਨ। ਵਿਅਕਤੀਗਤ ਫੈਸਲੇ, ਲਾਲਚਾਂ, ਸਿਆਸੀ ਤਾਕਤ ਦਾ ਕੇਂਦਰੀਕਰਣ, ਪਤਿੱਤਪੁਣੇ ਦੇ ਹਾਵੀ ਹੋਣ ਨਾਲ ਪੰਜਾਬ ਵਿੱਚੋ ਰਾਜਨੀਤਕ ਸਫਰ ਬਿਲਕੁਲ ਖਤਮ ਹੋਣ ਦੇ ਕੰਢੇ ਹੈ। ‘ਹੱਥਾਂ ਨਾਲ ਦਿੱਤੀਆਂ ਗੰਢਾਂ ਦੇ ਮੂੰਹ ਨਾਲ ਖੁੱਲਣ ਦੇ ਆਸਾਰ ਵੀ ਬਚੇ ਨਜ਼ਰ ਨਹੀ ਆ ਰਹੇ ’। ਬਿਪਰ ਸੋਚ ਦੇ ਹੱਥ ਟੋਕੇ ਬਣ ਸ਼੍ਰੋਮਣੀ ਅਕਾਲੀ ਦਲ ਦੇ ਸਿਧਾਂਤਾਂ ਨੂੰ ਕਾਬਜ਼ ਲੋਕਾਂ ਨੇ ਮਿੱਠੇ ਜ਼ਹਿਰ **(slow poison)** ਦਾ ਟੀਕਾ ਲਾਇਆ ਹੈ ਜੋ ਇਹ ਸੱਭ ਕਾਰਨ ਇਸ ਦੇ ਪਤਨ ਦਾ ਕਾਰਨ ਬਣੇ। ਬੀਜੇਪੀ ਉਹ ਮਨੂੰ ਸੋਚ ਹੈ ਜਿਸ ਨੂੰ ਗੁਰੂ ਸਹਿਬਾਨ ਨੇ ਮਨੁੱਖਤਾ ਅਤੇ ਧਰਮ ਦੇ ਪੂਰਨਪੱਖੀ ਨਾ ਹੋਣ ਕਰਕੇ ਦਲੀਲਾਂ ਅਤੇ ਤਰਕਾਂ ਨਾਲ ਖੰਡਨ ਕੀਤਾ। ਅਜੋਕੇ ਅਕਾਲੀ ਦਲ ਬਾਦਲ ਦਾ ਦੂਜੀਆਂ ਕੌਮਾਂ ਨਾਲ ਨੰਹੂ ਮਾਸ ਦਾ ਰਿਸ਼ਤਾ ਦੱਸਣਾ ਆਪਣੇ ਧਰਮ ਦੀਆਂ ਮਰਿਆਦਾਵਾਂ, ਸਿਧਾਂਤ, ਪ੍ਰੰਪਰਾਵਾਂ ਨੂੰ ਢਾਹ ਲਾਉਂਦਾ ਹੈ। ਸੱਭ ਧਰਮਾਂ, ਜਾਤਾਂ, ਵਰਗਾਂ ਲਈ ਸਤਿਕਾਰਯੋਗ ਭਾਵਨਾ ਦਾ ਬਣੇ ਰਹਿਣਾ ਜਰੂਰੀ ਹੈ। ਗੁਰੂ ਪਾਤਸ਼ਾਹ ਨੇ ਸੱਭ ਕੌਮਾਂ ਨੂੰ ਮਨੁੱਖਤਾ ਪੱਖੀ ਜੀਵਨ ਬਸ਼ਰ ਕਰਨ ਦੀਆਂ ਸਿਖਿਆਵਾਂ ਨੂੰ ਮਹੱਤਤਾ ਦਿੱਤੀ। ਜੇ ਲੋੜ ਪਈ ਤਾਂ ਜਾਨ ਵੀ ਨਿਛਾਵਰ ਕੀਤੀ। ਪਰ ਆਪਣੇ ਸਿਧਾਂਤਾਂ ਨਾਲ ਖਿਲਵਾੜ ਬਰਦਾਸ਼ਤਯੋਗ ਨਹੀਂ। ਪੰਥ ਵਿਰੋਧੀ ਸਿਆਸੀ ਜਮਾਤਾਂ ਅਤੇ ਧਾਰਮਿਕ ਡੇਰਿਆਂ ਨਾਲ ਸਮਝੌਤੇ ਸਿਧਾਂਤਹੀਣ ਸਨ। ਉਲਟੀ ਗੰਗਾਂ ਦੇ ਵਿਹਾਣ ਦੇ ਸਮਾਂਨਤਰ ਸਨ।

1972 ਵਿੱਚ ਐਸੰਬਲੀ ਚੋਣਾਂ ਵਿੱਚ ਅਕਾਲੀ ਦਲ ਦੀ ਵੱਡੀ ਨਿਮੋਸ਼ੀਪੂਰਨ ਹਾਰ ਤੋਂ ਬਾਆਦ ਇਹ ਦੂਜੀ ਵਾਰੀ 2022 ਵਿੱਚ ਪੂਰੇ 50 ਸਾਲਾਂ ਵਿੱਚ ਉਨਾਂ ਹਾਲਾਤਾਂ ਵਿੱਚ ਪਹੁੰਚ ਗਈ ਹੈ ਜਿਹੜੀ ਕਦੇ ਵੀ ਸਿੱਖਾਂ ਦੇ ਇਤਿਹਾਸ ਵਿੱਚ ਨਹੀਂ ਵਾਪਰਨੀ ਚਾਹੀਦੀ ਸੀ। ਸਿਧਾਂਤਕ ਸੋਚ ਦੇ ਪ੍ਰਥਾਏ ਅੱਧੀ ਸਦੀ ਬਾਆਦ ਪਾਰਟੀ ਦੇ ਰਾਜਸੀ ਆਧਾਰ ਨੂੰ ਇੰਨੇ ਨੀਵੇਂ ਪੱਧਰ ’ਤੇ ਵੇਖਿਆ ਜਾ ਰਿਹਾ ਹੈ। ਬਾਦਲ ਪਰਿਵਾਰ ਪੰਜਾਬ ਪੱਖੀ ਹੇਜ਼ ਦਾ ਰੰਗ ਗੂੜਾ ਕਰਕੇ ਸਿੱਖ ਜ਼ਜਬਾਤਾਂ ਨਾਲ ਖਿਲਵਾੜ ਤੋਂ ਵੱਧ ਕੁਝ ਨਾ ਕਰ ਸਕੇ। 1972 ਵਿੱਚ ਉਸ ਵੇਲੇ ਅਕਾਲੀ ਦਲ ਦੇ ਨਵੇ ਪੂਰਨਗਠਨ ਲਈ ਸਿੱਖਾਂ ਨੂੰ ਇਕੱਠੇ ਕਰਕੇ ਵਕਤੀ ਨੌਜਵਾਨੀ ਦੀ ਅਗਵਾਈ ਕਰਦੇ ਆਗੂ ਗੁਰਚਰਨ ਸਿੰਘ ਟੌਹੜਾ ਦੀ ਰਹਿਨੁਮਾਈ ਹੇਠ ਸੰਤ ਫਤਿਹ ਸਿੰਘ ਨੂੰ ਹਾਰ ਦਾ ਦੋਸ਼ੀ ਮੰਨਦੇ ਪ੍ਰਧਾਨਗੀ ਤੋਂ ਲਾਹ ਕੇ ਨਵੀਂ ਲੀਡਰਸਿੱਪ ਨੂੰ ਉਭਾਰਿਆ। ਭਾਵੇਂਕਿ ਬਾਆਦ ਵਿੱਚ ਟੌਹੜਾ ਸਾਬ ਦੀਆਂ ਪੰਥਕ ਲੀਹਾਂ ਵੀ ਕੋਈ ਕੌਮੀ ਤਰਾਨੇ ਨਾ ਗਾ ਸਕੀਆਂ। ਸਿੱਖ ਧਰਮ ਦੀ ਰਹਿਨੁਮਾਈ ਹੇਠ ਚਲਣ ਵਾਲੀ ਸਿਆਸੀ ਪਾਰਟੀ ਅਕਾਲੀ ਦਲ, ਭਾਰਤ ਦੀ 1947 ਵਿੱਚ ਨਵੀਨ ਸਿਰਜ਼ਨਾ ਤੋ ਪਹਿਲਾਂ ਬ੍ਰਿਟਿਸ਼ ਭਾਰਤ ਵਿੱਚ ਆਪਣੀ ਹੋਂਦ ਅਤੇ ਸਪੱਸ਼ਤਾ ਦਾ ਲੋਹਾ ਮੰਨਵਾ ਚੁੱਕੀ ਸੀ। ਜਿਸ ਦਾ ਮਕਸਦ ਸਿੱਖ ਮੁੱਦਿਆਂ ਨੂੰ ਸਿਆਸੀ ਅਵਾਜ਼ ਦੇਣਾ ਸੀ। ਇਸ ਦੇ ਪ੍ਰਭਾਵੀ ਸਿਧਾਂਤ ਧਰਮ ਅਤੇ ਰਾਜਨੀਤੀ ਨੂੰ ਇਕੱਠੇ ਲੈ ਕੇ ਚਲਣਾ ਸੀ। ਅਜ਼ਾਦੀ ਵੇਲੇ ਸਿੱਖਾਂ ਨੇ ਵੱਖਰਾ ਦੇਸ਼ ਨਾ ਲੈ ਕੇ ਆਪਣੀ ਗਲਤੀ ਦਾ ਅਹਿਸਾਸ ਮਹਿਸੂਸ ਕਰਕੇ ਪੰਜਾਬ ਦੇ ਹੱਕਾਂ ਲਈ ਵੱਡੀਆਂ ਲੜਾਈਆਂ ਜਰੂਰ ਲੜਦੇ ਰਹੇ। ਪਰ ਇਹ ਕਦੇ ਵੀ ਨਹੀਂ ਸੋਚਿਆ ਜਾ ਸਕਦਾ ਸੀ ਕਿ ਅਸੀ ਪੰਜਾਬ ਦੇ ਬੁਨਿਆਦੀ ਹੱਕਾਂ ਲਈ ਕਿਸੇ ਕੇਂਦਰੀ ਪਾਰਟੀ ਬੀਜੇਪੀ ਜਾਂ ਕਾਂਗਰਸ ਨੂੰ ਬਿਨਾਂ ਸ਼ਰਤ ਸਿਆਸੀ ਹਮਾਇਤ ਦਈਏ। ਹਰ ਵੇਲੇ ਧਰਮ ਜਾਂ ਰਾਜਨੀਤੀ ਨੂੰ ਮਹਿਫੂਜ਼ ਕਰਨ ਲਈ ਸਿਧਾਤਿਕ ਸੋਚ ਅਨੁਸਾਰ ਹੀ ਫੈਸਲੇ ਲੈਣੇ ਹੋਂਦ ਦੀ ਸਪੱਸ਼ਤਾ ਨੂੰ ਦਰਸਾਉਦਾ ਹੈ।

ਅਸੀਂ ਇਸ ਦੀ ਮਿਸਾਲ ਪੱਛਮੀ ਬੰਗਾਲ ਦੀ ਤ੍ਰਿਮੂਲ ਕਾਂਗਰਸ ਦੀ ਮੁਖੀ ਮਮਤਾ ਬੈਨਰਜੀ ਤੋਂ ਸਿੱਖ ਸਕਦੇ ਹਾਂ। ਆਪਣੇ ਪ੍ਰਦੇਸ਼ ਲਈ ਕਦੇ ਗਲਤ ਫ਼ੈਸਲੇ ਨਹੀਂ ਕੀਤੇ। ਕੇਂਦਰ ਦੀਆਂ ਨੈਸ਼ਨਲ ਪਾਰਟੀਆਂ ਨਾਲ ਉਸ ਦੇ ਸਮਝੌਤੇ ਕੇਵਲ ਬੰਗਾਲ ਦੀ ਬੇਹਤਰੀ, ਆਰਥਿਕਤਾ ਲਈ ਹੁੰਦੇ ਹਨ। ਉਹ ਕਦੇ ਕੇਂਦਰ ਦੀ ਧੌਂਸ ਨੂੰ ਪ੍ਰਵਾਨ ਨਹੀਂ ਕਰਦੀ। ਕਿਸੇ ਪਾਰਟੀ ਨਾਲ ਮਿਲ ਕੇ ਸਰਕਾਰ ਨਹੀਂ ਬਣਾਉਂਦੀ ਕਿਉਂਕਿ ਉਹ ਕੇਂਦਰੀ ਪਾਰਟੀਆਂ ਦੀਆਂ ਨੀਤੀਆਂ ਤੋਂ ਖਬਰਦਾਰ ਹੋ ਕੇ ਆਪਣੀ ਪਾਰਟੀ ਵਿੱਚ ਘੁਸਪੈਠ ਦੇ ਖਤਰੇ ਤੋਂ ਵਾਕਿਫ ਹੈ। ਬਾਦਲ ਪਰਿਵਾਰ ਦੀ ਗਲਤੀ ਦਰ ਗਲਤੀ ਵੀ ਇਥੇ ਇਹੀ ਹੈ ਕਿ ਬੀਜੇਪੀ ਉਪਰ ਅੰਨਾ ਵਿਸ਼ਵਾਸ ਅਤੇ ਲੰਮਾ ਸਮਾਂ ਮਿਲ ਕੇ ਰਾਜ ਕਰਨ ਦੀ ਸਿਆਸੀ ਲਾਲਸਾ ਨਾਲ ਪਾਰਟੀ ਦੀ ਅੰਦਰੂਨੀ ਤਾਕਤ ਘੱਟਦੀ ਘੱਟਦੀ ਖਤਮ ਹੋ ਗਈ। ਬੀਜੇਪੀ ਦੀ ਰਣਨੀਤੀ ਇਹੀ ਰਹੀ ਹੈ ਜਿਸ ਪਾਰਟੀ ਨਾਲ ਵੀ ਮਿਲ ਕੇ ਸਰਕਾਰਾਂ ਬਣਾਈਆਂ ਉਸ ਨੂੰ ਹੀ ਖਤਮ ਕੀਤਾ ਚਾਹੇ ਉਹ ਜੰਮੂ ਕਸ਼ਮੀਰ ਦੀ ਮਹਿਬੂਬਾ ਹੋਵੇ, ਬਿਹਾਰ ਦੇ ਨਿਤੀਸ਼ ਕੁਮਾਰ, ਬਾਦਲ ਪਰਿਵਾਰ ਦੀ ਮੋਦੀ ਸਰਕਾਰ ਨੂੰ ਅੱਖਾਂ ਬੰਦ ਕਰਕੇ ਹਮਾਇਤ ਕਰਨੀ ਮਹਿੰਗੀ ਪਈ ਹੈ। ਪੰਜਾਬ ਦੇ ਅਸਲ ਮੁੱਦਿਆਂ ਨੂੰ ਦਰਕਿਨਾਰ ਕਰਦਿਆਂ ਪਰਿਵਾਰ ਤੇ ਤਾਨਾਸ਼ਾਹੀ ਫੈਸਲਿਆਂ ਨਾਲ ਪਾਰਟੀ ਨੂੰ ਅੰਤਰਮੁੱਖੀ ਮੰਥਨ ਦੀ ਲੋੜ ਨੂੰ ਖਤਮ ਕਰਨ ਦਾ ਖਮਿਆਜ਼ਾ ਭੁਗਤਨਾ ਪੈ ਰਿਹਾ ਹੈ। ਰਿਸ਼ਵਤਖੋਰੀ, ਬੇਰੁਜ਼ਗਾਰੀ, ਗਰੀਬੀ, ਰੇਤ ਮਾਫੀਆ, ਨਸ਼ਾ ਮਾਫੀਆ, ਗੁਰੂ ਗ੍ਰੰਥ ਸਾਹਿਬ ਦੀਆਂ ਬੇਅਦਬੀਆਂ, ਸਿਰਸੇ ਵਾਲਾ ਰਾਮ ਰਹੀਮ ਦੇ ਮੁਆਫੀ ਵਰਗੇ ਫੈਸਲਿਆਂ ਨੇ ਪਾਰਟੀ ਨੂੰ ਪੁੱਠਾ ਗੇੜਾ ਦੇ ਦਿੱਤਾ, ਜੋ ਰਾਜਸੀ ਪੱਤਨ ਦਾ ਕਾਰਨ ਬਣੇ ਹਨ।

ਅਗਰ ਅੱਜ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਦਾ ਐਲਾਨ ਹੁੰਦਾ ਹੈ ਤਾਂ ਇਨਾਂ ਦੇ ਹੱਥੋਂ ਤਾਕਤ ਦਾ ਆਖਰੀ ਹਥਿਆਰ ਵੀ ਖਤਮ ਹੋ ਜਾਵੇਗਾ। ਹਰਿਆਣਾ ਵਿੱਚ ਪ੍ਰਬੰਧਕ ਕਮੇਟੀ ਵੀ ਅਸਿਧੇ ਤੌਰ ’ਤੇ ਬੀਜੇਪੀ ਦੇ ਗੋਡੇ ਹੇਠ ਹੈ ਬਾਬਾ ਬਲਜੀਤ ਸਿੰਘ ਦਾਦੂਵਾਲ ਆਏ ਦਿਨ ਬੀਜੇਪੀ ਦੇ ਗੁਣਗਾਨ ਕਰਦੇ ਨਜ਼ਰ ਆਉਂਦੇ ਹਨ। ਇਨਾਂ ਰਾਹੀਂ ਹਰਿਆਣਾ ਦੇ ਸਿੱਖਾਂ ਨੂੰ ਆਪਣੇ ਨਾਲ ਰਲਾਉਣ ਲਈ ਕੋਸ਼ਿਸ਼ਾਂ ਜਾਰੀ ਹਨ। ਦਿੱਲੀ ਵਿੱਚ ਵਰਤੀ ਤੌਰ ’ਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਵਿੱਚ ਸਿੱਖੀ ਦਾ ਪ੍ਰਬੰਧਕ ਵਜੂਦ ਖਤਮ ਹੋ ਗਿਆ ਹੈ। ਪੂਰੀ ਤਰਾਂ ਨਾਲ ਆਰ ਐਸ ਐਸ ਦੇ ਕਬਜ਼ੇ ਹੇਠ ਹੈ। ਅਜ਼ਾਦੀ ਤੋਂ ਬਾਆਦ ਅਕਾਲੀ ਦਲ ਨੇ ਜਿਨਾਂ ਮੁੱਦਿਆਂ ਉਪਰ ਲੜਾਈਆਂ ਲੜੀਆਂ, ਮੋਰਚੇ ਲਾਏ, ਜੇਲਾਂ ਕੱਟੀਆਂ, ਸ਼ਹੀਦ ਹੋਏ। ਉਨਾਂ ਸੱਭ ਨੂੰ ਸਿਆਸੀ ਲਾਭ ਪ੍ਰਾਪਤੀ ਲਈ ਦਰਕਿਨਾਰ ਕੀਤਾ।

ਪਾਣੀਆਂ ਦੇ ਹੱਕ ਖੁੱਸ ਕੇ ਕੇਂਦਰ ਕੋਲ ਚਲੇ ਗਏ। ਚੰਡੀਗੜ ਉਪਰ ਪੰਜਾਬ ਦੇ ਹੱਕ ਲਈ ਜੁਬਾਨ ਬੰਦ ਰੱਖੀ। ਬਿਜਲੀ, ਸਿੱਖਿਆ, ਕਿਸਾਨੀ ਨੂੰ ਕੇਂਦਰੀ ਸਰਕਾਰਾਂ ਦੇ ਰਹਿਮੋ ਕਰਮ ਤੇ ਛੱਡਣਾ ਵੱਡੀਆਂ ਸਿਆਸੀ ਗਲਤੀਆਂ ਸਨ।

ਅੱਜ ਦੇ ਬਿਖੜੇ ਸਮੇ ਵਿੱਚ ਸੱਭ ਤੋਂ ਵੱਡੀ ਜਰੂਰਤ ਸਿੱਖਾਂ ਵਿੱਚ ਸਿਰ ਜੋੜਕੇ ਇਕੱਠੇ ਹੋਣ ਦੇ ਨਾਲ ਨਾਲ ਸਮੇਂ ਦੀ ਨਜ਼ਾਕਤ ਨੂੰ ਪਹਿਚਾਨਣ ਦੀ ਹੈ। ਦੇਸ਼ ਵਿਦੇਸ਼ਾਂ ਵਿੱਚ ਸਿੱਖਾਂ ਦੀਆਂ ਚਿੰਤਾਵਾਂ ਨੂੰ ਸਮਝਣ ਦੀ ਵਧੇਰੇ ਲੋੜ ਹੈ। ਸ਼੍ਰੋਮਣੀ ਕਮੇਟੀ ਦੀਆਂ ਇਲੈਕਸ਼ਨਾਂ ਨੂੰ ਪਹਿਲ ਦੇਣੀ ਬਣਦੀ ਹੈ। ਇੱਕ ਸੂਤਰੀ ਪੰਥਕ ਅਜੰਡੇ ਨੂੰ ਸਾਂਝੀ ਪ੍ਰਵਾਨਗੀ ਹੋਵੇ। ਸਿੱਖਾਂ ਕੋਲ ਗੁਆਉਣ ਲਈ ਬਹੁਤਾ ਕੁਝ ਨਹੀਂ ਬਚਿਆ ਹੈ। ਕੇਂਦਰ ਨਾਲ ਹਰ ਮੰਗ ਫੇਲ ਹੋ ਕੇ ਗਲ਼ ਪੈਂਦੀ ਨਜ਼ਰ ਆ ਰਹੀ ਹੈ। ਕੌਮ ਨੇ ਬਹੁਤ ਔਖੇ ਪੈਂਡਿਆਂ ਵੇਲੇ ਗੁਰਮਤੇ ਕੀਤੇ ਹਨ, ਸਾਂਝਾਂ ਲਈ ਹੱਥ ਵਧਾਏ ਹਨ। ਵੱਡੀਆਂ ਉਮੀਦਾਂ ਲਈ ਬਹੁਤ ਯਤਨ ਹੋਏ ਹਨ। ਗੁਰੂ ਦੇ ਸਿਧਾਂਤ ਨੂੰ ਪ੍ਰਮੁੱਖਤਾ ਦੇਣੀ ਬਣਦੀ ਹੈ। ਰਾਜਨੀਤੀ ਲਈ ਸਿੱਖੀ ਮਰਿਆਦਾ ਅਨੁਸਾਰ ਇਕ ਅਜੰਡਾ ਜਰੂਰੀ ਹੈ। ਜਿਸ ਨੂੰ ਢਾਹ ਨਾ ਲੱਗ ਸਕੇ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿੱਚ ਵੱਧ ਤੋਂ ਵੱਧ ਪਾਰਦਰਸ਼ਤਾ ਹੋਂਦ ਵਿਚ ਆਵੇ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਇਲੈਕਸ਼ਨਾਂ ਦਾ ਮਿਥੇ ਸਮੇਂ ਤੇ ਨਾ ਹੋਣ ਦੇ ਨੁਕਸਾਨ ਤੋਂ ਬਚਣ ਲਈ ਇੱਕ ਸਥਾਈ ਬੋਰਡ ਦਾ ਗਠਨ ਹੋਵੇ। ਜਿਸ ਵਿੱਚ ਧਾਰਮਿਕ ਅਤੇ ਰਾਜਨੀਤਕ ਉਪਰ ਚੰਗੀ ਪਕੜ ਵਾਲੇ ਵਿਦਵਾਨਾਂ, ਲੇਖਕਾਂ, ਪ੍ਰਚਾਰਕਾਂ ਸਮੇਤ ਹਰ ਉਸ ਵਿਅਕਤੀ ਨੂੰ ਜੋ ਸਿੱਖੀ ਨੂੰ ਸਹੀ ਦਿਸ਼ਾ ਦੇਣ ਵਿੱਚ ਅਹਿਮ ਯੋਗਦਾਨ ਪਾ ਸਕਦਾ ਹੋਵੇ, ਸ਼ਾਮਲ ਕੀਤਾ ਜਾਵੇ। ‘ਸਿੱਖ ਨੀਤੀ ਬੋਰਡ’ ਇਲੈਕਟਿਡ ਨਾ ਹੋ ਕੇ ਕੁਝ ਸੀਮਤ ਸਮੇਂ ਲਈ ਸਿਲੈਕਟਿਡ ਹੋਵੇ। ਜੋ ਸੰਭਾਵੀ ਹਮਲਿਆਂ ਤੋਂ ਅਗਾਉਂ ਖਬਰਦਾਰ ਰਹਿ ਕੇ ਸਿੱਖੀ ਦੇ ਪਸਾਰ ਲਈ ਲਗਾਤਾਰ ਸੇਵਾਵਾਂ ਦਿੰਦਾ ਰਹੇ। ਕੌਮੀ ਸਿਧਾਂਤਿਕ ਲੋਕਾਂ ਦਾ ਅੱਗੇ ਆਉਣਾ ਜਰੂਰੀ ਹੈ ਜੋ ਹਮੇਸ਼ਾ ਸਿੱਖੀ ਦੇ ਪਹਿਰੇਦਾਰ ਬਣੇ ਰਹਿਣ ਅਤੇ ਪੰਜਾਬ ਦੀ ਅਵਾਜ਼ ਨੂੰ ਦਲੇਰੀ ਬਖਸ਼ਦੇ ਰਹਿਣ।

# ਪੰਜਾਬੀ 8 ਕਰੋੜ ਦੀ ਰੋਜ਼ਾਨਾ ਡਕਾਰਦੇ ਨੇ ਸ਼ਰਾਬ

## ✪ 41 ਫ਼ੀਸਦੀ ਨਸ਼ੇੜੀ ਚਿੱਟੇ ਦਾ ਕਰਦੇ ਨੇ ਸੇਵਨ ✪ ਪਿਛਲੇ 2 ਦਹਾਕਿਆਂ ’ਚ ਨਸ਼ੇੜੀਆਂ ਦੀ ਗਿਣਤੀ 213 ਫ਼ੀਸਦੀ ਵਧੀ

**ਮੋਹਨ ਸ਼ਰਮਾ**

ਪੰਜਾਬ ਵਿਚ ਹਰ ਰੋਜ਼ 2–3 ਨੌਜਵਾਨਾਂ ਦੀਆਂ ਨਸ਼ਿਆਂ ਦੀ ਓਵਰਡੋਜ਼ ਕਾਰਨ ਹੋਈਆਂ ਮੌਤਾਂ ਅਖ਼ਬਾਰਾਂ ਦੀਆਂ ਸੁਰਖੀਆਂ ਬਣਦੀਆਂ ਹਨ। ਇਹ ਤਾਂ ਸਿਰਫ਼ ਉਨਾਂ ਮੌਤਾਂ ਦਾ ਜ਼ਿਕਰ ਹੁੰਦਾ ਹੈ ਜੋ ਮੀਡੀਆ ਰਾਹੀਂ ਜਾਂ ਸੋਸ਼ਲ ਮੀਡੀਆ ਰਾਹੀਂ ਜੱਗ ਜ਼ਾਹਰ ਹੁੰਦੀਆਂ ਹਨ। ਬਹੁਤ ਸਾਰੀਆਂ ਨਸ਼ਿਆਂ ਕਾਰਨ ਹੋਈਆਂ ਮੌਤਾਂ ਸਬੰਧੀ ਮਾਪੇ ਨਾਮੋਸ਼ੀ ਅਤੇ ਸਮਾਜਿਕ ਬਦਨਾਮੀ ਤੋਂ ਬਚਣ ਲਈ ‘ਹਾਰਟ ਅਟੈਕ ਨਾਲ ਹੋਈ ਮੌਤ’ ਦੱਸ ਦਿੰਦੇ ਹਨ। ਹਸਪਤਾਲਾਂ ਵਿਚ ਨਸ਼ਿਆਂ ਕਾਰਨ ਹੋਈਆਂ ਮੌਤਾਂ, ਝਾੜੀਆਂ, ਖੋਲ਼ਿਆਂ, ਜਨਤਕ ਬਾਥਰੂਮਾਂ ਜਾਂ ਫਿਰ ਸੜਕਾਂ ਕੰਢੇ ਮਿਲਦੀਆਂ ਬਹੁਤ ਸਾਰੀਆਂ ਲਾਸ਼ਾਂ ਦੇ ਅੰਕੜੇ ਇਸ ਤੋਂ ਵੱਖਰੇ ਹਨ। ਦੂਜੇ ਪਾਸੇ ਪੰਜਾਬ ਦੇ ਬਹੁਤ ਸਾਰੇ ਪਿੰਡਾਂ ਵਿਚ ਲੋਕਾਂ ਨੇ ਭਰਵਾਂ ਇਕੱਠ ਕਰ ਕੇ ਨਸ਼ਾ ਵੇਚਣ ਵਾਲਿਆਂ ਦਾ ਸੋਸ਼ਲ ਬਾਈਕਾਟ ਕਰਨ ਦੇ ਨਾਲ–ਨਾਲ ਉਨਾਂ ਨੂੰ ਸੋਧਣ ਦੀ ਚਿਤਾਵਨੀ ਵੀ ਦਿੱਤੀ ਹੈ। ਉਨਾਂ ਵੱਲੋਂ ਨਸ਼ਾ ਕਰਨ ਵਾਲੇ ਨੌਜਵਾਨਾਂ ਨੂੰ ਮੁੱਖ ਧਾਰਾ ਵਿਚ ਲਿਆਉਣ ਅਤੇ ਉਨਾਂ ਦਾ ਇਲਾਜ ਕਰਵਾਉਣ ਦਾ ਬੀੜਾ ਵੀ ਚੁੱਕਿਆ ਹੈ। ਇਸ ਸਭ ਕੁਝ ਦੇ ਬਾਵਜੂਦ ਸੋਸ਼ਲ ਮੀਡੀਆ ’ਤੇ ਸ਼ਰੇਆਮ ਚਿੱਟਾ ਵੇਚ ਰਹੀਆਂ ਔਰਤਾਂ ਅਤੇ ਮਰਦਾਂ ਦੀਆਂ ਮੂਵੀਆਂ ਸਾਹਮਣੇ ਆਉਣ ਨਾਲ ਨਸ਼ਿਆਂ ਵਿਚ ਗਰਕਦੀ ਜਵਾਨੀ ਤੇ ਤਸਕਰਾਂ ਦੇ ਬੁਲੰਦ ਹੌਸਲੇ ਸਮਾਜ ਦੀ ਚਿੰਤਾਜਨਕ ਅਤੇ ਕੋਝੀ ਤਸਵੀਰ ਪੇਸ਼ ਕਰਦੇ ਹਨ। ਅਤੀਤ ਦੇ ਪੰਨਿਆਂ ’ਤੇ ਜੇਕਰ ਨਜ਼ਰ ਮਾਰਦੇ ਹਾਂ ਤਾਂ ਰਵਾਇਤੀ ਪਾਰਟੀਆਂ ਨੇ ਚੋਣਾਂ ਸਮੇਂ ਨਸ਼ੇ ਨੂੰ ਮੁੱਦਾ ਜ਼ਰੂਰ ਬਣਾਇਆ ਪਰ ਇਹ ਮੁੱਦਾ ਸੱਤਾ ਪ੍ਰਾਪਤੀ ਲਈ ਸਾਧਨ ਹੀ ਬਣਿਆ ਹੈ। ਪਿਛਲੀ ਸਰਕਾਰ ਸਮੇਂ ਸ਼ੰਭੂ ਬੈਰੀਅਰ ਲਾਗੇ ਖੰਨਾ ਦੇ ਨੇੜੇ, ਬਾਦਲ ਪਿੰਡ ਵਿਚ ਧੜੱਲੇ ਨਾਲ ਚੱਲ ਰਹੀਆਂ ਨਾਜਾਇਜ਼ ਸ਼ਰਾਬ ਦੀਆਂ ਫੈਕਟਰੀਆਂ ਵਿੱਚੋਂ ਲੱਖਾਂ ਲੀਟਰ ਸ਼ਰਾਬ ਫੜੀ ਗਈ ਅਤੇ ਇਹ ਕੇਸ ਅਣਪਛਾਤੇ ਵਿਅਕਤੀਆਂ ’ਤੇ ਪਾ ਦੇਣਾ ਲੋਕਤੰਤਰ ਦਾ ਘਾਣ ਹੀ ਸੀ। ਅੰਮ੍ਰਿਤਸਰ ਅਤੇ ਤਰਨਤਾਰਨ ਦੇ ਇਲਾਕੇ ਵਿਚ ਜ਼ਹਿਰੀਲੀ ਸ਼ਰਾਬ ਕਾਰਨ 137 ਲੋਕਾਂ ਦੀ ਮੌਤ ਨਾਲ ਮਚੀ ਹਾਹਾਕਾਰ ਨੂੰ ਵੀ ਸਿਆਸੀ ਲਾਰਿਆਂ, ਵਾਅਦਿਆਂ ਅਤੇ ਮਾਇਆ ਜਾਲ਼ ਰਾਹੀਂ ਠੱਲ ਪਾਈ ਗਈ। ਸਰਵੇਖਣ ਵਿਚ ਇਹ ਗੱਲ ਸਾਹਮਣੇ ਆਈ ਹੈ ਕਿ ਪਿਛਲੇ 2 ਦਹਾਕਿਆਂ ਵਿਚ ਨਸ਼ੇੜੀਆਂ ਦੀ ਗਿਣਤੀ ਵਿਚ 213 ਫ਼ੀਸਦੀ ਦਾ ਵਾਧਾ ਹੋਇਆ ਹੈ। ਨਸ਼ਾ ਕਰਨ ਵਾਲਿਆਂ ਵਿਚ 41 ਫ਼ੀਸਦੀ ਨਸ਼ੇੜੀ ਚਿੱਟੇ ਦਾ ਸੇਵਨ ਕਰਦੇ ਹਨ ਅਤੇ ਉਨਾਂ ਦਾ ਪ੍ਰਤੀ ਨਸ਼ੇੜੀ ਔਸਤ ਖ਼ਰਚਾ 1300 ਰੁਪਏ ਰੋਜ਼ਾਨਾ ਹੈ। ਰੋਜ਼ਾਨਾ 5.20 ਲੱਖ ਸ਼ਰਾਬ ਦੀਆਂ ਬੋਤਲਾਂ ਦੇ ਢੱਕਣ ਖੁੱਲਦੇ ਹਨ ਅਤੇ ਪੰਜਾਬੀ 8 ਕਰੋੜ ਦੀ ਸ਼ਰਾਬ ਰੋਜ਼ਾਨਾ ਡਕਾਰ ਜਾਂਦੇ ਹਨ। ਇਹੀ ਨਹੀਂ, 13.70 ਕਰੋੜ ਰੋਜ਼ਾਨਾ ਸਿੰਥੈਟਿਕ ਡਰੱਗ ਅਤੇ ਹੋਰ ਨਸ਼ਿਆਂ ਦੇ ਲੇਖੇ




ਲੱਗਦੇ ਹਨ। ਸ਼ਰਾਬ ਪੀਣ ਵਾਲਿਆਂ ’ਚੋਂ 13 ਫ਼ੀਸਦੀ ਹੈਪੇਟਾਈਟਿਸ–ਸੀ ਅਤੇ 20 ਫ਼ੀਸਦੀ ਹੈਪੇਟਾਈਟਿਸ–ਬੀ ਦੀ ਲਪੇਟ ਵਿਚ ਆਏ ਹੋਏ ਹਨ। ਸੱਤਰ ਹਜ਼ਾਰ ਸ਼ਰਾਬੀਆਂ ਦੇ ਲਿਵਰ ਖ਼ਰਾਬ ਹੋ ਗਏ ਹਨ। ਹਰ ਪਿੰਡ ਵਿਚ ਸ਼ਰਾਬੀਆਂ ਦੀਆਂ ਮੌਤਾਂ ਕਾਰਨ ਔਸਤ 16 ਵਿਧਵਾਵਾਂ ਨਰਕ ਭਰਿਆ ਜੀਵਨ ਬਤੀਤ ਕਰ ਰਹੀਆਂ ਹਨ। ਨਸ਼ਿਆਂ ਕਾਰਨ ਹੀ 60 ਫ਼ੀਸਦੀ ਦੁਰਘਟਨਾਵਾਂ, 90 ਫ਼ੀਸਦੀ ਤੇਜ਼ਧਾਰ ਹਥਿਆਰਾਂ ਨਾਲ ਹਮਲੇ, 69 ਫ਼ੀਸਦੀ ਬਲਾਤਕਾਰ, 74 ਫ਼ੀਸਦੀ ਡਕੈਤੀਆਂ, 80 ਫ਼ੀਸਦੀ ਦੁਸ਼ਮਣੀ ਕੱਢਣ ਵਾਲੇ ਹਮਲੇ, ਚੇਨ ਝਪਟਮਾਰੀ ਅਤੇ ਹੋਰ ਜੁਰਮਾਂ ਦੀਆਂ ਘਟਨਾਵਾਂ ਨਾਲ ਥਾਣਿਆਂ ਦੇ ਰੋਜ਼ਨਾਮਚੇ ਭਰੇ ਜਾ ਰਹੇ ਹਨ। ਪੰਜਾਬ ਦੇ ਅੰਦਾਜ਼ਨ 39.22 ਲੱਖ ਪਰਿਵਾਰਾਂ ਵਿੱਚੋਂ ਕੋਈ ਵਿਰਲਾ ਪਰਿਵਾਰ ਹੀ ਨਸ਼ਿਆਂ ਦੇ ਸੇਕ ਤੋਂ ਬਚਿਆ ਹੈ। ਸਾਡੇ ਅੱਗੇ ਗੰਭੀਰ ਚਿੰਤਾਜਨਕ ਪ੍ਰਸ਼ਨ ਹੈ ਕਿ ਨਸ਼ਿਆਂ ਦੇ ਦੈਂਤ ਨੂੰ ਕਾਬੂ ਕਰ ਕੇ ਨਸ਼ਿਆਂ ਕਾਰਨ ਬਲਦੇ ਸਿਵਿਆਂ ਦੀ ਪ੍ਰਚੰਡ ਅੱਗ ’ਤੇ ਕਿੰਜ ਕਾਬੂ ਪਾਇਆ ਜਾ ਸਕਦਾ ਹੈ? ਇਸ ਵਿਚ ਕੋਈ ਅਤਿਕਥਨੀ ਨਹੀਂ ਕਿ ਬਿਨਾਂ ਸਿਆਸੀ ਦ੍ਰਿੜ ਇੱਛਾ ਸ਼ਕਤੀ ਦੇ ਇਸ ਗੰਭੀਰ ਸਮੱਸਿਆ ’ਤੇ ਕਾਬੂ ਪਾਉਣਾ ਸੰਭਵ ਹੀ ਨਹੀਂ ਹੈ। ਮਾਪਿਆਂ ਨੂੰ ਗੰਭੀਰ ਹੋ ਕੇ ਇਹ ਸੋਚਣਾ ਚਾਹੀਦਾ ਹੈ ਕਿ ਉਨਾਂ ਦਾ ਸਰਮਾਇਆ ਉਨਾਂ ਦੀਆਂ ਫੁੱਲੀਆਂ ਜੇਬਾਂ ਨਹੀਂ ਹਨ ਸਗੋਂ ਅਸਲ ਸਰਮਾਇਆ ਉਨਾਂ ਦੀ ਔਲਾਦ ਹੈ। ਔਲਾਦ ਨੂੰ ਨੈਤਿਕ ਕਦਰਾਂ–ਕੀਮਤਾਂ ਦਾ ਗਿਆਨ ਦੇਣ ਦੇ ਨਾਲ–ਨਾਲ ਭਵਿੱਖ ਪ੍ਰਤੀ ਉਸਾਰੂ ਸੋਚ ਦਾ ਧਾਰਨੀ ਬਣਾਉਣ ਲਈ ਮਾਪਿਆਂ ਨੂੰ ਆਪ ਰੋਲ ਮਾਡਲ ਬਣਨਾ ਚਾਹੀਦਾ ਹੈ।

# ਰਾਹੁਲ ਗਾਂਧੀ 'ਤੇ ਈ.ਡੀ. ਦਾ ਸ਼ਿਕੰਜਾ

## ਕਾਂਗਰਸ ਦਾ ਸਿਆਸੀ ਭਵਿੱਖ

**ਉਪੇਂਦਰ**

ਰਾਹੁਲ ਗਾਂਧੀ ਆਪਣੀ ਜ਼ਿੰਦਗੀ ਦੇ ਸਭ ਤੋਂ ਬੁਰੇ ਦੌਰ 'ਚੋਂ ਲੰਘ ਰਹੇ ਹਨ। ਉਨਾਂ ਦੀ ਮਾਂ ਦੀ ਸਿਹਤ ਖ਼ਰਾਬ ਹੈ ਅਤੇ ਉਨਾਂ ਨੂੰ ਈ.ਡੀ. ਦੇ ਸਵਾਲਾਂ ਦਾ ਜਵਾਬ ਦੇਣਾ ਪੈ ਰਿਹਾ ਹੈ। ਉਨਾਂ ਤੋਂ ਅਜਿਹੇ ਸਵਾਲ ਪੁੱਛੇ ਜਾ ਰਹੇ ਹਨ, ਜੋ ਉਨਾਂ ਲਈ ਬਹੁਤ ਅਸੁਵਿਧਾਜਨਕ ਹਨ। ਜਿਵੇਂ ਕਿ ਪੁੱਛਗਿੱਛ ਤੋਂ ਬਾਅਦ ਅਕਸਰ ਹੁੰਦਾ ਹੈ, ਉਨਾਂ ਦੀ ਗ੍ਰਿਫ਼ਤਾਰੀ ਦੀ ਸੰਭਾਵਨਾ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ। ਕਾਂਗਰਸ ਨੇਤਾਵਾਂ ਦਾ ਪੁੱਛਗਿੱਛ ਖ਼ਿਲਾਫ਼ ਲਾਮਬੰਦ ਹੋ ਕੇ ਹਿੰਸਕ ਪ੍ਰਦਰਸ਼ਨ ਇਸੇ ਗ੍ਰਿਫ਼ਤਾਰੀ ਦੀ ਸੰਭਾਵਨਾ ਕਾਰਨ ਹੋ ਰਿਹਾ ਹੈ।

ਇਸ ਦਰਮਿਆਨ ਕਈ ਰਾਜਨੀਤਕ ਮਾਹਿਰ, ਜੋ ਖ਼ਾਸ ਕਰਕੇ ਕਾਂਗਰਸ ਪ੍ਰਤੀ ਬਹੁਤ ਹੀ ਉਮੀਦਾਂ ਪਾਲਦੇ ਹਨ, ਕਹਿ ਰਹੇ ਹਨ ਕਿ ਰਾਹੁਲ ਗਾਂਧੀ ਨਾਲ ਈ.ਡੀ. ਜੋ ਵਿਵਹਾਰ ਕਰ ਰਹੀ ਹੈ, ਉਸ ਨਾਲ ਕਾਂਗਰਸ ਨੂੰ ਬਹੁਤ ਰਾਜਨੀਤਕ ਲਾਭ ਹੋਵੇਗਾ, ਉਸ 'ਚ ਖ਼ੂਨ ਦਾ ਸੰਚਾਰ ਹੋਵੇਗਾ ਅਤੇ ਉਹ ਮੁੜ ਪੁਰਾਣੇ ਦਿਨਾਂ ਵਾਂਗ ਆਪਣਾ ਮਾਣ-ਸਨਮਾਨ ਹਾਸਲ ਕਰ ਲਵੇਗੀ। ਆਪਣੀ ਗੱਲ ਨੂੰ ਸਹੀ ਸਾਬਤ ਕਰਨ ਲਈ ਉਹ ਜਨਤਾ ਪਾਰਟੀ ਦੇ ਸ਼ਾਸਨ ਕਾਲ ਵਿਚ ਮੋਰਾਰਜੀ ਸਰਕਾਰ ਵਲੋਂ ਇੰਦਰਾ ਗਾਂਧੀ ਦੀ ਗ੍ਰਿਫ਼ਤਾਰੀ ਦਾ ਹਵਾਲਾ ਦੇ ਰਹੇ ਹਨ। ਉਹ ਕਹਿੰਦੇ ਹਨ ਕਿ ਜੇਕਰ ਤਤਕਾਲੀ ਉਪ ਪ੍ਰਧਾਨ ਮੰਤਰੀ ਚੌਧਰੀ ਚਰਨ ਸਿੰਘ, ਜੋ ਉਸ ਸਮੇਂ ਗ੍ਰਹਿ ਮੰਤਰੀ ਵੀ ਸਨ, ਨੇ ਇੰਦਰਾ ਗਾਂਧੀ ਨੂੰ ਗ੍ਰਿਫ਼ਤਾਰ ਕਰਨ ਦੀ ਜ਼ਿਦ ਨਾ ਕੀਤੀ ਹੁੰਦੀ, ਤਾਂ ਫਿਰ ਕਾਂਗਰਸ ਦੀ ਮੁੜ ਵਾਪਸੀ ਹੀ ਨਾ ਹੋ ਪਾਉਂਦੀ।

ਸਵਾਲ ਖੜਾ ਹੁੰਦਾ ਹੈ ਕਿ, ਕੀ ਇਹ ਵਿਸ਼ਲੇਸ਼ਣ ਸਹੀ ਹੈ? ਕੀ ਰਾਹੁਲ ਗਾਂਧੀ ਦੀ ਗ੍ਰਿਫ਼ਤਾਰੀ ਨਾਲ ਕਾਂਗਰਸ 'ਚ ਜਾਨ ਪੈ ਜਾਵੇਗੀ? ਇਨਾਂ ਸਵਾਲਾਂ ਦਾ ਜਵਾਬ ਦੇਣ ਲਈ 1977 ਵਿਚ ਹਾਰ ਤੋਂ ਬਾਅਦ ਕਾਂਗਰਸ ਦੀ ਸਥਿਤੀ ਦੀ ਉਸ ਦੀ ਅੱਜ ਦੀ ਸਥਿਤੀ ਨਾਲ ਤੁਲਨਾ ਕਰਨੀ ਚਾਹੀਦੀ ਹੈ। ਪਹਿਲੀ ਗੱਲ ਤਾਂ ਇਹ ਹੈ ਕਿ 1977 'ਚ ਕਾਂਗਰਸ ਹਾਰੀ ਸੀ, ਖ਼ਤਮ ਨਹੀਂ ਸੀ ਹੋਈ। ਹਾਰੀ ਹੋਈ ਪਾਰਟੀ ਉਚਿਤ ਮਾਹੌਲ 'ਚ ਜਿੱਤ ਵੀ ਸਕਦੀ ਹੈ ਅਤੇ ਜਿੱਤ ਵੀ ਜਾਂਦੀ ਹੈ, ਪਰ ਜੋ ਪਾਰਟੀ ਖ਼ਤਮ ਹੋ ਗਈ ਹੋਵੇ, ਉਹ ਕਿਵੇਂ ਜਿੱਤੇਗੀ?

ਕਾਂਗਰਸ ਸਮਾਪਤ ਹੋ ਚੁੱਕੀ ਹੈ, ਅਜਿਹਾ ਕਹਿਣਾ ਸ਼ਾਇਦ ਜ਼ਿਆਦਤੀ ਹੋਵੇਗੀ, ਪਰ ਏਨਾ ਤਾਂ ਕਹਿ ਹੀ ਸਕਦੇ ਹਾਂ ਕਿ ਦੇਸ਼ ਦੇ ਜ਼ਿਆਦਾਤਰ ਹਿੱਸਿਆਂ 'ਚੋਂ ਕਾਂਗਰਸ ਖ਼ਤਮ ਹੋ ਚੁੱਕੀ ਹੈ। ਦੇਸ਼ ਦੀ ਸਭ ਤੋਂ ਵੱਡੀ ਆਬਾਦੀ ਵਾਲੇ ਸੂਬੇ ਉੱਤਰ ਪ੍ਰਦੇਸ਼ 'ਚ ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ ਉਸ ਨੂੰ ਢਾਈ ਫ਼ੀਸਦੀ ਤੋਂ ਵੀ ਘੱਟ ਵੋਟਾਂ ਮਿਲੀਆਂ। ਦੇਸ਼ ਦੀ ਦੂਜੀ ਸਭ ਤੋਂ ਵੱਡੀ ਆਬਾਦੀ ਵਾਲੇ ਮਹਾਰਾਸ਼ਟਰ 'ਚ ਉਸ ਦਾ ਕੁਝ ਕੁ ਵਜੂਦ ਹੈ, ਪਰ ਉਹ ਉੱਥੋਂ ਦੀਆਂ ਦੋ ਸਭ ਤੋਂ ਵੱਡੀਆਂ ਪਾਰਟੀਆਂ ਵਿਚੋਂ ਇਕ ਨਹੀਂ ਹੈ। ਤੀਜੇ ਸਭ ਤੋਂ ਵੱਧ ਆਬਾਦੀ ਵਾਲੇ ਬਿਹਾਰ 'ਚ ਵੀ ਉਹ ਗ਼ਾਇਬ ਹੈ। ਉਸ ਦੇ ਜੋ ਕਰੀਬ ਡੇਢ ਦਰਜਨ ਵਿਧਾਇਕ ਉੱਥੇ ਹਨ, ਉਹ ਵੀ ਆਰ.ਜੇ.ਡੀ. ਦੀਆਂ ਵੋਟਾਂ ਦੇ ਬਲ 'ਤੇ ਹਨ। ਦੇਸ਼ ਦੀ ਚੌਥੀ ਸਭ ਤੋਂ ਵੱਡੀ ਆਬਾਦੀ ਵਾਲੇ ਸੂਬੇ ਪੱਛਮੀ ਬੰਗਾਲ 'ਚ ਵੀ ਉਸ ਦਾ ਵਜੂਦ ਖ਼ਤਮ ਹੋ ਚੁੱਕਾ ਹੈ। ਪਿਛਲੀਆਂ ਵਿਧਾਨ ਸਭਾ ਚੋਣਾਂ ਦੇ ਨਤੀਜੇ ਦੇਖ ਲਓ। ਦੇਸ਼ ਦੇ ਪੰਜਵੇਂ ਸਭ ਤੋਂ ਵੱਧ ਆਬਾਦੀ ਵਾਲੇ ਤਾਮਿਲਨਾਡੂ 'ਚ ਵੀ ਉਹ ਲਗਭਗ ਗ਼ਾਇਬ ਹੀ ਹੈ। ਉਸ ਦੇ ਜੋ ਵੀ ਇੱਕਾ-ਦੁੱਕਾ ਉਮੀਦਵਾਰ ਜਿੱਤਦੇ ਹਨ, ਉਹ ਉੱਥੋਂ ਦੀਆਂ ਪ੍ਰਮੁੱਖ ਖੇਤਰੀਆਂ ਪਾਰਟੀਆਂ ਵਿਚੋਂ ਕਿਸੇ ਇਕ ਦੇ ਸਹਿਯੋਗ ਨਾਲ ਹੀ ਜਿੱਤਦੇ ਹਨ।

ਉੱਪਰ ਤਾਂ ਅਸੀਂ ਦੇਸ਼ ਦੇ ਪੰਜ ਸਭ ਤੋਂ ਵੱਧ ਆਬਾਦੀ ਵਾਲੇ ਸੂਬਿਆਂ ਦੀ ਚਰਚਾ ਕੀਤੀ। ਹੋਰ ਕਈ ਸੂਬਿਆਂ 'ਚ ਵੀ ਕਾਂਗਰਸ ਨੇ ਦੂਜੀ ਵੱਡੀ ਪਾਰਟੀ ਹੋਣ ਦਾ ਰੁਤਬਾ ਗੁਆ ਦਿੱਤਾ ਹੈ। ਦਿੱਲੀ 'ਚ ਉਹ ਪਹਿਲਾਂ ਹੀ ਖ਼ਤਮ ਹੈ। ਪੰਜਾਬ ਵਿਚ ਵੀ ਉਹ ਖ਼ਾਤਮੇ ਵੱਲ ਵਧ ਰਹੀ ਹੈ। ਝਾਰਖੰਡ 'ਚ ਵੀ ਉਸ ਦਾ ਬਿਹਾਰ ਵਾਲਾ ਹਾਲ ਹੈ। ਓਡੀਸ਼ਾ ਵਿਚ ਵੀ ਉਹ ਤੀਜੇ ਨੰਬਰ 'ਤੇ ਚਲੀ ਗਈ ਹੈ। ਆਂਧਰਾ ਪ੍ਰਦੇਸ਼ ਅਤੇ ਤੇਲੰਗਾਨਾ ਵਿਚ ਵੀ ਉਹ ਲਗਭਗ ਖ਼ਤਮ ਹੀ ਹੈ। ਜੰਮੂ ਅਤੇ ਕਸ਼ਮੀਰ ਵਿਚ ਭਾਜਪਾ ਨੇ ਉਸ ਦੀ ਥਾਂ ਲੈ ਲਈ ਹੈ। ਪੂਰਬ-ਉੱਤਰ ਭਾਰਤ ਵਿਚ ਵੀ ਉਸ ਦਾ ਬੁਰਾ ਹਾਲ ਹੈ।

ਹੁਣ ਜਦੋਂ ਕਾਂਗਰਸ ਦੀ ਹਾਲਤ ਏਨੀ ਬੁਰੀ ਹੈ ਤਾਂ ਫਿਰ ਰਾਹੁਲ ਦੀ ਗ੍ਰਿਫ਼ਤਾਰੀ ਨਾਲ ਉਹ ਇਕਦਮ ਕਿਵੇਂ ਉਠ ਖੜੀ ਹੋਵੇਗੀ? 1977 ਵਿਚ ਕਾਂਗਰਸ ਦੇ ਕੋਲ 30 ਫ਼ੀਸਦੀ ਤੋਂ ਵੱਧ ਵੋਟਾਂ ਸਨ। ਉਸ ਦੀ ਹਾਰ ਦਾ ਮੁੱਖ ਕਾਰਨ ਉਸ ਦੇ ਵਿਰੋਧੀਆਂ ਦਾ ਆਪਸ 'ਚ ਹੱਥ ਮਿਲਾ ਲੈਣਾ ਸੀ। ਹਾਰ ਦੇ ਬਾਵਜੂਦ ਉਸ ਦੇ ਲੋਕ ਸਭਾ ਸੰਸਦ ਮੈਂਬਰਾਂ ਦੀ ਗਿਣਤੀ ਡੇਢ ਸੌ ਦੇ ਕਰੀਬ ਸੀ। ਰਾਜ ਸਭਾ ਵਿਚ ਕਾਂਗਰਸ ਉਸ ਸਮੇਂ ਵੀ ਨੰਬਰ ਇਕ ਪਾਰਟੀ ਸੀ। ਸੂਬਿਆਂ 'ਚ ਉਹ ਕਿਤੇ ਸੱਤਾ ਵਿਚ ਸੀ, ਤਾਂ ਕਿਤੇ ਮੁੱਖ ਵਿਰੋਧੀ ਪਾਰਟੀ ਸੀ। ਉਸ ਦੇ ਕੋਲ ਵਚਨਬੱਧ ਕਾਂਗਰਸੀਆਂ ਦੀ ਇਕ ਫ਼ੌਜ ਸੀ। ਬਹੁਤ ਸਾਰੇ ਤਾਂ ਸੁਤੰਤਰਤਾ ਸੈਨਾਨੀ ਸਨ, ਜਿਨਾਂ ਦਾ ਆਪਣੇ-ਆਪਣੇ ਇਲਾਕਿਆਂ ਵਿਚ ਬਹੁਤ ਮਾਣ-ਸਨਮਾਨ ਸੀ।

ਇਨਾਂ ਸਾਰਿਆਂ ਤੋਂ ਇਲਾਵਾ ਖ਼ੁਦ ਇੰਦਰਾ ਗਾਂਧੀ ਦੀ ਆਪਣਾ ਸ਼ਖ਼ਸੀਅਤ ਬਹੁਤ ਹੀ ਵੱਡੀ ਸੀ। ਉਹ ਇਕ ਮਜ਼ਬੂਤ ਨੇਤਾ ਦਾ ਰੁਤਬਾ ਰੱਖਦੀ ਸੀ। ਪਾਕਿਸਤਾਨ ਨੂੰ ਤੋੜ ਕੇ ਬੰਗਲਾਦੇਸ਼ ਨਾਂ ਦਾ ਇਕ ਨਵਾਂ ਦੇਸ਼ ਬਣਾਉਣ ਦਾ ਤਗ਼ਮਾ ਉਨਾਂ ਨੂੰ ਪ੍ਰਾਪਤ ਸੀ। ਬੈਂਕਾਂ ਦਾ ਰਾਸ਼ਟਰੀਕਰਨ ਕਰਨਾ ਅਤੇ ਪ੍ਰੀਵੀਪਰਸ ਖ਼ਤਮ ਕਰਨਾ ਉਨਾਂ ਦੀਆਂ ਉਪਲਬਧੀਆਂ ਵਿਚ ਸ਼ਾਮਿਲ ਸੀ। ਐਮਰਜੈਂਸੀ ਦੌਰਾਨ



ਲੋਕਤੰਤਰਿਕ ਅਧਿਕਾਰਾਂ ਦਾ ਦਮਨ ਕੀਤਾ ਗਿਆ ਅਤੇ ਸਰਕਾਰ ਵਿਰੋਧੀ ਨੇਤਾਵਾਂ ਨੂੰ ਜੇਲ ਭੇਜਿਆ ਗਿਆ, ਪਰ ਉਸ ਦੌਰਾਨ ਸਰਕਾਰ ਵਲੋਂ ਕੁਝ ਚੰਗੇ ਕੰਮ ਵੀ ਕੀਤੇ ਗਏ ਸਨ, ਜਿਸ ਕਾਰਨ ਲੋਕਾਂ ਦੇ ਇਕ ਵਰਗ 'ਚ ਐਮਰਜੈਂਸੀ ਲਈ ਇੰਦਰਾ ਗਾਂਧੀ ਪ੍ਰਤੀ ਪ੍ਰਸੰਸਾ ਦੀ ਭਾਵਨਾ ਵੀ ਸੀ। ਇਸ ਤੋਂ ਇਲਾਵਾ ਸਭ ਤੋਂ ਵੱਡੀ ਗੱਲ ਤਾਂ ਇਹ ਸੀ ਕਿ ਜੋ ਲੋਕ 1977 ਵਿਚ ਇਕੱਠੇ ਹੋ ਕੇ ਕਾਂਗਰਸ ਵਿਰੁੱਧ ਲੜੇ ਸਨ, 1980 'ਚ ਆਪਸ ਵਿਚ ਵੰਡ ਕੇ ਵੱਖਰੇ ਹੋ ਗਏ ਸਨ। ਉਸ ਤੋਂ ਬਾਅਦ ਤਾਂ ਇੰਦਰਾ ਗਾਂਧੀ ਨੇ ਜਿੱਤਣਾ ਹੀ ਜਿੱਤਣਾ ਸੀ ਅਤੇ 1977 ਤੋਂ ਪਹਿਲਾਂ ਵਾਲਾ ਮਾਣ-ਸਨਮਾਨ ਕਾਂਗਰਸ ਨੂੰ ਪ੍ਰਾਪਤ ਹੋ ਗਿਆ।

ਪਰ ਹੁਣ ਕਾਂਗਰਸ ਦੇ ਕੋਲ ਕੀ ਹੈ? ਕਿਹਾ ਜਾ ਰਿਹਾ ਹੈ ਕਿ ਰਾਹੁਲ ਨਾਲ ਕੀਤੇ ਜਾ ਰਹੇ ਵਿਵਹਾਰ ਨਾਲ ਕਾਂਗਰਸ ਵਿਚ ਖ਼ੂਨ ਦਾ ਸੰਚਾਰ ਹੋਵੇਗਾ, ਪਰ ਅਜਿਹਾ ਕਹਿਣ ਵਾਲੇ ਇਹ ਵੀ ਦੇਖ ਲੈਣ ਕਿ, ਕੀ ਕਾਂਗਰਸ ਦੇ ਕੋਲ ਖ਼ੂਨ ਬਚਿਆ ਵੀ ਹੈ? ਲੀਡਰਸ਼ਿਪ ਦੀ ਹੀ ਗੱਲ ਕਰੀਏ ਤਾਂ ਇੰਦਰਾ ਦੇ ਸਾਹਮਣੇ ਸੋਨੀਆ ਅਤੇ ਰਾਹੁਲ ਦੀ ਕੀ ਬਿਸਾਤ ਹੈ? ਇੰਦਰਾ ਗਾਂਧੀ ਨੂੰ ਉਨਾਂ ਦੇ ਵਿਰੋਧੀ ਅਟਲ ਬਿਹਾਰੀ ਵਾਜਪਾਈ ਤੱਕ ਨੇ ਦੁਰਗਾ ਕਿਹਾ ਸੀ। ਰਾਹੁਲ ਅਤੇ ਸੋਨੀਆ ਬਾਰੇ ਉਨਾਂ ਦੇ ਵਿਰੋਧੀ ਕੀ ਕਹਿੰਦੇ ਹਨ? ਇੰਦਰਾ ਗਾਂਧੀ ਇਕ 'ਫੁੱਲ ਟਾਈਮ' (ਪੂਰੇ ਸਮੇਂ ਦੇ) ਨੇਤਾ ਸੀ, ਪਰ ਰਾਹੁਲ ਗਾਂਧੀ ਤਾਂ ਅਜੇ ਵੀ ਰਾਜਨੀਤੀ 'ਚ 'ਪਾਰਟ ਟਾਈਮਰ' (ਥੋੜੇ ਸਮੇਂ ਦੇ) ਹੀ ਹਨ। ਕਦੋਂ ਉਹ ਦੇਸ਼ 'ਚ ਰਹਿੰਦੇ ਹਨ ਅਤੇ ਕਦੋਂ ਵਿਦੇਸ਼ ਚੱਲੇ ਜਾਂਦੇ ਹਨ, ਇਹ ਪਤਾ ਹੀ ਨਹੀਂ ਲਗਦਾ। ਟਵਿੱਟਰ 'ਤੇ ਲਿਖ-ਲਿਖ ਕੇ ਰਾਜਨੀਤੀ ਵਿਚ ਆਪਣੀ ਹਾਜ਼ਰੀ ਦਾ ਅਹਿਸਾਸ ਕਰਵਾਉਂਦੇ ਰਹਿੰਦੇ ਹਨ। ਉਹ ਕਾਂਗਰਸ ਦੇ ਪ੍ਰਧਾਨ ਸਨ, ਪਰ ਪੂਰੇ ਸਮੇਂ ਦੀ ਸਿਆਸਤ ਕਰਨ ਵਿਚ ਆਪਣੀ ਅਸਮਰੱਥਾ ਦੇ ਕਾਰਨ ਉਨਾਂ ਨੇ ਪ੍ਰਧਾਨਗੀ ਦਾ ਅਹੁਦਾ ਹੀ ਛੱਡ ਦਿੱਤਾ, ਹਾਲਾਂਕਿ ਪ੍ਰਧਾਨ ਦੇ ਅਹੁਦੇ ਦੀਆਂ ਸ਼ਕਤੀਆਂ ਦੀ ਵਰਤੋਂ ਉਹ ਹੀ ਕਰਦੇ ਦਿਖਾਈ ਦਿੰਦੇ ਹਨ। ਬਿਨਾਂ ਕਿਸੇ ਜ਼ਿੰਮੇਵਾਰੀ ਦੇ ਸੱਤਾ ਵਿਚ ਬਣੇ ਰਹਿਣ ਦੀ ਕਲਾ ਉਨਾਂ ਨੇ ਸਿੱਖ ਲਈ ਹੈ। ਇਹ ਕਲਾ ਉਦੋਂ ਤੁਹਾਡੇ ਕੰਮ ਦੀ ਹੁੰਦੀ ਹੈ, ਜਦੋਂ ਤੁਹਾਡੀ ਪਾਰਟੀ ਬਹੁਤ ਮਜ਼ਬੂਤ ਹੋਵੇ, ਪਰ ਕਮਜ਼ੋਰ ਪਾਰਟੀ ਦਾ ਨੇਤਾ ਜੇ ਸਿਰਫ਼ ਸੱਤਾ ਦੀ ਵਰਤੋਂ ਕਰੇ ਅਤੇ ਜ਼ਿੰਮੇਵਾਰੀਆਂ ਤੋਂ ਭੱਜ ਜਾਵੇ, ਤਾਂ ਫਿਰ ਉਹ ਪਾਰਟੀ ਨੂੰ ਹੀ ਡੋਬੇਗਾ ਅਤੇ ਇਹੀ ਕੰਮ ਰਾਹੁਲ ਗਾਂਧੀ ਕਰ ਰਹੇ ਹਨ।

ਇਸ ਲਈ ਕਾਂਗਰਸ ਨੂੰ ਇਸ ਗੱਲ ਦੀ ਖ਼ੁਸ਼ਫ਼ਹਿਮੀ ਨਹੀਂ ਪਾਲਣੀ ਚਾਹੀਦੀ ਕਿ ਰਾਹੁਲ ਖ਼ਿਲਾਫ਼ ਈ. ਡੀ. ਦੀ ਕਾਰਵਾਈ ਨਾਲ ਕਾਂਗਰਸ ਨੂੰ ਜੀਵਨਦਾਨ ਮਿਲ ਰਿਹਾ ਹੈ। ਸੱਚ ਤਾਂ ਇਹ ਹੈ ਕਿ ਲੋਕਾਂ ਨੂੰ ਇਹ ਪਤਾ ਲੱਗਣ ਲੱਗਾ ਹੈ ਕਿ ਸੋਨੀਆ ਅਤੇ ਰਾਹੁਲ ਨੇ ਕੀ ਗੜਬੜੀਆਂ ਕੀਤੀਆਂ ਹਨ। ਨੈਸ਼ਨਲ ਹੇਰਾਲਡ ਕਾਂਗਰਸ ਦੀ ਸੰਪਤੀ ਸੀ, ਜਿਸ ਨੂੰ ਦੋਵਾਂ ਨੇ ਇਕ ਅਜਿਹੀ ਕੰਪਨੀ ਦੇ ਨਾਂਅ ਕਰਵਾ ਦਿੱਤਾ, ਜਿਸ ਦੇ ਮਾਲਕ ਦੋਵੇਂ ਮਾਂ-ਪੁੱਤ ਹੀ ਹਨ ਅਤੇ ਉਹ ਸੰਪਤੀ ਕੁਝ ਕਰੋੜਾਂ ਦੀ ਨਹੀਂ, ਸਗੋਂ 5 ਹਜ਼ਾਰ ਕਰੋੜ ਦੀ ਹੈ। ਹਾਂ, ਕਾਂਗਰਸੀ ਇਨਾਂ ਘਟਨਾਵਾਂ ਦਾ ਲਾਭ ਚੁੱਕ ਸਕਦੇ ਹਨ। ਨੈਸ਼ਨਲ ਹੇਰਾਲਡ ਘੁਟਾਲੇ ਦਾ ਹਵਾਲਾ ਦਿੰਦਿਆਂ ਜੇਕਰ ਉਹ ਸੋਨੀਆ ਤੇ ਰਾਹੁਲ ਗਾਂਧੀ ਨੂੰ ਕਾਂਗਰਸ ਤੋਂ ਬਾਹਰ ਕਰ ਦੇਣ ਅਤੇ ਸਮੂਹਿਕ ਲੀਡਰਸ਼ਿਪ ਅਧੀਨ ਕਾਂਗਰਸ ਨੂੰ ਚਲਾਉਣ ਤਾਂ ਸ਼ਾਇਦ ਕਾਂਗਰਸ ਵਿਚ ਨਵਾਂ ਖ਼ੂਨ ਪੈਦਾ ਹੋਵੇ ਅਤੇ ਉਸ ਨਵੇਂ ਖ਼ੂਨ ਦਾ ਪਾਰਟੀ ਵਿਚ ਸੰਚਾਰ ਹੋਵੇ।

# ਭਾਜਪਾ ਦਾ ਬੁਲਡੋਜ਼ਰ ਰਾਜ ਸੰਵਿਧਾਨ ਤੇ ਕਾਨੂੰਨ ਦੇ ਰਾਜ ਲਈ ਚੈਲਿੰਜ

**ਜਸਟਿਸ ਰੇਖਾ ਸ਼ਰਮਾ**
**ਸਾਬਕਾ ਜੱਜ ਦਿੱਲੀ ਹਾਈ ਕੋਰਟ**
**ਸੰਪਰਕ : ੯੮੭੧੩-੦੦੦੨੫**

ਲੰਘੀ 12 ਜੂਨ ਨੂੰ ਪ੍ਰਯਾਗਰਾਜ ਵਿਚ ਜੋ ਕੁਝ ਵਾਪਰਿਆ ਸੀ, ਉਸ ਨੂੰ ਹੋਰ ਕੁਝ ਵੀ ਨਹੀਂ ਸਗੋਂ ਸੰਵਿਧਾਨ ਤੇ ਕਾਨੂੰਨ ਨਾਲ ਖਿਲਵਾੜ ਹੀ ਆਖਿਆ ਜਾ ਸਕਦਾ ਹੈ। ਉਸ ਦਿਨ ਪ੍ਰਯਾਗਰਾਜ ਦੇ ਕਰਾਲਾ ਖੇਤਰ ਵਿਚਲੇ ਇਕ ਮਕਾਨ ਨੰਬਰ 39ਸੀ/2ਏ/1 ਨੂੰ ਪ੍ਰਯਾਗਰਾਜ ਮਿਊਂਸਪਲ ਅਥਾਰਿਟੀ (ਪੀਐੱਮਸੀ) ਵੱਲੋਂ ਬੁਲਡੋਜ਼ਰ ਨਾਲ ਢਾਹ ਕੇ ਖੇਰੂੰ ਖੇਰੂੰ ਕਰ ਦਿੱਤਾ ਗਿਆ ਜਿਸ ਵਿਚ ਮੁਹੰਮਦ ਜਾਵੇਦ ਆਪਣੇ ਪਰਿਵਾਰ ਨਾਲ ਰਹਿ ਰਹੇ ਸਨ। ਅਥਾਰਿਟੀ ਨੇ ਦਾਅਵਾ ਕੀਤਾ ਕਿ ਇਹ ਮਕਾਨ ਸਬੰਧਤ ਅਧਿਕਾਰੀਆਂ ਤੋਂ ਲੋੜੀਂਦੀਆਂ ਮਨਜ਼ੂਰੀਆਂ ਨਾ ਹੋਣ ਕਰ ਕੇ ਗ਼ੈਰਕਾਨੂੰਨੀ ਢੰਗ ਨਾਲ ਬਣਾਇਆ ਗਿਆ ਸੀ। ਬਹਰਹਾਲ, ਇਹ ਮਾਮਲਾ ਇੰਨਾ ਸਿੱਧ-ਪੱਧਰਾ ਨਹੀਂ ਹੈ ਜਿੰਨਾ ਕਿ ਇਸ ਨੂੰ ਬਣਾਉਣ ਦੀ ਕੋਸ਼ਿਸ਼ ਕੀਤੀ ਗਈ ਹੈ, ਜੋ ਕੁਝ ਨਜ਼ਰ ਆ ਰਿਹਾ ਹੈ, ਉਸ ਤੋਂ ਪਰੇ ਬਹੁਤ ਕੁਝ ਹੈ। ਜ਼ਾਹਿਰ ਹੈ ਕਿ ਘਰ ਢਾਹੁਣ ਦੀ ਇਹ ਕਾਰਵਾਈ ਇਸ ਲਈ ਕੀਤੀ ਗਈ ਸੀ ਤਾਂ ਕਿ ਮੁਹੰਮਦ ਜਾਵੇਦ ਨੂੰ ਕਰੜਾ ਸਬਕ ਸਿਖਾਇਆ ਜਾ ਸਕੇ ਜੋ ਯੂ.ਪੀ. ਪੁਲੀਸ ਮੁਤਾਬਕ ਪੈਗੰਬਰ ਮੁਹੰਮਦ ਸਾਹਿਬ ਖਿਲਾਫ਼ ਨੂਪੁਰ ਸ਼ਰਮਾ ਦੀਆਂ ਟਿੱਪਣੀਆਂ ਕਰ ਕੇ ਭੜਕੇ ਰੋਸ ਪ੍ਰਦਰਸ਼ਨ ਤੋਂ ਬਾਅਦ 10 ਜੂਨ ਨੂੰ ਹੋਈ ਹਿੰਸਾ ਦਾ ਸੂਤਰਧਾਰ ਮੰਨਿਆ ਜਾਂਦਾ ਹੈ। ਇਸ ਸਮੁੱਚੇ ਕਾਂਡ ਦੀ ਪਟਕਥਾ ਇੰਜ ਰਚੀ ਗਈ ਤਾਂ ਕਿ ਨਾ ਕੇਵਲ ਮੁਹੰਮਦ ਜਾਵੇਦ ਸਗੋਂ ਉਸ ਦੇ ਭਾਈਚਾਰੇ ਨੂੰ ਇਹ ਕਰੜਾ ਤੇ ਸਾਫ਼ ਸੰਦੇਸ਼ ਦਿੱਤਾ ਜਾਵੇ ਕਿ ਉੱਤਰ ਪ੍ਰਦੇਸ਼ ਪ੍ਰਸ਼ਾਸਨ ਦੀ ਕੋਈ ਕਾਰਵਾਈ ਭਾਵੇਂ ਕਿੰਨੀ ਵੀ ਗ਼ੈਰਵਾਜਬ ਹੋਵੇ, ਜੋ ਕੋਈ ਵੀ ਇਸ ਦੇ ਖਿਲਾਫ਼ ਰੋਸ ਪ੍ਰਦਰਸ਼ਨ ਕਰ ਕੇ ਆਪਣੀ ਆਵਾਜ਼ ਉਠਾਵੇਗਾ, ਤਾਂ ਉਸ ਦਾ ਹਸ਼ਰ ਵੀ ਮੁਹੰਮਦ ਜਾਵੇਦ ਜਿਹਾ ਹੋਵੇਗਾ।

ਘਰ ਢਾਹੇ ਜਾਣ ਤੋਂ ਇਕ ਦਿਨ ਪਹਿਲਾਂ ਮੁਹੰਮਦ ਜਾਵੇਦ ਨੂੰ 10 ਜੂਨ ਦੀ ਹਿੰਸਾ ਵਿਚ ਕਥਿਤ ਤੌਰ 'ਤੇ ਸ਼ਮੂਲੀਅਤ ਦੇ ਦੋਸ਼ ਹੇਠ ਹਿਰਾਸਤ ਵਿਚ ਲੈ ਲਿਆ ਗਿਆ ਤੇ ਉਸੇ ਦਿਨ ਪ੍ਰਯਾਗਰਾਜ ਡਿਵੈਲਪਮੈਂਟ ਅਥਾਰਿਟੀ (ਪੀਡੀਏ) ਵੱਲੋਂ ਉਸ ਦੇ ਘਰ ਦੇ ਗੇਟ 'ਤੇ ਇਕ ਨੋਟਿਸ ਚਿਪਕਾ ਦਿੱਤਾ ਗਿਆ ਜਿਸ ਵਿਚ ਕਿਹਾ ਗਿਆ ਕਿ ੨੫⊘੬੦ ਫੁੱਟ ਜਗਾ ਉੱਪਰ ਅਤੇ ਫਿਰ ਪਹਿਲੀ ਮੰਜ਼ਲ ਦੀ ਉਸਾਰੀ ਸਬੰਧਤ ਅਧਿਕਾਰੀਆਂ ਦੀ ਮਨਜ਼ੂਰੀ ਹਾਸਲ ਕੀਤੇ ਬਗ਼ੈਰ ਕੀਤੀ ਗਈ ਸੀ। ਜਾਵੇਦ ਦੀ ਮੁਟਿਆਰ ਧੀ ਸੁਮਈਆ ਮੁਤਾਬਕ ਇਹ ਘਰ ਉਸ ਦੀ ਮਾਂ ਪਰਵੀਨ ਫ਼ਾਤਿਮਾ ਦੇ ਨਾਂ 'ਤੇ ਹੈ ਜਿਸ ਨੂੰ ਉਨਾਂ ਦੇ ਪਿਤਾ ਨੇ ਇਹ ਘਰ ਤੋਹਫ਼ੇ ਵਿਚ ਦਿੱਤਾ ਸੀ। ਸੁਮਈਆ ਨੇ ਦੱਸਿਆ ਕਿ ਉਨਾਂ ਦੇ ਘਰ ਦੇ ਗੇਟ 'ਤੇ ਚਿਪਕਾਇਆ ਗਿਆ ਨੋਟਿਸ ਉਨਾਂ ਦੇ ਪਿਤਾ ਦੇ ਨਾਂ 'ਤੇ ਸੀ ਜਦਕਿ ਘਰ ਦੀ ਮਾਲਕਣ ਉਨਾਂ ਦੀ ਮਾਂ ਹੈ ਅਤੇ ਇਸ ਵਿਚ 12 ਜੂਨ ਸਵੇਰੇ 11 ਵਜੇ ਤੱਕ ਇਹ ਸੰਪਤੀ ਖਾਲੀ ਕਰ ਦੇਣ ਲਈ ਕਿਹਾ ਗਿਆ ਸੀ। ਸੁਮਈਆ ਮੁਤਾਬਕ ਕਿਸੇ ਵੀ ਸਰਕਾਰੀ ਏਜੰਸੀ ਨੇ ਉਨਾਂ ਨੂੰ ਪਹਿਲਾਂ ਕਦੇ ਵੀ ਇਹ ਨਹੀਂ ਦੱਸਿਆ ਸੀ ਕਿ ਇਹ ਘਰ ਗ਼ੈਰਕਾਨੂੰਨੀ ਢੰਗ ਨਾਲ ਬਣਾਇਆ ਗਿਆ ਹੈ ਅਤੇ ਹਾਊਸ ਟੈਕਸ, ਬਿਜਲੀ ਤੇ ਪਾਣੀ ਦੇ ਕੁਨੈਕਸ਼ਨ ਤੇ ਬਿੱਲ ਉਸ ਦੀ ਮਾਂ ਦੇ ਨਾਂ 'ਤੇ ਹਨ ਜੋ ਸਮੇਂ ਸਿਰ ਭਰੇ ਜਾਂਦੇ ਰਹੇ ਹਨ।

ਅਧਿਕਾਰੀਆਂ ਨੇ ਸੁਮਈਆ ਦੇ ਦਾਅਵਿਆਂ ਦਾ ਖੰਡਨ ਨਹੀਂ ਕੀਤਾ, ਬਸ ਇੰਨਾ ਹੀ ਆਖਿਆ ਕਿ 5 ਮਈ ਨੂੰ ਇਕ ਕਾਰਨ ਦੱਸੋ ਨੋਟਿਸ ਮੁਹੰਮਦ ਜਾਵੇਦ ਨੂੰ ਭੇਜਿਆ ਗਿਆ ਸੀ, ਪਰ ਇਸ ਦਾ ਕੋਈ ਜਵਾਬ ਨਹੀਂ ਮਿਲਿਆ ਸੀ। ਹੋ ਸਕਦਾ ਹੈ ਇੰਦਾਂ ਹੀ ਹੋਇਆ ਹੋਵੇ, ਪਰ ਤਾਂ ਵੀ ਸਵਾਲ ਉਹੀ ਖੜਾ ਹੈ ਕਿ ਨੋਟਿਸ ਮੁਹੰਮਦ ਜਾਵੇਦ ਨੂੰ ਕਿਉਂ ਭੇਜਿਆ ਗਿਆ ਜੋ ਕਿ ਉਸ ਸੰਪਤੀ ਦਾ ਮਾਲਕ ਹੈ ਹੀ ਨਹੀਂ ਤੇ ਅਧਿਕਾਰੀਆਂ ਨੂੰ ਉਹ ਘਰ ਢਾਹੁਣ ਦਾ ਅਖ਼ਤਿਆਰ ਕਿਸ ਨੇ ਦਿੱਤਾ ਜਿਸ ਦੀ ਮਾਲਕਣ ਉਸ ਦੀ ਪਤਨੀ ਸੀ, ਜਿਸ ਦੀ ਆਪਣੀ ਆਜ਼ਾਦਾਨਾ ਹੈਸੀਅਤ ਹੈ ਤੇ ਉਸ ਦੀ ਸੰਪਤੀ ਖਿਲਾਫ਼ ਕਿਸੇ ਵੀ ਤਰਾਂ ਦੀ ਕਾਰਵਾਈ ਜਿਵੇਂ ਸੰਪਤੀ ਦੇ ਅਸਲ ਮਾਲਕ ਨੂੰ ਨੋਟਿਸ ਅਤੇ ਉਸ ਦਾ ਜਵਾਬ ਦੇਣ ਦਾ ਢੁਕਵਾਂ ਸਮਾਂ ਦੇਣ, ਨਿੱਜੀ ਰੂਪ ਵਿਚ ਸੁਣਵਾਈ ਕਰਨ ਤੇ ਜੇ ਬਚਾਓ ਧਿਰ ਦੀ ਤਰਫ਼ੋਂ ਕੋਈ ਜਵਾਬ ਨਹੀਂ ਆਉਂਦਾ ਤਾਂ ਪ੍ਰਸਤਾਵਿਤ ਕਾਰਵਾਈ ਦਾ ਅੰਤਿਮ ਨੋਟਿਸ ਦੇਣ ਤੋਂ ਪਹਿਲਾਂ ਕਾਨੂੰਨੀ ਸੁਰੱਖਿਆ ਹਾਸਲ ਕਰਨ ਦਾ ਹੱਕ ਹੈ। ਇਹ ਕੁਦਰਤੀ ਨਿਆਂ ਦੇ ਅਸੂਲ ਹਨ ਜੋ ਕਾਨੂੰਨ ਦੇ ਰਾਜ ਦਾ ਮੂਲ ਆਧਾਰ ਹਨ ਤੇ ਇਨਾਂ ਦੀ ਪਾਲਣਾ ਕਰਨਾ ਕਿਸੇ ਵੀ ਲੋਕਰਾਜੀ ਢੰਗ ਨਾਲ ਚੁਣੀ ਹੋਈ ਸਰਕਾਰ ਦਾ ਜ਼ਿੰਮਾ ਹੁੰਦਾ ਹੈ। ਪਰ ਮੰਦੇਭਾਗੀਂ ਉੱਤਰ ਪ੍ਰਦੇਸ਼ ਸਰਕਾਰ ਵੱਲੋਂ ਇਹ ਅਸੂਲ ਕੂੜੇਦਾਨ ਵਿਚ ਸੁੱਟ ਦਿੱਤੇ ਗਏ ਹਨ ਤੇ ਹੁਣ ਇਵੇਂ ਨਜ਼ਰ ਆ ਰਿਹਾ ਹੈ ਕਿ ਇਹ ਆਪ ਹੀ ਜੱਜ, ਜਿਊਰੀ ਤੇ ਜਲਾਦ ਵਾਂਗ ਵਿਹਾਰ ਕਰ ਰਹੀ ਹੈ।

ਥੋੜੀ ਦੇਰ ਲਈ ਮੰਨ ਲੈਂਦੇ ਹਾਂ ਕਿ ਉੱਤਰ ਪ੍ਰਦੇਸ਼ ਸਰਕਾਰ ਵੱਲੋਂ ਜੋ ਕੁਝ ਕਿਹਾ ਜਾ ਰਿਹਾ ਹੈ, ਉਹ ਸੱਚ ਹੈ, ਪਰ ਤਾਂ ਵੀ ਇਸ ਨੂੰ ਬਹੁਤ ਸਾਰੀਆਂ ਗੱਲਾਂ ਦਾ ਖੁਲਾਸਾ ਕਰਨਾ ਪਵੇਗਾ। ਇਸ ਨੂੰ ਦੱਸਣਾ ਪੈਣਾ ਹੈ ਕਿ ਇਸ ਘਰ ਦੀ ਉਸਾਰੀ ਕਦੋਂ ਸ਼ੁਰੂ ਹੋਈ ਸੀ; ਕੀ ਉਸ ਸਮੇਂ ਮਾਲਕ ਨੂੰ ਕੋਈ ਨੋਟਿਸ ਜਾਰੀ ਕੀਤਾ ਗਿਆ ਸੀ ਕਿ ਇਸ ਦੀ ਉਸਾਰੀ ਅਣਅਧਿਕਾਰਤ ਰੂਪ ਵਿਚ ਕੀਤੀ ਜਾ ਰਹੀ ਹੈ, ਕੀ ਉਸ ਪੜਾਅ 'ਤੇ ਕੋਈ ਕਾਰਵਾਈ ਕੀਤੀ ਗਈ ਸੀ, ਜੇ ਕੀਤੀ ਸੀ ਤਾਂ ਕੀ ਸੀ ਅਤੇ ਜੇ ਨਹੀਂ ਕੀਤੀ ਗਈ ਤਾਂ ਕਿਉਂ ਨਹੀਂ; ਉਸਾਰੀ ਕਦੋਂ ਮੁਕੰਮਲ ਹੋਈ ਸੀ ਤੇ ਇਸ ਦੀ ਉਸਾਰੀ ਮੁਕੰਮਲ ਹੋਣ ਤੋਂ ਕਿੰਨੀ ਦੇਰ ਬਾਅਦ ਮੁਹੰਮਦ ਜਾਵੇਦ ਨੂੰ ਇਹ ਕਥਿਤ ਨੋਟਿਸ ਭੇਜਿਆ ਗਿਆ ਸੀ ਜਿਸ ਦਾ ਉਹ ਕਥਿਤ ਤੌਰ 'ਤੇ ਜਵਾਬ ਦੇਣ 'ਚ ਨਾਕਾਮ ਰਿਹਾ ਸੀ, ਉਸ ਖੇਤਰ ਵਿਚ ਹੋਰ ਕਿੰਨੀਆਂ ਇਮਾਰਤਾਂ ਕਾਨੂੰਨੀ ਪ੍ਰਵਾਨਗੀ ਤੋਂ ਬਗੈਰ ਗ਼ੈਰਕਾਨੂੰਨੀ ਅਤੇ ਅਣਅਧਿਕਾਰਤ ਪਾਈਆਂ ਗਈਆਂ ਹਨ ਅਤੇ ਉਨਾਂ ਖਿਲਾਫ਼ ਕੀ ਕਾਰਵਾਈ ਕੀਤੀ ਗਈ ਗਈ ਹੈ? ਜੇ ਉਸਾਰੀ ਦੌਰਾਨ ਇਹੋ ਜਿਹਾ ਕੋਈ ਕਦਮ ਨਹੀਂ ਚੁੱਕਿਆ ਗਿਆ ਤਾਂ ਕੀ ਉਨਾਂ ਸਰਕਾਰੀ ਅਧਿਕਾਰੀਆਂ ਦੀ ਨਿਸ਼ਾਨਦੇਹੀ ਨਹੀਂ ਕੀਤੀ ਜਾਣੀ ਚਾਹੀਦੀ ਜਿਨਾਂ ਨੇ ਇਸ ਕਿਸਮ ਦੀ ਗ਼ੈਰਕਾਨੂੰਨੀ ਉਸਾਰੀ ਦੀ ਆਗਿਆ ਦਿੱਤੀ ਸੀ ਜਾਂ ਇਸ ਨੂੰ ਨਜ਼ਰਅੰਦਾਜ਼ ਕੀਤਾ ਸੀ। ਉੱਤਰ ਪ੍ਰਦੇਸ਼ ਸਰਕਾਰ ਦਾ ਇਹ ਇਰਾਦਾ ਹੈ ਕਿ ਉਨਾਂ ਕਥਿਤ ਅਪਰਾਧੀਆਂ ਦੇ ਘਰ ਢਾਹ ਦਿੱਤੇ ਜਾਣਗੇ, ਭਾਵੇਂ ਉਸ ਦੀ ਇਹ ਕਾਰਵਾਈ ਕਾਨੂੰਨ ਦੇ ਦਾਇਰੇ ਤੋਂ ਬਾਹਰ ਹੀ ਕਿਉਂ ਨਾ ਗਿਣੀ ਜਾਵੇ ਤੇ ਉਨਾਂ ਦੇ ਅਪਰਾਧ ਹਾਲੇ ਤੱਕ ਸਿੱਧ ਨਾ ਵੀ ਹੋਏ ਹੋਣ ਤਾਂ ਕੀ ਅਜਿਹੀ ਅਣਗਹਿਲੀ ਵਰਤਣ ਵਾਲੇ ਅਫ਼ਸਰਾਂ ਦੇ ਘਰ ਨਹੀਂ ਢਾਹ ਦਿੱਤੇ ਜਾਣੇ ਚਾਹੀਦੇ? ਕੀ ਉਸਾਰੀ ਦੀ ਆਗਿਆ ਦੇਣ ਬਦਲੇ ਵੇਲੇ ਦੀ ਸਰਕਾਰ ਤੇ ਉਸ ਦੇ ਅਫ਼ਸਰਾਂ ਨੂੰ ਜਵਾਬਦੇਹ ਨਹੀਂ ਠਹਿਰਾਇਆ ਜਾਣਾ ਚਾਹੀਦਾ ਤੇ ਮਾਲਕਣ ਨੂੰ ਢੁਕਵਾਂ ਮੁਆਵਜ਼ਾ ਨਹੀਂ ਦਿੱਤਾ ਜਾਣਾ ਚਾਹੀਦਾ?

**ਬਾਕੀ ਸਫ਼ਾ 31 'ਤੇ**

## ਸੱਚਖੰਡ ਪਿਆਨਾ ਜੂਨ 1969

# ਸੰਤ ਗਿਆਨੀ ਗੁਰਬਚਨ ਸਿੰਘ ਭਿੰਡਰਾਂਵਾਲੇ

**ਸ਼ਮਸ਼ੇਰ ਸਿੰਘ ਜੇਠੂਵਾਲ**

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਚਮਕੌਰ ਸਾਹਿਬ ਦੀ ਜੰਗ ਤੋਂ ਬਾਅਦ 'ਅਖਾੜੇ' ਪਿੰਡ ਬਿਰਾਜੇ। ਚੜ੍ਹਦੇ ਪਾਸੇ ਦੀ ਢਾਬ ਦੇ ਕੰਢੇ ਕੈਂਥ ਦੇ ਦਰੱਖ਼ਤ ਹੇਠਾਂ ਸਤਿਗੁਰੂ ਜੀ ਨੇ ਸੰਗਤਾਂ ਨੂੰ ਦਰਸ਼ਨ ਦੇ ਕੇ ਨਿਹਾਲ ਕੀਤਾ। ਲੰਗਰ ਪ੍ਰਸ਼ਾਦੇ ਦੀ ਸੇਵਾ ਕਰਨ ਵਾਲੇ ਸਿੱਖ ਬਾਬਾ ਅਮਰਾ ਜੀ ਅਤੇ ਮਾਤਾ ਸੇਵੀ ਜੀ ਆਦਿ ਪਿੰਡ ਵਾਸੀ ਸਿੱਖਾਂ ਦੀ ਸ਼ਰਧਾ ਭਾਵਨਾ ਵੇਖ ਗੁਰੂ ਸਾਹਿਬ ਜੀ ਪ੍ਰਸੰਨ ਹੋਏ ਸਾਰੀ ਸੰਗਤ ਨੂੰ ਖੰਡੇ ਬਾਟੇ ਦੀ ਪਾਹੁਲ ਛਕਣ ਦਾ ਉਪਦੇਸ਼ ਕੀਤਾ ਬਾਬਾ ਅਮਰਾ ਜੀ ਅਤੇ ਮਾਤਾ ਸੇਵੀ ਜੀ ਨੇ ਅੰਮ੍ਰਿਤਪਾਨ ਕੀਤਾ।

ਬਾਬਾ ਅਮਰਾ ਜੀ ਦੀ ਅੱਠਵੀਂ ਪੀੜ੍ਹੀ ਸੰਤ ਗਿਆਨੀ ਗੁਰਬਚਨ ਸਿੰਘ ਭਿੰਡਰਾਂਵਾਲੇ ਹੋਏ। ਜੋ ਮਹਾਂਪੁਰਸ਼ ਦਮਦਮੀ ਵਿਚਾਰਾ ਦੇ ਬਾਰਵੇਂ ਮੁਖੀ ਬਣੇ ਅੱਜ ਜਿਨਾਂ ਮਹਾਂਪੁਰਸ਼ਾਂ ਦੀ 53ਵੀਂ ਬਰਸੀ ਦਮਦਮੀ ਟਕਸਾਲ ਦੇ ਮੁੱਖ ਅਸਥਾਨ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਵਿਖੇ ਮਨਾਈ ਜਾ ਰਹੀ ਹੈ ਆਓ ਮਹਾਂਪੁਰਸ਼ਾਂ ਦੇ ਜੀਵਨ ਤੇ ਪੰਛੀ ਝਾਤ ਪਾਈਏ।

ਸੰਤ ਗਿਆਨੀ ਗੁਰਬਚਨ ਸਿੰਘ ਭਿੰਡਰਾਂਵਾਲੇ 28 ਜੂਨ 1969 ਅੰਮ੍ਰਿਤ ਵੇਲੇ 2.10 ਅੰਮ੍ਰਿਤ ਵੇਲੇ 67 ਸਾਲ 4 ਮਹੀਨੇ 16 ਦਿਨ ਆਯੂ ਸਫਲ ਕਰਦਿਆਂ ਸੱਚਖੰਡ ਜਾ ਬਿਰਾਜੇ। ਮਹਾਂਪੁਰਸ਼ਾਂ ਦੇ ਗੜਵਈ ਭਾਈ ਗੁਰਮੁਖ ਸਿੰਘ ਉੜੀਸਾ ਉਨਾਂ ਦੇ ਨਾਲ ਹੀ ਚਿਤਾ ਵਿਚ ਛਾਲ ਮਾਰ ਕੇ ਚੱਲ ਵਸੇ ਉਸ ਘਟਨਾ ਦੇ ਚਸ਼ਮਦੀਦ ਸਿੰਘ ਸਾਹਿਬ ਗਿਆਨੀ ਜਸਵੰਤ ਸਿੰਘ ਜੀ ਵਲੋਂ ਆਪਣੀ ਕ੍ਰਿਤ 'ਚਿੱਟਾ ਚੋਲਾ' ਵਿਚ ਇਓ ਕਲਮਬੰਦ ਕੀਤਾ ਹੈ।

ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਨੇ ਦੱਸਿਆ ਕਿ 14 ਹਾੜ ਦੀ ਰਾਤ ਨੂੰ ਭਾਈ ਗੁਰਮੁਖ ਸਿੰਘ ਉੜੀਸਾ ਗਿਆਰਾਂ ਵਜੇ ਤੱਕ ਸੰਤਾਂ ਕੋਲ (ਭਾਵ ਬਾਬਾ ਗੁਰਬਚਨ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਕੋਲ) ਪੱਖਾ ਝੱਲਦਾ ਤੇ ਮੁੱਠੀ ਚਾਪੀ ਕਰਦਾ ਰਿਹਾ ਤੇ ਰਾਤ 11 ਵਜੇ ਸਰਦਾਰ ਦਲੀਪ ਸਿੰਘ ਜੀ ਸ਼ਾਹ ਮਹਿਤੇ ਵਾਲਿਆਂ ਦੀ ਬੰਬੀ 'ਤੇ ਆਪਣੇ ਆਸਣ 'ਤੇ ਜਾ ਬਿਰਾਜਿਆ। ਦੋ ਵਜੇ ਉੱਭੜ ਵਾਹੇ ਉੱਠਿਆ, ਸਾਥੀਆਂ ਨੂੰ ਕਹਿਣ ਲੱਗਾ, 'ਮੈਨੂੰ ਸੰਤ ਆਵਾਜ਼ਾਂ ਮਾਰ ਰਹੇ ਹਨ ਕਿ ਆ ਭਾਈ ਗੁਰਮੁਖ ਸਿੰਘ ਚੱਲੀਏ..!'

ਸਿੰਘਾਂ ਨੇ ਕਿਹਾ, 'ਤੈਨੂੰ ਐਵੇਂ ਸੁਪਨਾ ਆਇਆ ਹੋਣਾ ਹੈ, ਸੰਤ ਤਾਂ ਇਸ ਸਮੇਂ ਬਿਰਾਜੇ ਹੋਣਗੇਪਰ ਉਹ ਆਪਣੀ ਧੁਨ ਵਿੱਚ ਤੁਰਿਆ ਗਿਆ। ਜਦ ਨੇੜੇ ਅੱਪੜਿਆ ਤਾਂ ਇੱਕ ਸਿੰਘ ਨੇ ਦੱਸਿਆ ਕਿ ਸੰਤ ਜੀ ਤਾਂ ਸੱਚਖੰਡ ਨੂੰ ਚੜਾਈ ਕਰ ਗਏ ਹਨ। ਸੁਣਦਿਆਂ ਸਾਰ ਕਾਲਜਾ ਫੜ ਕੇ ਬੈਠ ਗਿਆ, ਰੋਣਾ ਚਾਹੁੰਦਾ ਸੀ, ਪਰ ਰੋ ਨਾ ਸਕਿਆ ਪੱਥਰਾਂ ਦੀ ਮੂਰਤੀ ਵਾਂਗ ਹੋ ਗਿਆ। ਸੰਤਾਂ ਦੇ ਪਲੰਘ ਕੋਲ ਜਾ ਕੇ ਫ਼ਤਹਿ ਬੁਲਾ ਕੇ ਨਿੰਮੋਝੂਣਾ ਜਿਹਾ ਹੋ ਕੇ ਬਹਿ ਗਿਆ ਸਰੀਰ ਦਾ ਇਸ਼ਨਾਨ ਕਰਾਉਣ ਵੇਲੇ ਵੀ ਨਾਲ ਸ਼ਾਮਿਲ ਸੀ। ਇਸ ਨੇ ਸਵੇਰ ਤੋਂ ਕੁੱਝ ਵੀ ਨਹੀਂ ਖਾਧਾ ਪੀਤਾ ਸੀ। ਸ਼ਾਮ ਦੇ ਚਾਰ ਵਜੇ ਸਰਹਾਲੀ ਪਿੰਡ ਇੱਕ ਸਿੰਘ ਨੇ ਲੱਸੀ ਦਾ ਗਿਲਾਸ ਮੱਲੋ ਮੱਲੀ ਪਿਆਇਆ।

ਸਿੰਘ ਤਾਂ ਲੰਗਰ ਦੀ ਸੇਵਾ, ਆਸਣ ਲਾਉਣ ਜਾਂ ਜਰੂਰੀ ਕੰਮਾਂ ਵਿਚ ਰੁੱਝ ਗਏ, ਪਰ ਪਤਾਲਪੁਰੀ ਕੀਰਤਪੁਰ ਸਾਹਿਬ ਜਾਣ ਵੇਲੇ ਇਹ ਟਰੱਕ ਦੇ ਨਾਲ ਹੀ ਰਿਹਾ। ਮਹਾਂਪੁਰਖਾਂ ਦੇ ਸਰੀਰ ਨਾਲ ਹੀ ਸਾਰੇ ਜੱਥੇ ਦਾ ਸਮਾਨ ਸੀ। ਗੁਰਮੁਖ ਸਿੰਘ ਨੇ ਦੋ-ਤਿੰਨ ਟਰੰਕ ਵੀ ਚੁੱਕੇ ਤੇ ਹੋਰ ਸਿੰਘਾਂ ਨਾਲ ਲੱਗ









ਕੇ ਸਾਰੇ ਟਰੰਕ ਗੁਰਦੁਆਰੇ ਦੀ ਗੈਲਰੀ ਵਿੱਚ ਰੱਖ ਦਿੱਤੇ। ਸਮਾਨ ਟਿਕਾਣੇ ਤੇ ਪਹੁੰਚਾਉਣ ਬਾਅਦ ਗੁਰਮੁਖ ਸਿੰਘ ਸੰਤਾਂ ਦੇ ਸਰੀਰ ਕੋਲ ਸਾਰੀ ਰਾਤ ਬੈਠਾ ਰਿਹਾ। ਸਸਕਾਰ ਤੋਂ ਪਹਿਲਾਂ ਪਤਾਲਪੁਰੀ ਸਿੰਘਾਂ ਨਾਲ ਮਿਲ ਕੇ ਸੰਤਾਂ ਦੇ ਸਰੀਰ ਦਾ ਇਸ਼ਨਾਨ ਕਰਵਾਇਆ। ਇੱਕ ਸਿੰਘ ਨੇ ਦੱਸਿਆ ਕਿ ਸੰਤਾਂ ਦੇ ਸਰੀਰ ਦਾ ਇਸ਼ਨਾਨ ਕਰਾਉਣ ਉਪਰੰਤ ਭਾਈ ਉੜੀਸਾ ਨੇ ਆਪ ਵੀ ਦਰਿਆ ਵਿਚ ਜਾ ਕੇ ਇਸ਼ਨਾਨ ਕੀਤਾ। ਮਹਾਂਪੁਰਖਾਂ ਦੇ ਇਸ਼ਨਾਨ ਸਮੇਂ ਉਤਾਰੇ ਬਸਤਰ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਪਾਸ ਸਨ। ਉਹਨਾਂ ਕੋਲੋਂ ਸੰਤਾਂ ਦੇ ਸੀਸ ਵਾਲੀ ਦਸਤਾਰ ਲੈ ਕੇ ਆਪਣੇ ਸੀਸ ਤੇ ਸਜਾ ਲਈ। ਚਿਖਾ ਵਾਲੀ ਥਾਂ ਤੋਂ ਨੇੜੇ ਦਰਿਆ ਵਾਲੇ ਪਾਸੇ ਝਾੜੀਆਂ ਵਿਚ ਬੈਠ ਕੇ ਜਪੁਜੀ ਸਾਹਿਬ ਤੇ ਸੋਹਿਲੇ ਦਾ ਪਾਠ ਕੀਤਾ, ਖੜੇ ਹੋ ਕੇ ਅਰਦਾਸ ਕੀਤੀ। ਸਿੰਘ ਸਮਝਦੇ ਰਹੇ ਕਿ ਸੰਤਾਂ ਲਈ ਅਰਦਾਸ ਕਰਦਾ ਹੈ, ਪਰ ਇਹ ਸਾਰੀ ਤਿਆਰੀ ਆਪਣੇ ਸੰਸਕਾਰ ਲਈ ਕਰ ਰਿਹਾ ਸੀ।

ਚਿਖਾ ਨੂੰ ਅਗਨੀ ਦਿੱਤੀ ਗਈ। ਉੱਚੇ ਲਾਂਬੂ ਨਿਕਲੇ ਤਾਂ ਗੁਰਮੁਖ ਸਿੰਘ ਦੂਜੇ ਸਿੰਘਾਂ ਨਾਲ ਮਿਲ ਕੇ ਅੰਗੀਠੇ ਦੇ ਇਰਦ ਗਿਰਦ ਬਾਲਣ ਨੂੰ ਚੱਕ ਕੇ ਅੰਗੀਠੇ ਵਿੱਚ ਸੁੱਟਦਾ ਰਿਹਾ। ਇਸ ਤਰਾਂ ਅੰਗੀਠੇ ਦੀਆਂ ਚਾਰ ਪ੍ਰਕਰਮਾ ਕੀਤੀਆਂ। ਜਦੋਂ ਬਾਕੀ ਸਿੰਘ ਦੂਜੇ ਪਾਸੇ ਸਨ ਤਾਂ ਨਦੀ ਦੀ ਤਰਫੋਂ ਦੌੜ ਕੇ ਚਿਖਾ ਵਿੱਚ ਛਾਲ ਮਾਰ ਦਿੱਤੀ। ਸਰਦਾਰ ਅਵਤਾਰ ਸਿੰਘ ਨੇ ਉਸ ਦਾ ਪੈਰ ਫੜਨਾ ਚਾਹਿਆ, ਪਰ ਪੈਰ ਹੱਥ ਵਿਚੋਂ ਨਿਕਲ ਗਿਆ। ਰਾਗੀ ਬਚਿੱਤਰ ਸਿੰਘ ਨੇ ਵੀ ਆਪਣਾ ਪਰਨਾ ਦੋਹਾਂ ਲੜਾਂ ਤੋਂ ਫੜ ਕੇ ਇਉਂ ਸੁੱਟਿਆ, ਜਿਵੇਂ ਉਹ ਪੈਰ 'ਚ ਅੜ ਜਾਵੇ ਤੇ ਉਸਨੂੰ ਬਾਹਰ ਖਿੱਚ ਲਿਆ ਜਾਵੇ, ਪਰ ਅੱਗ ਦੀ ਤੇਜ਼ੀ ਕਰਕੇ ਪਰਨਾ ਇੱਕ ਸਕਿੰਟ ਤੋਂ ਵੀ ਪਹਿਲਾਂ ਸੜ ਕੇ ਸੁਆਹ ਹੋ ਗਿਆ। ਗਿਆਨੀ ਗੁਰਬਚਨ ਸਿੰਘ ਅੰਮ੍ਰਿਤਸਰ ਸਾਹਿਬ ਵਾਲਿਆਂ ਨੇ ਵੀ ਬਚਾਉਣ ਦਾ ਯਤਨ ਕੀਤਾ ਲੇਕਿਨ ਉਹ ਸੰਤਾਂ ਨਾਲ ਸੱਚਖੰਡ ਨੂੰ ਵਾਸ ਹੋ ਚੁੱਕਾ ਸੀ।

ਸੰਤ ਗਿਆਨੀ ਗੁਰਬਚਨ ਸਿੰਘ ਭਿੰਡਰਾਂਵਾਲਿਆਂ ਮਹਾਂਪਰਸ਼ਾਂ ਦਾ ਅੱਜ ਸੱਚਖੰਡ ਗਮਨ ਦਿਹਾੜਾ ਹੈ। ਮਹਾਂਪੁਰਸ਼ ਪੂਰਨ ਬ੍ਰਹਮ-ਗਿਆਨੀ, ਵਿੱਦਿਆ ਮਾਰਤੰਡ ਅਤੇ ਉੱਚਕੋਟੀ ਦੇ ਵਿਦਵਾਨ ਸਨ। ਜਿਨਾਂ ਗੁਰਬਾਣੀ ਕਥਾ ਦੁਆਰਾ ਪਖੰਡ ਅਤੇ ਦੇਹਧਾਰੀ ਗੁਰੂ ਡੰਮ ਦਾ ਡਟ ਕੇ ਵਿਰੋਧ ਕੀਤਾ। 40 ਸਾਲ ਪੰਥ ਦੀ ਨਿਸ਼ਕਾਮ ਸੇਵਾ ਤੇ ਸਿਮਰਨ ਦੀ ਮਹਾਨ ਘਾਲਣਾ ਘਾਲਨ ਦੇ ਨਾਲ-ਨਾਲ ਹਜ਼ਾਰਾਂ ਸਿੰਘਾਂ ਨੂੰ ਗੁਰਮਤਿ ਵਿੱਦਿਆ ਪੜ੍ਹਾਉਣ, ਗੁਰਬਾਣੀ ਦੀ ਸ਼ੁੱਧ ਸੰਥਿਆ ਅਤੇ ਅਰਥ ਪੜ੍ਹਾਉਣ ਦੀ ਸੇਵਾ ਅਤੇ ਜ਼ਿੰਮੇਵਾਰੀ ਨੂੰ ਅਖੀਰਲੇ ਸਵਾਸਾਂ ਤੱਕ ਨਿਭਾਇਆ।

ਮਹਾਂਪੁਰਸ਼ਾਂ ਦੀ ਜੀਵਨੀ 'ਚੋਂ ਮਿਲੀ ਜਾਣਕਾਰੀ ਅਨੁਸਾਰ ਸ਼੍ਰੀ 'ਗੁਰਮੁਖ ਪ੍ਰਕਾਸ਼' ਦੇ ਰਚੇਤਾ, ਪਰਉਪਕਾਰ, ਸੰਜਮ ਤੇ ਤਿਆਗ ਦੀ ਇਸ ਮੂਰਤ ਨੇ ਪੰਥ ਦੀ ਅਣਥੱਕ ਸੇਵਾ ਕਰਦਿਆਂ 28 ਕਥਾ ਸ੍ਰੀ ਗੁਰੂ ਗ੍ਰੰਥ ਸਾਹਿਬ, 5 ਕਥਾ ਸ੍ਰੀ ਦਸਮ ਗ੍ਰੰਥ ਸਾਹਿਬ ਜੀ, 1 ਕਥਾ ਭਾਈ ਗੁਰਦਾਸ ਜੀ ਦੀਆਂ ਵਾਰਾਂ, ਕਬਿੱਤ ਸਵੱਈਏ, 30 ਕਥਾ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਅਤੇ ਪੰਥ ਪ੍ਰਕਾਸ਼ ਅਤੇ ਹੋਰ ਗੁਰ ਇਤਿਹਾਸ ਦੀ ਵਿਆਖਿਆ ਵੀ ਕੀਤੀ। ਆਪ ਦੇ ਮਸਤਿਕ ਅਤੇ ਗੁਰਬਾਣੀ ਕਥਾ ਦਾ ਅਲੌਕਿਕ ਪ੍ਰਭਾਵ ਸਦਕਾ ਜਿਹੜਾ ਵੀ ਉਨਾਂ ਤੋਂ ਗੁਰਬਾਣੀ ਕਥਾ ਸਰਵਣ ਕਰਦਾ ਸੀ, ਉਹ ਹਮੇਸ਼ਾ ਲਈ ਤਿਆਰ-ਬਰ-ਤਿਆਰ ਹੋ ਕੇ ਗੁਰਮਤਿ ਦਾ ਪਰਪੱਕ ਧਾਰਨੀ ਹੋ ਜਾਂਦਾ ਸੀ। ਉਨਾਂ 'ਚੋਂ ਹੀ ਇਕ ਭਾਈ ਗੁਰਮੁਖਿ ਸਿੰਘ ਉੜੀਸਾ ਸੀ।

**ਜਿਸ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ॥**
**ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ॥**
**ਸਿਰੀਰਾਗ ਕੀ ਵਾਰ ਅੰਗ ੮੩**

ਭਾਈ ਗੁਰਮੁਖਿ ਸਿੰਘ ਦਾ ਜਨਮ ਸਨਾਤਨੀ ਪਰਿਵਾਰ ਵਿਚ ਉੜੀਸਾ ਪ੍ਰਾਂਤ ਦੇ ਇਕ ਛੋਟੇ ਜਿਹੇ ਪਿੰਡ ਵਿਖੇ ਹੋਇਆ ਜਿਨਾਂ ਦਾ ਬਚਪਨ ਦਾ ਨਾਂ ਕਰਮ ਚੰਦ ਸੀ। ਛੋਟੀ ਉਮਰੇ ਕਲਕੱਤੇ ਮਿਹਨਤ ਮਜਦੂਰੀ ਕਰਨ ਆਇਆ। ਸਿਰ ਤੋਂ ਘੋਨ/ਮੋਨ ਸੀ। ਪਰ ਗੁਰਦੁਆਰਾ ਜਗਤ ਸੁਧਾਰ ਕਲਕੱਤਾ ਵਿਖੇ ਕਦੇ ਕਦੇ ਆਇਆ ਕਰਦਾ। ਜਿਥੇ ਸੰਤ ਅਜਾਇਬ ਸਿੰਘ ਜੀ ਅਤੇ ਹੋਰ ਪੰਜਾਬ ਤੋਂ ਆਏ ਮਹਾਂਪੁਰਸ਼ਾਂ ਤੋਂ ਕਥਾ ਵਿਚਾਰ ਸੁਣਦਾ। ਉਥੇ ਇਕ ਵਾਰ ਸੰਤ ਈਸ਼ਰ ਸਿੰਘ ਰਾੜਾ ਸਾਹਿਬ ਜੀ ਆਏ ਜਿਨਾਂ ਦੀ ਰਸਨਾ ਤੋਂ ਇਲਾਹੀ ਗੁਰਬਾਣੀ ਦੀ ਕਥਾ ਸੁਣਕੇ ਬਹੁਤ ਪ੍ਰਭਾਵਤ ਹੋਇਆ।

ਉਸਤੋਂ ਬਾਅਦ ਦਮਦਮੀ ਟਕਸਾਲ ਦੇ ਬਾਰਵੇਂ ਮੁਖੀ ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਜਥੇ ਸਮੇਤ ਗੁਰਦੁਆਰਾ ਜਗਤ ਸੁਧਾਰ ਕਲਕੱਤਾ ਪਹੁੰਚੇ 150 ਵਿਦਿਆਰਥੀ ਕਥਾ ਸਮੇ ਜਦ ਪੋਥੀਆਂ ਦਾ ਪ੍ਰਕਾਸ਼ ਕਰਦੇ ਤਾਂ ਇਕ ਅਲੌਕਿਕ ਨਜ਼ਾਰਾ ਪੇਸ਼ ਹੁੰਦਾ। ਅਧਿਆਤਮਿਕ ਰੂਹਾਨੀ ਬਚਨ ਸ੍ਰਵਣ ਕਰਦਿਆਂ ਕਰਮ ਚੰਦ ਇਕ ਦਿਨ ਸੰਤ ਜੀ ਨੂੰ ਮਿਲੇ ਸੰਤਾਂ ਨੇ ਪਿਆਰ ਦਿੱਤਾ ਬਹੁਤ ਖੁਸ਼ ਹੋਇਆ। ਕਰਮ ਚੰਦ ਨੇ ਕਿਹਾ ਸੰਤ ਜੀ ਮੇਰੇ ਤੇ ਬਖਸ਼ਿਸ਼ ਕਰੋ।

ਸੰਤ ਕਹਿਣ ਲੱਗੇ ਕਰਮ ਚੰਦ ਬਖਸ਼ਿਸ਼ ਤਾਂ ਕਲਗੀਧਰ ਪਾਤਸ਼ਾਹ ਹੀ ਕਰਨਗੇ ਤੂੰ ਕੇਸ ਰੱਖ, ਗੁਰਬਾਣੀ ਪੜ, ਜੂੱਠੇ ਬਰਤਨਾਂ ਦੀ ਸੇਵਾ ਕਰ, ਅੰਮ੍ਰਿਤ ਦੀ ਦਾਤ ਪ੍ਰਾਪਤ ਕਰ, ਵੇਖੀ ਫੇਰ ਬਖਸ਼ਿਸ਼ ਨਾਲ ਜੀਵਨ ਵੀ ਸਫਲਾ ਹੋਵੇਗਾ।

ਸੰਤ ਜੀ ਨੇ ਗਿਆਨੀ ਲਹੌਰਾ ਸਿੰਘ, ਬਾਬਾ ਕਰਤਾਰ ਸਿੰਘ, ਬਾਬਾ ਕਿਸ਼ਨ ਸਿੰਘ ਤਿੰਨ ਸਿੰਘਾਂ ਦੀ ਡਿਊਟੀ ਲਾ ਕੇ ਪੰਜਾਬੀ ਗੁਰਮੁਖ਼ੀ ਦੀ ਪੜਾਈ ਕਰਵਾਈ ਕੁਝ ਹੀ ਦਿਨਾਂ 'ਚ ਕਰਮ ਚੰਦ ਅੰਮ੍ਰਿਤ ਦੀ ਦਾਤ ਪ੍ਰਾਪਤ ਕਰ ਗੁਰਮੁਖ਼ ਸਿੰਘ ਬਣ ਗਿਆ।

ਜੋ ਚੰਗਾ ਅਖੰਡਪਾਠੀ ਅਤੇ ਅਣਥੱਕ ਲੰਗਰਾਂ ਦੀ ਸੇਵਾ ਕਰਨ ਵਾਲਾ ਸੇਵਾਦਾਰ ਹੋ ਨਿਬੜਿਆ ਅੰਮ੍ਰਿਤ ਵੇਲੇ ਓਂਠਕੇ ਹੱਥੀਂ ਨਲਕਾ ਗੇੜ ਕੇ ਜਥੇ ਦੇ ਸਿੰਘਾਂ ਦਾ ਇਸ਼ਨਾਨ ਕਰਵਾਉਦਾ। ਜਥੇ ਦੇ ਸਿੰਘਾਂ ਅਤੇ ਮਹਾਂਪੁਰਸ਼ਾਂ ਦਰਮਿਆਨ ਐਸਾ ਪਿਆਰ ਬਣਿਆ ਕਿ ਘਰ ਭੁੱਲ ਬੈਠਾ।

ਇਕ ਦਿਨ ਮਹਾਂਪੁਰਸ਼ਾਂ ਬਚਨ ਕੀਤਾ 'ਕਿ ਗੁਰਮੁਖ ਸਿੰਘ ਜਾਹ ਆਪਣੇ ਮਾਂ/ਬਾਪ ਦੀ ਸੁਧ ਖ਼ਬਰ ਲੈ'

ਮਹਾਂਪੁਰਸ਼ਾਂ ਦੀ ਆਗਿਆ ਨਾਲ ਕਰਮ ਚੰਦ ਤੋਂ ਗੁਰਮੁਖ ਸਿੰਘ ਬਣ ਆਪਣੇ ਘਰ ਚਲੇ ਗਿਆ। ਪਰ ਅਫਸੋਸ ਉਸ ਦੇ ਸਿੱਖੀ ਸਰੂਪ ਨੂੰ ਵੇਖ ਭੈਣ/ਭਰਾ ਸਭ ਘਰ ਵੜਦਿਆਂ ਹੀ ਚਿੜ ਗਏ। ਗੁਰਮੁਖ਼ ਸਿੰਘ ਨੂੰ ਉਨਾਂ ਘਰ ਤਾਂ ਵਾੜ ਲਿਆ ਪਰ ਰਾਤ ਨੂੰ ਸੁੱਤੇ ਪਏ ਦੇ ਵਾਲ ਕੱਟਣ ਦੀ ਮਨਸ਼ਾ ਬਣਾ ਲਈ, ਇਸ ਦੀ ਇੱਕ ਵੱਡੀ ਭਾਬੀ ਨੇ ਗੁਰਮੁਖ਼ ਸਿੰਘ ਨੂੰ ਸਭ ਕੁਝ ਦੱਸ ਦਿੱਤਾ।

ਬਸ ਉਸੇ ਰਾਤ ਗੁਰਮੁਖ ਸਿੰਘ ਆਪਣੇ ਘਰੋਂ ਪੱਕਾ ਨਿਕਲ ਆਇਆ ਇਸ ਘਟਨਾ ਦੀ ਐਸੀ ਚੋਟ ਵੱਜੀ ਨੌਕਰੀ ਛੱਡ ਦਿੱਤੀ। ਸਾਰਾ ਸਮਾਨ ਕੱਠਾ ਕਰ ਟਰੰਕ 'ਚ ਪਾ ਕੇ ਜਥੇ ਵਿਚ ਲੈ ਆਇਆ। ਸੰਤਾਂ ਅੱਗੇ ਟਰੰਕ ਰੱਖ ਹੱਥ ਜੋੜ ਭਾਵੁਕ ਹੋ ਕੇ ਖਲੋ ਗਿਆ ਜਿਸ ਵਿਚ ਇਕ ਲੋਈ ਤੇ ਕੁਝ ਵਰਤੋਂ ਦਾ ਸਮਾਨ ਸੀ। ਘਰ ਦੀ ਵਾਰਤਾ ਸੁਣਾ ਕੇ ਕਹਿਣ ਲੱਗਾ, ਸੰਤ ਜੀ ਅੱਜ ਤੋਂ ਬਾਅਦ ਸਭ ਕੁਝ ਤੁਹਾਨੂੰ ਤੇ ਜਥੇ ਨੂੰ ਅਰਪਨ ਹੈ, ਮਹਾਰਾਜ ਆਵਾਗਵਣ ਤੋਂ ਬਚਾ ਲਵੋ।

ਜਨਮ ਕਰਕੇ ਭਾਵੇਂ ਮੇਰਾ ਸਿੱਖੀ ਨਾਲ ਕੋਈ ਸਬੰਧ ਨਹੀਂ ਸੀ। ਪਰ ਆਪ ਦੇ ਪਿਆਰ ਤੇ ਪੂਰਬਲੇ ਕਰਮਾਂ ਕਰਕੇ ਜੋ ਦਾਤ ਪ੍ਰਾਪਤ ਹੋਈ ਹੈ, ਗੁਰੂ ਚਰਨਾਂ ਵਿਚ ਅਰਦਾਸ ਕਰ ਦਿਓ, ਉਹ ਤੋੜ ਨਿਭ ਜਾਵੇ।

ਸੰਤ ਜੀ ਨੇ ਦੇਗ ਤਿਆਰ ਕਰਕੇ ਅਰਦਾਸ ਕੀਤੀ 'ਹੇ ਸੱਚੇ ਪਾਤਸ਼ਾਹ ਗੁਰਮੁਖ ਸਿੰਘ ਦਾ ਸਰਬੰਸ ਆਪ ਜੀ ਨੂੰ ਅਰਪਨ ਹੈ। ਸਤਿਗੁਰੂ ਜੀ ਆਪ ਦੇ ਪਿਆਰੇ ਦੀ ਸਿੱਖੀ ਤੋੜ ਨਿਭ ਜਾਵੇ, ਕ੍ਰਿਪਾ ਕਰੋ। ਅਰਦਾਸ ਤੋਂ ਬਾਅਦ ਸੰਤ ਜੀ ਕਹਿਣ ਲੱਗੇ ਗੁਰਮੁਖ ਸਿੰਘਾ ਤੇਰੀ ਸਾਡੇ ਨਾਲ ਜਰੂਰ ਨਿਭ ਜਾਵੇਗੀ।

ਇਸ ਗੱਲ ਦਾ ਭੇਦ ਕਈ ਸਾਲਾਂ ਬਾਅਦ ਸੰਨ 1969 ਨੂੰ ਪਤਾਲਪੁਰੀ ਸਾਹਿਬ ਖੁਲਿਆ, ਜਿਥੇ ਭਾਈ ਗੁਰਮੁਖ ਸਿੰਘ ਮਹਾਂਪੁਰਸ਼ਾਂ ਨਾਲ ਹੀ ਗੁਰਪੁਰੀ ਜਾ ਬਿਰਾਜੇ।

## ਗੁਰੂ ਨਾਨਕ ਦੇਵ ਜੀ ਦੇ ਖੇਤਾਂ ਦੀਆਂ ਸਬਜ਼ੀਆਂ ਤੇ ਦਾਲਾਂ ਬਣ ਰਹੀਆਂ ਨੇ ਕਰਤਾਰਪੁਰ ਸਾਹਿਬ ਦੇ ਲੰਗਰ ਵਿਚ

ਅੰਮ੍ਰਿਤਸਰ/ਏ.ਟੀ.ਨਿਊਜ਼ :- ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦਾ ਲੰਗਰ ਗੁਰੂ ਨਾਨਕ ਦੇਵ ਜੀ ਦੇ ਖੇਤਾਂ ਦੀਆਂ ਸਬਜ਼ੀਆਂ ਤੇ ਦਾਲਾਂ ਨਾਲ ਤਿਆਰ ਕੀਤਾ ਜਾ ਰਿਹਾ ਹੈ। ਇਹ ਸਬਜ਼ੀਆਂ ਅਤੇ ਹੋਰ ਫ਼ਸਲਾਂ ਦੀ ਪੈਦਾਵਾਰ ਗੁਰਦੁਆਰਾ ਸਾਹਿਬ ਦੇ ਬਿਲਕੁਲ ਨਜ਼ਦੀਕ 64 ਏਕੜ ਵਿਚ ਕੀਤੀ ਗਈ ਹੈ। ਗੁਰਦੁਆਰਾ ਸਾਹਿਬ ਦੇ ਲੰਗਰ ਘਰ ਵਿਚ ਸੇਵਾਵਾਂ ਦੇਣ ਵਾਲੇ ਆਕਾਸ਼ ਸਿੰਘ ਖ਼ਾਲਸਾ ਨੇ ਦੱਸਿਆ ਕਿ ਗੁਰਦੁਆਰਾ ਸਾਹਿਬ ਦੇ ਬਿਲਕੁਲ ਨਾਲ ਗੁਰੂ ਨਾਨਕ ਦੇਵ ਜੀ ਦੇ ਖੇਤਾਂ ਵਿਚ 15 ਏਕੜ



ਭੂਮੀ 'ਤੇ ਸੂਰਜਮੁਖੀ ਅਤੇ 10 ਏਕੜ ਵਿਚ ਜੈਤੂਨ ਬੀਜੀ ਗਈ ਹੈ। ਇਸੇ ਤਰਾਂ ਮੱਕੀ ਅਤੇ ਚਾਵਲ ਆਦਿ ਫ਼ਸਲ ਵੀ ਲਗਾਈ ਗਈ ਹੈ। ਉਨਾਂ ਦੱਸਿਆ ਕਿ ਬੈਂਗਣ, ਘੀਆ, ਲੌਕੀ, ਟਿੰਡੇ, ਘੀਆ ਤੋਰੀ, ਕਰੇਲੇ ਆਦਿ ਕਈ ਹੋਰ ਸਬਜ਼ੀਆਂ ਬਿਲਕੁਲ ਤਿਆਰ ਹੋ ਚੁੱਕੀਆਂ ਹਨ, ਜੋ ਯਾਤਰੂਆਂ ਲਈ ਰੋਜ਼ਾਨਾ ਵਰਤਾਏ ਜਾਣ ਵਾਲੇ ਲੰਗਰ ਵਿਚ ਪਕਾਈਆਂ ਜਾ ਰਹੀਆਂ ਹਨ। ਉਨਾਂ ਦੱਸਿਆ ਕਿ ਭਾਰਤੀ ਸ਼ਰਧਾਲੂਆਂ ਦੀ ਜਾਣਕਾਰੀ ਲਈ ਗੁਰੂ ਨਾਨਕ ਦੇਵ ਜੀ ਦੇ ਖੇਤਾਂ ਅਤੇ ਬਾਗ਼ ਦੇ ਨਜ਼ਦੀਕ ਗੁਰਮੁਖੀ 'ਚ ਲਿਖੇ ਬੋਰਡ ਵੀ ਲਗਾਏ ਗਏ ਹਨ। ਕਰਤਾਰਪੁਰ ਪ੍ਰੋਜੈਕਟ ਮੈਨੇਜਮੈਂਟ ਯੂਨਿਟ (ਪੀ.ਐਮ.ਯੂ.) ਦੇ ਚੀਫ਼ ਐਗਜ਼ੀਕਿਊਟਿਵ ਅਫ਼ਸਰ (ਸੀ.ਈ.ਓ.) ਅਤੇ ਇਵੈਕੂਈ ਟਰੱਸਟ ਪ੍ਰਾਪਰਟੀ ਬੋਰਡ ਦੇ ਵਧੀਕ ਸਕੱਤਰ ਰਾਣਾ ਸ਼ਾਹਿਦ ਸਲੀਮ ਨੇ ਕਿਹਾ ਕਿ ਸ੍ਰੀ ਕਰਤਾਰਪੁਰ ਸਾਹਿਬ ਦਾ ਲੰਗਰ ਸਿਰਫ਼ ਗੁਰੂ ਨਾਨਕ ਦੇਵ ਜੀ ਦੇ ਖੇਤਾਂ ਵਿਚ ਉਗਾਈਆਂ ਜਾਣ ਵਾਲੀਆਂ ਸਬਜ਼ੀਆਂ ਅਤੇ ਦਾਲਾਂ ਨਾਲ ਹੀ ਤਿਆਰ ਕੀਤਾ ਜਾ ਰਿਹਾ ਹੈ। ਸ਼ਰਧਾਲੂਆਂ ਨੂੰ ਪ੍ਰਸਾਦਿ ਵਜੋਂ ਦੇਣ ਲਈ ਅੰਬ, ਸੰਗਤਰੇ, ਕੇਲੇ, ਮੁਸੰਮੀਆਂ, ਅਮਰੂਦ ਆਦਿ ਵੀ ਗੁਰਦੁਆਰਾ ਸਾਹਿਬ ਦੇ ਬਾਗ਼ ਵਿਚ ਲਗਾਏ ਗਏ ਹਨ।

# ਵਿਸ਼ਵ ਦਾ ਡਗਮਗਾ ਰਿਹਾ ਅਰਥਚਾਰਾ



**ਡਾ. ਗਿਆਨ ਸਿੰਘ**

28 ਮਾਰਚ 2022 ਨੂੰ ਵਿਸ਼ਵ ਬੈਂਕ ਦੁਆਰਾ ਜਾਰੀ ਕੀਤੀ ਗਈ ਇੱਕ ਰਿਪੋਰਟ ਅਨੁਸਾਰ ਵਧ ਰਹੀ ਮੁਦਰਾ-ਸਫ਼ੀਤੀ ਅਤੇ ਘਟ ਰਹੀ ਆਰਥਿਕ ਵਾਧਾ ਦਰ ਵਿੱਤੀ ਹਾਲਤਾਂ ਨੂੰ ਵਿਗਾੜ ਰਹੀ ਹੈ। ਪਿਛਲੇ ਕੁਝ ਹਫ਼ਤਿਆਂ ਦੌਰਾਨ ਯੂਕਰੇਨ ਉੱਪਰ ਰੂਸ ਦੁਆਰਾ ਕੀਤੇ ਗਏ ਹਮਲੇ ਨੇ ਆਲਮੀ ਆਰਥਿਕ ਖ਼ਤਰੇ ਵਧਾ ਦਿੱਤੇ ਹਨ। ਇਸ ਤੋਂ ਬਿਨਾਂ ਨਵੀਆਂ ਸਥਾਪਿਤ ਹੋ ਰਹੀਆਂ ਮੰਡੀਆਂ ਅਤੇ ਵਿਕਾਸਸ਼ੀਲ ਅਰਥਚਾਰਿਆਂ ਸਿਰ ਖੜ੍ਹਾ ਉੱਚਾ ਕਰਜ਼ਾ ਇਨ੍ਹਾਂ ਖ਼ਤਰਿਆਂ ਦੀ ਅੱਗ ਨੂੰ ਭਾਂਬੜ ਵਿਚ ਬਦਲ ਸਕਦਾ ਹੈ। ਇਹ ਅਰਥਚਾਰੇ ਆਲਮੀ ਕੁੱਲ ਘਰੇਲੂ ਉਤਪਾਦ ਵਿਚ 40 ਫ਼ੀਸਦ ਯੋਗਦਾਨ ਪਾ ਰਹੇ ਹਨ। ਲੜਾਈ ਸ਼ੁਰੂ ਹੋਣ ਮੌਕੇ ਇਨ੍ਹਾਂ ਵਿਚੋਂ ਜ਼ਿਆਦਾ ਅਰਥਚਾਰੇ ਪਹਿਲਾਂ ਹੀ ਡਗਮਗਾ ਰਹੇ ਸਨ। ਪਿਛਲੇ ਇਕ ਦਹਾਕੇ ਦੌਰਾਨ ਇਨ੍ਹਾਂ ਅਰਥਚਾਰਿਆਂ ਸਿਰ ਵਧਦੇ ਕਰਜ਼ੇ ਨੂੰ ਕੋਵਿਡ-19 ਮਹਾਂਮਾਰੀ ਨੇ ਪਿਛਲੇ 50 ਸਾਲ ਦੌਰਾਨ ਸਭ ਤੋਂ ਵੱਧ ਵਧਾ ਦਿੱਤਾ ਹੈ ਜਿਹੜਾ ਇਨ੍ਹਾਂ ਅਰਥਚਾਰਿਆਂ ਦੀ ਸਰਕਾਰੀ ਆਮਦਨ ਦੇ 250 ਫ਼ੀਸਦ ਤੋਂ ਵੱਧ ਹੋ ਗਿਆ ਹੈ। ਇਸ ਤਰ੍ਹਾਂ ਦੀ ਇਕ ਉਦਾਹਰਨ ਸ੍ਰੀਲੰਕਾ ਦਾ ਅਰਥਚਾਰਾ ਹੈ। ਆਉਣ ਵਾਲੇ ਇਕ ਸਾਲ ਦੌਰਾਨ ਇਕ ਦਰਜਨ ਵਿਕਾਸਸ਼ੀਲ ਅਰਥਚਾਰੇ ਆਪਣੇ ਸਿਰ ਖੜ੍ਹੇ ਕਰਜ਼ਿਆਂ ਦੀਆਂ ਕਿਸ਼ਤਾਂ ਮੋੜਨ ਅਤੇ ਉਨ੍ਹਾਂ ਉੱਪਰ ਬਣਦੇ ਵਿਆਜ ਦੇਣ ਤੋਂ ਅਸਮਰੱਥ ਹੋ ਸਕਦੇ ਹਨ।

ਭਾਵੇਂ ਵਿਸ਼ਵ ਬੈਂਕ ਦੀ ਇਸ ਰਿਪੋਰਟ ਵਿਚ ਵਿਕਾਸਸ਼ੀਲ ਅਰਥਚਾਰਿਆਂ ਦੀ ਸਥਿਤੀ ਨੂੰ ਪ੍ਰਮੁੱਖਤਾ ਨਾਲ ਸਾਹਮਣੇ ਲਿਆਂਦਾ ਗਿਆ ਹੈ, ਪਰ ਅੱਜਕੱਲ ਦੁਨੀਆ ਦੇ ਵਿਕਸਤ ਅਰਥਚਾਰਿਆਂ ਦੀ ਹਾਲਤ ਵੀ ਅਣਸੁਖਾਵੀਂ ਹੋ ਗਈ ਹੈ। ਰੂਸ-ਯੂਕਰੇਨ ਯੁੱਧ ਕਾਰਨ ਕੱਚੇ ਤੇਲ ਦੀਆਂ ਤੇਜ਼ੀ ਨਾਲ ਵਧਦੀਆਂ ਕੀਮਤਾਂ ਰੂਸ ਅਤੇ ਯੂਕਰੇਨ ਤੋਂ ਦੁਨੀਆ ਦੇ ਦੂਜੇ ਮੁਲਕਾਂ ਨੂੰ ਖਾਧ ਪਦਾਰਥਾਂ ਦੀ ਪੂਰਤੀ ਵਿਚ ਵੱਡੀ ਕਮੀ ਕਾਰਨ ਇਨ੍ਹਾਂ ਦੀਆਂ ਕੀਮਤਾਂ ਵਿਚ ਬਹੁਤ ਤੇਜ਼ੀ ਨਾਲ ਵਾਧਾ ਹੋਇਆ ਹੈ।

ਦੁਨੀਆ ਦੇ ਡਗਮਗਾ ਰਹੇ ਅਰਥਚਾਰਿਆਂ ਨੂੰ ਲੀਹ ਉੱਤੇ ਲਿਆਉਣ ਅਤੇ ਕਿਰਤੀਆਂ ਦੇ ਜੀਵਨ-ਪੱਧਰ ਨੂੰ ਉੱਚਾ ਚੁੱਕਣ ਲਈ ਸਾਰਥਿਕ ਹੱਲ ਸੁਝਾਉਣ ਤੋਂ ਪਹਿਲਾਂ ਪਿਛਲੀਆਂ ਤਿੰਨ-ਚਾਰ ਸਦੀਆਂ ਦੌਰਾਨ ਦਿੱਤੀਆਂ ਗਈਆਂ ਵੱਖ ਵੱਖ ਆਰਥਿਕ ਵਿਚਾਰਧਾਰਾਵਾਂ ਅਤੇ ਵਾਪਰੀਆਂ ਘਟਨਾਵਾਂ ਬਾਰੇ ਜ਼ਿਕਰ ਕਰਨਾ ਬਹੁਤ ਜ਼ਰੂਰੀ ਹੈ। ਕਲਾਸੀਕਲ ਅਰਥਵਿਗਿਆਨੀਆਂ ਦਾ ਜੇ.ਬੀ. ਸੇਅ ਦੇ 'ਮੰਡੀ ਦੇ ਸਿਧਾਂਤ' ਵਿਚ ਪੱਕਾ ਵਿਸ਼ਵਾਸ ਸੀ। ਇਸ ਸਿਧਾਂਤ ਅਨੁਸਾਰ ਪੂਰਤੀ ਆਪਣੀ ਮੰਗ ਆਪ ਪੈਦਾ ਕਰਦੀ ਹੈ। ਇਸ ਦੇ ਨਤੀਜੇ ਵਜੋਂ ਨਾ ਤਾਂ ਲੋੜ ਤੋਂ ਵੱਧ ਉਤਪਾਦਨ ਅਤੇ ਨਾ ਹੀ ਵੱਡੇ ਪੱਧਰ ਉੱਪਰ ਬੇਰੁਜ਼ਗਾਰੀ ਹੁੰਦੀ ਹੈ। ਇਨ੍ਹਾਂ ਅਰਥਵਿਗਿਆਨੀਆਂ ਅਨੁਸਾਰ ਮੰਡੀ ਹੀ ਸਾਰੀਆਂ ਆਰਥਿਕ ਸਮੱਸਿਆਵਾਂ ਦਾ ਹੱਲ ਹੈ। ਇਨ੍ਹਾਂ ਅਰਥਵਿਗਿਆਨੀਆਂ ਨੇ 'ਲੈਸਿਜ ਫੇਅਰ ਪਾਲਿਸੀ' ਨੂੰ ਪ੍ਰਮੁੱਖ ਥਾਂ ਦਿੱਤੀ ਜਿਸ ਅਨੁਸਾਰ ਸਰਕਾਰ ਨੂੰ ਆਰਥਿਕ ਕਿਰਿਆਵਾਂ ਵਿਚ ਦਖ਼ਲ ਨਹੀਂ ਦੇਣਾ ਚਾਹੀਦਾ। ਕਲਾਸੀਕਲ ਅਰਥਵਿਗਿਆਨੀਆਂ ਦੀ ਇਹ ਵਿਚਾਰਧਾਰਾ ਕੁਝ ਸਮੇਂ ਦੌਰਾਨ ਠੀਕ ਪ੍ਰਤੀਤ ਹੁੰਦੀ ਰਹੀ, ਪਰ ਇਸ ਵਿਚਾਰਧਾਰਾ ਦੇ ਸਹੀ ਨਾ ਹੋਣ ਕਾਰਨ ਸਮਾਂ ਬੀਤਣ ਨਾਲ ਇਸ ਦੀ ਆਲੋਚਨਾ ਹੋਣ ਲੱਗੀ। ਵੀਹਵੀਂ ਸਦੀ ਦੇ ਸ਼ੁਰੂ ਵਿਚ 'ਮੰਡੀ ਦੇ ਸਿਧਾਂਤ' ਦੇ ਉਲਟ ਨਤੀਜੇ ਆਉਣੇ ਸ਼ੁਰੂ ਹੋ ਗਏ। 1930ਵਿਆਂ (1929-34) ਦੀ ਮਹਾਂਮੰਦੀ ਨੇ 'ਮੰਡੀ ਦੇ ਸਿਧਾਂਤ' ਨੂੰ ਬਿਲਕੁਲ ਗ਼ਲਤ ਸਿੱਧ ਕਰ ਦਿੱਤਾ। ਇਸ ਸਮੇਂ ਦੌਰਾਨ ਸਮਾਜਵਾਦੀ ਮੁਲਕਾਂ ਨੂੰ ਛੱਡ ਕੇ ਦੁਨੀਆ ਦੇ ਬਹੁਤ ਮੁਲਕਾਂ ਵਿਚ ਵਸਤਾਂ ਦੇ ਢੇਰ ਲੱਗੇ ਗਏ, ਪਰ ਉਨ੍ਹਾਂ ਨੂੰ ਖ਼ਰੀਦਣ ਵਾਲੇ ਨਹੀਂ ਸਨ ਅਤੇ ਬੇਰੁਜ਼ਗਾਰੀ ਵੱਡੇ ਪੱਧਰ ਉੱਤੇ ਸੀ। ਮਹਾਂਮੰਦੀ ਉੱਤੇ ਕਾਬੂ ਪਾਉਣ ਲਈ ਬਹੁਤ ਅਰਥਵਿਗਿਆਨੀਆਂ ਨੇ ਖੋਜ ਕਾਰਜ ਕਰਕੇ ਆਪਣੇ ਵਿਚਾਰ ਦਿੱਤੇ। ਇਨ੍ਹਾਂ ਖੋਜ ਕਾਰਜਾਂ ਵਿਚੋਂ ਅਰਥਵਿਗਿਆਨੀ ਜੇ.ਐੱਮ. ਕੇਨਜ਼ ਦਾ ਖੋਜ ਕਾਰਜ ਬਹੁਤ ਜ਼ਿਆਦਾ ਮਕਬੂਲ ਹੋਇਆ ਜਿਸ ਨੂੰ ਕੇਨਜ਼ ਨੇ 1936 ਵਿਚ ਆਪਣੀ ਪੁਸਤਕ 'ਦਿ ਜਨਰਲ ਥਿਊਰੀ ਆਫ਼ ਇੰਪਲਾਇਮੈਂਟ, ਇੰਟਰੈਸਟ, ਐਂਡ ਮਨੀ' ਵਿਚ ਵਿਸਥਾਰਤ ਰੂਪ ਵਿਚ ਪੇਸ਼ ਕੀਤਾ ਸੀ। ਕੇਨਜ਼ ਨੇ ਮਹਾਂਮੰਦੀ ਦੇ ਕਾਰਨ ਨੂੰ ਕੁੱਲ ਪੂਰਤੀ ਦੇ ਮੁਕਾਬਲੇ ਵਿਚ ਕੁੱਲ ਮੰਗ ਦੇ ਘੱਟ ਹੋਣ ਦੇ ਰੂਪ ਵਿਚ ਸਾਹਮਣੇ ਲਿਆਂਦਾ। ਜਿੱਥੇ ਕੇਨਜ਼ ਨੇ ਸਪੱਸ਼ਟ ਤੌਰ ਉੱਤੇ 1930ਵਿਆਂ ਦੀ ਮਹਾਂਮੰਦੀ ਦੇ ਕਾਰਨਾਂ ਨੂੰ ਸਾਹਮਣੇ ਲਿਆਂਦਾ, ਉੱਥੇ ਉਸ ਨੇ ਇਸ ਮਹਾਂਮੰਦੀ ਨੂੰ ਹੱਲ ਕਰਨ ਲਈ ਸਾਰਥਿਕ ਸੁਝਾਅ ਦਿੱਤੇ ਜਿਨ੍ਹਾਂ ਨੂੰ ਵੱਖ ਵੱਖ ਮੁਲਕਾਂ ਦੀਆਂ ਸਰਕਾਰਾਂ ਨੇ ਅਪਣਾ ਕੇ ਇਸ ਸਮੱਸਿਆ ਤੋਂ ਨਿਜਾਤ ਪਾਈ। ਕੇਨਜ਼ ਨੇ ਕੁੱਲ ਮੰਗ ਨੂੰ ਵਧਾਉਣ ਲਈ ਬੁਨਿਆਦੀ ਢਾਂਚੇ ਵਿਚ ਸਰਕਾਰੀ ਨਿਵੇਸ਼ ਉੱਪਰ ਜ਼ੋਰ ਦਿੰਦੇ ਹੋਏ ਅਰਥਚਾਰੇ ਵਿਚ ਮੁਦਰਾ ਦੀ ਪੂਰਤੀ ਨੂੰ ਵਧਾਉਣ ਲਈ ਇਹ ਸੁਝਾਅ ਵੀ ਦਿੱਤਾ ਕਿ ਸਰਕਾਰ ਉਨ੍ਹਾਂ ਕਿਰਤੀਆਂ ਨੂੰ ਰੁਜ਼ਗਾਰ ਦੇਵੇ ਜਿਹੜੇ ਕੋਈ ਵੀ ਕੰਮ ਕਰਨ ਲਈ ਤਿਆਰ ਹੋਣ ਭਾਵੇਂ ਉਹ ਕੰਮ ਅਣ-ਆਰਥਿਕ ਹੀ ਕਿਉਂ ਨਾ ਹੋਵੇ ਜਿਵੇਂ ਸੜਕਾਂ/ਨਹਿਰਾਂ ਦੇ ਕਿਨਾਰਿਆਂ ਉੱਪਰ ਟੋਏ ਪੁੱਟਣੇ ਅਤੇ ਉਨ੍ਹਾਂ ਨੂੰ ਬੰਦ ਕਰਨਾ। ਕੇਨਜ਼ ਦੇ ਅਜਿਹੇ ਵਿਚਾਰ ਪਿੱਛੇ ਇਹ ਦਲੀਲ ਸੀ ਕਿ ਇਨ੍ਹਾਂ ਕਿਰਤੀਆਂ ਨੂੰ ਜਿੰਨੀਆਂ ਉਜਰਤਾਂ ਦਿੱਤੀਆਂ ਜਾਣਗੀਆਂ ਉਹ ਸਾਰੀਆਂ ਨੂੰ ਖ਼ਰਚ ਕਰ ਦੇਣਗੇ। 1930ਵਿਆਂ ਦੀ ਮਹਾਂਮੰਦੀ ਉੱਪਰ ਕਾਬੂ ਪਾਉਣ ਲਈ ਵੱਖ ਵੱਖ ਮੁਲਕਾਂ ਦੀਆਂ ਸਰਕਾਰਾਂ ਨੇ ਬੁਨਿਆਦੀ ਢਾਂਚੇ ਵਿਚ ਨਿਵੇਸ਼ ਕਰਦੇ ਹੋਏ ਆਮ ਕਿਰਤੀਆਂ ਨੂੰ ਰੁਜ਼ਗਾਰ ਦਿੱਤਾ। ਕੇਨਜ਼ ਦੇ ਸੁਝਾਵਾਂ ਨੂੰ ਅਮਲ ਵਿਚ ਲਿਆਉਣ ਕਾਰਨ ਮਿਸ਼ਰਤ ਅਰਥਚਾਰੇ ਹੋਂਦ ਵਿਚ ਆਏ ਜਿਨ੍ਹਾਂ ਵਿਚ ਜਨਤਕ ਖੇਤਰ ਦੇ ਅਦਾਰਿਆਂ ਨੂੰ ਤਰਜੀਹ ਦਿੱਤੀ ਗਈ ਅਤੇ ਨਿੱਜੀ ਖੇਤਰ ਦੇ ਅਦਾਰਿਆਂ ਦੀ ਨਿਗਰਾਨੀ ਅਤੇ ਨਿਯੰਤਰਨ ਯਕੀਨੀ ਬਣਾਇਆ ਗਿਆ। ਅਜਿਹੇ ਅਰਥਚਾਰਿਆਂ ਵਿਚ ਰੁਜ਼ਗਾਰ ਵਿਚ ਵਾਧਾ ਕੀਤੇ ਜਾਣ ਦੇ ਨਾਲ ਨਾਲ ਆਮ ਲੋਕਾਂ ਲਈ ਸਮਾਜਿਕ ਸੁਰੱਖਿਆ ਨੂੰ ਯਕੀਨੀ ਬਣਾਇਆ ਗਿਆ। ਕੇਨਜ਼ ਦੁਆਰਾ ਦਿੱਤੇ ਗਏ ਵਿਚਾਰਾਂ ਨੂੰ ਅਮਲ ਵਿਚ ਲਿਆਉਣ ਸਦਕਾ 1930ਵਿਆਂ ਦੀ ਮਹਾਂਮੰਦੀ ਉੱਪਰ ਕਾਬੂ ਪਾਏ ਜਾਣ ਕਾਰਨ ਉਸ ਨੂੰ 20ਵੀਂ ਸਦੀ ਦਾ ਸਰਵੋਤਮ ਅਰਥਵਿਗਿਆਨੀ ਮੰਨਿਆ ਗਿਆ।

ਸਮੇਂ ਦੇ ਬੀਤਣ ਨਾਲ ਸਰਮਾਏਦਾਰੀ ਆਰਥਿਕ ਪ੍ਰਬੰਧ ਸਿਰਫ਼ ਮੁੜ-ਸੁਰਜੀਤ ਹੀ ਨਹੀਂ ਹੋਇਆ ਸਗੋਂ ਦੁਨੀਆ ਦੇ ਬਹੁਤ ਜ਼ਿਆਦਾ ਮੁਲਕਾਂ ਦੇ ਅਰਥਚਾਰਿਆਂ ਨੂੰ ਕੰਟਰੋਲ ਕਰਨ ਲਈ ਕਾਰਪੋਰੇਟ ਜਗਤ ਨੂੰ ਅੱਗੇ ਲਿਆਂਦਾ ਗਿਆ। ਸਰਮਾਏਦਾਰ/ ਕਾਰਪੋਰੇਟ ਜਗਤ ਨੂੰ ਅੱਗੇ ਲਿਆਉਣ ਵਿਚ ਮਿਲਅਨ ਫਰਾਇਡਮੈਨ (1912-2006) ਨੇ ਅਹਿਮ ਭੂਮਿਕਾ ਨਿਭਾਈ। ਸਰਮਾਏਦਾਰ/ ਕਾਰਪੋਰੇਟ ਜਗਤ ਨੂੰ ਪ੍ਰਫੁੱਲਿਤ ਕਰਨ ਵਿਚ ਸਿਆਸੀ ਖੇਤਰ ਵਿਚੋਂ 1980ਵਿਆਂ ਵਿਚ ਉਸ ਸਮੇਂ ਅਮਰੀਕਾ ਦੇ ਰਾਸ਼ਟਰਪਤੀ ਰੋਨਲਡ ਰੀਗਨ ਅਤੇ ਬਰਤਾਨੀਆਂ ਦੀ ਪ੍ਰਧਾਨ ਮੰਤਰੀ ਮਾਰਗ੍ਰੇਟ ਥੈਚਰ ਨੇ ਸਰਮਾਏਦਾਰ/ਕਾਰਪੋਰੇਟ ਜਗਤ ਉੱਪਰ ਕਰਾਂ ਦੀਆਂ ਦਰਾਂ ਘਟਾਕੇ ਅਤੇ ਹੋਰ ਅਨੇਕਾਂ ਰਿਆਇਤਾਂ ਦੇ ਕੇ ਅਹਿਮ ਯੋਗਦਾਨ ਪਾਇਆ।

1930ਵਿਆਂ ਦੀ ਮਹਾਂਮੰਦੀ ਤੋਂ ਬਾਅਦ ਵੱਖ ਵੱਖ ਮੁਲਕਾਂ ਦੇ ਅਰਥਚਾਰਿਆਂ ਨੂੰ ਵਾਰ ਵਾਰ ਹਲੂਣੇ ਆਉਂਦੇ ਰਹੇ। 2008 ਦੀ ਆਰਥਿਕ ਮੰਦੀ ਨੇ ਤਾਂ ਦੁਨੀਆ ਦੇ ਬਹੁਤ ਜ਼ਿਆਦਾ ਮੁਲਕਾਂ ਨੂੰ ਝੰਜੋੜ ਕੇ ਰੱਖ ਦਿੱਤਾ। ਔਕਸਫੈਮ ਅਤੇ ਹੋਰ ਕੌਮਾਂਤਰੀ ਸੰਸਥਾਵਾਂ ਵੱਲੋਂ ਆਰਥਿਕ ਅਸਮਾਨਤਾਵਾਂ ਬਾਰੇ ਸਮੇਂ ਸਮੇਂ ਉੱਪਰ ਜਾਰੀ ਕੀਤੀਆਂ ਜਾਂਦੀਆਂ ਰਿਪੋਰਟਾਂ ਇਹ ਤੱਥ ਸਾਹਮਣੇ ਲਿਆ ਰਹੀਆਂ ਹਨ ਕਿ ਅਮੀਰ ਅਤੇ ਗ਼ਰੀਬ ਮੁਲਕਾਂ ਅਤੇ ਅਮੀਰ ਅਤੇ ਗ਼ਰੀਬ ਲੋਕਾਂ ਵਿਚਕਾਰ ਆਰਥਿਕ ਪਾੜੇ ਲਗਾਤਾਰ ਵਧ ਰਹੇ ਹਨ। ਸੰਸਾਰੀਕਰਨ ਦੀ ਪ੍ਰਕਿਰਿਆ ਸ਼ੁਰੂ ਕਰਨ ਮੌਕੇ ਇਹ ਦਲੀਲ ਦਿੱਤੀ ਗਈ ਸੀ ਕਿ ਸੰਸਾਰੀਕਰਨ ਹੋਣ ਨਾਲ ਅਜਿਹੇ ਆਰਥਿਕ ਪਾੜੇ ਘਟਣਗੇ ਕਿਉਂਕਿ ਦੁਨੀਆ ਦੇ ਵੱਖ-ਵੱਖ ਮੁਲਕਾਂ ਵਿਚ ਬਣਾਈਆਂ ਗਈਆਂ ਵਸਤਾਂ ਉੱਪਰ ਸਬਸਿਡੀਆਂ ਘਟਾਉਣ ਦਾ ਫਾਇਦਾ ਸਾਰੇ ਮੁਲਕਾਂ ਦੇ ਲੋਕਾਂ ਨੂੰ ਹੋਵੇਗਾ। ਅਧਿਐਨਾਂ ਤੋਂ ਇਹ ਹਕੀਕਤ ਸਾਹਮਣੇ ਆਈ ਹੈ ਕਿ ਵਿਕਸਤ ਮੁਲਕ ਆਪਣੇ ਕਾਰੋਬਾਰੀਆਂ ਨੂੰ ਭਾਰੀ ਮਾਤਰਾ ਵਿਚ ਸਬਸਿਡੀਆਂ ਦੇ ਕੇ ਵਿਕਾਸਸ਼ੀਲ ਮੁਲਕਾਂ ਦੇ ਅਰਥਚਾਰਿਆਂ ਨੂੰ ਢਾਹ ਲਾ ਰਹੇ ਹਨ। ਸੰਸਾਰੀਕਰਨ ਦਾ ਮੁੱਖ ਫਾਇਦਾ ਪੂੰਜੀਪਤੀਆਂ ਨੂੰ ਹੋਇਆ ਹੈ ਅਤੇ ਕਿਰਤੀਆਂ ਨੂੰ ਇਸ ਤੋਂ ਬਾਂਝੇ ਰੱਖਿਆ ਗਿਆ।

1947 ਵਿਚ ਭਾਰਤ ਦੇ ਆਜ਼ਾਦ ਹੋਣ ਤੋਂ ਬਾਅਦ 1950 ਵਿਚ ਯੋਜਨਾ ਕਮਿਸ਼ਨ ਦੀ ਸਥਾਪਤੀ ਕੀਤੀ ਗਈ। ਭਾਰਤ ਵਿਚ 1951 ਤੋਂ ਪੰਜ ਸਾਲਾਂ ਯੋਜਨਾਵਾਂ ਸ਼ੁਰੂ ਕੀਤੀਆਂ ਗਈਆਂ। ਇਨ੍ਹਾਂ ਯੋਜਨਾਵਾਂ ਦੀਆਂ ਤਰਜੀਹਾਂ ਕਾਰਨ ਮੁਲਕ ਵਿਚ ਮਿਸ਼ਰਤ ਅਰਥਚਾਰਾ ਹੋਂਦ ਵਿਚ ਆਇਆ ਜਿਸ ਵਿਚ ਜਨਤਕ ਖੇਤਰ ਦੇ ਅਦਾਰੇ ਹੋਂਦ ਵਿਚ ਆਏ ਅਤੇ ਉਨ੍ਹਾਂ ਦਾ ਵਿਸਥਾਰ ਕੀਤਾ ਗਿਆ ਅਤੇ ਨਿੱਜੀ ਖੇਤਰ ਦੇ ਅਦਾਰਿਆਂ ਉੱਪਰ ਨਿਯੰਤਰਨ ਅਤੇ ਨਿਗਰਾਨੀ ਨੂੰ ਯਕੀਨੀ ਬਣਾਇਆ ਗਿਆ। ਭਾਰਤ ਵਿਚ 1951-80 ਦੇ ਸਮੇਂ ਨੂੰ ਯੋਜਨਾਬੰਦੀ ਦੀ ਅਵਧੀ ਮੰਨਿਆ ਜਾਂਦਾ ਹੈ। ਇਸ ਦੌਰਾਨ ਮੁਲਕ ਵਿਚ ਜਨਤਕ ਖੇਤਰ ਦੇ ਅਦਾਰਿਆਂ ਵਿਚ ਆਮ ਲੋਕਾਂ ਨੂੰ ਰੁਜ਼ਗਾਰ ਮਿਲਿਆ ਜਿਸ ਸਦਕਾ ਇਸ ਖੇਤਰ ਵਿਚ ਕੰਮ ਕਰਨ ਵਾਲੇ ਕਿਰਤੀਆਂ ਨੂੰ ਚੰਗੀਆਂ ਤਨਖਾਹਾਂ, ਭੱਤੇ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਮਿਲੀਆਂ ਜਿਸ ਕਾਰਨ ਉਨ੍ਹਾਂ ਦਾ ਜੀਵਨ-ਪੱਧਰ ਉੱਚਾ ਹੋਇਆ। ਇਨ੍ਹਾਂ ਜਨਤਕ ਅਦਾਰਿਆਂ ਦਾ ਮੁੱਖ ਉਦੇਸ਼ ਲੋਕਾਂ ਦਾ ਕਲਿਆਣ ਸੀ। ਇਸ ਦੌਰਾਨ ਹੀ ਮੁਲਕ ਦੇ ਨਿੱਜੀ ਅਦਾਰਿਆਂ ਉੱਪਰ ਕੀਤੇ ਗਏ ਨਿਯੰਤਰਣ ਅਤੇ ਨਿਗਰਾਨੀ ਨੇ ਇਨ੍ਹਾਂ ਅਦਾਰਿਆਂ ਦੁਆਰਾ ਕਮਾਏ ਜਾਣ ਵਾਲੇ ਨਫ਼ਿਆਂ ਨੂੰ ਬੇਲੋੜੇ ਵਧਣ ਤੋਂ ਰੋਕਣ ਵਿਚ ਮਦਦ ਕੀਤੀ। ਮੁਲਕ ਵਿਚ ਕੀਤੇ ਗਏ ਖੋਜ ਅਧਿਐਨ ਇਹ ਤੱਥ ਸਾਹਮਣੇ ਲਿਆਏ ਕਿ ਯੋਜਨਾਬੰਦੀ ਦੀ ਅਵਧੀ ਦੌਰਾਨ ਅਮੀਰਾਂ ਅਤੇ ਗ਼ਰੀਬਾਂ ਵਿਚਕਾਰ ਆਰਥਿਕ ਪਾੜੇ ਘਟੇ। 1980 ਤੋਂ ਬਾਅਦ ਯੋਜਨਾਬੰਦੀ ਨੂੰ ਪੁੱਠੇ ਗੇਅਰ ਵਿਚ ਪਾ ਦਿੱਤਾ। 1991 ਤੋਂ ਮੁਲਕ ਵਿਚ ਉਦਾਰੀਕਰਨ, ਨਿੱਜੀਕਰਨ ਅਤੇ ਸੰਸਾਰੀਕਰਨ ਦੀਆਂ 'ਨਵੀਆਂ ਆਰਥਿਕ ਨੀਤੀਆਂ' ਸ਼ੁਰੂ ਕੀਤੀਆਂ ਗਈਆਂ ਜਿਸ ਕਾਰਨ ਮੁਲਕ ਦੇ ਅਰਥਚਾਰੇ ਉੱਪਰ ਸਰਮਾਏਦਾਰ/ਕਾਰਪੋਰੇਟ ਜਗਤ ਭਾਰੂ ਹੋਣ ਲੱਗਿਆ ਜੋ ਲਗਾਤਾਰ ਜਾਰੀ ਹੈ।

ਵਰਤਮਾਨ ਸਮੇਂ ਦੌਰਾਨ ਕੁਝ ਵਿਕਾਸਸ਼ੀਲ ਮੁਲਕਾਂ ਦੇ ਅਰਥਚਾਰੇ ਡਗਮਗਾ ਰਹੇ ਹਨ ਅਤੇ ਹੋਰਨਾਂ ਦੇ ਡਗਮਗਾਉਣ ਦੀਆਂ ਭਵਿੱਖਬਾਣੀਆਂ ਸਾਹਮਣੇ ਆ ਰਹੀਆਂ ਹਨ। ਦੁਨੀਆ ਦੇ ਕੁਝ ਵਿਕਸਤ ਮੁਲਕਾਂ ਦੇ ਅਰਥਚਾਰਿਆ ਵਿਚ ਮੰਦੀ ਆਉਣ ਦਾ ਡਰ ਪ੍ਰਗਟ ਕੀਤਾ ਜਾ ਰਿਹਾ ਹੈ। ਦੁਨੀਆ ਦੇ ਡਗਮਗਾ ਰਹੇ ਅਰਥਚਾਰਿਆਂ ਨੂੰ ਬਚਾਉਣ ਅਤੇ ਆਮ ਲੋਕਾਂ ਦੀ ਜ਼ਿੰਦਗੀ ਨੂੰ ਬਿਹਤਰ ਬਣਾਉਣ ਲਈ ਅਰਥਵਿਗਿਆਨੀ ਕੇਨਜ਼ ਦੁਆਰਾ ਦਿੱਤੀ ਗਈ ਵਿਚਾਰਧਾਰਾ ਨੂੰ ਅਪਣਾਉਣ ਅਤੇ ਮਿਸ਼ਰਤ ਅਰਥਚਾਰੇ ਹੋਂਦ ਵਿਚ ਲਿਆਉਣ ਦੀ ਜ਼ਰੂਰਤ ਹੈ। ਸ਼ੁਰੂ ਵਿਚ ਵਿੱਦਿਅਕ, ਸਿਹਤ-ਸੰਭਾਲ, ਜ਼ਿੰਦਗੀ ਦੀਆਂ ਮੁੱਢਲੀਆਂ ਲੋੜਾਂ ਨੂੰ ਪੂਰੇ ਕਰਨ ਵਾਲੇ ਅਦਾਰਿਆਂ ਨੂੰ ਜਨਤਕ ਖੇਤਰ ਵਿਚ ਲਿਆ ਕੇ ਆਮ ਲੋਕਾਂ ਦਾ ਭਲਾ ਕੀਤਾ ਜਾ ਸਕਦਾ ਜੋ ਉਨ੍ਹਾਂ ਦੀ ਆਮਦਨ ਵਿਚ ਵਾਧਾ ਕਰੇਗਾ ਜਿਸ ਨਾਲ ਕੁੱਲ ਮੰਗ ਨੂੰ ਗਿਰਨ ਤੋਂ ਬਚਾਇਆ ਜਾ ਸਕੇਗਾ। ਇਸ ਦੇ ਨਾਲ ਨਾਲ ਸਰਮਾਏਦਾਰ/ਕਾਰਪੋਰੇਟ ਜਗਤ ਦੇ ਨਫ਼ਿਆਂ ਉੱਤੇ ਕਰ ਵਧਾਉਣ ਦੀ ਸਖ਼ਤ ਜ਼ਰੂਰਤ ਹੈ।

# ਸੋਚਣ ਵਾਲੀ ਮਸ਼ੀਨ ਤੋਂ ਮਨੁੱਖ ਨੂੰ ਖ਼ਤਰਾ, ਕਿਤੇ ਕਠਪੁਤਲੀ ਨਾ ਬਣ ਜਾਵੇ ਮਨੁੱਖ

## ਸਟੀਫਨ ਹਾਕਿੰਗ ਐਲੋਨ ਮਸਕ ਤੇ ਬਿਲ ਗੇਟਸ ਨੇ ਕਿਹਾ ਮਨੁੱਖ ਲਈ ਖਤਰਾ ਖੜਾ ਹੋਵੇਗਾ

**ਦਿੱਲੀ/ਏ.ਟੀ.ਨਿਊਜ਼ :-** ਹਾਲ ਹੀ ਵਿਚ ਗੂਗਲ ਦੀ ਆਰਟੀਫੀਸ਼ੀਅਲ ਇੰਟੈਲੀਜੈਂਸ ਡਿਵੈਲਪਮੈਂਟ ਟੀਮ ਦੇ ਸੀਨੀਅਰ ਸਾਫਟਵੇਅਰ ਇੰਜੀਨੀਅਰ ਬਲੇਕ ਲੈਮੋਇਨ ਦੇ ਦਾਅਵੇ ਤੋਂ ਬਾਅਦ ਤਕਨੀਕੀ ਦੁਨੀਆ ਵਿਚ ਹਲਚਲ ਮਚ ਗਈ ਹੈ। ਉਸ ਨੇ ਦਾਅਵਾ ਕੀਤਾ ਹੈ ਕਿ ਆਰਟੀਫੀਸ਼ੀਅਲ ਇੰਟੈਲੀਜੈਂਸ ਸੰਵੇਦਨਸ਼ੀਲ ਹੋ ਗਿਆ ਹੈ। ਬਲੇਕ ਲੈਮੋਇਨ ਦੇ ਅਨੁਸਾਰ, ਉਹ ਜਿਸ ਏਆਈ ਚੈਟਬੋਟ 'ਲਾਮਡਾ' 'ਤੇ ਕੰਮ ਕਰ ਰਿਹਾ ਸੀ, ਉਸ ਵਿੱਚ ਚੇਤਨਾ ਹੈ। ਹਾਲਾਂਕਿ, ਗੂਗਲ ਨੇ ਆਪਣੇ ਇੰਜੀਨੀਅਰ ਨੂੰ ਤੀਜੀ ਧਿਰ ਨਾਲ ਕੰਪਨੀ ਦੇ ਪ੍ਰੋਜੈਕਟ ਬਾਰੇ ਗੁਪਤ ਜਾਣਕਾਰੀ ਸਾਂਝੀ ਕਰਨ ਦਾ ਦੋਸ਼ ਲਗਾਉਂਦੇ ਹੋਏ ਮੁਅੱਤਲ ਕਰ ਦਿੱਤਾ ਹੈ। ਇਸ ਐਪੀਸੋਡ ਤੋਂ ਇੱਕ ਵੱਡਾ ਸਵਾਲ ਉੱਠਿਆ ਹੈ ਕਿ ਕੀ 19 ਦੇ ਖੇਤਰ ਵਿੱਚ ਇਸ ਸਮੇਂ ਅਜਿਹਾ ਕੁਝ ਹੋ ਰਿਹਾ ਹੈ ਜਿਸ ਨੂੰ ਗੂਗਲ ਵਰਗਾ ਦਿੱਗਜ ਵੀ ਲੁਕਾਉਣ ਦੀ ਕੋਸ਼ਿਸ਼ ਕਰ ਰਿਹਾ ਹੈ।

ਏਆਈ ਨਾਲ ਲੈਸ ਕੰਪਿਊਟਰਾਂ ਨੇ ਅੱਜ ਸਾਡੀ ਦੁਨੀਆ ਵਿੱਚ ਇੰਨੀ ਡੂੰਘੀ ਪ੍ਰਵੇਸ਼ ਕਰ ਲਿਆ ਹੈ ਕਿ ਬਹੁਤ ਸਾਰੇ ਮੁਸ਼ਕਲ ਅਤੇ ਜੋਖਮ ਭਰੇ ਕੰਮ ਉਨ੍ਹਾਂ ਦੀ ਮਦਦ ਤੋਂ ਬਿਨਾਂ



ਸੰਭਵ ਨਹੀਂ ਹਨ। ਅਸੀਂ ਹਮੇਸ਼ਾ ਇਹ ਖਤਰਾ ਮਹਿਸੂਸ ਕੀਤਾ ਹੈ ਕਿ ਕਦੇ-ਕਦਾਈਂ ਵਧਦੀ ਤਕਨਾਲੋਜੀ ਕਾਰਨ ਕੰਪਿਊਟਰ ਇੰਨੇ ਬੁੱਧੀਮਾਨ ਨਾ ਬਣ ਜਾਣ ਕਿ ਉਹ ਮਨੁੱਖ ਨੂੰ ਪਿੱਛੇ ਛੱਡ ਦੇਣ ਅਤੇ ਮਸ਼ੀਨੀ ਯੁੱਗ ਵਿਚ ਅਸੀਂ ਕਠਪੁਤਲੀਆਂ ਬਣ ਕੇ ਰਹਿ ਜਾਈਏ।

ਸਟੀਫਨ ਹਾਕਿੰਗ ਅਤੇ ਸੁੰਦਰ ਪਿਚਾਈ ਦੇ ਨਾਲ-ਨਾਲ ਐਲੋਨ ਮਸਕ ਅਤੇ ਬਿਲ ਗੇਟਸ ਵਰਗੇ ਮਾਹਰ ਇਸ ਸਵਾਲ 'ਤੇ ਆਪਣੀ ਰਾਏ ਜ਼ਾਹਰ ਕਰਦੇ ਰਹੇ ਹਨ। ਇਨ੍ਹਾਂ ਸਾਰਿਆਂ ਦਾ ਮੰਨਣਾ ਹੈ ਕਿ ਦੁਨੀਆਂ ਵਿੱਚ ਇੱਕ ਸਮਾਂ ਅਜਿਹਾ ਆਵੇਗਾ ਜਦੋਂ ਕਿਸੇ ਮਸ਼ੀਨ ਨੂੰ ਮਨੁੱਖਾਂ ਤੋਂ ਹੁਕਮ ਲੈਣ ਦੀ ਲੋੜ ਨਹੀਂ ਪਵੇਗੀ। ਵਰਤਮਾਨ ਵਿੱਚ, 19 ਦੇ ਖੇਤਰ ਵਿੱਚ ਖੋਜ ਦਾ ਉਦੇਸ਼ ਮਸ਼ੀਨਾਂ ਨੂੰ ਇਸ ਤਰੀਕੇ ਨਾਲ ਵਿਕਸਿਤ ਕਰਨਾ ਹੈ ਕਿ ਉਹ ਹਾਲਾਤਾਂ ਦੇ ਅਨੁਸਾਰ, ਉਹ ਖੁਦ ਫੈਸਲਾ ਕਰ ਸਕਣ ਕਿ ਅੱਗੇ ਕੀ ਕਰਨਾ ਹੈ। ਜੇਕਰ ਅਜਿਹਾ ਹੁੰਦਾ ਹੈ ਤਾਂ ਇਨਸਾਨਾਂ ਦੀ ਹੁਣ ਲੋੜ ਨਹੀਂ ਰਹੇਗੀ, ਅਸੀਂ ਅਪ੍ਰਸੰਗਿਕ ਹੋ ਜਾਵਾਂਗੇ। ਜੇ ਮਸ਼ੀਨਾਂ ਨੂੰ ਕੰਟਰੋਲ ਨਹੀਂ ਕੀਤਾ ਜਾ ਸਕਦਾ, ਤਾਂ ਉਹ ਮਨੁੱਖੀ ਤਬਾਹੀ ਦਾ ਕਾਰਨ ਵੀ ਬਣ ਸਕਦੀਆਂ ਹਨ।

ਲੇਖਕ ਮਾਰਟਿਨ ਫੋਰਡ ਆਪਣੀ ਇੱਕ ਕਿਤਾਬ 'ਰਾਈਜ਼ ਆਫ਼ ਰੋਬੋਟਸ : ਟੈਕਨਾਲੋਜੀ ਐਂਡ ਦਿ ਥਰੇਟ ਆਫ਼ ਜੌਬਲੈਸ ਫਿਊਚਰ' ਵਿੱਚ ਲਿਖਦਾ ਹੈ, 'ਏਆਈ ਨਾਲ ਲੈਸ ਰੋਬੋਟ, ਤਕਨਾਲੋਜੀ ਦਾ ਪ੍ਰਤੀਕ, ਆਉਣ ਵਾਲੇ ਸਮੇਂ ਵਿੱਚ ਆਮ ਨੌਕਰੀਆਂ ਸੰਭਾਲਣਗੇ। ਸਥਿਤੀ ਇਹ ਹੈ ਕਿ 21ਵੀਂ ਸਦੀ ਵਿੱਚ ਰੋਬੋਟਾਂ ਕਾਰਨ ਵਿਸ਼ਵੀਕਰਨ ਅਤੇ ਮਸ਼ੀਨੀਕਰਨ ਦੇ ਪਸਾਰ ਨਾਲ ਮਨੁੱਖ ਦੀ ਤਾਕਤ ਅਤੇ ਬੁੱਧੀ ਦੀ ਉੱਤਮਤਾ ਖਤਮ ਹੋਣ ਦਾ ਖ਼ਤਰਾ ਹੈ ਜੋ ਸਦੀਆਂ ਤੋਂ ਚਲੀ ਆ ਰਹੀ ਹੈ।

19 ਦੇ ਦਬਦਬੇ ਦਾ ਭਵਿੱਖ ਕੀ ਹੋਵੇਗਾ, ਇਸ ਦਾ ਜਵਾਬ ਭਵਿੱਖ ਦੀ ਕੁੱਖ ਵਿੱਚ ਪਿਆ ਹੈ। ਕਿਹਾ ਜਾਂਦਾ ਹੈ ਕਿ ਮਸ਼ੀਨ ਅਤੇ ਇਨਸਾਨ ਵਿਚ ਫਰਕ ਹੁਣ ਸਿਰਫ ਭਾਵਨਾਵਾਂ ਦਾ ਹੈ ਪਰ ਗੂਗਲ ਦੇ ਏਆਈ ਚੈਟਬੋਟ 'ਲਾਮਡਾ' ਨਾਲ ਜੁੜਿਆ ਇਕ ਤਾਜ਼ਾ ਐਪੀਸੋਡ ਇਸ ਫਰਕ ਨੂੰ ਧੁੰਦਲਾ ਕਰਦਾ ਜਾਪਦਾ ਹੈ, ਜਿਸ ਵਿਚ ਏਆਈ ਚੈਟਬੋਟ ਮਨੁੱਖ ਵਾਂਗ ਸੋਚਦਾ ਹੈ, ਬਲੇਕ ਲੈਮੋਇਨ ਨਾਲ ਗੱਲ ਕਰ ਰਿਹਾ ਸੀ।

ਅੰਮ੍ਰਿਤਸਰ ਟਾਈਮਜ਼ AMRITSAR TIMES

29 ਜੂਨ 2022 ਤੋਂ 05 ਜੁਲਾਈ 2022

# ਚੋਣਾਂ 'ਚ ਲੋਕਾਂ ਦਾ ਘਟਦਾ ਰੁਝਾਨ ਕੀ ਸੁਨੇਹਾ ਦੇ ਰਿਹਾ ਹੈ ?

ਹਾਲ ਹੀ ਵਿੱਚ ਲੋਕ ਸਭਾ ਹਲਕਾ ਸੰਗਰੂਰ ਦੀ ਜ਼ਿਮਨੀ ਚੋਣ ਹੋ ਕੇ ਹਟੀ ਹੈ ਜਿਸ ਵਿੱਚ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਉਮੀਦਵਾਰ ਸ. ਸਿਮਰਨਜੀਤ ਸਿੰਘ ਮਾਨ ਨੇ ਜਿੱਤ ਹਾਸਲ ਕੀਤੀ ਹੈ। ਕੁਝ ਮਹੀਨੇ ਪਹਿਲਾਂ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਆਮ ਆਦਮੀ ਪਾਰਟੀ ਬਹੁਤ ਵੱਡੇ ਫਰਕ ਨਾਲ ਜਿੱਤ ਪ੍ਰਾਪਤ ਕਰਕੇ ਪੰਜਾਬ ਦੀ ਸੱਤਾ 'ਤੇ ਕਾਬਜ਼ ਹੋਈ ਹੈ ਅਤੇ ਇੰਨੇ ਘੱਟ ਸਮੇਂ ਅੰਦਰ ਲੋਕਾਂ ਨੇ ਇਸ ਪਾਰਟੀ ਨੂੰ ਹਾਰ ਦਾ ਸਾਹਮਣਾ ਕਰਵਾ ਦਿੱਤਾ ਹੈ। ਜਿਕਰਯੋਗ ਹੈ ਕਿ ਫਰਵਰੀ 2022 ਵਿੱਚ ਹੋਈਆਂ ਵਿਧਾਨ ਸਭਾ ਚੋਣਾਂ ਦੌਰਾਨ ਭਗਵੰਤ ਮਾਨ ਵਿਧਾਨ ਸਭਾ ਹਲਕਾ ਧੂਰੀ ਤੋਂ ਜਿੱਤ ਗਏ ਸਨ ਜਿਸ ਕਰਕੇ ਉਹਨਾ ਨੇ ਸੰਗਰੂਰ ਲੋਕ ਸਭਾ ਸੀਟ ਤੋਂ ਅਸਤੀਫਾ ਦਿੱਤਾ ਅਤੇ ਇੱਥੇ ਲੋਕ ਸਭਾ ਦੀ ਜ਼ਿਮਨੀ ਚੋਣ ਹੋਈ।

ਇਹਨਾਂ ਚੋਣਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਬਾਦਲ ਜੋ ਬੰਦੀ ਸਿੰਘਾਂ ਦੇ ਮੁੱਦੇ 'ਤੇ ਚੋਣ ਲੜ ਰਿਹਾ ਸੀ ਉਹ ਭਾਜਪਾ ਦੇ ਬਰਾਬਰ ਵੋਟਾਂ ਵੀ ਹਾਸਲ ਨਾ ਕਰ ਸਕਿਆ। ਭਾਜਪਾ ਸ਼੍ਰੋਮਣੀ ਅਕਾਲੀ ਦਲ ਬਾਦਲ ਤੋਂ ਤਕਰੀਬਨ 20,000 ਵੋਟਾਂ ਵੱਧ ਲੈ ਕੇ ਗਈ ਹੈ। ਇਨਾਂ ਚੋਣਾਂ ਵਿੱਚ ਜਿੱਥੇ ਸ. ਸਿਮਰਨਜੀਤ ਸਿੰਘ ਮਾਨ ਦੀ ਜਿੱਤ ਅਤੇ ਆਮ ਆਦਮੀ ਪਾਰਟੀ ਦੀ ਹਾਰ ਧਿਆਨ ਖਿੱਚਦੀ ਹੈ ਉੱਥੇ ਭਾਜਪਾ ਦਾ ਵਧਦਾ ਵੋਟ ਪ੍ਰਤਿਸ਼ਤ ਵੀ ਧਿਆਨ ਮੰਗਦਾ ਹੈ। ਪਰ ਇਸ ਸਭ ਤੋਂ ਅਹਿਮ ਇਹ ਨੁਕਤਾ ਹੈ ਕਿ ਇਹਨਾਂ ਚੋਣਾਂ ਦੌਰਾਨ ਸਿਰਫ 45.3 ਫੀਸਦ ਵੋਟ ਹੀ ਭੁਗਤੀ ਹੈ ਜੋ ਕਿ ਪਿਛਲੇ ਲੰਮੇ ਸਮੇਂ ਤੋਂ ਪਹਿਲਾਂ ਕਦੀ ਵੀ ਨਹੀਂ ਹੋਇਆ। ਜਿਆਦਾ ਨਹੀਂ ਤਾਂ ਇਕੱਲੇ ਸੰਗਰੂਰ ਵਿੱਚ ਹੀ ਜੇਕਰ ਵੇਖੀਏ ਤਾਂ ਲੋਕ ਸਭਾ ਦੀਆਂ 1998 ਦੀਆਂ ਚੋਣਾਂ ਤੋਂ ਲੈ ਕੇ ਹੁਣ ਤੱਕ ਇਹਨੀ ਘੱਟ ਵੋਟ ਕਦੀ ਵੀ ਨਹੀਂ ਰਹੀ। ਇਹ ਗੱਲ ਠੀਕ ਹੈ ਕਿ ਹਰ ਵਾਰ ਥੋੜੀ ਬਹੁਤ ਵੋਟ ਫੀਸਦ ਘਟਦੀ ਹੈ ਪਰ ਇੰਨੀ ਜਿਆਦਾ ਘਟਨਾ ਜਰੂਰ ਵਿਚਾਰ ਦੀ ਮੰਗ ਕਰਦਾ ਹੈ। ਪੰਜਾਬ ਵਿੱਚ ਪਿਛਲੀਆਂ ਲੋਕ ਸਭਾ ਚੋਣਾਂ ਨਾਲੋਂ ਹੁਣ 27.1 ਫੀਸਦ ਘੱਟ ਵੋਟ ਭੁਗਤੀ ਹੈ ਜਿਸ ਵਿੱਚ ਐਤਕੀਂ ਸਭ ਤੋਂ ਵੱਧ ਧੂਰੀ ਹਲਕੇ ਵਿੱਚ ਵੋਟ ਵੱਧ ਪਈ ਪਰ ਓਹ ਵੀ ਸਿਰਫ 48.26 ਫੀਸਦ ਰਹੀ ਜਦਕਿ ਇਸ ਵਾਰ ਦੀਆਂ ਵਿਧਾਨ ਸਭਾ ਚੋਣਾਂ ਵਕਤ ਇਸ ਹਲਕੇ ਵਿੱਚ 77.32 ਫੀਸਦ ਵੋਟ ਪਈ ਸੀ। ਇਸੇ ਤਰਾਂ ਸਭ ਤੋਂ ਘੱਟ ਬਰਨਾਲਾ ਵਿੱਚ 41.43 ਫੀਸਦ ਜਦਕਿ ਵਿਧਾਨ ਸਭਾ ਵਕਤ ਇੱਥੇ 71.81 ਫੀਸਦ ਵੋਟ ਭੁਗਤੀ ਸੀ। ਇਸ ਤੋਂ ਇਲਾਵਾ ਲਹਿਰਾਗਾਗਾ, ਦਿੜਬਾ, ਸੁਨਾਮ, ਭਦੌੜ, ਮਲੇਰਕੋਟਲਾ ਅਤੇ ਮਹਿਲ ਕਲਾਂ ਵਿੱਚ 43.1, 46.77, 47.22, 44.54, 47.66 ਅਤੇ 43.8 ਫੀਸਦ ਵੋਟ ਭੁਗਤੀ ਹੈ ਜਦਕਿ ਵਿਧਾਨ ਸਭਾ ਦੇ ਅੰਕੜੇ ਇਸ ਪ੍ਰਕਾਰ ਹਨ – 79.6, 79.03, 78.5, 78.98, 78.59 ਅਤੇ 71.5 ਫੀਸਦ।

ਵੋਟ ਫੀਸਦ ਘਟਣ ਇੱਕ ਕਾਰਨ ਇਹ ਹੋ ਸਕਦਾ ਹੈ ਕਿ ਖੇਤੀਬਾੜੀ ਨਾਲ ਸਬੰਧਿਤ ਬੰਦਿਆਂ ਲਈ ਝੋਨੇ ਦੀ ਲਵਾਈ/ਬਿਜਾਈ ਦੇ ਕੰਮ ਦਾ ਸਮਾਂ ਸੀ ਪਰ ਸਿਰਫ ਇਹੀ ਕਰਨ ਨਹੀਂ ਹੈ। ਅਸੀਂ ਪਿਛਲੀ ਸੰਪਾਦਕੀ ਵਿੱਚ ਵੀ ਇਸ ਗੱਲ ਦਾ ਜਿਕਰ ਕੀਤਾ ਸੀ ਕਿ ਇਹਨਾਂ ਚੋਣਾਂ ਦਾ ਹੁਣ ਕਿੰਨਾ ਕੁ ਮਹੱਤਵ ਰਹਿ ਗਿਆ ਹੈ ਇਸ ਸਮਝਣਾ ਹੁਣ ਸਾਡੇ ਲਈ ਬਹੁਤ ਅਹਿਮ ਬਣ ਗਿਆ ਹੈ। ਅੱਜ ਦੀ ਘੜੀ ਜਿੰਨੇ ਕੁ ਅਧਿਕਾਰ ਸੂਬਿਆਂ ਕੋਲ ਜਾਂ ਖਾਸਕਰ ਪੰਜਾਬ ਕੋਲ ਬਚੇ ਹਨ ਅਤੇ ਜੋ ਫੈਸਲੇ ਲੈਣ ਦੀਆਂ ਤਾਕਤਾਂ ਬਚੀਆਂ ਹਨ ਓਹਦੇ 'ਚ ਹੁਣ ਪੰਜਾਬ ਦਾ ਮੁੱਖ ਮੰਤਰੀ ਵੀ ਕੋਈ ਕਿਓਂ ਨਾ ਬਣ ਜਾਵੇ ਉਹ ਇਥੋਂ ਦੇ ਬੁਨਿਆਦੀ ਮਸਲੇ ਹੱਲ ਨਹੀਂ ਕਰ ਸਕਦਾ। ਵੱਧ ਤੋਂ ਵੱਧ ਜੇ ਕੁਝ ਕਰ ਸਕੇਗਾ ਤਾਂ ਬਸ ਉਨਾਂ ਦੀ ਗੱਲ ਹੀ ਕਰ ਸਕੇਗਾ। ਇਹ ਚੋਣਾਂ ਤੋਂ ਬਾਅਦ ਵੀ ਆਮ ਲੋਕਾਂ 'ਚੋਂ ਇਸ ਤਰਾਂ ਦੇ ਬਿਆਨ ਆਉਣ ਲੱਗ ਪਏ ਹਨ ਕਿ ਸਾਨੂੰ ਇਹ ਚੋਣਾਂ ਵਾਲੇ ਮਜੂਦਾ ਪ੍ਰਬੰਧ ਵਿੱਚ ਹੁਣ ਯਕੀਨ ਨਹੀਂ ਰਿਹਾ। ਇੱਕ ਕਾਰਨ ਇਹ ਹੈ ਕਿ ਲੋਕਾਂ ਨੇ ਵਿਧਾਨ ਸਭਾ ਵਕਤ ਦੂਸਰੀਆਂ ਪਾਰਟੀਆਂ ਤੋਂ ਤੰਗ ਹੋ ਕੇ ਬਦਲਾਅ ਦੀ ਆਸ ਵਿੱਚ ਆਮ ਆਦਮੀ ਪਾਰਟੀ ਨੂੰ ਵੱਡੀ ਜਿੱਤ ਦਵਾਈ ਸੀ ਪਰ ਹੁਣ ਲੋਕਾਂ ਦੇ ਸ਼ਿਕਵੇ ਹਨ ਕਿ ਵਿਧਾਇਕ ਸਾਡੀ ਪਹੁੰਚ ਵਿਚ ਹੀ ਨਹੀਂ ਹਨ ਅਤੇ ਜਿਸ ਆਸ ਨਾਲ ਅਸੀਂ ਇਨਾਂ ਨੂੰ ਲੈ ਕੇ ਆਏ ਉਹ ਪੂਰੀ ਹੁੰਦੀ ਵਿਖਾਈ ਨਹੀਂ ਦਿੰਦੀ। ਇੱਕ ਕਾਰਨ ਇਹ ਵੀ ਹੈ ਕਿ ਉਦੋਂ ਲੋਕਾਂ ਕੋਲ ਬਦਲ ਵਜੋਂ ਕੋਈ ਪਾਰਟੀ ਸੀ। ਐਤਕੀਂ ਬਦਲ ਵਜੋਂ ਸ. ਸਿਮਰਨਜੀਤ ਸਿੰਘ ਮਾਨ ਸਨ, ਜਿੰਨੀ ਕੁ ਵੋਟ ਭੁਗਤੀ ਲੋਕਾਂ ਨੇ ਸ. ਮਾਨ ਨੂੰ ਬਦਲ ਵਜੋਂ ਲਿਆਂਦਾ।

ਪਰ ਹੁਣ ਅੱਗੇ ਬਦਲ ਵਜੋਂ ਵੀ ਕੋਈ ਪਾਰਟੀ ਬਚੀ ਨਹੀਂ ਹੈ, ਹੁਣ ਇਸ ਬੇਚੈਨੀ ਦੇ ਆਲਮ ਵਿੱਚ ਅਤੇ ਆਸ ਤੱਕ ਰਹੇ ਬਚੇ ਲੋਕ ਕਿੱਧਰ ਨੂੰ ਜਾਣਗੇ ਅਤੇ ਕੀ ਕਰਨਗੇ ? ਪਹਿਲਾਂ ਸਟੇਟ ਨੂੰ ਵੀ ਇਹ ਸੌਖ ਹੁੰਦੀ ਸੀ ਕਿ ਕੋਈ ਨਾ ਕੋਈ ਬਦਲ ਹੁੰਦਾ ਸੀ ਜਿੱਥੇ ਲੋਕਾਂ ਦੀ ਊਰਜਾ ਲਗਵਾਈ ਜਾਂਦੀ ਸੀ ਪਰ ਹੁਣ ਇਹ ਊਰਜਾ ਕਿੱਧਰ ਨੂੰ ਜਾਣੀ ਹੈ, ਇਹ ਵੀ ਵਿਚਾਰਨ ਦਾ ਮਸਲਾ ਹੈ। ਪਰ ਭਲਾਈ ਇਸ ਗੱਲ ਵਿੱਚ ਹੋ ਹੋਵੇਗੀ ਕਿ ਐਤਕੀਂ ਦੀ ਭੁਗਤੀ ਵੋਟ ਤੋਂ ਮਿਲ ਰਹੇ ਸੁਨੇਹੇ ਨੂੰ ਗੰਭੀਰਤਾ ਨਾਲ ਲਿਆ ਜਾਵੇ ਕਿ ਹੁਣ ਪਹਿਲਾਂ ਨਾਲੋਂ ਵੱਡਾ ਹਿੱਸਾ ਇਸ ਗੱਲ ਨੂੰ ਸਮਝ ਗਿਆ ਹੈ ਕਿ ਚੋਣਾਂ ਸਾਡੀਆਂ ਸਮੱਸਿਆਵਾਂ ਦਾ ਹੱਲ ਨਹੀਂ ਹਨ। ਅਸੀਂ ਮੁੜ ਇਸ ਗੱਲ ਨੂੰ ਦੁਹਰਾਉਣਾ ਚਾਹੁੰਦੇ ਹਾਂ ਕਿ ਇਸ ਸਾਰੀ ਸਮੱਸਿਆ ਦੀ ਜੜ ਬਿਪਰਵਾਦੀ ਭਾਰਤੀ ਸਟੇਟ ਦੇ ਰਾਜਪ੍ਰਬੰਧ, ਰਾਜਪ੍ਰਣਾਲੀ ਅਤੇ ਸੰਸਥਾਵਾਂ ਨਾਲ ਜੁੜੀ ਹੋਈ ਹੈ ਅਤੇ ਇਸ ਦਾ ਹੱਲ ਰਾਜਪ੍ਰਬੰਧ, ਰਾਜਪ੍ਰਣਾਲੀ ਅਤੇ ਸੰਸਥਾਵਾਂ ਨੂੰ ਬਦਲ ਕੇ ਹੀ ਹੋ ਸਕਦਾ ਹੈ, ਸਿਰਫ ਨੁਮਾਇੰਦੇ ਜਾਂ ਧੜੇ ਬਦਲ ਕੇ ਨਹੀਂ।

# ਰਾਜਕੀ ਸੱਤਾ ਤੇ ਜਨਤਕ ਸਰਮਾਏ ਦੀ ਵਰਤੋਂ ਕਰ ਕੇ ਨਿੱਜੀ ਸ਼ਕਤੀ ਕਾਇਮ ਕਰਨ 'ਤੇ ਕੇਂਦਰਤ



**ਰਾਮ ਚੰਦਰ ਗੁਹਾ ਇਤਿਹਾਸਕਾਰ**

ਅਜ਼ਾਦੀ ਦਾ ਬਾਕਾਇਦਾ ਐਲਾਨ ਹੋਣ ਤੋਂ ਇਕ ਦਹਾਕਾ ਪਹਿਲਾਂ 1937 ਵਿਚ ਭਾਰਤ ਦੇ ਲੋਕਾਂ ਨੂੰ ਸੀਮਤ ਅਧਿਕਾਰਾਂ ਵਾਲਾ ਸਵੈ-ਸ਼ਾਸਨ ਚਲਾਉਣ ਦਾ ਇਕ ਤਜਰਬਾ ਹੋਇਆ ਸੀ ਜਦੋਂ ਅੰਗਰੇਜ਼ਾਂ ਦੇ ਰਾਜ ਅਧੀਨ ਵੱਖ ਵੱਖ ਸੂਬਿਆਂ ਵਿਚ ਸਰਕਾਰਾਂ ਚੁਣੀਆਂ ਗਈਆਂ ਸਨ। ਇਸ ਨੂੰ ਪੂਰੀ ਸੂਰੀ ਪ੍ਰਤੀਨਿਧ ਸਰਕਾਰ ਦੇ ਰਾਹ ਵੱਲ ਇਕ ਕਦਮ ਦੇ ਤੌਰ 'ਤੇ ਦੇਖਿਆ ਗਿਆ ਸੀ। ਮਦਰਾਸ ਪ੍ਰੈਜ਼ੀਡੈਂਸੀ ਵਿਚ ਕਾਂਗਰਸ ਪਾਰਟੀ ਦੀ ਸਰਕਾਰ ਵੱਲੋਂ ਹਲਫ਼ ਲੈਣ ਤੋਂ ਥੋੜੀ ਦੇਰ ਬਾਅਦ ਹੀ ਇਕ ਤਾਮਿਲ ਵਿਦਵਾਨ ਨੇ ਲੀਡਰਸ਼ਿਪ ਮੁਤੱਲਕ ਇਕ ਯਾਦਗਾਰੀ ਭਾਸ਼ਣ ਦਿੱਤਾ ਸੀ ਜਿਸ ਵਿਚ ਪ੍ਰਗਟਾਏ ਵਿਚਾਰ ਭਾਰਤ ਦੇ ਅਜੋਕੇ ਸਿਆਸੀ ਸਭਿਆਚਾਰ 'ਤੇ ਕਰਾਰੀ ਚੋਟ ਕਰਦੇ ਹਨ।

ਉਨਾਂ ਦਾ ਨਾਂ ਕੇ. ਸਵਾਮੀਨਾਥਨ ਸੀ ਜੋ ਉਦੋਂ ਪ੍ਰੈਜ਼ੀਡੈਂਸੀ ਕਾਲਜ ਵਿਚ ਸਾਹਿਤ ਦੇ ਪ੍ਰੋਫੈਸਰ ਸਨ। 1938 ਵਿਚ ਅੰਨਾਮਲਾਈ ਯੂਨੀਵਰਸਿਟੀ ਵਿਚ ਵਿਦਿਆਰਥੀਆਂ ਦੀ ਇਕੱਤਰਤਾ ਨੂੰ ਸੰਬੋਧਨ ਕਰਦਿਆਂ ਉਨਾਂ ਆਖਿਆ ਸੀ ਕਿ ਸਿਆਸੀ ਆਗੂ ਦੋ ਤਰਾਂ ਦੇ ਹੁੰਦੇ ਹਨ ਇਕ ਉਹ ਜਿਨਾਂ ਦਾ ਆਪਣੇ ਬਾਰੇ ਖਿਆਲ ਹੁੰਦਾ ਹੈ ਕਿ ਉਨਾਂ ਤੋਂ ਬਗ਼ੈਰ ਕੰਮ ਚੱਲ ਨਹੀਂ ਸਕਦਾ ਅਤੇ ਦੂਜੇ ਉਹ ਜੋ ਆਪਣੇ ਆਪ ਨੂੰ ਇੰਝ ਨਹੀਂ ਵੇਖਦੇ। ਦੂਜੀ ਸ਼੍ਰੇਣੀ ਵਿਚ ਉਨਾਂ ਇਸ ਤਰਾਂ ਇਕ ਨਾਂ ਗਿਣਾਇਆ ਸੀ : 'ਸ੍ਰੀ ਗਾਂਧੀ ਪਿਛਲੇ ਤਿੰਨ ਚਾਰ ਸਾਲਾਂ ਤੋਂ ਆਪਣੇ ਵਾਰਸਾਂ ਦੀ ਸਿਖਲਾਈ ਨੂੰ ਲੈ ਕੇ ਬਹੁਤ ਚਿੰਤਾਤੁਰ ਹਨ ਤੇ ਗੱਡਵੀਂ ਮਿਹਨਤ ਕਰ ਰਹੇ ਹਨ। ਆਪਣੇ ਆਪ ਨੂੰ ਅਣਸਰਦੀ ਲੋੜ ਵਜੋਂ ਦੇਖਣ ਦੀ ਉਨਾਂ ਦੀ ਅਖੀਰਲੀ ਇੱਛਾ ਰਹੀ ਹੋਵੇਗੀ... ਜਵਾਹਰ ਲਾਲ ਨਹਿਰੂ ਤੇ ਰਾਜੇਂਦਰ ਪ੍ਰਸ਼ਾਦ ਦੋਵੇਂ ਜਿਹੋ ਜਿਹੇ ਆਗੂ ਸਾਬਿਤ ਹੋਏ, ਉਹ ਗਾਂਧੀ ਕਰਕੇ ਹੀ ਹਨ ਹਾਲਾਂਕਿ ਇਨਾਂ 'ਚੋਂ ਕੋਈ ਵੀ ਉਨਾਂ ਦਾ ਜੀ ਹਜ਼ੂਰੀਆ ਨਹੀਂ ਸੀ। ਸ੍ਰੀ ਗਾਂਧੀ ਮਾਮੂਲੀ ਮਿੱਟੀ ਦੇ ਸ਼ਖ਼ਸ ਨੂੰ ਨਾਇਕ ਬਣਾ ਸਕਦੇ ਸਨ ਤਾਂ ਫਿਰ ਉਹ ਖਰੇ ਸੋਨੇ ਦਾ ਕੀ ਨਹੀਂ ਬਣਾ ਸਕਦੇ ਸਨ ? ਬਸ, ਆਪਣੀ ਦੂਜੀ ਮਸ਼ੀਨੀ ਨਕਲ ਨੂੰ ਛੱਡ ਕੇ ਹੋਰ ਕੁਝ ਵੀ ਬਣਾ ਸਕਦੇ ਸਨ।'

ਇਸ ਆਰੰਭਕ ਤਾਰੀਫ਼ ਤੋਂ ਬਾਅਦ ਸਵਾਮੀਨਾਥਨ ਇਕ ਚਿਤਾਵਨੀ ਦਿੰਦੇ ਹਨ : 'ਪਰ ਕੁਝ ਅਜਿਹੇ ਆਗੂ ਹਨ ਜੋ ਆਪਣੇ ਪੈਰੋਕਾਰਾਂ 'ਤੇ ਭਰੋਸਾ ਨਹੀਂ ਕਰਦੇ ਅਤੇ ਉਨਾਂ ਨੂੰ ਕੁਝ ਕਰਨ ਦੀ ਕੋਈ ਆਜ਼ਾਦੀ ਨਹੀਂ ਦਿੰਦੇ, ਫ਼ੌਜ ਵਰਗਾ ਜ਼ਾਬਤਾ ਲਾਗੂ ਕਰਵਾਉਂਦੇ ਹਨ, ਆਜ਼ਾਦ ਤੇ ਆਤਮ ਨਿਰਭਰ ਵਰਕਰਾਂ ਦੀ ਬਜਾਇ ਉਹ ਆਪਣੇ ਦੁਆਲੇ ਜੀ ਹਜ਼ੂਰੀਆਂ ਦਾ ਮਜਮਾ ਲਾਉਣਾ ਚਾਹੁੰਦੇ ਹਨ, ਇਹੋ ਜਿਹੇ ਆਗੂ ਇਮਲੀ ਦੇ ਦਰਖ਼ਤ ਵਾਂਗ ਹੁੰਦੇ ਹਨ, ਜੋ ਦਿਨ ਵੇਲੇ ਤਾਂ ਉਰੂਜ਼ 'ਤੇ ਹੁੰਦੇ ਹਨ ਪਰ ਇਨਾਂ ਦਾ ਹੋਰ ਕੋਈ ਫਾਇਦਾ ਨਹੀਂ ਹੁੰਦਾ ਸਗੋਂ ਇਹ ਦੂਜਿਆਂ ਦੇ ਜੀਵਨ ਤੇ ਉਨਾਂ ਦੇ ਵਿਕਾਸ ਨੂੰ ਬਰਬਾਦ ਕਰ ਦਿੰਦੇ ਹਨ। ਇਹ ਕਿਸੇ ਤਰਾਂ ਦੀ ਅਸਹਿਮਤੀ ਬਰਦਾਸ਼ਤ ਨਹੀਂ ਕਰਦੇ, ਦੋਸਤਾਨਾ ਲਹਿਜ਼ੇ ਵਿਚ ਕੀਤੀ ਟੀਕਾ ਟਿੱਪਣੀ ਨੂੰ ਵੀ ਨਹੀਂ ਸਹਾਰਦੇ। ਤੁਰਕ ਦੀ ਤਰਾਂ ਉਹ ਤਾਜ ਦੇ ਨੇੜੇ ਤੇੜੇ ਆਪਣੇ ਕਿਸੇ ਭਾਈਬੰਦ ਨੂੰ ਵੇਖ ਨਹੀਂ ਸੁਖਾਂਦੇ। ਤੇ ਜਦੋਂ ਉਹ ਰੁਖ਼ਸਤ ਹੁੰਦੇ ਹਨ ਤਾਂ ਸਭ ਕੁਝ ਉਜਾੜ ਜਾਂਦੇ ਹਨ।'

ਸਵਾਮੀਨਾਥਨ ਨੇ 1938 ਵਿਚ ਅੰਨਾਮਲਾਈ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੂੰ ਆਖਿਆ ਸੀ ਕਿ ਸਾਡੇ ਦੇਸ਼ ਨੂੰ ਜਿਸ ਚੀਜ਼ ਦੀ ਲੋੜ ਹੈ ਤੇ ਅਜਿਹਾ ਕੀ ਹੈ ਜੋ ਸਾਡੇ ਹੌਸਲਾ ਪੈਦਾ ਕਰਨ ਵਿਚ ਮਦਦ ਕਰ ਸਕਦੇ ਹਨ ਤਾਂ ਉਹ ਹੈ ਭਰਵੀਂ ਤਾਦਾਦ ਵਿਚ ਅਜਿਹੇ ਸਿਆਸੀ ਆਗੂ ਜੋ ਔਸਤ ਨਾਲੋਂ ਥੋੜਾ ਉਤਾਂਹ ਹੋਣ। ਮੇਰਾ ਨਹੀਂ ਖਿਆਲ ਕਿ ਸਾਨੂੰ ਕਿਸੇ ਅਜਿਹੇ ਚਿਰਸਥਾਈ ਸੁਪਰਮੈਨ ਦੀ ਲੋੜ ਹੈ ਜੋ ਆਪਣੇ ਸਾਥੀਆਂ ਦੇ ਸਿਰਾਂ 'ਤੇ ਮੰਡਰਾਉਂਦਾ ਹੋਵੇ ਅਤੇ ਉਨਾਂ ਦਰਮਿਆਨ ਇਕ ਅਜਿਹੀ ਖਾਈ ਹਮੇਸ਼ਾ ਬਣੀ ਰਹੇ ਜਿਸ ਨੂੰ ਪਾਰ ਹੀ ਨਹੀਂ ਕੀਤਾ ਜਾ ਸਕਦਾ।

ਹਾਲ ਹੀ ਵਿਚ ਸਵਾਮੀਨਾਥਨ ਦੇ ਭਾਸ਼ਣਾਂ ਦੀ ਇਬਾਰਤ 'ਤੇ ਮੇਰੀ ਝਾਤ ਪਈ ਸੀ ਤੇ ਇਸ ਨੂੰ ਪੜ ਕੇ ਮੈਂ ਦੰਗ ਰਹਿ ਗਿਆ ਕਿ ਉਨਾਂ ਨੇ ਜੋ ਚਿਤਾਵਨੀ 1938 ਵਿਚ ਦਿੱਤੀ ਸੀ, ਉਹ ਹੁਣ 2022 ਦੇ ਭਾਰਤ ਵਿਚ ਹੋਰ ਜ਼ਿਆਦਾ ਪ੍ਰਸੰਗਕ ਬਣ ਗਈ ਹੈ ਜਦੋਂ ਸਾਡੇ ਕੋਲ ਇਕ ਅਜਿਹਾ ਪ੍ਰਧਾਨ ਮੰਤਰੀ ਮੌਜੂਦ ਹੈ ਜਿਸ ਨੇ ਪਾਰਟੀ ਤੇ ਸਰਕਾਰ ਦੇ ਮਣਾਂਮੂੰਹੀ ਧਨ ਸੰਪਦਾ ਤੇ ਮਾਨਵ ਸ਼ਕਤੀ ਜ਼ਾਇਆ ਕਰ ਕੇ ਆਪਣਾ ਅਜਿਹਾ ਸਿਆਸੀ ਸ਼ਖ਼ਸੀ ਪੂਜਾ **(personality cult)** ਵਾਲਾ ਮਾਹੌਲ ਸਿਰਜ ਲਿਆ ਹੈ ਜਿਸ ਦੀ ਦੁਨੀਆ ਵਿਚ ਹੋਰ ਕੋਈ ਮਿਸਾਲ ਮਿਲਣੀ ਮੁਸ਼ਕਲ ਹੈ।

ਨਰਿੰਦਰ ਮੋਦੀ ਦੀ ਸ਼ਖ਼ਸੀ ਪੂਜਾ ਦੇ ਮਾਅਨਿਆਂ ਤੇ ਖ਼ਤਰਨਾਕ ਸਿੱਟਿਆਂ ਬਾਰੇ ਮੈਂ ਪਹਿਲਾਂ ਹੀ ਕਾਫ਼ੀ ਤਫ਼ਸੀਲ ਵਿਚ ਲਿਖ ਚੁੱਕਿਆ ਹਾਂ। ਇਸ ਲਈ ਮੈਂ ਉਨਾਂ ਦਲੀਲਾਂ ਨੂੰ ਨਹੀਂ ਦੁਹਰਾਵਾਂਗਾ ; ਸਗੋਂ ਮੈਂ ਇਸ ਗੱਲ ਧਿਆਨ ਖਿੱਚਣਾ ਚਾਹੁੰਦਾ ਹਾਂ ਕਿ ਸੱਤਾ ਦੇ ਨਿੱਜੀਕਰਨ ਦੀ ਪ੍ਰਵਿਰਤੀ ਮਹਿਜ਼ ਕੇਂਦਰ ਸਰਕਾਰ ਤੱਕ ਮਹਿਦੂਦ ਨਹੀਂ ਹੈ ਸਗੋਂ ਇਹ ਵਬਾਅ ਕਈ ਸੂਬਾਈ ਸਰਕਾਰਾਂ ਵਿਚ ਵੀ ਫੈਲ ਗਈ ਹੈ। ਹਾਲਾਂਕਿ ਵਿਧਾਨ ਸਭਾ ਤੇ ਪਾਰਲੀਮਾਨੀ ਚੋਣਾਂ ਵਿਚ ਮਮਤਾ ਬੈਨਰਜੀ ਨਰਿੰਦਰ ਮੋਦੀ ਦੇ ਆਹੂ ਲਾਹੁੰਦੀ ਹੈ ਪਰ ਉਨਾਂ ਦੀ ਰਾਜਨੀਤੀ ਦਾ ਅੰਦਾਜ਼ ਵੀ ਮੋਦੀ ਦੇ ਮੰਤਰ ਨਾਲ ਮੇਲ ਖਾਂਦਾ ਹੈ। ਉਹ ਵੀ ਇਕੱਲੀ ਹੀ ਤ੍ਰਿਣਮੂਲ ਕਾਂਗਰਸ, ਪੱਛਮੀ ਬੰਗਾਲ ਦੀ ਸਰਕਾਰ ਚਲਾਉਣਾ ਅਤੇ ਆਪਣੇ ਆਪ ਨੂੰ ਬੰਗਾਲੀ ਜਨਤਾ ਦੇ ਅਤੀਤ, ਵਰਤਮਾਨ ਤੇ ਭਵਿੱਖ ਨਾਲ ਤਸ਼ਬੀਹ ਦੇਣਾ ਚਾਹੁੰਦੀ ਹੈ।

ਮਮਤਾ ਬੈਨਰਜੀ ਵੱਲੋਂ ਉਵੇਂ ਹੀ ਸੂਬਾਈ ਪੱਧਰ 'ਤੇ ਪਾਰਟੀ, ਸਰਕਾਰ ਤੇ ਲੋਕਾਂ ਨਾਲ ਆਗੂ ਇਕਰੂਪ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਜਿਵੇਂ ਨਰਿੰਦਰ ਮੋਦੀ ਨੇ ਕੌਮੀ ਪੱਧਰ 'ਤੇ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਹ ਸਮਾਨਤਾ ਇੱਥੇ ਹੀ ਨਹੀਂ ਮੁੱਕਦੀ। ਟੀਐਮਸੀ ਦੇ ਵਿਧਾਇਕ ਤੇ ਸੰਸਦ ਮੈਂਬਰ ਆਪਣੀ ਮੁੱਖ ਮੰਤਰੀ ਬਾਰੇ ਉਵੇਂ ਹੀ ਖ਼ੁਸ਼ਾਮਦੀ ਲਹਿਜੇ ਵਿਚ ਗੱਲ ਕਰਦੇ ਹਨ ਜਿਵੇਂ ਭਾਜਪਾ ਦੇ ਸੰਸਦ ਮੈਂਬਰ ਤੇ ਮੰਤਰੀ ਪ੍ਰਧਾਨ ਮੰਤਰੀ ਮੋਦੀ ਦਾ ਗੁੱਡਾ ਬੰਨਦੇ ਰਹਿੰਦੇ ਹਨ। ਮੋਦੀ ਵਾਂਗ ਹੀ ਮਮਤਾ ਵੀ ਵਫ਼ਾਦਾਰ ਤੇ ਅਕਸਰ ਫ਼ਰਮਾਬਰਦਾਰ ਨੌਕਰਸ਼ਾਹਾਂ ਤੇ ਪੁਲੀਸ ਅਫ਼ਸਰਾਂ ਰਾਹੀਂ ਕੰਮ ਕਰਨਾ ਪਸੰਦ ਕਰਦੀ ਹੈ। ਉਹ ਪ੍ਰੈਸ ਦੀ ਆਜ਼ਾਦੀ ਅਤੇ ਸੰਸਥਾਵਾਂ ਦੀ ਖ਼ੁਦਮੁਖ਼ਤਾਰੀ ਦੀਆਂ ਗੱਲਾਂ ਤਾਂ ਕਰਦੀ ਹੈ ਪਰ ਜਦੋਂ ਕਦੇ ਉਸ ਦੇ ਸ਼ਾਸਨ 'ਤੇ ਕਿੰਤੂ ਕੀਤਾ ਜਾਂਦਾ ਹੈ ਤਾਂ ਉਹ ਇਸੇ ਆਜ਼ਾਦੀ ਤੇ ਖ਼ੁਦਮੁਖ਼ਤਾਰੀ ਨੂੰ ਕੁਚਲਣ 'ਤੇ ਤੁਲ ਜਾਂਦੀ ਹੈ। ਮਮਤਾ ਬੈਨਰਜੀ ਜੋ ਪੱਛਮੀ ਬੰਗਾਲ ਵਿਚ ਕਰਨ ਦੀ ਚੇਸ਼ਟਾ ਰੱਖਦੀ ਹੈ, ਉਹੀ ਲਗਭਗ ਉਨਾਂ ਸਾਰੇ ਸੂਬਿਆਂ ਵਿਚ ਵਾਪਰਦਾ ਹੈ ਜਿੱਥੇ ਵਿਰੋਧੀ ਪਾਰਟੀਆਂ ਦੀਆਂ ਸਰਕਾਰਾਂ ਹਨ। ਉਹ ਮੁੱਖ ਮੰਤਰੀ ਵੀ ਮਮਤਾ ਵਾਂਗ ਕਰਨ ਦੀ ਲਾਲਸਾ ਰੱਖਦੇ ਹਨ। ਇਹ ਮੁੱਖ ਮੰਤਰੀ ਭਾਰਤ ਦੇ ਵੱਖੋ ਵੱਖਰੇ ਸੂਬਿਆਂ ਵਿਚ ਰਾਜ ਚਲਾ ਰਹੇ ਹਨ ਅਤੇ ਵੱਖੋ ਵੱਖਰੀਆਂ ਪਾਰਟੀਆਂ ਨਾਲ ਸੰਬੰਧਤ ਹਨ ਪਰ ਫ਼ਿਤਰਤ ਅਤੇ ਸ਼ਾਸਨ ਦੀ ਤੌਰ ਤਰੀਕੇ ਪੱਖੋਂ ਇਹ ਸਾਰੇ ਤਾਨਾਸ਼ਾਹ ਹੀ ਹਨ।

ਜੇ ਪ੍ਰੋਫੈਸਰ ਸਵਾਮੀਨਾਥਨ ਅੱਜ ਸਾਡੇ ਵਿਚਕਾਰ ਮੌਜੂਦ ਹੁੰਦੇ ਤਾਂ ਉਨਾਂ ਜ਼ਰੂਰ ਆਖਣਾ ਸੀ ਕਿ ਇਹ ਮੁੱਖ ਮੰਤਰੀ ਤੇ ਆਗੂ ਕਿਸੇ ਅਸਹਿਮਤੀ ਨੂੰ ਬਰਦਾਸ਼ਤ ਨਹੀਂ ਕਰਦੇ, ਕਿਸੇ ਦਾ ਕੋਈ ਮਜ਼ਾਹੀਆ ਕਟਾਖ਼ਸ਼ ਵੀ ਨਹੀਂ ਸਹਾਰਦੇ। ਇਹ ਕਿ ਉਹ ਆਜ਼ਾਦ ਤੇ ਆਤਮ-ਨਿਰਭਰ ਪੈਰੋਕਾਰਾਂ ਦੀ ਬਜਾਇ ਆਪਣੇ ਦੁਆਲੇ ਚਾਪਲੂਸਾਂ ਦਾ ਜਮਘਟਾ ਲਾਉਣਾ ਚਾਹੁੰਦੇ ਹਨ। ਇਹ ਕਿ ਉਹ ਦੂਜਿਆਂ ਦੀ ਜ਼ਿੰਦਗੀ ਤੇ ਤਰੱਕੀ ਬਰਬਾਦ ਕਰ ਦਿੰਦੇ ਹਨ। ਇਹ ਕਿ ਉਹ ਆਪਣੇ ਆਪ ਨੂੰ ਇੰਝ ਸਮਝਦੇ ਹਨ ਕਿ ਉਨਾਂ ਤੋਂ ਬਗ਼ੈਰ ਕੰਮ ਚੱਲ ਹੀ ਨਹੀਂ ਸਕਦਾ, ਇਹ ਆਪਣੇ ਕਾਬਿਲ ਵਾਰਸਾਂ ਦੀ ਸਿਖਲਾਈ ਵਿਚ ਕੋਈ ਦਿਲਚਸਪੀ ਨਹੀਂ ਲੈਂਦੇ। ਉਹ ਆਪਣੇ ਸਾਥੀਆਂ ਨਾਲੋਂ ਆਪਣੇ ਆਪ ਨੂੰ ਸੁਪਰਮੈਨ/ਸੁਪਰਵਿਮੈੱਨ ਦੀ ਤਰਾਂ ਨਿਖੇੜ ਕੇ ਰੱਖਦੇ ਹਨ ਕਿ ਇੰਝ ਉਨਾਂ ਅਤੇ ਦੇਸ਼ ਦੇ ਨਾਗਰਿਕਾਂ ਵਿਚਕਾਰ ਇਕ ਪਾਰ ਨਾ ਕੀਤੀ ਜਾਣ ਯੋਗ ਅਜਿਹੀ ਗਹਿਰੀ ਖਾਈ ਬਣ ਜਾਂਦੀ ਹੈ ਕਿ ਉਹ ਕਿਸੇ ਪ੍ਰਤੀ ਵੀ ਜਵਾਬਦੇਹ ਨਹੀਂ ਰਹਿੰਦੇ।

ਇਸ ਤੋਂ ਪਹਿਲਾਂ ਕਿ ਮੇਰੇ 'ਤੇ ਸਾਰਿਆਂ ਨੂੰ ਇਕੋ ਰੱਸੇ ਨਾਲ ਨੂੜਨ ਦਾ ਦੋਸ਼ ਲੱਗੇ, ਮੇਰਾ ਮੰਨਣਾ ਹੈ ਕਿ ਇਹ ਵੱਖੋ ਵੱਖਰੇ ਕਿਸਮ ਦਾ ਸੱਤਾਵਾਦ ਹੈ ਅਤੇ ਇਨਾਂ ਦੇ ਪ੍ਰਭਾਵ ਵੀ ਵੱਖੋ ਵੱਖਰੇ ਹਨ। ਰਾਸ਼ਟਰੀ ਪੱਧਰ 'ਤੇ ਮੋਦੀ ਅਤੇ ਆਬਾਦੀ ਪੱਖੋਂ ਦੇਸ਼ ਦੇ ਸਭ ਤੋਂ ਵੱਡੇ ਸੂਬੇ ਦੇ ਮੁੱਖ ਮੰਤਰੀ ਵਜੋਂ ਆਦਿਤਿਆਨਾਥ ਸੱਤਾਵਾਦ ਨੂੰ ਬਹੁਗਿਣਤੀਵਾਦ ਨਾਲ ਜੋੜਦੇ ਹਨ, ਮਸਲਨ ਧਾਰਮਿਕ ਘੱਟਗਿਣਤੀਆਂ ਨੂੰ ਭੰਡਣਾ ਅਤੇ ਉਨਾਂ ਦਾ ਦਮਨ ਕਰਨਾ। ਉਂਝ, ਫਿਰ ਵੀ ਇਸ ਗੱਲ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਵਿਰੋਧੀ ਪਾਰਟੀਆਂ ਦੇ ਮੁੱਖ ਮੰਤਰੀਆਂ ਦੀ ਸਿਆਸਤ ਵੀ ਉਨਾਂ ਨਾਪਾਕ ਮਨੋਰਥਾਂ ਖ਼ਾਤਰ ਰਾਜਕੀ ਸੱਤਾ ਤੇ ਜਨਤਕ ਸਰਮਾਏ ਦੀ ਵਰਤੋਂ ਕਰ ਕੇ ਨਿੱਜੀ ਸ਼ਕਤੀ ਤੇ ਨਿੱਜੀ ਅਥਾਰਿਟੀ ਕਾਇਮ ਕਰਨ 'ਤੇ ਕੇਂਦਰਤ ਹੈ।

ਆਮ ਤੌਰ 'ਤੇ ਫ਼ੌਜੀ ਤਾਨਾਸ਼ਾਹੀ, ਫਾਸ਼ੀਵਾਦੀ ਰਿਆਸਤਾਂ ਜਾਂ ਕਮਿਊਨਿਸਟ ਹਕੂਮਤਾਂ ਜਿਹੇ ਨਿਰੰਕੁਸ਼ ਸ਼ਾਸਨਾਂ ਤਹਿਤ ਹੀ ਸਿਰਮੌਰ ਆਗੂਆਂ ਦੀ ਸ਼ਖ਼ਸੀ ਪੂਜਾ ਦਾ ਚਲਨ ਪੈਦਾ ਹੁੰਦਾ ਹੈ। ਦਰਅਸਲ, ਜੇ ਕੋਈ ਇਕੋ ਵਿਅਕਤੀ ਸਿਖਰਲੇ ਸਿਆਸੀ ਅਹੁਦੇ 'ਤੇ ਬਿਰਾਜਮਾਨ ਹੋਵੇ ਤਾਂ ਹੀ ਉਹ ਸਾਰੇ ਨਾਗਰਿਕਾਂ ਦੀ ਇੱਛਾ ਨੂੰ ਮੂਰਤੀਮਾਨ ਤੇ ਨਿਰਦੇਸ਼ਤ ਕਰ ਸਕਦਾ ਹੈ, ਇਹ ਖਿਆਲ ਹੀ ਲੋਕਤੰਤਰ ਦੇ ਵਿਚਾਰ ਤੋਂ ਉਲਟ ਹੈ।

ਜਦੋਂ ਅਸੀਂ ਆਪਣੀ ਅਜ਼ਾਦੀ ਦੇ ਪਚੱਤਰਵੇਂ ਸਾਲ ਵਿਚ ਦਾਖ਼ਲ ਹੋ ਗਏ ਹਾਂ ਤਾਂ ਅਸੀਂ ਤੇਜ਼ੀ ਨਾਲ ਅਜਿਹਾ ਲੋਕਤੰਤਰ ਬਣਦੇ ਜਾ ਰਹੇ ਹਾਂ ਜਿੱਥੇ ਤਾਨਾਸ਼ਾਹ ਅਤੇ ਇੱਥੋਂ ਤੱਕ ਕਿ ਤਾਨਾਸ਼ਾਹੀ ਪ੍ਰਵਿਰਤੀਆਂ ਵਾਲੇ ਵਿਅਕਤੀਆਂ ਵੱਲੋਂ ਸ਼ਾਸਨ ਚਲਾਇਆ ਜਾਂਦਾ ਹੈ। ਇਹ ਸਾਡੇ ਮਨਾਂ ਲਈ ਹੀ ਨਹੀਂ ਸਗੋਂ ਜ਼ਿੰਦਗੀਆਂ ਲਈ ਵੀ ਘਾਤਕ ਹਨ ਜੋ ਇਨਾਂ ਨੂੰ ਮੋਕਲੇ ਤੇ ਮੁਕਤ ਬਣਾਉਣ ਦੀ ਬਜਾਏ ਜਕੜ ਕੇ ਰੱਖਦੇ ਹਨ। ਸੱਤਾ ਤੇ ਖ਼ੁਦਪ੍ਰਸਤੀ ਦੀ ਹਿਰਸ ਵਾਲੇ ਆਗੂ ਵਿਕਾਸ ਅਤੇ ਸ਼ਾਸਨ ਦੀ ਰੋਜ਼ਮਰਾ ਦੀਆਂ ਜ਼ਿੰਮੇਵਾਰੀਆਂ ਨੂੰ ਅਣਡਿੱਠ ਕਰਦੇ ਰਹਿੰਦੇ ਹਨ। ਜਿਹੜੇ ਆਗੂ ਫ਼ੈਸਲੇ ਲੈਣ ਦੀ ਸਮੁੱਚੀ ਤਾਕਤ ਆਪਣੇ ਹੱਥਾਂ ਵਿਚ ਕਰ ਲੈਂਦੇ ਹਨ, ਆਪਣੇ ਮੰਤਰੀਆਂ ਤੇ ਅਫ਼ਸਰਾਂ 'ਤੇ ਭਰੋਸਾ ਕਰਨ ਤੇ ਹੇਠਾਂ ਅਖ਼ਤਿਆਰ ਦੇਣ ਤੋਂ ਇਨਕਾਰ ਕਰਦੇ ਹਨ,

ਬਾਕੀ ਸਫ਼ਾ 31 'ਤੇ

## ਨਾ ਖ਼ੁਦਾ ਹੀ ਮਿਲੇ ਨਾ ਵਿਸਾਲੇ ਸਨਮ,

# ਪੰਥਕ ਮੁਦੇ ਅਪਨਾਉਣ ਦੇ ਬਾਵਜੂਦ ਬਾਦਲ ਦਲ ਦਾ ਸਿਆਸੀ ਬੇੜਾ ਡੁਬਿਆ

### ✪ ਜ਼ਿਮਨੀ ਚੋਣ ਵਿਚ ਹਾਰ ਤੋਂ ਬਾਅਦ ਅਕਾਲੀ ਦਲ ਵਿਚ ਬਦਲਾਅ ਦੀ ਮੰਗ ਉੱਠੀ ✪ ਭਾਜਪਾ ਨੇ ਤਿੰਨ ਵਿਧਾਨ ਸਭਾ ਹਲਕਿਆਂ ਵਿਚ ਕਾਂਗਰਸ ਨੂੰ ਪਛਾੜਿਆ ✪ ਪੰਜਾਬ ਵਿੱਚ ਪੰਥਕ ਰਾਜਨੀਤੀ ਦੀ ਵਾਪਸੀ ਹੋਈ: ਮੰਡ

**ਪ੍ਰਗਟ ਸਿੰਘ ਜੰਡਿਆਲਾ ਗੁਰੂ**

ਸੰਗਰੂਰ ਲੋਕ ਸਭਾ ਜ਼ਿਮਨੀ ਚੋਣ 'ਵਿਚ ਆਮ ਆਦਮੀ ਪਾਰਟੀ ਤੋਂ ਬਾਅਦ ਜੇਕਰ ਕਿਸੇ ਪਾਰਟੀ ਨੂੰ ਸਭ ਤੋਂ ਜ਼ਿਆਦਾ ਨੁਕਸਾਨ ਸਹਿਣਾ ਪਿਆ ਤਾਂ ਉਹ ਸ਼੍ਰੋਮਣੀ ਅਕਾਲੀ ਦਲ ਬਾਦਲ ਹੈ। ਸ਼੍ਰੋਮਣੀ ਅਕਾਲੀ ਦਲ ਨੇ ਧਰਮਨਿਰਪੱਖਤਾ ਦੇ ਚੋਲੇ ਨੂੰ ਲਾਹ ਕੇ ਪੰਥਕ ਧਾਰਾ ਵਿਚ ਪਰਤਣ ਦਾ ਨੀਤੀਗਤ ਫ਼ੈਸਲਾ ਲਿਆ ਸੀ, ਪਰ ਇਹ ਕਾਰਗਰ ਸਾਬਤ ਨਹੀਂ ਹੋ ਸਕਿਆ।ਉਸਦਾ ਸਿਆਸੀ ਬੇੜਾ ਇਸ ਹਾਰ ਨਾਲ ਡੁਬ ਗਿਆ ਹੈ। ਸਿਖ ਪੰਥ ਤੇ ਕਿਸਾਨੀ ਵੋਟ ਬੈਂਕ ਜੋ ਬਾਦਲ ਦਲ ਦੀ ਤਾਕਤ ਸਨ ,ਨੇ ਬਾਦਲ ਦਲ ਤੋਂ ਪਾਸਾ ਵਟ ਲਿਆ ਹੈ।

ਸ਼੍ਰੋਮਣੀ ਅਕਾਲੀ ਦਲ ਨੂੰ ਦੋਵੇਂ ਹੀ ਮੋਰਚਿਆਂ'ਤੇ ਮੂੰਹ ਦੀ ਖਾਣੀ ਪਈ। ਵਿਧਾਨ ਸਭਾ ਚੋਣਾਂ ਵਿਚ ਮੰਦਰ-ਮੰਦਰ ਮੱਥਾ ਟੇਕ ਕੇ ਤੇ ਸ਼ਿਵ ਸੈਨਾ ਦੀ ਹਮਾਇਤ ਲੈਕੇ ਪਾਰਟੀ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪਾਰਟੀ ਦਾ ਧਰਮਨਿਰਪੱਖ ਅਕਸ ਬਣਾਉਣ ਦੀ ਕੋਸ਼ਿਸ਼ ਕੀਤੀ ਸੀ। ਵਿਧਾਨ ਸਭਾ ਚੋਣਾਂ ਵਿਚ ਹਾਰ ਤੋਂ ਬਾਅਦ ਪਾਰਟੀ ਇਕ ਵਾਰ ਫਿਰ ਬੰਦੀ ਸਿੱਖਾਂ ਨੂੰ ਲੈ ਕੇ ਪੰਥਕ ਮੋਰਚੇ ਦਾ ਸਹਾਰਾ ਲੈਣ ਲਈ ਸੰਗਰੂਰ ਵਿਚ ਲੋਕ ਸਭਾ ਦੀ ਜ਼ਿਮਨੀ ਚੋਣ ਵਿਚ ਉੱਤਰੀ, ਪਰ ਬਾਦਲ ਦਲ ਦੇ ਉਮੀਦਵਾਰ ਕਮਲਦੀਪ ਕੌਰ ਰਾਜੋਆਣਾ ਨੂੰ ਭਾਜਪਾ ਦੇ ਉਮੀਦਵਾਰ ਕੇਵਲ ਸਿੰਘ ਢਿੱਲੋਂ ਤੋਂ ਵੀ ਘੱਟ ਵੋਟਾਂ ਪਈਆਂ। ਸ਼੍ਰੋਮਣੀ ਅਕਾਲੀ ਦਲ ਨੂੰ ਜਿੱਥੇ 6.2 ਫੀਸਦ ਵੋਟਾਂ ਮਿਲੀਆਂ ਉੱਥੇ ਹੀ ਭਾਜਪਾ ਨੂੰ 9.33 ਫੀਸਦ ਵੋਟਾਂ ਪੋਲ ਹੋਈਆਂ। ਭਾਜਪਾ ਨੂੰ ਸਾਬਕਾ ਅਕਾਲੀ ਆਗ ਸਖਦੇਵ ਸਿੰਘ ਢੀਂਡਸਾ ਦੇ ਇਸ ਹਲਕੇ ਵਿਚਲੇ ਪ੍ਰਭਾਵ ਦਾ ਲਾਹਾ ਮਿਲਿਆ ਹੈ। ਰਾਜੋਆਣਾ ਨੂੰ ਜਿੱਥੇ 44,428 ਵੋਟਾਂ ਮਿਲੀਆਂ, ਤਾਂ ਭਾਜਪਾ ਉਮੀਦਵਾਰ ਕੇਵਲ ਢਿੱਲੋਂ ਨੂੰ 66,298 ਵੋਟਾਂ ਮਿਲੀਆਂ।ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਪੰਜਾਬ ਕਾਂਗਰਸ ਦੀ ਥਾਂ ਭਾਜਪਾ ਲੈ ਸਕਦੀ ਹੈ,ਕਿਉਂਕਿ ਕਾਂਗਰਸ ਦੇ ਨਿਘਾਰ ਕਾਰਣ ਸੰਗਰੂਰ ਦਾ ਕਾਂਗਰਸੀ ਵੋਟ ਬੈਂਕ ਭਾਜਪਾ ਵਲ ਤਬਦੀਲ ਹੋਇਆ ਹੈ।ਚੋਣ ਨਤੀਜੇ 'ਵਿਚ ਬੇਸ਼ੱਕ ਭਾਜਪਾ ਚੌਥੇ ਨੰਬਰ 'ਤੇ ਰਹੀ ਪਰ ਲੋਕ ਸਭਾ ਹਲਕੇ ਦੇ ਤਿੰਨ ਵਿਧਾਨ ਸਭਾ ਹਲਕਿਆਂ 'ਵਿਚ ਉਹ ਕਾਂਗਰਸ ਨੂੰ ਪਛਾੜ ਕੇ ਤੀਜੇ ਨੰਬਰ 'ਤੇ ਰਹੀ ਹੈ ੲ ਵਿਧਾਨ ਸਭਾ ਹਲਕਾ ਸੁਨਾਮ ਵਿਚ ਭਾਜਪਾ ਦੇ ਉਮੀਦਵਾਰ ਕੇਵਲ ਸਿੰਘ ਢਿੱਲੋਂ 7822 ਵੋਟਾਂ ਪ੍ਰਾਪਤ ਕਰ ਕੇ ਤੀਜੇ ਨੰਬਰ 'ਤੇ ਰਹੇ ਹਨ, ਜਦਕਿ ਕਾਂਗਰਸ ਨੂੰ ਇਥੇ 6173 ਵੋਟਾਂ ਮਿਲੀਆਂ । ਹਲਕਾ ਲਹਿਰਾ 'ਵਿਚ ਭਾਜਪਾ ਨੂੰ 9909 ਵੋਟਾਂ ਮਿਲੀਆਂ ਜਦ ਕਿ ਸਾਬਕਾ ਮੁੱਖ ਮੰਤਰੀ ਬੀਬੀ ਰਾਜਿੰਦਰ ਕੌਰ ਭੱਠਲ ਦੇ ਇਸ ਹਲਕੇ 'ਵਿਚ ਕਾਂਗਰਸ ਨੂੰ ਸਿਰਫ 6957 ਵੋਟਾਂ ਮਿਲੀਆਂ ਹਨ ।ਬਰਨਾਲਾ ਜਿਥੇ ਕੇਵਲ ਸਿੰਘ ਢਿੱਲੋਂ ਪਹਿਲਾਂ ਵੀ ਵਿਧਾਇਕ ਰਹੇ ਹਨ 'ਵਿਚ ਭਾਜਪਾ 13252 ਵੋਟਾਂ ਪ੍ਰਾਪਤ ਕਰ ਕੇ ਤੀਜੇ ਨੰਬਰ 'ਤੇ ਰਹੀ, ਜਦਕਿ ਕਾਂਗਰਸ ਨੂੰ ਇਥੇ 7133 ਵੋਟਾਂ ਹੀ ਮਿਲੀਆਂ ਹਨ

ਚੋਣਾਂ ਵਿਚ ਸ਼੍ਰੋਮਣੀ ਅਕਾਲੀ ਦਲ ਮਾਨ ਦੇ ਸਿਮਰਨਜੀਤ ਸਿੰਘ ਮਾਨ ਦੀ ਜਿੱਤ ਨੇ ਜਿੱਥੇ ਆਪ ਪਾਰਟੀ ਨੂੰ ਤਿੰਨ ਮਹੀਨੇ ਵਿਚ ਹੀ 'ਅਰਸ਼ ਤੋਂ ਫਰਸ਼' ਦਾ ਰਾਹ ਵਿਖਾ ਦਿੱਤਾ, ਉੱਥੇ, ਪੰਥਕ ਮੁੱਦਿਆਂ ਨੂੰ ਲੈ ਕੇ ਅੱਗੇ ਵਧਣ ਦੀ ਕੋਸ਼ਿਸ਼ ਕਰਨ ਵਾਲੇ ਬਾਦਲ ਦਲ



ਨੂੰ ਵੀ ਮੂੰਹ ਦੀ ਖਾਣੀ ਪਈ। ਜ਼ਿਮਨੀ ਚੋਣ ਵਿਚ ਹਾਰ ਤੋਂ ਬਾਅਦ ਹੁਣ ਅਕਾਲੀ ਦਲ ਵਿਚ ਬਦਲਾਅ ਦੀ ਮੰਗ ਕਰਨੈਲ ਸਿੰਘ ਪੰਜੋਲੀ ,ਜਗਮੀਤ ਸਿੰਘ ਬਰਾੜ ,ਬੀਬੀ ਕਿਰਨਜੋਤ ਕੌਰ ਵਲੋਂ ਉੱਠਣੀ ਸ਼ੁਰੂ ਹੋ ਗਈ ਹੈ।ਬਾਦਲ ਦਲ ਦੇ ਕੋਰ ਕਮੇਟੀ ਮੈਂਬਰ ਤੇ ਸੀਨੀਅਰ ਮੀਤ ਪ੍ਰਧਾਨ ਜਗਮੀਤ ਬਰਾੜ ਨੇ ਕਿਹਾ ਕਿ ਸੂਬੇ ਤੇ ਸਿੱਖਾਂ ਲਈ ਕੋਈ ਸਪੱਸ਼ਟ ਏਜੰਡਾ ਨਾ ਹੋਣ ਕਾਰਨ ਪਾਰਟੀ ਇਹ ਚੋਣ ਜਾਰੀ ਹੈ। ਉਨ੍ਹਾਂ ਪਾਰਟੀ ਨੂੰ ਸੁਖਦੇਵ ਸਿੰਘ ਢੀਂਡਸਾ, ਬਲਵੰਤ ਸਿੰਘ ਰਾਮੂਵਾਲੀਆ, ਰਵੀ ਇੰਦਰ ਸਿੰਘ ਸਮੇਤ ਹੋਰ ਬਾਗੀ ਆਗੂਆਂ ਨੂੰ ਨਾਲ ਜੋੜਨ ਦਾ ਸੱਦਾ ਦਿੱਤਾ। ਯਾਦ ਰਹੇ ਕਿ ਸੰਗਰੂਰ ਜ਼ਿਮਨੀ ਚੋਣ ਵਿਚ ਹੋਈ ਨਿਰਾਸ਼ਾਜਨਕ ਹਾਰ ਤੋਂ ਬਾਅਦ ਸੋਸ਼ਲ ਮੀਡੀਆ 'ਤੇ ਸੁਖਬੀਰ ਸਿੰਘ ਬਾਦਲ ਵਲੋਂ ਅਕਾਲੀ ਦਲ ਦੀ ਪ੍ਰਧਾਨਗੀ ਤੋਂ ਅਸਤੀਫ਼ਾ ਦੇਣ ਦੀ ਖ਼ਬਰ ਵਾਇਰਲ ਹੋਈ ਸੀ। ਇਹ ਵੀ ਆਖਿਆ ਜਾ ਰਿਹਾ ਸੀ ਕਿ ਸੁਖਬੀਰ ਬਾਦਲ ਵਲੋਂ ਅਸਤੀਫ਼ਾ ਦੇਣ ਤੋਂ ਬਾਅਦ ਬਲਵਿੰਦਰ ਸਿੰਘ ਭੂੰਦੜ ਨੂੰ ਪਾਰਟੀ ਦਾ ਪ੍ਰਧਾਨ ਬਣਾ ਦਿੱਤਾ ਗਿਆ ਹੈ। ਇਸ ਅਫਵਾਹ ਤੋਂ ਬਾਅਦ ਅਕਾਲੀ ਦਲ ਵਲੋਂ ਬਲਵਿੰਦਰ ਸਿੰਘ ਭੂੰਦੜ ਨੂੰ ਮੀਡੀਆ ਸਾਹਮਣੇ ਭੇਜ ਕੇ ਬਕਾਇਦਾ ਸਪੱਸ਼ਟੀਕਰਨ ਦੇਣਾ ਪਿਆ ਹੈ।ਅਕਾਲੀ ਦਲ ਦੇ ਸੀਨੀਅਰ ਆਗੂ ਤੇ ਸਾਬਕਾ ਰਾਜ ਸਭਾ ਮੈਂਬਰ ਬਲਵਿੰਦਰ ਸਿੰਘ ਭੂੰਦੜ ਨੇ ਕਿਹਾ ਕਿ ਸੁਖਬੀਰ ਬਾਦਲ ਵਲੋਂ ਅਸਤੀਫਾ ਦਿੱਤੇ ਜਾਣ ਵਰਗੀ ਕੋਈ ਗੱਲ ਨਹੀਂ ਹੈ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਚੋਣ ਵਿਚ ਪਾਰਟੀ ਦੀ ਹਾਰ ਹੁੰਦੀ ਹੈ ਤਾਂ ਇਸ ਲਈ ਇਕੱਲਾ ਪ੍ਰਧਾਨ ਜ਼ਿੰਮੇਵਾਰ ਨਹੀਂ ਹੁੰਦਾ ਸਗੋਂ ਸਮੁੱਚੀ ਪਾਰਟੀ ਦੀ ਜ਼ਿੰਮੇਵਾਰੀ ਬਣਦੀ ਹੈ।

ਸਿਮਰਨਜੀਤ ਸਿੰਘ ਮਾਨ ਦੀ ਜਿਤ ਹੋਣਾ ਤੇ ਜ਼ਿਮਨੀ ਚੋਣ ਵਿਚ ਲਗਭਗ ਤਿੰਨ ਦਹਾਕਿਆਂ ਪਿੱਛੋਂ ਵੋਟਿੰਗ 45 ਫ਼ੀਸਦੀ ਤੱਕ ਸਿਮਟ ਜਾਣ ਦਾ ਮਤਲਬ ਹੈ ਕਿ ਵੋਟਰ ਸਿਆਸੀ ਧਿਰਾਂ ਤੋਂ ਉਪਰਾਮ ਹੋ ਚੁੱਕੇ ਹਨ। ਮਤਦਾਤਾਵਾਂ ਦਾ ਫ਼ਤਵਾ ਇਹ ਸੰਕੇਤ ਦਿੰਦਾ ਹੈ ਕਿ ਪੰਜਾਬੀਆਂ ਦੀ ਲੋਕ ਭਾਵਨਾਵਾਂ ਦੀ ਤਰਜਮਾਨੀ ਕਰਨ ਵਾਲੀ ਪਾਰਟੀ ਅਤੇ ਆਗੂ ਦੀ ਤਲਾਸ਼ ਖ਼ਤਮ ਨਹੀਂ ਹੋਈ। ਵਿਧਾਨ ਸਭਾ ਚੋਣਾਂ ਸਮੇਂ ਵੀ ਵੋਟਰਾਂ ਨੇ ਆਪ ਦੇ ਪੱਖ ਵਿਚ ਵੋਟ ਪਾਉਣ ਤੋਂ ਵੱਧ ਰਵਾਇਤੀ ਪਾਰਟੀਆਂ ਰੱਦ ਕਰਨ ਲਈ ਵੋਟਾਂ ਪਈਆਂ ਸਨ। 'ਆਪ' ਦੇ ਤਿੰਨ ਮਹੀਨਿਆਂ ਦੇ ਰਾਜ ਵਿਚ ਕਈ ਮਸਲੇ ਉੱਭਰੇ। ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, ਚੰਡੀਗੜ੍ਹ ਦੇ ਮੁਲਾਜ਼ਮਾਂ ਉੱਤੇ ਕੇਂਦਰੀ ਨਿਯਮ ਲਾਗੂ ਕਰਨ, ਪਾਣੀ ਸਮੇਤ ਬਹੁਤ ਸਾਰੇ ਮੁੱਦਿਆਂ ਉੱਤੇ 'ਆਪ' ਦਾ ਸਟੈਂਡ ਸਪੱਸ਼ਟਤਾ ਅਤੇ ਸਰਗਰਮੀ ਨਾਲ ਪੰਜਾਬ ਦੇ ਹਕ ਵਿਚ ਉਜਾਗਰ ਨਹੀਂ ਹੋ ਸਕਿਆ। ਇਹ ਪੰਜਾਬੀਆਂ ਦੇ ਸੁਭਾਅ ਦੇ ਅਨੁਕੂਲ ਨਹੀਂ। ਪੰਜਾਬੀ ਕੇਂਦਰ-ਮੁਖੀ ਪਾਰਟੀ ਦੀ ਥਾਂ ਪੰਜਾਬ-ਮੁਖੀ ਪਾਰਟੀ ਨੂੰ ਵਧੇਰੇ ਪਸੰਦ ਕਰਦੇ ਹਨ।ਫੈਡਰਲਿਜ਼ਮ ਪੰਜਾਬ ਦਾ ਸਭ ਤੋਂ ਮਹੱਤਵਪੂਰਨ ਮੁੱਦਾ ਹੈ। ਖੇਤਰੀ ਪਾਰਟੀ ਸੰਤੁਲਨ ਬਣਾਉਣ ਵਿਚ ਸਹਾਇਕ ਹੁੰਦੀ ਸੀ। ਇਸ ਸਮੇਂ ਅਕਾਲੀ ਦਲ ਖੇਤਰੀ ਮੁੱਦਿਆਂ ,ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਘੱਟਗਿਣਤੀਆਂ ਖਿਲਾਫ਼ ਹੋਣ ਵਾਲੇ ਜਬਰ ਬਾਰੇ ਖ਼ਾਮੋਸ਼ ਰਹਿਣ ਲੱਗਾ ਹੈ। 'ਆਪ' ਨੂੰ ਵਿਧਾਨ ਸਭਾ ਚੋਣਾਂ ਸਮੇਂ ਕੀਤੇ ਗਏ ਵਾਅਦੇ ਨਿਭਾਉਣੇ ਪੈਣੇ ਹਨ। ਇਸ ਨਤੀਜੇ ਤੋਂ ਕਈ ਸਵਾਲ ਉੱਭਰਦੇ ਹਨ: ਕੀ ਸਿਮਰਨਜੀਤ ਸਿੰਘ ਮਾਨ ਪੰਥਕ ਸਿਆਸਤ ਦੇ ਖਲਾਅ ਨੂੰ ਭਰ ਸਕਣਗੇ ? ਸ਼੍ਰੋਮਣੀ ਅਕਾਲੀ ਦਲ ਆਪਣੇ ਮੌਜੂਦਾ ਸੰਕਟ ਵਿਚੋਂ ਕਿਵੇਂ ਨਿਕਲੇਗਾ ? '

ਆਪਣੀ ਜਿਤ ਉਪਰ ਟਿਪਣੀ ਕਰਦਿਆਂ ਸਿਮਰਨਜੀਤ ਸਿੰਘ ਮਾਨ ਨੇ ਕਿਹਾ ਕਿ ਚੋਣ ਨਤੀਜੇ ਨਾਲ ਪੰਜਾਬ ਦੀ ਸਿਆਸਤ ਵਿੱਚ ਤਬਦੀਲੀ ਆਵੇਗੀ। ਉਨ੍ਹਾਂ ਕਿਹਾ ਕਿ ਪੰਥ ਦਾ ਭਵਿੱਖ ਸੁਨਹਿਰੀ ਹੈ ਅਤੇ ਚੰਗੇ ਦਿਨ ਆਉਣਗੇ। ਮਾਨ ਨੇ ਕਿਹਾ ਕਿ ਉਨ੍ਹਾਂ ਦੀ ਜਿੱਤ ਮਰਹੂਮ ਅਦਾਕਾਰ ਦੀਪ ਸਿੱਧੂ ਅਤੇ ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਨੂੰ ਸਮਰਪਿਤ ਹੈ। ਸੰਗਰੂਰ ਦੇ ਲੋਕਾਂ ਨੇ ਬਹਾਦਰੀ ਨਾਲ ਉਨ੍ਹਾਂ ਦੇ ਹੱਕ ਵਿੱਚ ਫ਼ਤਵਾ ਦੇ ਕੇ ਕਾਂਗਰਸ, ਭਾਜਪਾ, 'ਆਪ' ਅਤੇ ਆਰਐੱਸਐੱਸ ਨੂੰ ਖੂੰਜੇ ਲਗਾ ਦਿੱਤਾ ਹੈ। ਮਾਨ ਨੇ ਕਿਹਾ, "ਮਾਲਵੇ ਦੇ ਲੋਕਾਂ ਨੇ ਮੇਰੇ ਉੱਪਰ ਕਿਰਪਾ ਕੀਤੀ ਹੈ ਅਤੇ ਮੈਨੂੰ ਆਪਣਾ ਨੁਮਾਇੰਦਾ ਚੁਣਿਆ ਹੈ। ਹੁਣ ਹਲਕੇ ਦੇ ਲੋਕਾਂ ਦੀ ਸੇਵਾ ਕਰਨਾ ਮੇਰੀ ਡਿਊਟੀ ਹੈ।ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੀ ਚੋਣ ਕਰਵਾਈ ਜਾਵੇਗੀ ਅਤੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਗੋਲੀ ਕਾਂਡ ਦੇ ਪੀੜਤਾਂ ਨੂੰ ਇਨਸਾਫ਼ ਦਿਵਾਇਆ ਜਾਵੇਗਾ।" ਮਾਨ ਨੇ ਕਿਹਾ ਕਿ ਮੁਸਲਮਾਨਾਂ ਦੇ ਘਰ ਢਾਹੇ ਜਾ ਰਹੇ ਹਨ ਤੇ ਦੇਸ਼ ਵਿੱਚ ਮੁਸਲਮਾਨ ਸੁਰੱਖਿਅਤ ਨਹੀਂ ਹਨ। ਕਸ਼ਮੀਰ ਵਿੱਚ ਮੁਸਲਮਾਨਾਂ ਉੱਪਰ ਜਬਰ ਹੋ ਰਿਹਾ ਹੈ ਪ੍ਰੰਤੂ ਸੰਵਿਧਾਨ ਕਿਸੇ ਦੀ ਆਜ਼ਾਦੀ ਜਾਂ ਜਾਨ ਲੈਣ ਦੀ ਇਜਾਜ਼ਤ ਨਹੀਂ ਦਿੰਦਾ। ਉਨ੍ਹਾਂ ਕਿਹਾ ਕਿ ਉਹ ਘੱਟ ਗਿਣਤੀਆਂ ਉੱਪਰ ਹੋ ਰਹੇ ਜਬਰ ਖ਼ਿਲਾਫ਼ ਅਤੇ ਹੋਰ ਅਹਿਮ ਮੁੱਦਿਆਂ 'ਤੇ ਦੇਸ਼ ਦੀ ਸੰਸਦ ਵਿੱਚ ਆਵਾਜ਼ ਉਠਾਉਣਗੇ।

ਸ੍ਰੀ ਅਕਾਲ ਤਖ਼ਤ ਦੇ ਮੁਤਵਾਜ਼ੀ ਜਥੇਦਾਰ ਭਾਈ ਧਿਆਨ ਸਿੰਘ ਮੰਡ ਨੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੂੰ ਜਿੱਤ ਦੀ ਵਧਾਈ ਦਿੰਦਿਆਂ ਕਿਹਾ ਕਿ ਅੱਜ 23 ਸਾਲਾਂ ਬਾਅਦ ਪੰਜਾਬ ਵਿੱਚ ਪੰਥਕ ਰਾਜਨੀਤੀ ਦੀ ਵਾਪਸੀ ਹੋਈ ਹੈ। ਮੰਡ ਨੇ ਕਿਹਾ ਕਿ ਪੰਜਾਬ ਵਿੱਚ ਦਰਿਆਈ ਪਾਣੀਆਂ ਦਾ ਮਸਲਾ, ਫ਼ਿਰੋਜ਼ਪੁਰ ਸਰਹੱਦ ਨੂੰ ਵਪਾਰ ਵਾਸਤੇ ਖੋਲ੍ਹਣ ਦਾ ਮਸਲਾ, ਬੇਅਦਬੀ ਕਾਂਡ ਦੇ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਦਾ ਮਸਲਾ, ਦੇਸ਼ ਦੇ ਕਿਸਾਨਾਂ ਨਾਲ ਜੁੜੇ ਮੁੱਦੇ ਅਤੇ ਬੰਦੀ ਸਿੰਘਾਂ ਦੀ ਰਿਹਾਈ ਵਰਗੇ ਮਸਲਿਆਂ ਸਬੰਧੀ ਸਿਮਰਨਜੀਤ ਸਿੰਘ ਮਾਨ ਸੰਸਦ ਵਿੱਚ ਆਪਣੀ ਆਵਾਜ਼ ਬੁਲੰਦ ਜ਼ਰੂਰ ਕਰਨਗੇ।

## ਪੰਜਾਬ ਦੀ ਸਿਆਸਤ ਦਾ ਨਾਮੀ ਚਿਹਰਾ ਹਨ ਸਿਮਰਨਜੀਤ ਸਿੰਘ ਮਾਨ

ਸੰਗਰੂਰ ਲੋਕ ਸਭਾ ਹਲਕੇ ਤੋਂ ਜ਼ਿਮਨੀ ਚੋਣ ਜਿੱਤੇ ਸਿਮਰਨਜੀਤ ਸਿੰਘ ਮਾਨ ਪੰਜਾਬ ਦੀ ਸਿਆਸਤ ਦਾ ਨਾਮੀ ਚਿਹਰਾ ਹਨ। ਜ਼ਿਲ੍ਹਾ ਫ਼ਤਿਹਗੜ੍ਹ ਸਾਹਿਬ ਦੇ ਕਿਲ੍ਹਾ ਹਰਨਾਮ ਸਿੰਘ, ਤਲਾਣੀਆਂ ਦੇ ਵਾਸੀ ਸ਼੍ਰੋਮਣੀ ਅਕਾਲੀ ਦਲ (ਅ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਦੇ ਜੇ ਸਿਆਸੀ ਜੀਵਨ ਦੀ ਗੱਲ ਕਰੀਏ ਤਾਂ ਉਨ੍ਹਾਂ ਕਈ ਵਿਧਾਨ ਸਭਾ, ਲੋਕ ਸਭਾ ਅਤੇ ਐੱਸਜੀਪੀਸੀ ਚੋਣਾਂ ਲੜੀਆਂ ਹਨ। ਉਹ ਪਹਿਲਾਂ ਸੰਗਰੂਰ ਅਤੇ ਤਰਨਤਾਰਨ ਤੋਂ ਲੋਕ ਸਭਾ ਚੋਣ ਜਿੱਤ ਚੁੱਕੇ ਹਨ। ਮਾਨ ਬੰਦੀ ਸਿੰਘਾਂ ਦੀ ਰਿਹਾਈ, ਪੰਜਾਬ ਦੇ ਪਾਣੀਆਂ ਅਤੇ ਪੰਜਾਬ ਦੇ ਵੱਧ ਅਧਿਕਾਰਾਂ ਸਮੇਤ ਹੋਰ ਸਿੱਖ ਮੁੱਦੇ ਉਠਾਉਣ ਲਈ ਪੰਜਾਬ ਦੀ ਸਿਆਸਤ ਵਿਚ ਜਾਣੇ ਜਾਂਦੇ ਹਨ। ਉਨ੍ਹਾਂ ਕੁਝ ਮਹੀਨੇ ਪਹਿਲਾਂ ਸੰਪੰਨ ਹੋਈਆਂ ਪੰਜਾਬ ਵਿਧਾਨ ਸਭਾ ਚੋਣਾਂ ਅਮਰਗੜ੍ਹ ਹਲਕੇ ਤੋਂ ਲੜੀਆਂ। ਅਮਰਗੜ੍ਹ ਸੀਟ ਤੋਂ ਸੰਯੁਕਤ ਸਮਾਜ ਮੋਰਚੇ ਦੇ ਉਮੀਦਵਾਰ ਨੇ ਦੀਪ ਸਿੱਧੂ ਨੂੰ ਸ਼ਰਧਾਂਜਲੀ ਦਿੰਦੇ ਹੋਏ ਮਾਨ ਦੇ ਹੱਕ ਵਿਚ ਉਮੀਦਵਾਰੀ ਛੱਡ ਦਿੱਤੀ ਸੀ ਜਿਸ ਕਾਰਨ ਮਾਨ ਨੇ ਉਸ ਹਲਕੇ ਵਿਚ ਕਾਫ਼ੀ ਵੋਟਾਂ ਪ੍ਰਾਪਤ ਕੀਤੀਆਂ ਪਰ ਚੋਣ ਹਾਰ ਗਏ।

ਮਾਨ ਦਾ ਜਨਮ 20 ਮਈ, 1945 ਵਿਚ ਹਿਮਾਚਲ ਪ੍ਰਦੇਸ਼ ਰਾਜ ਦੇ ਸ਼ਿਮਲਾ ਵਿਖੇ ਗੁਰਬਚਨ ਕੌਰ ਦੀ ਕੁੱਖੋਂ ਹੋਇਆ। ਸਰਕਾਰੀ ਕਾਲਜ ਚੰਡੀਗੜ੍ਹ ਤੋਂ 1965 ਵਿਚ ਪੜ੍ਹਾਈ ਪੂਰੀ ਕਰਨ ਤੋ ਬਾਅ▲ਦ ਉਨ੍ਹਾਂ 1966 ਵਿਚ ਸਿਵਲ ਸੇਵਾਵਾਂ ਦੀ ਪ੍ਰੀਖਿਆ ਦਿੱਤੀ ਅਤੇ 1967 ਵਿਚ ਇੰਡੀਅਨ ਪੁਲਿਸ ਸਰਵਿਸ (ਆਈਪੀਐੱਸ) ਸੇਵਾ ਵਿਚ ਸ਼ਾਮਲ ਹੋਣ ਤੋਂ ਬਾਅਦ ਉਨ੍ਹਾਂ ਨੂੰ ਪੰਜਾਬ ਕੇਡਰ ਦਿੱਤਾ ਗਿਆ। 1967-1972 ਤਕ ਉਹ ਪੰਜਾਬ ਦੇ ਰਾਜਪਾਲ ਦੇ ਏਡੀਸੀ ਰਹੇ।

ਮਾਨ ਏਐੱਸਪੀ ਲੁਧਿਆਣਾ, ਐੱਸਐੱਸਪੀ ਫ਼ਿਰੋਜ਼ਪੁਰ, ਐੱਸਐੱਸਪੀ ਫ਼ਰੀਦਕੋਟ, ਐਡੀਸ਼ਨਲ ਇੰਸਪੈਕਟਰ ਜਨਰਲ ਆਫ਼ ਰੇਲਵੇ, ਪਟਿਆਲਾ, ਚੌਕਸੀ ਬਿਊਰੋ ਚੰਡੀਗੜ੍ਹ ਦੇ ਡਿਪਟੀ ਡਾਇਰੈਕਟਰ, ਪੰਜਾਬ ਆਰਮਜ਼ ਪੁਲਿਸ ਦੇ ਕਮਾਂਡੈਂਟ, ਸੈਂਟਰਲ ਇੰਡਸਟਰੀਅਲ ਸਕਿਊਰਿਟੀ ਫੋਰਸ, ਮੁੰਬਈ ਦੇ ਗਰੁੱਪ ਕਮਾਡੈਂਟ ਵੀ ਰਹੇ।1970 ਵਿਚ ਉਨ੍ਹਾਂ ਦਾ ਵਿਆਹ ਗੀਤਿੰਦਰ ਕੌਰ ਨਾਲ ਹੋਇਆ। ਉਨ੍ਹਾਂ ਦੀ ਪਤਨੀ ਅਤੇ ਕੈਪਟਨ ਅਮਰਿੰਦਰ ਸਿੰਘ ਦੀ ਪਤਨੀ ਪ੍ਰਨੀਤ ਕੌਰ ਭੈਣਾਂ ਹਨ। ਉਨ੍ਹਾਂ ਦੀਆਂ ਦੋ ਧੀਆਂ ਪਵਿੱਤਰ ਕੌਰ ਅਤੇ ਨਾਨਕੀ ਕੌਰ ਅਤੇ ਇਕ ਪੁੱਤਰ ਈਮਾਨ ਸਿੰਘ ਹਨ। 18 ਜੂਨ, 1984 ਵਿਚ ਮਾਨ ਨੇ ਦਰਬਾਰ ਸਾਹਿਬ ਦੇ ਹਮਲੇ ਦੇ ਰੋਸ ਵਜੋ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਸੀ। ਇਸੇ ਵਰ੍ਹੇ ਜੁਲਾਈ ਵਿਚ ਉਨ੍ਹਾਂ ਨੂੰ ਆਈਪੀਐੱਸ ਦੇ ਅਹੁਦੇ ਤੋ ਬਰਖ਼ਾਸਤ ਕਰ ਦਿੱਤਾ ਗਿਆ ਸੀ।

ਜੂਨ 1984 ਵਿਚ ਜਦੋਂ ਮਾਨ ਨੂੰ ਪਤਾ ਲੱਗਾ ਕਿ ਪੰਜਾਬ ਪੁਲਿਸ ਨੇ ਇਕ ਪੱਤਰ ਜਾਰੀ ਕੀਤਾ ਹੈ ਜਿਸ ਅਨੁਸਾਰ ਉਨ੍ਹਾਂ ਨੂੰ ਗੋਲੀ ਮਾਰਨ ਦੇ ਆਦੇਸ਼ ਹਨ, ਤਾਂ ਉਹ ਅੰਡਰਗਰਾਊਂਡ ਹੋ ਗਏ ਤੇ 29 ਨਵੰਬਰ, 1984 ਨੂੰ ਉਹ ਆਪਣੇ ਹੋਰ ਸਾਥੀਆਂ ਨਾਲ ਉਸ ਸਮੇਂ ਗ੍ਰਿਫ਼ਤਾਰ ਹੋ ਗਏ ਜਦੋਂ ਉਹ ਬਿਹਾਰ ਤੋਂ ਨੇਪਾਲ ਦਾਖਲ ਹੋਣ ਲੱਗੇ ਸਨ।

1 ਜੂਨ, 1987 ਨੂੰ ਉਨ੍ਹਾਂ ਨੂੰ ਯੂਨਾਈਟਿਡ ਸ਼੍ਰੋਮਣੀ ਅਕਾਲੀ ਦਲ ਦਾ ਉਸ ਸਮੇਂ ਪ੍ਰਧਾਨ ਚੁਣ ਲਿਆ ਗਿਆ ਜਦੋਂ ਉਹ ਬਿਹਾਰ ਦੀ ਭਾਗਲਪੁਰ ਜੇਲ੍ਹ ਵਿਚ ਬੰਦ ਸਨ। ਨਵੰਬਰ, 1989 ਵਿਚ ਉਨ੍ਹਾਂ ਨੂੰ ਭਾਰੀ ਬਹੁਮਤ ਵੋਟਾਂ ਦੀ ਗਿਣਤੀ ਨਾਲ ਤਰਨਤਾਰਨ ਤੋਂ ਲੋਕ ਸਭਾ ਦਾ ਐੱਮਪੀ ਚੁਣ ਲਿਆ ਗਿਆ ਜਦੋਂ ਉਹ ਭਾਗਲਪੁਰ ਜੇਲ੍ਹ ਵਿਚ ਹੀ ਸਨ। ਜਦੋਂ ਉਨ੍ਹਾਂ ਤਰਨ ਤਾਰਨ ਤੋਂ ਲੋਕ ਸਭਾ ਚੋਣ ਲੜੀ ਸੀ ਤਾਂ ਉਹ 4 ਲੱਖ ਤੋਂ ਵੱਧ ਵੋਟਾਂ ਪ੍ਰਾਪਤ ਕਰਕੇ ਸੰਸਦ ਮੈਂਬਰ ਚੁਣੇ ਗਏ। ਇਤਿਹਾਸਕ ਜਿੱਤ ਤੋਂ ਬਾਅਦ ਉਹ ਜੇਲ੍ਹ 'ਚੋਂ ਰਿਹਾਅ ਹੋ ਗਏ। ਭਾਵੇਂ ਮਾਨ ਉਸ ਸਮੇਂ ਲੱਖਾਂ ਵੋਟਾਂ ਲੈ ਕੇ ਚੋਣ ਜਿੱਤੇ ਸਨ ਪਰ ਉਨ੍ਹਾਂ ਨੂੰ ਕ੍ਰਿਪਾਨ ਨੂੰ ਲੈ ਕੇ ਲੋਕ ਸਭਾ ਵਿਚ ਦਾਖਲ ਹੋਣ ਤੋਂ ਰੋਕ ਦਿੱਤਾ ਗਿਆ ਸੀ ਜਿਸ ਕਾਰਨ ਉਹ ਲੋਕ ਸਭਾ ਦੇ ਸੈਸ਼ਨ ਵਿਚ ਦਾਖ਼ਲ ਨਾ ਹੋ ਸਕੇ।

1991 ਤੋਂ ਬਾਅਦ ਜਦੋਂ ਯੂਨਾਈਟਿਡ ਅਕਾਲੀ ਦਲ ਵਿਚ ਤਰੇੜ ਆਈ ਤਾਂ ਮਾਨ ਸ੍ਰੋਮਣੀ ਅਕਾਲੀ ਦਲ (ਮਾਨ) ਧੜੇ ਦੇ ਪ੍ਰਧਾਨ ਬਣੇ ਰਹੇ। ਅਪ੍ਰੈਲ, 1994 ਵਿਚ ਜਦੋਂ ਉਸ ਸਮੇਂ ਦੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੇ ਸਿੱਖ ਕੌਮ ਦੇ ਨੇਤਾਵਾਂ ਦੀ ਏਕਤਾ ਦੀ ਗੱਲ ਕੀਤੀ ਤਾਂ ਮਾਨ ਨੇ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਅਤੇ ਪਾਰਟੀ ਭੰਗ ਕਰ ਦਿੱਤੀ। ਉਨ੍ਹਾਂ ਅੰਮ੍ਰਿਤਸਰ ਐਲਾਨਨਾਮੇ 'ਤੇ ਦਸਤਖ਼ਤ ਕਰ ਦਿਤੇ।



**ਪ੍ਰਮਿੰਦਰ ਸਿੰਘ ਪ੍ਰਵਾਨਾ**
510-415-9377

# ਪੰਜਾਬੀ ਸੂਬਾ ਮੋਰਚਾ 1955

ਅਜ਼ਾਦ ਹਿਦੁਸਤਾਨ ਦੀ ਰਾਜਨੀਤੀ ਵਿਚ 'ਪੰਜਾਬੀ ਸੂਬਾ' ਦੀ ਮੰਗ ਦਾ ਰਾਹ ਬੜਾ ਹੀ ਸੰਘਰਸ਼ਸ਼ੀਲ ਹੈ। 'ਸਾਕਾ ਗੁਰੂ ਕਾ ਬਾਗ਼' ਸਿੱਖਾਂ ਦਾ ਇਕ ਲੰਬਾ ਮੋਰਚਾ ਸੀ। ਉਸੇ ਤਰਜ਼ 'ਤੇ ਸਿੱਖਾਂ ਨੇ ਇਹ ਸੰਘਰਸ਼ ਕੀਤਾ ਹੈ। ਬਰਤਾਨਵੀ ਰਾਜ ਦੀ ਵੰਡ ਸਮੇਂ ਸਿੱਖਾਂ ਨੂੰ ਤੀਜੀ ਧਿਰ ਮੰਨ ਲਿਆ ਸੀ। ਸਿੱਖ ਆਗੂਆਂ ਨੇ ਹਿਦੁਸਤਾਨ ਨਾਲ ਜੁੜਨ ਦਾ ਆਪ ਫੈਸਲਾ ਲਿਆ। ਵੰਡ ਤੋਂ ਬਾਅਦ ਸਿੱਖਾਂ ਨੂੰ ਬੜੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਜਿਵੇਂ ਪੰਜਾਬੀ ਕਿਰਸਾਨੀ ਪੱਛਮੀ ਪਾਕਿਸਤਾਨ ਤੋਂ ਆ ਕੇ ਘੱਗਰ ਦਰਿਆ ਦੇ ਆਲੇ ਦੁਆਲੇ ਆਣ ਵਸੀ। ਪਟਿਆਲਾ ਪੂਰਬੀ ਪੰਜਾਬ ਸਟੇਟਸ ਯੂਨੀਅਨ (ਪੈਪਸੂ) ਵਿਚ ਪੰਜਾਬੀਆਂ ਦੀ ਵੱਡੀ ਵਸੋਂ ਸੀ। ਖੇਤੀ, ਵਪਾਰ, ਮਕਾਨ, ਜਾਇਦਾਦ ਅਤੇ ਮੁੜ ਵਸੇਬੇ ਦੇ ਕੰਮਾਂ ਵਿਚ ਨਵੀਂ ਸਰਕਾਰ ਨੇ ਪ੍ਰਬੰਧਾਂ ਵਿਚ ਵਿਤਕਰਾ ਕੀਤਾ। ਸਿੱਖਾਂ ਨੂੰ ਕਾਂਗਰਸ ਦੀ ਫਿਰਕਾਪ੍ਰਸਤੀ ਦਾ ਸਾਹਮਣਾ ਕਰਨਾ ਪਿਆ। ਸਿੱਖਾਂ ਨੂੰ ਹਿਦੁਸਤਾਨ ਨਾਲ ਜੁੜਨ ਦਾ ਪਛਤਾਵਾ ਹੋਣ ਲੱਗਾ। ਉਨ੍ਹਾਂ ਪੰਜਾਬੀ ਸੂਬੇ ਦੀ ਮੰਗ ਉਠਾਈ। ਸੰਨ 1948 ਵਿਚ ਸਰਕਾਰ ਨੇ ਭਾਸ਼ਾ ਦੇ ਅਧਾਰ 'ਤੇ ਸੂਬਿਆਂ ਦੀ ਵੰਡ ਲਈ ਅਯੋਗ ਬਣਾਇਆ। ਜਿਸ ਦਾ ਅਧਿਕਾਰ ਖੇਤਰ ਦੱਖਣੀ ਰਾਜਾਂ ਤੱਕ ਹੀ ਸੀ। ਉਤਰੀ ਭਾਰਤ, ਪੰਜਾਬ ਨੂੰ ਇਸ ਤੋਂ ਬਾਹਰ ਰੱਖਿਆ ਗਿਆ। ਕੇਰਲ, ਆਂਧਰਾ, ਤਾਮਿਲ, ਕਰਨਾਟਕ ਸੂਬੇ ਹੋਂਦ ਵਿਚ ਆਏ। ਸੰਨ 1953 ਵਿਚ ਰਾਜ ਪੁਨਰਗਠਨ ਆਯੋਗ ਬਣਿਆ। ਕਾਂਗਰਸ ਵਲੋਂ ਬੋਲੀ ਦੇ ਆਧਾਰ 'ਤੇ ਸੂਬਿਆਂ ਦੀ ਨਵੀਂ ਹੱਦਬੰਦੀ ਦਾ ਅਸੂਲ ਮੰਨਿਆ ਜਾ ਚੁੱਕਾ ਸੀ। ਸ਼੍ਰੋਮਣੀ ਅਕਾਲੀ ਦਲ ਨੇ ਵਿਚਾਰਿਆ ਕਿ ਜੇਕਰ ਪੰਜਾਬ, ਪੈਪਸੂ ਤੇ ਰਾਜਸਥਾਨ ਦੇ ਪੰਜਾਬੀ ਬੋਲਕੇ ਇਲਾਕੇ ਵੱਖ ਕਰਕੇ ਪੰਜਾਬੀ ਸੂਬਾ ਬਣਾ ਦਿੱਤਾ ਜਾਵੇ ਤਾਂ ਸਿੱਖਾਂ ਦੀ ਹਾਲਤ ਕੁਝ ਸੁਧਰ ਸਕਦੀ ਹੈ। ਇਸ ਤਰਾਂ ਪੰਜਾਬੀ ਸੂਬੇ ਦੀ ਮੰਗ ਪੇਸ਼ ਹੋਈ ਅਤੇ ਪੰਜਾਬੀ ਸੂਬਾ ਜਿੰਦਾਬਾਦ ਦੇ ਨਾਹਰੇ ਗੂੰਜਣ ਲੱਗ ਪਏ।

ਦੇਸ਼ ਦੀ ਵੰਡ ਪਿਛੋਂ ਪੰਜਾਬ ਵਿਚ ਜੋ ਪਹਿਲੀਆਂ ਆਮ ਚੋਣਾਂ ਹੋਈਆਂ, ਉਸੇ ਸਮੇਂ ਗੁਰਦੁਆਰਾ ਚੋਣਾਂ ਵੀ ਆ ਗਈਆਂ। ਕਾਂਗਰਸੀ ਸਿੱਖਾਂ ਨੇ ਖ਼ਾਲਸਾ ਦਲ ਦੇ ਨਾਮ ਦੀ ਇਕ ਨਵੀਂ ਜਥੇਬੰਦੀ ਇਹ ਚੋਣਾਂ ਲੜਨ ਲਈ ਬਣਾ ਲਈ। ਚੋਣਾਂ ਵਿਚ 132 ਸੀਟਾਂ ਵਿਚੋਂ ਕਾਂਗਰਸੀ ਇਕ ਵੀ ਸੀਟ ਨਾ ਜਿੱਤ ਸਕੇ। ਸਰਦਾਰ ਈਸ਼ਰ ਸਿੰਘ ਮਝੈਲ ਵੀ ਚੋਣ ਹਾਰ ਗਏ। ਸੌ ਫੀਸਦੀ ਅਕਾਲੀ ਉਮੀਦਵਾਰ ਸਫ਼ਲ ਹੋਏ। ਨਾਲ ਹੀ ਦੇਸ਼ ਭਗਤ ਬੋਰਡ ਦੇ ਕੁਝ ਮੈਂਬਰ ਸਫ਼ਲ ਹੋਏ ਜਿਨਾਂ ਨੂੰ ਸ਼੍ਰੋਮਣੀ ਅਕਾਲੀ ਦਲ ਦੀ ਹਮਾਇਤ ਪ੍ਰਾਪਤ ਸੀ। ਪੰਜਾਬੀ ਸੂਬਾ ਦੀ ਮੰਗ ਤੇ ਰੋਕਾਂ ਪਾਈਆਂ ਜਾਣ ਲੱਗੀਆਂ ਕਿ ਇਸ ਨਾਲ ਹਿਦੂਆਂ ਦਾ ਨੁਕਸਾਨ ਹੋਵੇਗਾ। ਹੱਦਬੰਦੀ ਆਯੋਗ ਮਾਰਚ-ਅਪ੍ਰੈਲ 1955 ਨੂੰ ਪੰਜਾਬ ਆ ਰਿਹਾ ਸੀ। ਇਸ ਲਈ ਪੰਜਾਬੀ ਸੂਬਾ ਪ੍ਰਚਾਰ ਤੇ ਰੋਕ ਲਾਉਣ ਲਈ ਨਾਹਰਿਆਂ ਤੇ ਰੋਕ ਲਗਾ ਦਿੱਤੀ। ਲੁਧਿਆਣਾ 31 ਦਸੰਬਰ, 1954 ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਸਮਾਗਮ ਜਲੂਸ ਵਿਚ ਡਾ. ਕਾਲੀਚਰਨ ਤੋਂ ਹਮਲਾ ਕਰਵਾ ਦਿੱਤਾ। ਜਿਸ ਨੇ ਮੰਨਿਆ ਕਿ ਅਸੀਂ ਪੰਜਾਬੀ ਸੂਬਾ ਦੀ ਫਿਰਕੂ ਮੰਗ ਨੂੰ ਰੋਕਣ ਲਈ ਮਹਾਂ ਪੰਜਾਬ ਦੀ ਲਹਿਰ ਚਲਾਈ ਹੈ। ਪਰ ਲਾਲਾ ਭੀਮ ਸੈਨ ਸਚਰ ਮੁੱਖ ਮੰਤਰੀ, ਪੰਜਾਬ ਖਾਮੋਸ਼ ਸੀ। ਕਿਉਂਕਿ ਇਹ ਸਭ ਕੁਝ ਉਸ ਦੀ ਸ਼ਹਿ ਤੇ ਹੋਇਆ ਸੀ। ਉਹ ਗੁਰਦੁਆਰਾ ਪ੍ਰਬੰਧ ਕਮੇਟੀ ਦੇ ਕੰਮਾਂ ਵਿਚ ਵਿਘਨ ਪਾਉਣਾ ਚਾਹੁੰਦੇ ਸਨ।

ਗੁਰਦੁਆਰਾ ਚੋਣਾਂ ਦੇ ਨਤੀਜਿਆਂ ਦੇ ਨਾਉਂ ਜਾਰੀ ਹੋਏ ਅਤੇ ਪਹਿਲੀ ਇਕੱਤਰਤਾ 4 ਜਨਵਰੀ 1955 ਨੂੰ ਰੱਖੀ ਗਈ। ਮਾਸਟਰ ਤਾਰਾ ਸਿੰਘ ਜੀ ਨੂੰ ਮੁਖੀ ਚੁਣਿਆ ਗਿਆ। ਪੰਜਾਬ ਸਰਕਾਰ ਦੇ ਗ੍ਰਹਿ ਸਕੱਤਰ ਨੇ ਨਾਮਜ਼ਦਗੀਆਂ ਦਾ ਕੰਮ ਸਿਰੇ ਨਹੀਂ ਚੜਨ ਦਿੱਤਾ। ਚੰਡੀਗੜ ਤੋਂ ਐਲਾਨ ਹੋਇਆ ਕਿ ਇਕੱਤਰਤਾ ਦੀ ਕਾਰਵਾਈ ਰੱਦ ਕੀਤੀ ਜਾਂਦੀ ਹੈ। ਅਗਲੀ ਇਕੱਤਰਤਾ ਦੀ ਤਰੀਕ 27 ਜਨਵਰੀ, 1955 ਰੱਖ ਦਿੱਤੀ। ਸਰਕਾਰ ਈਸ਼ਰ ਸਿੰਘ ਮਝੈਲ ਉਸ ਸਮੇਂ ਗੁਰਦੁਆਰਾ ਪ੍ਰਬੰਧ ਤੇ ਕਾਬਜ ਸੀ। ਸਰਕਾਰ ਨੇ ਨਵੀਂ ਚੁਣੀ ਕਮੇਟੀ ਦੇ ਕੰਮਾਂ ਵਿਚ ਮੁਸ਼ਕਲਾਂ ਪਾਉਣ ਲਈ ਉਸ ਦੀ ਸਹਾਇਤਾ ਕੀਤੀ।

7 ਜਨਵਰੀ ਨੂੰ ਗੁਰਦੁਆਰਾ ਨਿਆਂ ਆਯੋਗ ਦੇ ਮੁਖੀ ਸਰਦਾਰ ਬੂਟਾ ਸਿੰਘ ਜੀ ਨੂੰ ਬਰਖਾਸਤ ਕਰ ਦਿੱਤਾ। ਵਕੀਲ ਸ. ਸਰਦੂਲ ਸਿੰਘ ਨੂੰ ਅਯੋਗ ਦਾ ਜੱਜ ਬਣਾ ਦਿੱਤਾ। ਨਵੀਂ ਚੁਣੀ ਕਮੇਟੀ ਵਿਚ ਗੁੱਸੇ ਦੀ ਲਹਿਰ ਪੈਦਾ ਹੋ ਗਈ ਕਿ ਉਹ ਲੋਕਤੰਤਰ ਦੇ ਖਿਲਾਫ਼ ਹੈ। ਗੁਰਦੁਆਰਾ ਕਾਨੂੰਨ ਅਨੁਸਾਰ ਸਥਾਨਕ ਕਮੇਟੀਆਂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਕਾਰਜਕਾਰਨੀ ਸਾਰੀਆਂ ਕਮੇਟੀਆਂ ਵਿਚ ਆਪਣਾ ਇਕ ਇਕ ਪ੍ਰਤੀਨਿਧ ਮੈਂਬਰ ਨਾਮਜ਼ਦ ਕਰਦੀ ਹੈ। ਪਰ ਸਰਕਾਰ ਨੇ 10-11 ਜਨਵਰੀ, 1955 ਨੂੰ ਸਰਕਾਰ ਪੱਖੀ ਖ਼ਾਲਸਾ ਦਲ ਦੇ ਮੈਂਬਰਾਂ ਨੂੰ ਸਥਾਨਕ ਕਮੇਟੀਆਂ ਵਿਚ ਨਾਮਜ਼ਦ ਕਰ ਦਿੱਤਾ। ਪੰਜਾਬ ਸਰਕਾਰ ਤੋਂ ਮੰਗ ਕੀਤੀ ਗਈ ਕਿ ਇਹ ਆਯੋਗ ਨਾਮਜ਼ਦਗੀਆਂ ਨਾ ਕੀਤੀਆਂ ਜਾਣ।

ਅਕਾਲੀ ਆਗੂਆਂ ਨੇ ਪ੍ਰਧਾਨ ਮੰਤਰੀ ਪੰਡਿਤ ਨਹਿਰੂ ਨਾਲ ਗੱਲ ਕਰਨੀ ਚਾਹੀ, ਪ੍ਰਧਾਨ ਮੰਤਰੀ ਨੇ ਪੰਜਾਬ ਸਰਕਾਰ ਨਾਲ ਗੱਲ ਕਰਨ ਲਈ ਕਹਿ ਦਿੱਤਾ। ਮਾਸਟਰ ਤਾਰਾ ਸਿੰਘ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ, ਸ .ਜੋਗਿੰਦਰ ਸਿੰਘ ਰੇਖੀ, ਸ਼੍ਰੋਮਣੀ ਕਮੇਟੀ ਦੇ ਦੋਹਾਂ ਸਕੱਤਰਾਂ ਸ. ਰਵੇਲ ਸਿੰਘ ਤੇ ਸ. ਹਰਨਾਮ ਸਿੰਘ ਸਮੇਤ 21 ਜਨਵਰੀ 1955 ਨੂੰ ਲਾਲ ਭੀਮ ਸੇਨ ਸੱਚਰ ਮੁੱਖ ਮੰਤਰੀ ਪੰਜਾਬ ਨਾਲ ਮੁਲਾਕਾਤ ਕੀਤੀ। ਇਸ ਸਮੇਂ ਸਰਦਾਰ ਹਰਬੰਸ ਸਿੰਘ ਗੁਜਰਾਲ ਐਡਵੋਕੇਟ ਵੀ ਨਾਲ ਸਨ। ਮਾਸਟਰ ਜੀ ਨੇ ਗੁਰਦੁਆਰਾ ਪ੍ਰਬੰਧ ਵਿਚ ਸਰਕਾਰ ਦੇ ਦਖ਼ਲ ਦਾ ਇਲਜ਼ਾਮ ਲਗਾਇਆ। ਮੁੱਖ ਮੰਤਰੀ ਨੇ ਵਿਸ਼ੇ ਦੀ ਗੱਲਬਾਤ ਤੋਂ ਪਾਸੇ ਹੋ ਕੇ ਬਿਆਨ ਦਿੱਤਾ ਕਿ ਮਾਸਟਰ ਜੀ ਪੰਜਾਬੀ ਸੂਬਾ ਹੀ ਨਹੀਂ, ਸਗੋਂ ਸਿੱਖ ਰਾਜ ਮੰਗਦੇ ਹਨ। ਉਸ ਵੇਲੇ ਪੰਜਾਬ ਵਿਰੋਧੀ ਧਿਰ ਦਾ ਪੱਖ ਮੁੱਖ ਮੰਤਰੀ ਪੂਰ ਰਹੇ ਸਨ।

ਸਿੱਖ ਕੌਮ ਨੇ ਜਾਣ ਲਿਆ ਕਿ ਇਨਸਾਫ਼ ਲਈ ਕੁਰਬਾਨੀਆਂ ਦੀ ਲੋੜ ਹੈ। ਪਰ ਫਿਰ ਵੀ ਸਬਰ ਤੋਂ ਕੰਮ ਲਿਆ। ਸਰਕਾਰ ਦਾ ਵਤੀਰਾ ਸਿੱਖ ਵਿਰੋਧੀ ਰਿਹਾ। ਵਿਸਾਖੀ ਤੇ ਅੰਮ੍ਰਿਤਸਰ ਸੀਸ ਭੇਂਟ ਮੁਹੱਲੇ ਦੇ ਹੋਣ ਵਾਲੇ ਜਲੂਸ ਵਿਚ ਪੰਜਾਬੀ ਸੂਬਾ ਦੇ ਨਾਹਰਿਆਂ ਤੇ 14 ਅਪ੍ਰੈਲ 1955 ਨੂੰ ਪਾਬੰਦੀ ਲਗਾ ਦਿੱਤਾ। ਮਾਸਟਰ ਜੀ ਅਤੇ ਸਰਕਾਰ ਹੁਕਮ ਸਿੰਘ ਨੇ ਸੰਗਤਾਂ ਨੂੰ ਅਪੀਲ ਕੀਤੀ ਕਿ ਨਾਹਰੇ ਨਾ ਲਾਉਣ। ਜਲੂਸ ਘੰਟਾਘਰ ਚੌਂਕ ਤੱਕ ਪੁੱਜਾ। ਲੁਧਿਆਣਾ ਦੇ ਡਾਕਟਰ ਕਾਲੀਚਰਨ ਦੇ ਗੁੰਡੇ ਚੌਕ ਵਿਚ ਖੜੇ ਸਨ। ਦਸੰਬਰ 1954 ਨੂੰ ਲੁਧਿਆਣਾ ਦੇ ਫਸਾਦ ਵਾਂਗ ਅੰਮ੍ਰਿਤਸਰ ਵਿਚ ਵੀ ਜਲੂਸ ਤੇ ਇੱਟਾਂ ਪੈਣ ਲੱਗੀਆਂ। ਜਲੂਸ ਵਿਚ ਸ਼ਾਂਤੀਪੂਰਨ ਪੰਜਾਬੀ ਸੂਬਾ ਜਿੰਦਾਬਾਦ ਦੇ ਨਾਹਰੇ ਲੱਗਣ ਲੱਗੇ। ਜਲੂਸ ਅੱਗੇ ਵਧਿਆ ਪਰ ਪ੍ਰਸ਼ਾਸਨ ਅਤੇ ਪੁਲਿਸ ਦਾ ਇਕਤਰਫ਼ਾ ਇਤਰਾਜ਼ ਯੋਗ ਵਤੀਰਾ ਸੀ। ਜਲੂਸ ਤੋਂ ਬਾਅਦ ਬੁਰਜ ਅਕਾਲੀ ਫੂਲਾ ਸਿੰਘ ਵਿਖੇ ਬੋਲਦਿਆਂ ਮਾਸਟਰ ਤਾਰਾ ਸਿੰਘ ਨੇ ਕਿਹਾ ਕਿ ਹੁਣ ਜਲੂਸ 'ਤੇ ਹਮਲੇ ਨਹੀਂ ਸਹਾਰੇ ਜਾਣਗੇ। ਸਿੱਖ ਕੌਮ ਨੇ 'ਸੱਚਰ ਮੁਰਦਾਬਾਦ' ਦੇ ਨਾਹਰੇ ਲਾਏ।

ਗੜਬੜ ਮਚਾਉਣ ਵਾਲੇ ਕੁਝ ਫੜੇ ਗਏ। ਪੁਰਅਮਨ ਸਿੱਖ ਨੌਜਵਾਨ ਵੀ ਗ੍ਰਿਫ਼ਤਾਰ ਕੀਤੇ। ਗੁਰੂ ਕਾ ਬਾਗ ਤੋਂ ਮਾਸਟਰ ਜੀ ਨੇ ਐਲਾਨ ਕੀਤਾ ਕਿ 24 ਅਪ੍ਰੈਲ 1955 ਤੱਕ ਪੰਜਾਬੀ ਸੂਬਾ ਦੇ ਨਾਹਰਿਆਂ ਤੋਂ ਪਾਬੰਦੀ ਹਟਾਈ ਜਾਵੇ। ਪਰ ਸੱਚਰ ਸਰਕਾਰ ਨੇ ਨਾ ਸੁਣੀ। ਪਾਬੰਦੀ ਹਟਾਉਣ ਦੀ ਮੰਗ ਭਾਰਤ ਸਰਕਾਰ ਕੋਲ ਰੱਖੀ ਕਿ 9 ਮਈ 1955 ਤੱਕ ਦਾ ਸਮਾਂ ਦਿੱਤਾ ਜਾਂਦਾ ਹੈ। ਨਹੀਂ ਤਾਂ ਮੋਰਚਾ ਲੱਗੇਗਾ। ਮੋਰਚੇ ਨੂੰ ਚਲਾਉਣ ਦੇ ਅਧਿਕਾਰ ਮਾਸਟਰ ਜੀ ਨੂੰ ਦਿੱਤੇ ਗਏ। ਮਈ 1, 1955 ਨੂੰ ਦੀਵਾਨ ਚਮਨ ਲਾਲ ਵੱਲੋਂ ਸੱਦੀ ਇਕੱਤਰਤਾ ਵਿਚ ਅਕਾਲੀਆਂ ਵਲੋਂ ਸ. ਗੋਪਾਲ ਸਿੰਘ ਖ਼ਾਲਸਾ, ਸ. ਰਾਮਦਿਆਲ ਸਿੰਘ ਤੇ ਸ. ਅਜਮੇਰ ਸਿੰਘ ਸ਼ਾਮਲ ਹੋਏ। ਮਹਾਂ ਪੰਜਾਬ ਵਲੋਂ ਡਾ. ਕਾਲੀਚਰਨ ਤੇ ਸਾਥੀ ਸਨ। ਫੈਸਲਾ ਹੋਇਆ ਕਿ ਪੰਜਾਬੀ ਸੂਬਾ ਦੇ ਨਾਹਰਿਆਂ ਤੇ ਜਵਾਬੀ ਨਾਹਰੇ ਨਹੀਂ ਲਗਾਏ ਜਾਣਗੇ।

ਮਈ 3, 1955 ਨੂੰ ਸੱਚਰ ਮੁੱਖ ਮੰਤਰੀ ਨੂੰ ਸ. ਅਜਮੇਰ ਸਿੰਘ ਅਤੇ ਸਾਥੀਆਂ ਨਾਲ ਮੁਲਾਕਾਤ ਵਿਚ ਕਿਹਾ ਕਿ ਨਾਹਰਿਆਂ ਤੋਂ ਪਾਬੰਦੀ ਹਟਾ ਲਈ ਜਾਵੇਗੀ, ਪਰ ਦਿੱਲੀ ਦੇ ਚੱਕਰ ਲਾ ਕੇ ਆਉਂਦਿਆਂ 7 ਮਈ, 1955 ਨੂੰ ਐਲਾਨ ਕੀਤਾ ਕਿ ਇਸ ਮੋਰਚੇ ਨੂੰ ਕੁਚਲ ਦਿੱਤਾ ਜਾਵੇਗਾ। ਮਈ 9, 1955 ਲੁਧਿਆਣਾ ਵਿਖੇ ਲਾਲਾ ਕੇਦਾਰ ਨਾਥ ਸਹਿਗਲ ਦੀ ਪ੍ਰਧਾਨਗੀ ਹੇਠ ਹੋਈ ਇਕੱਤਰਤਾ ਵਿਚ ਮੋਰਚੇ ਦੀ ਹਮਾਇਤ ਦਾ ਐਲਾਨ ਹੋਇਆ। ਮੋਰਚੇ ਤੇ ਅਮਲ ਸ਼ੁਰੂ ਹੋਇਆ। ਮਾਸਟਰ ਜੀ ਨੇ ਸੰਗਤਾਂ ਨੂੰ ਕਿਹਾ ਕਿ ਇਹ ਸਿੱਖ ਕੌਮ ਦੀ ਅਣਖ ਦਾ ਸਵਾਲ ਹੈ। ਮੋਰਚਾ ਲਾ ਦਿਓ। ਸੰਗਤਾਂ ਵਲੋਂ ਵੱਡਾ ਹੁੰਗਾਰਾ ਮਿਲਿਆ। ਮਾਸਟਰ ਜੀ ਨੇ 4-4 ਦੇ ਜਥਿਆਂ ਨੂੰ ਪੰਜਾਬੀ ਸੂਬਾ ਜਿੰਦਾਬਾਦ ਦੇ ਨਾਹਰੇ ਨਾਲ ਗ੍ਰਿਫ਼ਤਾਰੀਆਂ ਦੇਣ ਲਈ ਕਿਹਾ। ਮਈ 10, 1955 ਨੂੰ ਮਾਸਟਰ ਜੀ ਦੀ ਗ੍ਰਿਫ਼ਤਾਰੀ ਮੰਜੀ ਸਾਹਿਬ ਤੋਂ ਹੋਈ। ਉਸ ਦਿਨ 10 ਹੋਰ ਸਿੰਘਾਂ ਨੇ ਵੀ ਗ੍ਰਿਫ਼ਤਾਰੀ ਦਿੱਤੀ। ਪੁਲਿਸ ਨੇ ਧੜਾਧੜ ਗ੍ਰਿਫ਼ਤਾਰੀਆਂ ਸ਼ੁਰੂ ਕਰ ਦਿੱਤੀਆਂ। ਮਾਸਟਰ ਜੀ ਨੂੰ ਪਹਿਲਾਂ ਅੰਮ੍ਰਿਤਸਰ, ਫਿਰ ਰੋਹਤਕ ਜੇਲ ਭੇਜ ਦਿੱਤਾ। ਮੋਰਚੇ ਦੇ ਦੂਸਰੇ ਮੁਖੀ ਪ੍ਰਿੰਸੀਪਲ ਇਕਬਾਲ ਸਿੰਘ ਜੀ ਨੇ ਇਕ ਮਹੀਨਾ ਮੋਰਚਾ ਚਲਾਇਆ। ਉਨ੍ਹਾਂ ਨੇ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਨ 25 ਮਈ, 1955 ਨੂੰ ਪੰਜਾਬੀ ਸੂਬਾ ਦਿਨ ਮਨਾਉਣ ਲਈ ਚੁਣਿਆ। ਸਰਕਾਰ ਨੇ ਪ੍ਰੋਗਰਾਮ ਨੂੰ ਫੇਲ ਕਰਨ ਲਈ ਗ੍ਰਿਫਤਾਰੀਆਂ ਦਾ ਦੌਰ ਅੰਮ੍ਰਿਤਸਰ ਤੋਂ ਸ਼ੁਰੂ ਕਰਕੇ ਪੂਰੇ ਪੰਜਾਬ ਵਿਚ ਗ੍ਰਿਫ਼ਤਾਰੀਆਂ ਦੀ ਮੁਹਿਮ ਸ਼ੁਰੂ ਹੋ ਗਈ। ਸਰਕਾਰ ਨੇ ਅਕਾਲੀ ਦਲ ਦਾ ਇਕ ਵੀ ਮੈਂਬਰ ਅਤੇ ਆਗੂ ਜੇਲ ਤੋਂ ਬਾਹਰ ਨਹੀਂ ਰਹਿਣ ਦਿੱਤਾ।

ਮੋਰਚਾ ਬੇਪਨਾਹ ਜੋਸ਼ ਨਾਲ ਅੱਗੇ ਵਧਣ ਲੱਗਾ। ਜੁਲਾਈ 25 ਨੂੰ ਪੰਜਾਬ ਅਸੈਂਬਲੀ ਦੇ ਸਪੀਕਰ ਸ. ਗੁਰਦਿਆਲ ਸਿੰਘ ਢਿੱਲੋਂ ਅਤੇ ਪੰਜਾਬ ਕੌਂਸਲ ਦੇ ਸਭਾਪਤੀ ਸ. ਕਪੂਰ ਸਿੰਘ ਨੇ ਅਖ਼ਬਾਰਾਂ ਰਾਹੀਂ ਸਰਕਾਰੀ ਤਜਵੀਜ ਦਿੱਤੀ ਕਿ ਸਰਕਾਰ ਨਾਲ ਗੱਲਬਾਤ ਕਰ ਲੈਣੀ ਚਾਹੀਦੀ ਹੈ। ਪ੍ਰਿੰਸੀਪਲ ਇਕਬਾਲ ਸਿੰਘ ਜੀ ਵੱਲੋਂ ਇਹ ਤਜਵੀਜ ਠੁਕਰਾ ਦਿੱਤੀ ਗਈ।

ਸੰਗਤਾਂ ਵਿਚ ਹੋਰ ਉਤਸ਼ਾਹ ਜਾਗ ਪਿਆ। ਪੈਪਸੂ, ਪੰਜਾਬ, ਉਤਰ ਪ੍ਰਦੇਸ਼, ਬੰਬਈ, ਕਾਨਪੁਰ ਅਤੇ ਕਲਕੱਤੇ ਤੱਕ ਤੋਂ ਜਥਿਆਂ ਨੇ ਅੰਮ੍ਰਿਤਸਰ ਵੱਲ ਵਹੀਰਾਂ ਘੱਤ ਦਿੱਤੀਆਂ। ਮੋਰਚੇ ਦੇ ਪਹਿਲੇ ਇਕ ਮਹੀਨੇ ਵਿਚ ਹੀ 5000 ਗ੍ਰਿਫ਼ਤਾਰੀਆਂ ਹੋਈਆਂ। ਮੋਰਚੇ ਵਿਚ ਆਉਂਦੀ ਤੇਜ਼ੀ ਵੇਖ ਕੇ ਕਾਂਗਰਸੀ ਅਤੇ ਆਰੀਆ ਸਮਾਜੀ ਅਖ਼ਬਾਰਾਂ ਨੇ ਕਾਂਗਰਸੀ ਸਿੱਖਾਂ ਨੂੰ ਮੋਰਚੇ ਦੇ ਮੁਕਾਬਲੇ ਵਿਚ ਆਉਣ ਲਈ ਪ੍ਰਚਾਰ ਕੀਤਾ ਕਿ ਉਨ੍ਹਾਂ ਨੂੰ ਵਜ਼ੀਰੀਆਂ ਦਿਵਾਈਆਂ ਹਨ। ਜੂਨ 1955 ਨੂੰ ਸ. ਦਰਸ਼ਨ ਸਿੰਘ ਫੇਰੂਮਾਨ ਨੇ ਅਖਬਾਰਾਂ ਵਿਚ ਬਿਆਨ ਦਿੱਤਾ ਕਿ ਗੁਰਦੁਆਰੇ ਵਿਚ ਰਾਜਨੀਤੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਮੰਜੀ ਸਾਹਿਬ ਦੇ ਦੀਵਾਨ ਵਿਚ ਜੋ ਰਾਜਸੀ ਤਕਰੀਰਾਂ ਹੁੰਦੀਆਂ ਹਨ, ਨੂੰ ਰੋਕਣ ਲਈ ਉਹ 25 ਜੂਨ 1955 ਨੂੰ 25 ਕਾਂਗਰਸੀਆਂ ਸਿੰਘਾਂ ਦਾ ਜਥਾ ਲੈ ਕੇ ਜਾਣਗੇ। ਕਾਂਗਰਸੀ ਸਿੱਖਾਂ ਨੇ ਇਸ ਦੀ ਹਮਾਇਤ ਦਾ ਐਲਾਨ ਕਰ ਦਿੱਤਾ।

## 4 ਜੁਲਾਈ 'ਤੇ ਵਿਸ਼ੇਸ਼

ਸਰਕਾਰ ਪ੍ਰਤਾਪ ਸਿੰਘ ਕੈਰੋਂ, ਸ. ਈਸ਼ਰ ਸਿੰਘ ਮਝੈਲ ਨੇ ਅਕਾਲੀ ਆਗੂਆਂ ਨੂੰ ਧਮਕਾਉਣਾ ਦਾ ਯਤਨ ਕੀਤਾ ਕਿ ਕਾਂਗਰਸੀ ਸਿੱਖਾਂ ਦਾ ਜਥਾ ਮੰਜੀ ਸਾਹਿਬ ਦੀਵਾਨ ਵਿਚ ਜਾ ਕੇ ਫਸਾਦ ਕਰੇਗਾ। ਫਿਰ ਪੁਲਿਸ ਦੀ ਸਖਤੀ ਨਾਲ ਮੋਰਚਾ ਕੁਚਲ ਦਿੱਤਾ ਜਾਵੇਗਾ। ਜਥੇਦਾਰ ਭਾਨ ਸਿੰਘ ਨੇ ਟੱਕਰ ਲੈਣ ਦਾ ਐਲਾਨ ਕਰ ਦਿੱਤਾ, ਸ. ਸਰੂਪ ਸਿੰਘ ਵਿਧਾਇਕ ਨੇ ਕਿਹਾ ਕਿ ਮੁਕਾਬਲੇ ਦੀ ਕਮਾਨ ਮੈਂ ਸੰਭਾਲਾਂਗਾ। ਵੇਖਦੇ ਹਾਂ, ਦੀਵਾਨ ਵੱਲ ਕੌਣ ਆਉਂਦਾ ਹੈ। ਸ. ਅਮਰ ਸਿੰਘ ਦੁਸਾਂਝ ਨੇ ਮੰਜੀ ਸਾਹਿਬ ਦੇ ਦੀਵਾਨ ਵਿਚ ਤਕਰੀਰ ਕਰਦੇ ਐਲਾਨ ਕੀਤਾ ਕਿ ਮੰਜੀ ਸਾਹਿਬ ਦੀਵਾਨ ਵੱਲ ਜੇਕਰ ਫੇਰੂਮਾਨ ਨੇ ਉਂਗਲ ਕੀਤੀ ਤਾਂ ਉਂਗਲ ਕੱਟ ਦਿੱਤੀ ਜਾਵੇਗੀ। ਜੇਕਰ ਅੱਖ ਚੁੱਕੀ ਤਾਂ ਉਹ ਕੱਢ ਕੇ ਸੁੱਟ ਦਿੱਤੀ ਜਾਵੇਗੀ। ਸੰਗਤਾਂ ਵਿਚ ਅਥਾਹ ਜੋਸ਼ ਭਰ ਗਿਆ। ਬਾਵਾ ਹਰਕ੍ਰਿਸ਼ਨ ਸਿੰਘ ਜੀ ਨੇ ਮਾਮਲਾ ਸੁਲਝਾਉਣ ਲਈ ਐਲਾਨ ਕੀਤਾ ਕਿ ਅੱਗੇ ਤੋਂ ਮੰਜੀ ਸਾਹਿਬ ਦੇ ਦੀਵਾਨ ਵਿਚ ਕਿਸੇ ਦਾ ਦਿਲ ਦੁਖਾਉਣ ਵਾਲੀ ਗੱਲ ਨਹੀਂ ਕੀਤੀ ਜਾਵੇਗੀ। ਕਾਂਗਰਸੀ ਸਿੱਖ ਆਗੂਆਂ ਨੇ ਕਿਹਾ ਕਿ ਉਹ ਹੁਣ ਜਵਾਬੀ ਮੋਰਚੇ ਲਈ ਜਥਾ ਲੈ ਕੇ ਨਹੀਂ ਜਾਣਗੇ।

ਮੰਜੀ ਸਾਹਿਬ ਦੇ ਦੀਵਾਨ ਤੋਂ ਤਕਰੀਰਾਂ ਹੁੰਦੀਆਂ ਰਹੀਆਂ। ਮੋਰਚਾ ਜੋਸ਼ ਨਾਲ ਅੱਗੇ ਵਧਦਾ ਗਿਆ। ਜੂਨ 15, 1955 ਤੱਕ ਗ੍ਰਿਫ਼ਤਾਰੀਆਂ ਦੀ ਗਿਣਤੀ 5000 ਤੋਂ ਉਪਰ ਸੀ। ਮਾਸਟਰ ਤਾਰਾ ਸਿੰਘ ਜੀ ਨੂੰ ਧਰਮਸ਼ਾਲਾ ਜੇਲ ਭੇਜ ਦਿੱਤਾ ਗਿਆ। ਅਕਾਲੀਆਂ ਨੇ ਐਲਾਨ ਕੀਤਾ ਕਿ ਮੋਰਚਾ ਉਦੋਂ ਤੱਕ ਚੱਲੇਗਾ ਜਦੋਂ ਤੱਕ ਨਾਹਰਿਆਂ ਤੋਂ ਪਾਬੰਦੀ ਨਹੀਂ ਹਟਾ ਲਈ ਜਾਂਦੀ। ਸਿੰਘਾਂ ਨੇ ਕਈ ਖਾਸ ਦਿਨਾਂ ਤੇ ਵੀ ਗ੍ਰਿਫ਼ਤਾਰੀਆਂ ਦਿੱਤੀਆਂ। ਜਿਵੇਂ ਮਾਸਟਰ ਤਾਰਾ ਸਿੰਘ ਜੀ ਦੇ 71ਵੇਂ ਜਨਮ ਦਿਨ 271 ਗ੍ਰਿਫ਼ਤਾਰੀਆਂ ਹੋਈਆਂ। ਜੂਨ 29, 1955 ਨੂੰ ਮਹਾਰਾਜਾ ਰਣਜੀਤ ਸਿੰਘ ਜੀ ਦੀ 117ਵੀਂ ਬਰਸੀ ਤੇ ਗ੍ਰਿਫ਼ਤਾਰੀਆਂ ਹੋਈਆਂ। ਜੂਨ 29 ਅਜਾਦ ਪੰਜਾਬ ਦਿਨ, ਜੂਨ 30, 1955 ਨੂੰ ਘੱਲੂਘਾਰਾ ਦਿਵਸ ਅਤੇ ਜੁਲਾਈ 3, 1955 ਨੂੰ ਵੀ ਗ੍ਰਿਫ਼ਤਾਰੀਆਂ ਹੋਈਆਂ ਜੋ ਸ਼ਹਿਰੀ ਅਜਾਦੀ ਦਾ ਦਿਨ ਸੀ।

ਪੰਜਾਬ ਦੇ ਮੁੱਖ ਮੰਤਰੀ ਲਾਲ ਭੀਮ ਸੈਨ ਸੱਚਰ ਅਤੇ ਉਪ ਇਸਪੈਕਟਰ ਜਨਰਲ ਪੁਲਿਸ ਨੇ ਪ੍ਰਸ਼ਾਸਨ ਨਾਲ ਮਿਲ ਕੇ ਮੋਰਚੇ ਨੂੰ ਸਖਤੀ ਨਾਲ ਦਬਾ ਦੇਣ ਦਾ ਫੈਸਲਾ ਕਰ ਲਿਆ। ਮੁੱਖ ਮੰਤਰੀ ਨੇ ਕਾਂਗਰਸੀ ਸਿੱਖਾਂ ਨੂੰ ਕਿਹਾ ਕਿ ਉਹ ਪਿੰਡਾਂ ਵਿਚ ਜਾ ਕੇ ਪੰਜਾਬ ਸੂਬਾ ਮੋਰਚਾ ਵਿਰੁਧ ਪ੍ਰਚਾਰ ਕਰਨ। ਪਰ ਮੋਰਚਾ ਹੋਰ ਵੀ ਤੇਜੀ ਨਾਲ ਅੱਗੇ ਵਧਦਾ ਗਿਆ। ਪੈਪਸੂ ਅਕਾਲੀ ਦਲ ਦੇ ਜਨਰਲ ਸਕੱਤਰ ਸ. ਰਜਿੰਦਰ ਸਿੰਘ ਪੱਤਰਕਾਰ ਵੀ ਗ੍ਰਿਫ਼ਤਾਰੀ ਦੇਣ ਅੰਮ੍ਰਿਤਸਰ ਪਹੁੰਚ ਗਏ। ਉਨ੍ਹਾਂ 2 ਜੁਲਾਈ 1955 ਨੂੰ ਮੰਜੀ ਸਾਹਿਬ ਦੀਵਾਨ ਤੋਂ ਐਲਾਨ ਕੀਤਾ ਕਿ ਸਿੱਖ ਕੌਮ ਮੋਰਚਾ ਫਤਹਿ ਕਰਨ ਤੋਂ ਬਿਨਾਂ ਪਿੱਛੇ ਨਹੀਂ ਹਟੇਗੀ।

ਸ਼੍ਰੋਮਣੀ ਅਕਾਲੀ ਦਲ ਦੇ ਨਾਲ ਸਾਰੀ ਕੌਮ ਖੜੀ ਹੋ ਗਈ ਸੀ। ਮੋਰਚਾ ਸ਼ੁਰੂ ਹੋਣ ਤੋਂ ਪਹਿਲਾਂ ਸਰਦਾਰ ਪ੍ਰਤਾਪ ਸਿੰਘ ਕੈਰੋਂ ਨੇ ਨਹਿਰੂ ਨੂੰ ਕਿਹਾ ਕਿ ਅਕਾਲੀ 1500 ਕੁ ਹੋਣਗੇ, ਪਹਿਲਾਂ ਹੀ ਗ੍ਰਿਫ਼ਤਾਰ ਕਰ ਲਓ, ਮੋਰਚਾ ਖਤਮ ਹੋ ਜਾਵੇਗਾ। ਜਦੋਂ ਮੋਰਚੇ ਦੇ ਦੋ ਮਹੀਨੇ ਬੀਤੇ ਤਾਂ 8 ਹਜ਼ਾਰ ਜੇਲ ਜਾ ਚੁੱਕੇ ਸਨ।

ਜੂਨ ਦੇ ਅਖੀਰਲੇ ਹਫ਼ਤੇ, ਜਲੰਧਰ ਡਵੀਜ਼ਨ ਦੇ ਉਪ ਇਸਪੈਕਟਰ ਜਨਰਲ ਪੁਲਿਸ ਅਸ਼ਵਨੀ ਕੁਮਾਰ ਨੇ ਮੋਰਚੇ ਨੂੰ ਕੁਚਲਣ ਦੀ ਵਿਉਂਤ ਬਣਾਈ। ਉਸ ਨੇ ਮੁੱਖ ਮੰਤਰੀ ਨੂੰ ਕਿਹਾ ਕਿ ਮੈਨੂੰ 5 ਦਿਨਾਂ ਲਈ ਕਾਰਵਾਈ ਕਰਨ ਦੀ ਆਜ਼ਾਦੀ ਦੇਵੋ, ਮੈਂ ਮੋਰਚਾ ਕੁਚਲ ਦੇਵਾਂਗਾ। ਇਸ ਤਰਾਂ ਉਸ ਨੇ 4 ਜੁਲਾਈ-9 ਜੁਲਾਈ 1955 ਤੱਕ ਛੋਟ ਮੰਗੀ ਸੀ। ਪੁਲਿਸ ਨੇ ਪ੍ਰੇਮ ਹੋਟਲ ਦੇ ਅਖ਼ੀਰ ਵਿਚ ਜੰਗਲਾਂ ਲਵਾ ਲਿਆ। ਜਿਸ ਦੀ ਨਿਗਰਾਨੀ ਅਕਾਲੀ ਦਲ ਦੇ ਸੇਵਾਦਾਰ ਕਰਦੇ ਸਨ। ਪੁਲਿਸ ਉਸ ਤੋਂ ਪਿੱਛੇ ਖੜੀ ਹੁੰਦੀ ਸੀ। ਜਦ ਸਤਿਆਗ੍ਰਹਿ ਨਾਹਰੇ ਮਾਰਦੇ ਜੰਗਲੇ ਤੋਂ ਅੱਗੇ ਵਧਦੇ ਤਾਂ ਪੁਲਿਸ ਗ੍ਰਿਫ਼ਤਾਰ ਕਰਦੀ ਸੀ। ਜੂਨ 1955 ਦੇ ਅਖੀਰ ਵਿਚ ਪੁਲਿਸ ਨੇ ਜੰਗਲਾ ਚੁਕਵਾ ਦਿੱਤਾ। ਪੁਲਿਸ ਗੁਰੂ ਰਾਮਦਾਸ ਸਰਾਂ ਤੋਂ ਅਕਾਲੀ ਦਫ਼ਤਰ ਤੱਕ ਗਸ਼ਤ ਕਰਨ ਲੱਗੀ। ਪੁਲਿਸ ਨੇ ਗੁਰਦੁਆਰਾ ਮੰਜੀ ਸਾਹਿਬ ਜਾ ਕੇ ਸੰਗਤਾਂ ਨੂੰ ਜਲੀਲ ਕਰਕੇ ਉਥੋਂ ਕੱਢ ਦਿੱਤਾ। ਸ਼੍ਰੋਮਣੀ ਕਮੇਟੀ ਦੀਆਂ ਜਾਇਜ਼ ਲਾਇਸੰਸੀ ਬੰਦੂਕਾਂ ਜਬਤ ਕਰ ਲਈਆਂ। ਅਕਾਲੀ ਸੇਵਾਦਾਰਾਂ ਦੀਆਂ ਬੰਦੂਕਾਂ ਵੀ ਜਬਤ ਕਰ ਲਈਆਂ।

ਪੁਲਿਸ ਦੀ ਅਸਲ ਕਾਰਵਾਈ 3-4 ਜੁਲਾਈ 1955 ਦੀ ਅੱਧੀ ਰਾਤ ਤੋਂ ਸ਼ੁਰੂ ਹੋਈ ਗਈ। ਬਿਨਾਂ ਵਰੰਟਾਂ ਦੇ ਗ੍ਰਿਫ਼ਤਾਰੀਆਂ ਹੋਈਆਂ। ਸਵੇਰੇ 3-4 ਵਜੇ ਹਜ਼ਾਰਾਂ ਪੁਲਿਸ ਵਾਲੇ ਲੈ ਕੇ ਅਸ਼ਵਨੀ ਕੁਮਾਰ ਨੇ ਆਪ ਧਾਵਾ ਬੋਲਿਆ। ਦਰਬਾਰ ਸਾਹਿਬ ਅਤੇ ਗੁਰੂ ਰਾਮਦਾਸ ਸਰਾਂ ਦੇ ਸਾਰੇ ਨਾਕੇ ਰੋਕ ਲਏ ਗਏ। ਪੁਲਿਸ ਦਾ ਸਖਤ ਪਹਿਰਾ ਸੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਅਕਾਲੀ ਦਫ਼ਤਰਾਂ ਤੇ ਹਮਲਾ ਕੀਤਾ ਗਿਆ। ਦਿੱਲੀ, ਕਾਨਪੁਰ, ਇੰਦੌਰ, ਰਾਜਸਥਾਨ ਤੇ ਸਤਿਆਗ੍ਰਹੀ ਗ੍ਰਿਫ਼ਤਾਰ ਕਰ ਲਏ ਅਤੇ ਹੋਰ ਮੁਸਾਫਰ ਵੀ ਟਰੱਕਾਂ ਵਿਚ ਬਿਠਾ ਕੇ ਜੇਲ ਵਿਚ ਲੈ ਗਏ।

ਮੰਜੀ ਸਾਹਿਬ ਦੀਵਾਨ ਤੇ ਧਾਰਾ 144 ਲਗਾ ਕੇ ਦੀਵਾਨ ਰੋਕਣ ਦਾ ਐਲਾਨ ਕਰ ਦਿੱਤਾ। ਪੁਲਿਸ ਨੇ ਗਸ਼ਤ ਤੇਜ਼ ਕਰ ਦਿੱਤੀ। ਪੁਲਿਸ ਵਾਲੇ ਬਾਵਾ ਹਰਿਕ੍ਰਿਸ਼ਨ ਨਾਲ ਉਲਝ ਪਏ ਕਿ ਬਾਵਾ ਜੀ ਜੰਗਲੇ 'ਤੇ ਚੜ ਕੇ ਜੈਕਾਰੇ ਲਾਉਣ ਲੱਗ ਪਏ। ਸਰਦਾਰ ਹੁਕਮ ਸਿੰਘ ਨੇ ਕਿਹਾ ਕਿ ਫੌਜ ਨੂੰ ਵਾਪਸ ਭੇਜੋ। ਫੌਜ ਵਾਪਸ ਚਲੀ ਗਈ। ਪੁਲਿਸ ਨੂੰ ਅੱਗੇ ਵਧਾਉਣਾ ਸ਼ੁਰੂ ਕਰ ਦਿੱਤਾ। ਸਰਦਾਰ ਹੁਕਮ ਸਿੰਘ ਨੇ ਐਲਾਨ ਕੀਤਾ ਕਿ ਸਿੰਘੋ ਹੁਣ ਸਾਨੂੰ ਗੋਲੀਆਂ ਖਾਣੀਆਂ ਪੈਣੀਆਂ ਹਨ। ਜੋ ਗਲੀ ਖਾਣ ਲਈ ਤਿਆਰ ਹਨ, ਉਹ ਇੱਥੇ ਰਹਿਣ ਬਾਕੀ ਚਲੇ ਜਾਣ। ਸਭ ਗੋਲੀਆਂ ਅੱਗੇ ਡਟ ਗਏ।

ਸੰਗਤਾਂ ਨੇ ਮੰਜੀ ਸਾਹਿਬ ਦਾ ਰਾਹ ਸ਼ਾਂਤੀਪੂਰਵਕ ਰੋਕ ਲਿਆ। ਪੁਲਿਸ ਨੇ ਅਥਰੂ ਗੈਸ ਅਤੇ ਡਾਂਗਾਂ ਦੀ ਵਰਤੋਂ ਕੀਤੀ। ਸੰਗਤਾਂ ਵਿਚ ਭਗਦੜ ਮਚ ਗਈ। ਸਿੰਘ ਡਟੇ ਰਹੇ। ਪੁਲਿਸ ਤਸ਼ੱਦਦ ਕਰਦੀ ਮੰਜੀ ਸਾਹਿਬ ਦੇ ਦੀਵਾਨ ਅਸਥਾਨ ਤੇ ਪੁੱਜ ਗਈ। ਬਹੁਤ ਸਾਰੀ ਸੰਗਤ ਪੁਲਿਸ ਕਾਰਵਾਈ ਵਿਚ ਜ਼ਖਮੀ ਹੋ ਗਈ। ਅਸ਼ਵਨੀ ਕੁਮਾਰ ਨੇ ਸੰਗਤਾਂ ਤੇ ਇਲਜਾਮ ਲਗਾਇਆ ਕਿ ਪ੍ਰਕਰਮਾ ਵਿਚੋਂ ਇੱਟਾਂ ਪੱਥਰ ਮਾਰੇ ਜਾ ਰਹੇ ਹਨ ਅਤੇ 7 ਗੋਲੀਆਂ ਵੀ ਚਲਾਈਆਂ ਹਨ। ਪੁਲਿਸ ਵਾਲੇ ਜ਼ਖਮੀ ਨਹੀਂ ਹੋਏ। ਆਗੂਆਂ ਨੇ ਕਿਹਾ ਕਿ ਪੱਥਰ ਤਾਂ ਭੜਕੀ ਭੀੜ ਵਲੋਂ ਮਾਰੇ ਜਾ ਸਕਦੇ ਹਨ ਪਰ ਗੋਲੀਆਂ ਚੱਲਣ ਦੀ ਗੱਲ ਝੂਠ ਹੈ। ਦਰਬਾਰ ਸਾਹਿਬ ਦੇ ਗ੍ਰੰਥੀ ਭਾਈ ਚੇਤ ਸਿੰਘ ਦੇ ਮਕਾਨ ਤੇ ਅਥਰੂ ਗੈਸ ਛੱਡੀ ਗਈ ਅਤੇ ਉਨ੍ਹਾਂ ਦਾ ਪਰਿਵਾਰ ਉਥੋਂ ਕੱਢ ਦਿੱਤਾ।

ਬਾਕੀ ਸਫ਼ਾ 31 'ਤੇ

# ਵਿਦਿਆਰਥੀਆਂ ਦੇ ਬਹੁਪੱਖੀ ਵਿਕਾਸ ਲਈ ਯਤਨਸ਼ੀਲ ਸਿਰਮੌਰ ਸੰਸਥਾ ਸ੍ਰੀ ਗੁਰੂ ਤੇਗ਼ ਬਹਾਦਰ ਖ਼ਾਲਸਾ ਕਾਲਜ, ਸ੍ਰੀ ਅਨੰਦਪੁਰ ਸਾਹਿਬ



ਸੌਰਵ ਦਾਦਰੀ

ਮਨੁੱਖ ਆਪਣੇ ਜੀਵਨ ਅੰਦਰ ਜਨਮ ਤੋਂ ਲੈ ਕੇ ਮੌਤ ਤੱਕ ਨਿਰੰਤਰ ਸਿੱਖਦਾ ਰਹਿੰਦਾ ਹੈ। ਵੱਖ- ਵੱਖ ਪੜਾਵਾਂ ਵਿਚੋਂ ਲੰਘਦੇ ਮਨੁੱਖ ਲਈ ਵਿਦਿਆਰਥੀ ਜੀਵਨ ਅਹਿਮ ਮਹੱਤਤਾ ਰੱਖਦਾ ਹੈ। ਵਿਦਿਆਰਥੀ ਜੀਵਨ ਦੌਰਾਨ ਹੀ ਉਸ ਦੀ ਸਾਂਝ ਵਿਸ਼ਵ ਵਿਆਪੀ ਗਿਆਨ ਦੇ ਨਾਲ ਪੈਂਦੀ ਹੈ। ਜਿਸ ਨੂੰ ਸਿੱਖਦਾ, ਗ੍ਰਹਿਣ ਕਰਦਾ ਅਥਵਾ ਅਪਣਾਉਂਦਾ ਹੈ। ਇਸੇ ਲਈ ਵਿਦਿਆਰਥੀ ਜੀਵਨ ਨੂੰ ਸੁਨਹਿਰੀ ਸਮਾਂ ਵੀ ਮੰਨਿਆ ਜਾਂਦਾ ਹੈ ਕਿਉਂਕਿ ਇਹ ਸਾਡੇ ਭਵਿੱਖ ਦਾ ਆਧਾਰ ਹੁੰਦਾ ਹੈ।ਅਸੀਂ ਸਾਰੇ ਭਲੀ ਭਾਂਤ ਇਹ ਗੱਲ ਸਵੀਕਾਰ ਕਰਦੇ ਹਾਂ ਕਿ ਦਸਵੀਂ ਤੇ ਬਾਰਵੀਂ ਤੋਂ ਬਾਦ ਵਿਦਿਆਰਥੀ ਨੂੰ ਕੋਰਸ ਦੀ ਚੋਣ ਸਬੰਧੀ ਬਹੁਤ ਸਾਰੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਅਜਿਹੇ ਵਿਚ ਜੇਕਰ ਉਸ ਨੂੰ ਸਹੀ ਸੇਧ ਨਾ ਮਿਲੇ ਤਾਂ ਉਸ ਦਾ ਭਵਿੱਖ ਖਤਰੇ ਵਿਚ ਪੈ ਜਾਂਦਾ ਹੈ ਇਸ ਦੇ ਉਲਟ ਜਿਸ ਨੂੰ ਸਹੀ ਦਿਸ਼ਾ ਮਿਲ ਜਾਵੇ ਤਾਂ ਸਫ਼ਲਤਾ ਦੀ ਟੀਸੀ ਤੇ ਪੁੱਜਣਾ ਆਸਾਨ ਹੋ ਜਾਂਦਾ ਹੈ। ਕੁਝ ਵਿੱਦਿਅਕ ਅਦਾਰੇ ਅਜਿਹੇ ਵੀ ਹਨ ਜੋ ਵਿਦਿਆਰਥੀ ਦੇ ਭਵਿੱਖ ਨੂੰ ਰੁਸ਼ਨਾਉਣ ਲਈ ਅਗਰਸਰ ਹਨ। ਜਿਸ ਦੀ ਇਕ ਜੀਵੰਤ ਮਿਸਾਲ ਹੈ ਸ੍ਰੀ ਗੁਰੂ ਤੇਗ਼ ਬਹਾਦਰ ਖ਼ਾਲਸਾ ਕਾਲਜ, ਸ੍ਰੀ ਅਨੰਦਪੁਰ ਸਾਹਿਬ।

ਸ੍ਰੀ ਗੁਰੂ ਤੇਗ਼ ਬਹਾਦਰ ਖ਼ਾਲਸਾ ਕਾਲਜ,ਸ੍ਰੀ ਅਨੰਦਪੁਰ ਸਾਹਿਬ ਉੱਤਰੀ ਭਾਰਤ ਦੀਆਂ ਵਿੱਦਿਅਕ ਸੰਸਥਾਵਾਂ ਵਿੱਚੋਂ ਲਗਾਤਾਰ ਮੋਹਰੀ ਭੂਮਿਕਾ ਨਿਭਾਉਂਦਾ ਆ ਰਿਹਾ ਹੈ। ਇਹ ਕਾਲਜ ਸਿੱਖਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੇ ਪ੍ਰਬੰਧ ਅਧੀਨ ਅਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਮਾਨਤਾ ਪ੍ਰਾਪਤ ਹੈ।ਇਸ ਕਾਲਜ ਨੂੰ ਨੈੱਕ ਬੰਗਲੌਰ ਵੱਲੋਂ 'ਏ' ਗ੍ਰੇਡ ਪ੍ਰਾਪਤ ਹੈ। ਭਾਰਤ ਸਰਕਾਰ ਦੇ ਬਾਇਓਟੈਕਨਾਲੋਜੀ ਵਿਭਾਗ ਵੱਲੋਂ ਕਾਲਜ ਨੂੰ 'ਸਟਾਰ' ਸਟੇਟਸ ਦਾ ਮਾਣ ਪ੍ਰਾਪਤ ਹੈ। ਵਰਣਨਯੋਗ ਹੈ ਕਿ ਪੰਜਾਬ ਵਿਚ ਸਟਾਰ ਸਟੇਟਸ ਪ੍ਰਾਪਤ ਕਰਨ ਵਾਲਾ ਇਹ ਪਹਿਲਾ ਕਾਲਜ ਹੈ। 2016 ਵਿਚ ਕਾਲਜ ਨੂੰ ਯੂ.ਜੀ.ਸੀ. ਵੱਲੋਂ 'ਕਾਲਜ ਵਿਦ ਪੋਟੈਸ਼ੀਅਲ ਫ਼ਾਰ ਐਕਸੀਲੈਂਸ' ਦਾ ਸਟੇਟਸ ਪ੍ਰਾਪਤ ਹੋਇਆ। ਇਸ ਦਾ ਮੁਲਾਂਕਣ ਵੀ ਯੂ.ਜੀ.ਸੀ.ਦੀ ਟੀਮ ਵੱਲੋਂ ਕੀਤਾ ਗਿਆ ਅਤੇ ਉਨਾਂ ਕਾਲਜ ਦੇ ਕਾਰਜਾਂ ਦੀ ਸ਼ਲਾਘਾ ਕੀਤੀ। ਕਾਲਜ ਨੂੰ ਭਾਰਤ ਸਰਕਾਰ ਵੱਲੋਂ 'ਉੱਨਤ ਭਾਰਤ ਅਭਿਆਨ' ਸਕੀਮ ਪ੍ਰਾਪਤ ਹੈ, ਜਿਸ ਅਧੀਨ ਬਹੁਤ ਸਫ਼ਲਤਾਪੂਰਵਕ ਕੰਮ ਚੱਲ ਰਿਹਾ ਹੈ। ਵਰਣਨਯੋਗ ਹੈ ਕਿ ਕਾਲਜ ਨੂੰ ਸ਼ੈਸ਼ਨ 2019-20 ਤੋਂ 'ਆਟੋਨੌਮਸ ਕਾਲਜ' ਦਾ ਅਤਿ ਸਨਮਾਨਯੋਗ ਦਰਜਾ ਪ੍ਰਾਪਤ ਹੋਇਆ ਹੈ।ਕਾਲਜ ਲਈ ਮਾਣ ਦੀ ਗੱਲ ਹੈ ਕਿ ਸ਼ੈਸ਼ਨ 2019-20 ਵਿਚ ਹੀ ਕਾਲਜ ਨੂੰ ਭਾਰਤ ਸਰਕਾਰ ਦੇ ਸਾਇੰਸ ਅਤੇ ਟੈਕਨਾਲੋਜੀ ਵਿਭਾਗ ਵੱਲੋਂ 'ਫਿਸਟ' **(DST-FIST)** ਸਕੀਮ ਪ੍ਰਾਪਤ ਹੋਈ।ਜ਼ਿਕਰਯੋਗ ਹੈ ਕਿ ਇਹ ਸਕੀਮ ਵੀ ਪੰਜਾਬ ਦੇ ਕੇਵਲ ਦੋ ਕਾਲਜਾਂ ਨੂੰ ਹੀ ਪ੍ਰਾਪਤ ਹੋਈ ਹੈ।ਕਾਲਜ ਨੂੰ ਕੁਆਲਿਟੀ ਮੈਨੇਜਮੈਂਟ ਸਿਸਟਮ ਤਹਿਤ **ISO 9001: 2015** ਦੀ ਸਰਟੀਫਿਕੇਟਸ਼ਨ ਪ੍ਰਾਪਤ ਹੋਈ। ਕਾਲਜ ਵੈੱਬਸਾਈਟ ਤੋਂ ਹੋਏ ਨਿਰੀਖਣ ਵਿੱਚ ਕਾਲਜ ਨੇ ਆਪਣੇ ਤਿੰਨ ਸਾਲਾਂ ਦੀ ਆਟੋਨੌਮਸ ਵਰਕਿੰਗ ਵਿੱਚ ਪੰਜ-ਦਸ ਸਾਲਾਂ ਤੋਂ ਚੱਲ ਰਹੇ ਲਗਭਗ 235 ਆਟੋਨੌਮਸ ਕਾਲਜਾਂ ਨੂੰ ਪਿੱਛੇ ਛੱਡਦੇ ਹੋਏ ਆਲ ਇੰਡੀਆ ਐਜੂਕੇਸ਼ਨ ਰੈਕਿੰਗ ਵਿੱਚ ਭਾਰਤ ਵਿਚੋਂ 56ਵਾਂ ਅਤੇ ਪੰਜਾਬ ਵਿਚੋਂ ਤੀਜਾ ਸਥਾਨ ਪ੍ਰਾਪਤ ਕੀਤਾ।

ਕਾਲਜ ਦੀ ਇਸ ਸਫਲਤਾ ਦਾ ਸਿਹਰਾ ਕਾਲਜ ਦੇ ਦੂਰਅੰਦੇਸ਼ੀ ਪ੍ਰਿੰਸੀਪਲ ਡਾ. ਜਸਵੀਰ ਸਿੰਘ ਨੂੰ ਜਾਂਦਾ ਹੈ। ਇਨਾਂ ਦੀ ਯੋਗ ਅਗਵਾਈ ਸਦਕਾ ਹਮੇਸ਼ਾ ਬੁਲੰਦੀਆਂ ਨੂੰ ਛੂੰਹਦਾ ਰਿਹਾ ਹੈ। ਅਦਾਰੇ ਨੂੰ ਬੁਲੰਦੀਆਂ ਤੇ ਲੈ ਆਉਣਾ ਅਤੇ ਲਗਾਤਾਰ ਉਸ ਲੀਹ ਤੇ ਚੱਲਦਾ ਰੱਖਣਾ ਆਪਣੇ ਆਪ ਵਿੱਚ ਮਹੱਤਤਾ ਰੱਖਦਾ ਹੈ। ਇਸੇ ਗੱਲ ਦਾ ਪ੍ਰਤੱਖ ਪ੍ਰਮਾਣ ਹੈ ਕਿ ਸਮੁੱਚਾ ਸਟਾਫ਼ ਪੂਰੀ ਤਨਦੇਹੀ ਦੇ ਨਾਲ ਆਪਣੀ-ਆਪਣੀ ਜ਼ਿੰਮੇਵਾਰੀ ਨੂੰ ਨਿਭਾ ਰਿਹਾ ਹੈ। ਪ੍ਰਿੰਸੀਪਲ ਅਤੇ ਸਮੂਹ ਸਟਾਫ਼ ਵਿਦਿਆਰਥੀਆਂ ਦੇ ਬਹੁਪੱਖੀ ਵਿਕਾਸ ਲਈ ਲਗਾਤਾਰ ਕਾਰਜਸ਼ੀਲ ਹਨ। ਉਹ ਵਿਦਿਆਰਥੀ ਦੇ ਹੁਨਰ ਦੀ ਪਛਾਣ ਕਰਕੇ ਉਸ ਅੰਦਰੋਂ ਹਾਰਨ ਦਾ ਡਰ ਕੱਢ ਕੇ ਉਸ ਨੂੰ ਪਰਿਵਰਤਨਸ਼ੀਲ ਪ੍ਰਸਥਿਤੀਆਂ ਦਾ ਸਾਹਮਣਾ ਕਰਨਯੋਗ ਬਣਾਉਂਦੇ ਹਨ।









ਕਾਲਜ ਪੜਾਈ ਦੇ ਨਾਲ ਨਾਲ ਅਨੇਕਾਂ ਹੋਰ ਗਤੀਵਿਧੀਆਂ ਵਿੱਚ ਵੀ ਹਮੇਸ਼ਾ ਮੋਹਰੀ ਰਹਿੰਦਾ ਹੈ, ਚਾਹੇ ਉਹ ਸੱਭਿਆਚਾਰਕ ਗਤੀਵਿਧੀਆਂ ਹੋਣ ਜਾਂ ਫਿਰ ਖੇਡਾਂ ਨਾਲ ਸਬੰਧਿਤ ਜਾਂ ਫਿਰ ਅਕਾਦਮਿਕ ਗਤੀਵਿਧੀਆਂ ਹੋਣ। ਕਾਲਜ ਨੇ ਵਿਦਿਆਰਥੀਆਂ ਦੀ ਪ੍ਰਤਿਭਾ ਨੂੰ ਪਹਿਚਾਣ ਕੇ ਕਲਾ ਦੀ ਪੇਸ਼ਕਾਰੀ ਨਾਲ ਮਾਣ-ਮੱਤੀਆਂ ਪ੍ਰਾਪਤ ਕੀਤੀਆਂ ਤੇ ਨਾਮਣਾ ਖੱਟਿਆ ਹੈ।ਵਿਦਿਆਰਥੀ ਗਿੱਧਾ, ਭੰਗੜਾ, ਲੋਕ-ਗੀਤ, ਨਾਟਕ, ਮਾਈਮ, ਡਿਬੇਟ, ਭਾਸ਼ਣ, ਕਵਿਤਾ ਉਚਾਰਨ ਅਤੇ ਪ੍ਰਦਰਸ਼ਨੀ ਕਲਾਵਾਂ ਆਦਿ ਵਿੱਚ ਆਪਣੀ ਕਲਾ ਦਾ ਜ਼ੋਹਰ ਵਿਖਾ ਕੇ ਅਨੇਕਾਂ ਉੱਚ ਪੱਧਰੀ ਮੁਕਾਬਲਿਆਂ ਦੌਰਾਨ ਜੇਤੂ ਰਹੇ ਹਨ। ਕਾਲਜ ਦੀ ਵਿਦਿਆਰਥਣ ਲਵਲੀਨ ਕੌਰ ਨੇ ਆਲ ਇੰਡੀਆ ਯੂਨੀਵਰਸਿਟੀ ਵਿਚ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਪ੍ਰਤੀਨਿਧਤਾ ਕਰਦਿਆਂ ਗੀਤ/ਗਜ਼ਲ਼ ਅਤੇ ਪੱਛਮੀ ਸੋਲੋ ਗੀਤ ਮੁਕਾਬਲੇ ਵਿਚ ਪਹਿਲਾ ਸਥਾਨ ਪ੍ਰਾਪਤ ਕੀਤਾ। ਜ਼ਿਕਰਯੋਗ ਹੈ ਕਿ ਕਾਲਜ ਦੀ ਵਿਦਿਆਰਥੀ ਐਥਲੈਟਿਕਸ ਮੁਕਾਬਲਿਆਂ ਵਿਚ ਪੰਜਾਬੀ ਯੂਨੀਵਰਸਿਟੀ ਦੀ ਪ੍ਰਤੀਨਿਧਤਾ ਕਰਦਿਆਂ ਗੌਰਵਮਈ ਪ੍ਰਾਪਤੀਆਂ ਕਰਦੇ ਹਨ। ਕਾਲਜ ਦੇ ਬਹੁਤ ਸਾਰੇ ਵਿਦਿਆਰਥੀ ਹਰ ਸਾਲ ਯੂਨੀਵਰਸਿਟੀ ਦੀ ਮੈਰਿਟ ਲਿਸਟ ਵਿਚ ਆਪਣਾ ਨਾਂ ਦਰਜ ਕਰਦੇ ਹਨ ਅਤੇ ਯੂ.ਜੀ.ਸੀ. ਨੈੱਟ ਦੀ ਪ੍ਰੀਖਿਆ ਪਾਸ ਕਰਦੇ ਹਨ।

ਜ਼ਿਕਰਯੋਗ ਹੈ ਕਿ ਕਾਲਜ ਵੱਲੋਂ ਵਿਦਿਆਰਥੀਆਂ ਨੂੰ ਭਾਸ਼ਾ, ਸੱਭਿਆਚਾਰ ਅਤੇ ਸਾਹਿਤ ਦੀ ਮਹੱਤਤਾ ਤੋਂ ਜਾਣੂ ਕਰਵਾਉਣ ਲਈ ਭਾਸ਼ਾ ਮੰਚ ਵੀ ਸਥਾਪਿਤ ਕੀਤਾ ਗਿਆ ਹੈ ਜਿਸ ਦਾ ਮੈਨੂੰ ਪ੍ਰਧਾਨ ਵੀ ਚੁਣਿਆ ਗਿਆ।ਵੱਖੋ-ਵੱਖ ਵਿਭਾਗਾਂ ਵੱਲੋਂ ਸਮੇਂ-ਸਮੇਂ 'ਤੇ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਵੈਬੀਨਾਰ, ਕਾਨਫ਼ਰੰਸ ਅਤੇ ਵਰਕਸ਼ਾਪਸ ਆਯੋਜਿਤ ਕੀਤੀਆ ਜਾਂਦੀਆਂ ਹਨ।ਇਸ ਤਰਾਂ ਕਾਲਜ ਵੱਲੋਂ ਅਜਿਹਾ ਸਹਾਇਕ ਅਤੇ ਅਨੁਕੂਲ ਵਾਤਾਵਰਣ ਮੁਹੱਈਆ ਕਰਵਾਇਆ ਜਾਂਦਾ ਹੈ ਜੋ ਵਿਦਿਆਰਥੀ ਨੂੰ ਟੀਚੇ ਤੱਕ ਪਹੁੰਚਣ ਵਿੱਚ ਸਹਾਇਤਾ ਕਰਦਾ ਹੈ। ਕਾਲਜ ਵਿਖੇ ਲਗਭਗ ਹਰ ਸਟ੍ਰੀਮ ਨਾਲ ਸੰਬੰਧਤ ਹਰ ਇੱਕ ਕੋਰਸ ਉਪਲੱਬਧ ਹੈ। ਕਾਲਜ ਵਿਖੇ 25 ਯੂ.ਜੀ. ਅਤੇ 24 ਪੀ.ਜੀ. ਕੋਰਸ ਕਰਵਾਏ ਜਾਂਦੇ ਹਨ। ਕਾਲਜ ਦੇ ਵਿਚ ਪੋਸਟ ਗ੍ਰੈਜੂਏਸ਼ਨ ਦੇ ਵਿਦਿਆਰਥੀਆਂ ਨੂੰ ਯੂ. ਜੀ. ਸੀ. ਨੈੱਟ ਪੇਪਰ ਦੀ ਤਿਆਰੀ ਵੀ ਨਾਲ-ਨਾਲ ਕਰਵਾਈ ਗਈ। ਅਨੇਕਾਂ ਵੈਲਿਊ ਏਡਿਡ ਕੋਰਸ ਵੀ ਕਰਵਾਏ ਜਾਂਦੇ ਹਨ। ਜਿਵੇਂ ਟਾਈਪਿੰਗ ਕਰਨੀ ਜਾਂ ਫੌਂਟ ਕਨਵਰਟ ਕਰਨੇ ਆਦਿ। ਸੁਣ ਕੇ ਹੈਰਾਨੀ ਹੋਵੇਗੀ ਕਿ ਇਹ ਸਭ ਕੁਝ ਕਾਲਜ ਵੱਲੋਂ ਮੁਫ਼ਤ ਦੇ ਵਿਚ ਮੁਹੱਈਆ ਕਰਵਾਇਆ ਜਾਂਦਾ ਹੈ।ਸਮੇਂ-ਸਮੇਂ ਤੇ ਵਿੱਦਿਅਕ ਟੂਰ ਲਗਵਾਏ ਜਾਂਦੇ ਹਨ ਜਿਸ ਨਾਲ ਵਿਦਿਆਰਥੀਆਂ ਦਾ ਸਰਬਪੱਖੀ ਵਿਕਾਸ ਹੁੰਦਾ ਹੈ।ਅਜਿਹੇ ਕਾਲਜ ਦਾ ਵਿਦਿਆਰਥੀ ਹੋਣ ਤੇ ਆਪਣੇ ਆਪ ਵਿੱਚ ਮਾਣ ਮਹਿਸੂਸ ਹੁੰਦਾ ਹੈ।

ਕਾਲਜ ਵਿਖੇ ਵਿਸ਼ਾਲ ਏ.ਸੀ.ਲਾਇਬ੍ਰੇਰੀ ਰੀਡਿੰਗ ਹਾਲ ਹੈ, ਜਿਸ ਵਿਚ 3135000 ਈ-ਪੁਸਤਕਾਂ, 6000 ਕੌਮੀ ਤੇ ਕੌਮਾਂਤਰੀ ਈ-ਜਰਨਲ ਅਤੇ 48000 ਤੋਂ ਵੱਧ ਪੁਸਤਕਾਂ ਮੌਜੂਦ ਹਨ।ਮੈਂ ਆਪਣੀ ਗ੍ਰੈਜੂਏਸ਼ਨ ਅਤੇ ਪੋਸਟ ਗ੍ਰੈਜੂਏਸ਼ਨ ਦੀ ਪੜਾਈ ਸਮੇਂ ਕੋਈ ਵੀ ਕਿਤਾਬ ਬਾਹਰੋਂ ਮੁੱਲ ਦੀ ਨਹੀਂ ਖਰੀਦੀ ਕਿਉਂਕਿ ਕਾਲਜ ਲਾਇਬਰੇਰੀ ਦੇ ਵਿਚੋਂ ਹਰ ਉਹ ਕਿਤਾਬ ਉਪਲੱਬਧ ਹੋ ਜਾਂਦੀ ਸੀ, ਜਿਸ ਦੀ ਲੋੜ ਹੁੰਦੀ ਸੀ।ਇਸ ਦੇ ਨਾਲ- ਨਾਲ ਹਰ ਵਿਭਾਗ ਦੀ ਆਪਣੀ ਵੀ ਇੱਕ ਲਾਇਬਰੇਰੀ ਹੈ, ਜਿੱਥੇ ਵੱਡੇ- ਵੱਡੇ ਕੋਸ਼ ਅਤੇ ਹੋਰ ਸੰਦਰਭਗਤ ਪੁਸਤਕਾਂ ਆਸਾਨੀ ਨਾਲ ਪ੍ਰਾਪਤ ਹੋ ਜਾਂਦੀਆਂ ਹਨ। ਇਸ ਤੋਂ ਇਲਾਵਾ ਕਾਲਜ ਵਿੱਚ ਟ੍ਰੇਨਿੰਗ ਅਤੇ ਪਲੇਸਮੈਂਟ ਸੈੱਲ ਵੀ ਸਥਾਪਿਤ ਹੈ, ਜਿਸ ਦਾ ਮੁੱਖ ਮੰਤਵ ਵਿਦਿਆਰਥੀਆਂ ਨੂੰ ਉਨਾਂ ਦੀ ਯੋਗਤਾ ਅਨੁਸਾਰ ਰੁਜ਼ਗਾਰ ਮੁਹੱਈਆ ਕਰਵਾਉਣਾ ਹੈ। ਕਾਲਜ ਲਈ ਮਾਣ ਦੀ ਗੱਲ ਹੈ ਕਿ ਹਰ ਸਾਲ ਫਾਈਨਲ ਈਅਰ ਦੇ ਬਹੁਗਿਣਤੀ ਵਿਦਿਆਰਥੀਆਂ ਦੀ ਵੱਖੋ-ਵੱਖ ਕੰਪਨੀਆਂ, ਸੰਸਥਾਵਾਂ ਆਦਿ ਵਿਚ ਪਲੇਸਮੈਂਟ ਹੁੰਦੀ ਹੈ।

ਭਾਰਤ ਸਰਕਾਰ ਦੇ ਸੂਚਨਾ ਅਤੇ ਪ੍ਰਸਾਰ ਮੰਤਰਾਲੇ ਵੱਲੋਂ ਕਾਲਜ ਵਿੱਚ **90.8MHz** ਉੱਪਰ ਚੱਲਣ ਵਾਲਾ ਕਮਿਊਨਿਟੀ ਰੇਡੀਓ ਸਥਾਪਿਤ ਹੈ। ਜਿਸ ਵਿੱਚ ਐਜੂਕੇਸ਼ਨਲ, ਧਾਰਮਿਕ, ਸਮਾਜਿਕ, ਚਲੰਤ ਮਸਲਿਆਂ ਅਤੇ ਵਿਦਿਆਰਥੀਆਂ ਨਾਲ ਸਬੰਧਿਤ ਪ੍ਰੋਗਰਾਮ ਪ੍ਰਸਾਰਿਤ ਕੀਤੇ ਜਾਂਦੇ ਹਨ। ਕਾਲਜ ਕੈਂਪਸ ਅੰਦਰ ਬਣੇ ਸ਼ਾਨਦਾਰ ਲੜਕੀਆਂ ਦੇ ਹੋਸਟਲ ਵਿੱਚ ਸੁਰੱਖਿਆ ਪੱਖੋਂ ਪੁਖਤਾ ਪ੍ਰਬੰਧ ਕੀਤੇ ਹੋਏ ਹਨ। ਲੜਕੀਆਂ ਲਈ ਬੱਸਾਂ ਦੀ ਸੁਵਿਧਾ ਵੀ ਉਪਲੱਬਧ ਹੈ।

ਕਾਲਜ ਵਿੱਚ ਐੱਨ.ਐੱਸ.ਐੱਸ., ਐੱਨ.ਸੀ.ਸੀ. ਅਤੇ ਰੈੱਡ ਕਰਾਸ ਦੇ ਯੂਨਿਟ ਵੀ ਸਥਾਪਿਤ ਹਨ। ਐੱਨ.ਐੱਸ. ਐੱਸ. ਦੇ ਵਲੰਟੀਅਰਾਂ ਵੱਲੋਂ ਕਾਲਜ ਕੈਂਪਸ ਨੂੰ ਸੰਵਾਰਨ ਤੋਂ ਲੈ ਕੇ ਸਮਾਜਿਕ ਗਤੀਵਿਧੀਆਂ ਦੇ ਕਾਰਜ ਕੀਤੇ ਜਾਂਦੇ ਹਨ। ਐਨ.ਐਸ.ਐਸ. ਵਿਭਾਗ ਵੱਲੋਂ ਹਰ ਸਾਲ ਸੱਤ ਰੋਜ਼ਾ ਕੈਂਪ ਲਗਾਏ ਜਾਂਦੇ ਹਨ ਅਤੇ ਵਲੰਟੀਅਰਜ਼ ਨੂੰ ਸਮਾਜ ਸੁਧਾਰ ਦੇ ਕਾਰਜਾਂ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ। ਵਿਦਿਆਰਥੀਆਂ ਅੰਦਰ ਦੇਸ਼ ਭਗਤੀ ਦੀ ਭਾਵਨਾ ਪੈਦਾ ਕਰਨ ਲਈ ਐੱਨ.ਸੀ.ਸੀ. ਯੂਨਿਟ ਦਾ ਵਿਸ਼ੇਸ਼ ਪ੍ਰਬੰਧ ਹੈ। ਕਾਲਜ ਵਿਖੇ ਆਰਮਡ ਫੋਰਸ ਪ੍ਰੀਪੇਟਰੀ ਅਕੈਡਮੀ ਵੀ ਸਥਾਪਿਤ ਹੈ। ਮਾਣ ਵਾਲੀ ਗੱਲ ਹੈ ਕਿ ਕਾਲਜ ਦੇ ਹਰ ਸਾਲ ਲਗਭਗ 25 ਐਨ. ਸੀ.ਸੀ.ਦੇ ਕੈਡਿਟਜ਼ 'ਸੀ' ਸਰਟੀਫ਼ਿਕੇਟ ਪ੍ਰਾਪਤ ਕਰਦੇ ਹਨ, ਜੋ ਕਿ ਬਿਨਾਂ ਕਿਸੇ ਲਿਖਤੀ ਪ੍ਰੀਖਿਆ ਤੋਂ ਆਰਮੀ ਅਫ਼ਸਰ ਦੀ ਇੰਟਰਵਿਊ ਦੇ ਸਕਦੇ ਹਨ। ਇਸ ਤੋਂ ਇਲਾਵਾ ਹਰ ਸਾਲ ਕੈਡਿਟਜ਼ ਗਣਤੰਤਰ ਦਿਵਸ ਮੌਕੇ ਪਰੇਡ ਵਿਚ ਭਾਗ ਲੈਂਦੇ ਹਨ। ਕਾਲਜ ਦਾ ਰੈੱਡ ਕਰਾਸ ਯੂਨਿਟ ਆਪਣੀ ਸਫ਼ਲਤਾਪੂਰਵਕ ਕਾਰਗੁਜ਼ਾਰੀ ਸਦਕਾ ਇਲਾਕੇ ਵਿੱਚ ਆਪਣਾ ਵਿਸ਼ੇਸ਼ ਸਥਾਨ ਬਣਾ ਚੁੱਕਿਆ ਹੈ। ਇਹ ਯੂਨਿਟ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਲੇ-ਮਹੱਲੇ ਮੌਕੇ ਯਾਤਰੂਆਂ ਦੀ ਮੈਡੀਕਲ ਸਹਾਇਤਾ ਕਰਦਾ ਹੈ। ਇਸ ਦੇ ਫਲਸਰੂਪ ਕਾਲਜ ਨੂੰ 8 ਜੂਨ, 2018 ਨੂੰ ਇੰਡੀਅਨ ਰੈੱਡ ਕਰਾਸ ਸੁਸਾਇਟੀ ਦੀ ਸ਼ਿਫਾਰਿਸ਼ 'ਤੇ ਪੰਜਾਬ ਦੇ ਗਵਰਨਰ ਵੱਲੋਂ ਸਟੇਟ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ ਸੀ।

ਸਮੂਹ ਅਧਿਆਪਕ ਸਾਹਿਬਾਨ ਜਿੱਥੇ ਆਪ ਨਿਰੰਤਰ ਖੋਜ ਕਾਰਜ ਨਾਲ ਜੁੜੇ ਹੋਏ ਹਨ, ਉੱਥੇ ਹੀ ਉਨਾਂ ਵੱਲੋਂ ਵਿਦਿਆਰਥੀਆਂ ਅੰਦਰ ਖੋਜ ਦੀ ਰੁਚੀ ਪੈਦਾ ਕੀਤੀ ਜਾਂਦੀ ਹੈ। ਕਾਲਜ ਦਾ ਸਮੁੱਚਾ ਸਟਾਫ਼ ਆਪਣੀਆਂ ਬਣਦੀਆਂ ਜ਼ਿੰਮੇਵਾਰੀਆਂ ਪ੍ਰਤੀ ਬੇਹੱਦ ਸੰਜ਼ੀਦਾ ਹੈ। ਮੈਨੂੰ ਪੂਰਨ ਆਸ ਹੈ ਕਿ ਕਾਲਜ ਨਿਰੰਤਰ ਬੁਲੰਦੀਆਂ ਨੂੰ ਛੂੰਹਦਾ ਹੋਇਆ ਵਿਦਿਆਰਥੀਆਂ ਦੇ ਬਹੁਪੱਖੀ ਵਿਕਾਸ ਲਈ ਹਮੇਸ਼ਾ ਯਤਨਸ਼ੀਲ ਰਹੇਗਾ। ਇਹ ਮੇਰਾ ਆਪਣਾ ਨਿੱਜੀ ਤਜ਼ਰਬਾ ਹੈ ਕਿ ਇਸ ਕਾਲਜ ਦਾ ਵਿਦਿਆਰਥੀ ਹੁੰਦਿਆਂ ਮੈਂ ਕਾਲਜ ਦੇ ਵਿਚ ਪੜਾਈ ਦੇ ਨਾਲ-ਨਾਲ ਹੋਰ ਅਨੇਕਾਂ ਗਤੀਵਿਧੀਆਂ ਵਿਚ ਵੀ ਭਾਗ ਲੈਂਦਾ ਰਿਹਾ ਹਾਂ।

ਵਿੱਦਿਆ ਦੇ ਇਸ ਮੰਦਰ ਨੇ ਬੜਾ ਕੁਝ ਸਿਖਾਇਆ ਏ।
ਬਾਰਵੀਂ ਤੋਂ ਬਾਦ ਸਹੀ ਸੇਧ ਦੇ ਮੰਜ਼ਿਲ ਦੇ ਰਾਹੇ ਪਾਇਆ ਏ।
ਪਰਿਵਰਤਨਸ਼ੀਲ ਪ੍ਰਸਥਿਤੀਆਂ ਦਾ ਸਾਹਮਣਾ ਕਰਨ ਯੋਗ ਬਣਾਇਆ ਏ ।
ਹਿੰਮਤ ਹਾਰਨ ਨਾ ਦਿੱਤੀ ਪ੍ਰਤਿਭਾ ਦੀ ਖੋਜ ਕਰ ਹੌਂਸਲਾ ਵਧਾਇਆ ਏ।
ਇਸੇ ਕਰਕੇ ਡਿਬੇਟ ਵਿਚ ਮੈਂ ਜ਼ੋਨ ਵਿਚੋਂ ਪਹਿਲੇ ਨੰਬਰ 'ਤੇ ਆਇਆ ਏ।




# 'ਸਫਲਿਓ ਬਿਰਖੁ ਹਰੀਆਵਲਾ'

**ਜਸਵੰਤ ਸਿੰਘ ਜ਼ਫ਼ਰ**

ਇਹ ਧਰਤੀ ਬਨਸਪਤੀ ਦੀ ਹਰਿਆਵਲ ਕਾਰਨ ਹੀ ਸੁਹਾਵਨੀ ਅਤੇ ਬਰਕਤਾਂ ਵਾਲੀ ਹੈ।ਧਰਤੀ ਦੀ ਸੁੰਦਰਤਾ ਅਤੇ ਬਨਸਪਤੀ ਦੀ ਹਰਿਆਵਲ ਸਮਾਨ ਅਰਥੀ ਹਨ। ਗੁਰ ਵਾਕ ਹੈ-

**ਸਾ ਧਰਤੀ ਭਈ ਹਰੀਆਵਲੀ**
**ਜਿਥੈ ਮੇਰਾ ਸਤਿਗੁਰੁ ਬੈਠਾ ਆਇ॥**
(ਪੰਨਾ ੩੧੦)

ਇਥੇ ਗੁਰੂ ਰਾਮਦਾਸ ਜੀ ਨੇ ਇਹ ਨਹੀਂ ਕਿਹਾ ਕਿ ਜਿਥੇ ਗੁਰੂ ਬੈਠੇਗਾ ਉਥੇ ਬਹੁ-ਮੰਜ਼ਲੀ ਉਚੀਆਂ ਇਮਾਰਤਾਂ ਹੋਣਗੀਆਂ, ਮਹਿੰਗੀਆਂ ਸੰਗਮਰਮਰਾਂ ਲੱਗੀਆਂ ਹੋਣਗੀਆਂ ਜਾਂ ਤੇਜ਼ ਰੌਸ਼ਨੀਆਂ ਦੀ ਸਜਾਵਟ ਹੋਏਗੀ। ਸਗੋਂ ਗੁਰੂ ਦੇ ਸਥਾਨ ਦਾ ਹਰਿਆ ਭਰਿਆ ਹੋਣਾ ਲਾਜ਼ਮੀ ਦੱਸਿਆ ਹੈ।ਇਸ ਲਈ ਜਿਸ ਨੂੰ ਵੀ ਅਸੀਂ ਆਪਣਾ ਗੁਰੂ ਮੰਨਦੇ ਹੋਈਏ ਉਸ ਦੇ ਅਸਥਾਨ ਨੂੰ ਹਰਿਆ ਭਰਿਆ ਬਣਾਉਣਾ ਸਾਡਾ ਧਾਰਮਿਕ ਫ਼ਰਜ਼ ਹੈ। ਜੇ ਅਸੀਂ ਸਾਰੇ ਸੰਸਾਰ ਨੂੰ ਆਪਣੇ ਗੁਰੂ ਦਾ ਸਥਾਨ ਮੰਨਦੇ ਹਾਂ ਤਾਂ ਹਰ ਉਪਲਭਧ ਥਾਂ ਨੂੰ ਹਰੀ ਭਰੀ ਕਰਨ ਦਾ ਯਤਨ ਹੋਣਾ ਚਾਹੀਦਾ ਹੈ। ਗੁਰੂ ਅਮਰਦਾਸ ਜੀ ਨੇ ਪ੍ਰਮਾਤਮਾ ਦੇ ਦਰ ਘਰ ਦੀ ਵਡਿਆਈ ਅਤੇ ਖ਼ੂਬਸੂਰਤੀ ਦਾ ਵਰਨਣ ਉਥੇ ਹਰੇ ਭਰੇ ਸੁੰਦਰ ਦਰਖਤਾਂ ਦੀ ਮੌਜੂਦਗੀ ਦੱਸ ਕੇ ਕੀਤਾ ਹੈ :-

**ਸਫਲਿਓ ਬਿਰਖੁ ਹਰਿ ਕੈ ਦੁਆਰਿ॥**
(ਪੰਨਾ ੧੧੭੩)

ਆਪ ਜੀ ਨੇ ਈਸ਼ਵਰ ਦੁਆਰਾ ਰਚਿਤ ਸੰਸਾਰ ਨੂੰ ਕੋਈ ਆਲੀਸ਼ਾਨ ਮਹੱਲ ਨਹੀਂ ਸਗੋਂ ਖਿੜੇ ਫੁੱਲਾਂ ਨਾਲ ਭਰਿਆ ਇਕ ਬਗੀਚਾ ਆਖਿਆ ਹੈ :-

**ਆਪਿ ਬਸੰਤੁ ਜਗਤੁ ਸਭੁ ਵਾੜੀ॥**
(ਪੰਨਾ ੧੧੭੭)

ਮਨੁੱਖੇ ਤਨ ਦੀ ਅਰੋਗਤਾ ਅਤੇ ਮਨ ਦੇ ਖੇੜੇ ਖ਼ੁਸ਼ੀ ਤੇ ਪ੍ਰਸੰਨਤਾ ਨੂੰ ਵੀ ਸੋਨੇ ਚਾਂਦੀ ਹੀਰਿਆਂ ਦੀ ਚਮਕ ਨਾਲ ਜਾਂ ਪੈਸਿਆਂ ਦੀ ਟੁਣਕਾਰ ਨਾਲ ਨਹੀਂ ਸਗੋਂ ਰੁੱਖਾਂ ਦੀ ਹਰਿਆਲੀ ਦੇ ਪ੍ਰਤੀਕ ਨਾਲ਼ ਹੀ ਬਿਆਨਿਆਂ ਹੈ :-

**ਏ ਮਨ ਹਰਿਆ ਸਹਜ ਸੁਭਾਇ॥**
(ਪੰਨਾ ੧੧੭੩)

**ਮਨਿ ਬਸੰਤੁ ਤਨੁ ਮਨੁ ਹਰਿਆ ਹੋਇ॥**
(ਪੰਨਾ ੧੧੭੬)

ਰੁੱਖ, ਬਿਰਖ ਅਤੇ ਵਣ ਤ੍ਰਿਣ ਕੇਵਲ ਖੇੜੇ ਜਾਂ ਸੁੰਦਰਤਾ ਦੇ ਪ੍ਰਤੀਕ ਹੀ ਨਹੀਂ ਸਗੋਂ ਧਰਤੀ ਦੇ ਸਾਰੇ ਜੀਆ ਜੰਤ ਦੇ ਜੀਵਨ ਦਾ ਆਧਾਰ ਹਨ। ਜੇਕਰ ਧਰਤੀ ਤੇ ਮਨੁੱਖ ਦੀ ਹੋਂਦ ਨਾ ਵੀ ਹੁੰਦੀ ਤਾਂ ਬਾਕੀ ਜੀਵ ਜੰਤੂ ਪਸ਼ੂ ਪੰਛੀ ਸ਼ਾਇਦ ਹੁਣ ਨਾਲੋਂ ਵਧੇਰੇ



ਪ੍ਰਫੁਲਤ, ਸੁਤੰਤਰ ਅਤੇ ਪ੍ਰਸੰਨ ਹੁੰਦੇ। ਪ੍ਰੰਤੂ ਰੁੱਖਾਂ ਦੀ ਹੋਂਦ ਤੋਂ ਬਗੈਰ ਧਰਤੀ ਤੇ ਪਸ਼ੂ ਪੰਛੀਆਂ ਮਨੁੱਖਾਂ ਮੱਛੀਆਂ ਆਦਿ ਦੀ ਹੋਂਦ ਹੀ ਸੰਭਵ ਨਹੀਂ ਹੈ।ਜੀਵਨ ਲੀਲਾ ਰਚਣ ਸਮੇਂ ਸਭ ਤੋਂ ਪਹਿਲਾਂ ਰਚਣਹਾਰ ਈਸ਼ਵਰ ਨੇ ਇਸ ਦੀ ਪਹਿਲੀ ਕੜੀ ਅਰਥਾਤ ਹਰੀ ਭਰੀ ਬਨਸਪਤੀ ਨੂੰ ਰਚਿਆ। ਬਨਸਪਤੀ ਦੀ ਹਰਿਆਵਲ ਉਸ ਦੀ ਸਰਬ ਵਿਆਪਕਤਾ ਦੀ ਪ੍ਰਤੀਕ ਵੀ ਹੈ। ਗੁਰੂ ਨਾਨਕ ਦੇਵ ਜੀ ਸਮੁੱਚੀ ਜੀਵਨ ਉਤਪਤੀ ਨੂੰ ਰੁੱਖ਼ਾਂ ਬਿਰਖਾਂ ਦਾ ਪੁੰਗਰਨਾ ਆਖਦੇ ਹਨ :-

**ਸੋਈ ਮਉਲਾ ਜਿਨਿ ਜਗੁ ਮਉਲਿਆ ਹਰਿਆ ਕੀਆ ਸੰਸਾਰੋ॥**
**ਆਬ ਖਾਕੁ ਜਿਨਿ ਬੰਧਿ ਰਹਾਈ ਧੰਨੁ ਸਿਰਜਣਹਾਰੋ॥**
(ਪੰਨਾ ੨੪)

ਬਨਸਪਤੀ ਦੀ ਹਰਿਆਵਲ ਹੀ ਜੀਵਨ ਹੈ ਜਾਂ ਕਹਿ ਲਈਏ ਕਿ ਸਾਰੇ ਜੀਵਾਂ ਦੀ ਹੋਂਦ ਰੁੱਖਾਂ ਦੀ ਹੋਂਦ ਤੇ ਨਿਰਭਰ ਅਤੇ ਅਧੀਨ ਹੈ।ਇਸ ਵਿਗਿਆਨਕ ਸਚਾਈ ਸਬੰਧੀ ਗੁਰੂ ਗਰੰਥ ਸਾਹਿਬ ਵਿਚ ਦਰਜ ਗੁਰੂ ਅਰਜਨ ਸਾਹਿਬ ਦਾ ਸੰਕੇਤਕ ਬਿਆਨ ਹੈ :-

**ਬਿਰਖੈ ਹੇਠਿ ਸਭਿ ਜੰਤ ਇਕਠੇ॥**
(ਪੰਨਾ ੧੦੧੯)

ਸਾਡਾ ਜੀਵਨ ਕੇਵਲ ਸਾਡੇ ਸਰੀਰ ਜਾਂ ਘਰ ਪਰਿਵਾਰ ਕਾਰਨ ਹੀ ਨਹੀਂ ਹੈ ਸਗੋਂ ਸਾਡੀਆਂ ਸੁਆਸੀ ਅਤੇ ਖੁਰਾਕੀ ਲੋੜਾਂ ਕਾਰਨ ਸਾਡੇ ਆਲੇ ਦੁਆਲੇ ਤੇ ਨਿਰਭਰ ਹੈ।ਸਾਡੇ ਜਿਉਣ ਲਈ ਲੋੜੀਂਦੀ ਆਕਸੀਜਨ ਅਤੇ ਖ਼ੁਰਾਕ ਦੇ ਮੂਲ ਸਰੋਤ ਇਹ ਰੁੱਖ ਬਿਰਖ ਵੇਲ ਬੂਟੇ ਹੀ ਹਨ।ਸਾਡੀ ਜੀਵਨ ਡੋਰ ਧਰਤੀ ਉਤਲੇ ਅਣਗਿਣਤ ਰੁੱਖਾਂ ਬੂਟਿਆਂ ਨਾਲ ਬੱਝੀ ਹੋਈ ਹੈ। ਮਨੁੱਖੀ ਹੋਂਦ ਅਤੇ ਜੀਵਨ ਨੂੰ ਕੇਵਲ ਮਨੁੱਖ ਦੇ ਸਰੀਰ ਜਾਂ ਘਰ ਪਰਿਵਾਰ ਤੱਕ ਸੀਮਤ ਕਰਕੇ ਨਹੀਂ ਸਗੋਂ ਪ੍ਰਮਾਤਮਾ ਦੀ ਸਮੁੱਚੀ ਕਇਆਨਾਤ ਦੀ ਵਿਸ਼ਾਲਤਾ ਅਤੇ ਸਮੁੱਚਤਾ ਦੇ ਅੰਗ ਵਜੋਂ ਹੀ ਸਮਝਿਆ ਵਿਚਾਰਿਆ ਜਾ ਸਕਦਾ ਹੈ।ਰੁੱਖ਼ ਇਸ ਵਿਸ਼ਾਲਤਾ ਅਤੇ ਸਮੁੱਚਤਾ ਦੀ ਸਭ ਤੋਂ ਅਹਿਮ ਕੜੀ ਹਨ। ਪ੍ਰਮਾਤਮਾ ਦੀ ਸਰਬ ਵਿਆਪਕਤਾ ਦੀ ਗੱਲ ਕਰਨ ਲੱਗਿਆਂ ਗੁਰੂ ਨਾਨਕ ਸਾਹਿਬ ਪਹਿਲਾ ਜ਼ਿਕਰ ਇਨਾਂ ਦਾ ਹੀ ਕਰਦੇ ਹਨ :-

**ਰੁਖਿ ਬਿਰਖਿ ਗ੍ਰਿਹਿ ਬਾਹਰਿ ਸੋਇ॥**
(ਪੰਨਾ ੨੨੩)

ਉਹਨਾਂ ਦੇ ਕਥਨ ਅਨੁਸਾਰ ਬਿਰਖਾਂ ਦੀ ਸਫ਼ਲ ਸੁਰੱਖਿਆ ਨਾਲ ਮਨੁੱਖੀ ਜੀਵਨ ਦੀ ਸਦੀਵਤਾ ਅਤੇ ਅਮਰਤਾ ਨੂੰ ਕਾਇਮ ਰੱਖਿਆ ਜਾ ਸਕਦਾ ਹੈ :-

**ਸਫਲਿਓ ਬਿਰਖੁ ਅੰਮ੍ਰਿਤ ਫਲੁ ਪਾਵਹਿ॥**
(ਪੰਨਾ ੧੦੩੩)

ਗੁਰੂ ਅਰਜਨ ਦੇਵ ਜੀ ਉਪਰੋਕਤ ਕਥਨ ਦੀ ਪੁਸ਼ਟੀ ਇਸ ਤਰਾਂ ਕਰਦੇ ਹਨ :-

**ਸਫਲਿਉ ਬਿਰਖੁ ਸੁਹਾਵੜਾ ਹਰਿ ਸਫਲ ਅੰਮ੍ਰਿਤਾ॥**
(ਪੰਨਾ ੯੬੫)

ਇਸ ਲਈ ਜੀਵਨ ਲਈ ਖ਼ਤਰਾ ਬਣ ਕੇ ਵਧ ਰਹੇ ਪ੍ਰਦੂਸ਼ਨ ਦੇ ਟਾਕਰੇ ਲਈ ਧਰਤੀ ਤੇ ਵਧੇਰੇ ਰੁੱਖਾਂ ਦੀ ਲੋੜ ਹੈ। ਭਗਤ ਕਬੀਰ ਜੀ ਵੀ ਬਿਰਖ਼ਾਂ ਦੇ ਵਧਣ ਫੁਲਣ ਨੂੰ ਜੀਵਨ ਦੀ ਅਮਰਤਾ ਅਤੇ ਨਿਰੰਤਰਤਾ ਦੇ ਸੰਚਾਰ ਦਾ ਮੂਲ ਆਧਾਰ ਮੰਨਦੇ ਹਨ :-

**ਤਰਵਰੁ ਏਕੁ ਅਨੰਤ ਡਾਰ ਸਾਖਾ ਪੁਹਪ ਪਤ੍ਰ ਰਸ ਭਰੀਆ॥**
**ਇਹ ਅੰਮ੍ਰਿਤ ਕੀ ਬਾੜੀ ਹੈ ਰੇ ਤਿਨਿ ਹਰਿ ਪੂਰੈ ਕਰੀਆ॥**
(ਪੰਨਾ ੯੭੦)

ਸਾਨੂੰ ਸਾਡੇ ਸਾਹਾਂ ਲਈ ਲੋੜੀਂਦੀ ਆਕਸੀਜਨ ਦਾ ਭੰਡਾਰ ਮੁੱਢੋਂ-ਸੁੱਢੋਂ ਅਮੁੱਕ ਅਤੇ ਅਸੀਮ ਪ੍ਰਤੀਤ ਹੁੰਦਾ ਹੈ। ਪਰ ਅਜਿਹਾ ਹੈ ਨਹੀਂ। ਪ੍ਰਤੀਤ ਹੁੰਦੀ ਇਹ ਅਮੁੱਕਤਾ ਅਤੇ ਅਸੀਮਤਾ ਰੁੱਖਾਂ ਬਿਰਖ਼ਾਂ ਦੀ ਅਨਮੋਲਕ ਹੋਂਦ ਕਾਰਨ ਹੈ। ਜੀਵਾਂ ਦੇ ਖਰਚਣ ਲਈ ਲੋੜੀਂਦੀ ਸਾਰੀ ਦੀ ਸਾਰੀ ਆਕਸੀਜਨ ਇਨਾਂ ਰੁੱਖਾ ਵੇਲਾਂ ਬੂਟਿਆਂ ਦੁਆਰਾ ਪੈਦਾ ਕੀਤੀ ਜਾ ਰਹੀ ਹੈ।ਸਾਡੇ ਵਾਤਾਵਰਣ ਦੀ ਅਮੀਰੀ ਅਤੇ ਇਸ ਵਿਚ ਮੌਜੂਦ ਜੀਵਨ ਸੰਭਾਵਨਾਵਾਂ ਅਤੇ ਜੀਵਨ ਆਸਰੇ ਦਾ ਵਿਸ਼ਾਲ ਭੰਡਾਰ ਵਾਹਿਗੁਰੂ ਵਲੋਂ ਸਾਜੇ ਰੁੱਖਾਂ ਬਿਰਖਾਂ ਰੂਪੀ ਲਾਲਾਂ ਜਵਾਹਰਾਂ ਦੀ ਮੌਜੂਦਗੀ ਤੇ ਆਧਾਰਤ ਹਨ।ਗੁਰੂ ਨਾਨਕ ਸਾਹਿਬ ਦਾ ਫ਼ੁਰਮਾਨ ਹੈ :-

**ਸਫਲਿਓ ਬਿਰਖੁ ਹਰੀਆਵਲਾ ਛਾਵ ਘਣੇਰੀ ਹੋਇ॥**
**ਲਾਲ ਜਵੇਹਰ ਮਾਣਕੀ ਗੁਰ ਭੰਡਾਰੈ ਸੋਇ॥**
(ਪੰਨਾ ੫੯)

ਆਪ ਅਨੁਸਾਰ ਪ੍ਰਮਾਤਮਾ ਨੇ ਰੁੱਖਾਂ ਨੂੰ ਤਪਦੀ ਲੋਕਾਈ ਦੇ ਤਨਾਂ ਮਨਾਂ ਨੂੰ ਠੰਡਕ ਪਹੁੰਚਾਉਣ ਲਈ ਆਰਾਮ ਘਰਾਂ ਦੇ ਰੂਪ ਵਿਚ ਸਥਾਪਤ ਕੀਤਾ ਹੈ :-

**ਜਾ ਕੇ ਰੁਖਿ ਬਿਰਖ ਆਰਾਉ॥**
(ਪੰਨਾ ੨੫)

**ਅਖਰ ਬਿਰਖ ਬਾਗ ਭੁਇ ਚੋਖੀ ਸਿੰਚਿਤ ਭਾਉ ਕਰੇਹੀ॥** (ਪੰਨਾ ੩੫੪)

ਰੁੱਖ਼ ਧਰਤੀ ਰੂਪੀ ਕਾਗ਼ਜ਼ ਤੇ ਪ੍ਰਮਾਤਮਾ ਦੁਆਰਾ ਲਿਖੇ ਹੋਏ ਅੱਖ਼ਰ ਹਨ।

**ਬਾਕੀ ਸਫ਼ਾ 30 'ਤੇ**

# ਆਲਮੀ ਤਪਸ਼ ਤੋਂ ਛੁਟਕਾਰਾ ਕਿਵੇਂ ?



**ਸੰਤ ਬਲਬੀਰ ਸਿੰਘ ਸੀਚੇਵਾਲ**
**ਮੋ. : ੯੪੧੭੩-੧੯੪੬੩**

ਵਿਸ਼ਵ ਪੱਧਰ 'ਤੇ 1974 ਤੋਂ ਵਾਤਾਵਰਨ ਦਿਵਸ ਮਨਾਉਂਦਿਆਂ ਨੂੰ ਚਾਰ ਦਹਾਕਿਆਂ ਤੋਂ ਵੱਧ ਦਾ ਸਮਾਂ ਬੀਤ ਗਿਆ ਹੈ। ਇਨਾਂ 48 ਸਾਲਾਂ ਦੌਰਾਨ ਮਨੁੱਖੀ ਲਾਲਚ ਨੇ ਪਹਾੜਾਂ, ਜੰਗਲਾਂ, ਦਰਿਆਵਾਂ ਤੇ ਹੋਰ ਕੁਦਰਤੀ ਸਾਧਨਾਂ ਦੀ ਅੰਨੇਵਾਹ ਤਬਾਹੀ ਕੀਤੀ ਹੈ। ਇਸ ਲਾਲਚ ਨੇ ਹੀ ਮਨੁੱਖ ਅਤੇ ਕੁਦਰਤ ਵਿਚਲੀਆਂ ਦੂਰੀਆਂ ਨੂੰ ਵਧਾਇਆ ਹੈ। ਜਿਵੇਂ-ਜਿਵੇਂ ਇਹ ਪਾੜਾ ਡੂੰਘਾ ਹੁੰਦਾ ਜਾ ਰਿਹਾ ਹੈ ਤਿਵੇਂ-ਤਿਵੇਂ ਮਨੁੱਖ ਕੁਦਰਤ ਦੇ ਵਿਰੁੱਧ ਹੋਰ ਤੇਜ਼ੀ ਨਾਲ ਚੱਲਦਾ ਜਾ ਰਿਹਾ ਹੈ। ਮਨੁੱਖ ਦੀ ਲਾਲਚੀ ਸੋਚ ਏਨੀ ਵਧ ਗਈ ਕਿ ਉਸ ਨੇ ਕੁਝ ਕੁ ਪੈਸਿਆਂ ਦੇ ਲਾਲਚ ਤੇ ਐਸ਼ਪ੍ਰਸਤੀ ਲਈ ਆਪਣੇ ਭਵਿੱਖ ਨੂੰ ਖ਼ਤਰੇ ਵਿਚ ਪਾ ਲਿਆ ਹੈ। ਚਾਰ ਦਹਾਕਿਆਂ ਵਿਚ ਹੀ ਅਸੀਂ ਆਪਣੀ ਧਰਤੀ ਮਾਂ ਨੂੰ ਇਕ ਬਲਦੀ ਭੱਠੀ ਵਿਚ ਝੋਕ ਦਿੱਤਾ ਹੈ। ਅੰਮ੍ਰਿਤ ਵਰਗੇ ਵਗਦੇ ਦਰਿਆਵਾਂ ਵਿਚ ਜ਼ਹਿਰਾਂ ਘੋਲ ਦਿੱਤੀਆਂ ਹਨ। ਹਵਾ ਨੂੰ ਸਾਹ ਲੈਣ ਜੋਗੀ ਨਹੀਂ ਛੱਡਿਆ। ਇਸ ਵਰਤਾਰੇ ਨੇ ਜਦੋਂ ਸਾਡੀਆਂ ਆਉਣ ਵਾਲੀਆਂ ਨਸਲਾਂ ਦੀ ਤਬਾਹੀ ਦੀ ਦਸਤਕ ਦਿੱਤੀ ਹੈ ਤਾਂ ਜਾ ਕੇ ਮਨੁੱਖ ਥੋੜਾ ਜਿਹਾ ਠਠੰਬਰਿਆ ਹੈ।

ਹਰ ਵਰੇ 5 ਜੂਨ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਵਿਸ਼ਵ ਵਾਤਾਵਰਨ ਦਿਵਸ ਮਨਾਇਆ ਜਾਂਦਾ ਹੈ। ਪਰ ਵਾਤਾਵਰਨ ਪੱਖ ਤੋਂ ਦੇਸ਼ ਅੱਜ ਜਿਹੜੇ ਹਾਲਾਤ ਵਿੱਚੋਂ ਲੰਘ ਰਿਹਾ ਹੈ ਉਨਾਂ ਵਿਚ ਇਸ ਦਿਹਾੜੇ ਨੂੰ ਸਿਰਫ਼ ਇਕ ਦਿਨ ਮਨਾਉਣ ਨਾਲ ਇਹ ਮਸਲੇ ਹੱਲ ਨਹੀਂ ਹੋਣ ਵਾਲੇ ਹਨ। ਸਾਲ 2020 ਵਿਚ ਇਸ ਦਿਵਸ ਨੂੰ ਮਨਾਇਆ ਜਾਣਾ ਕੁਝ ਵਿਸ਼ੇਸ਼ ਮਹੱਤਵ ਰੱਖਦਾ ਹੈ ਕਿਉਂਕਿ ਉਸ ਵੇਲੇ ਪੂਰੀ ਦੁਨੀਆ ਕੋਰੋਨਾ ਵਾਇਰਸ ਕਾਰਨ ਬੁਰੀ ਤਰਾਂ ਉਲਝੀ ਹੋਈ ਸੀ। ਹੁਣ ਤਕ ਜੋ ਕੰਮ ਸਰਕਾਰਾਂ ਨਹੀਂ ਸਨ ਕਰ ਸਕੀਆਂ, ਉਹ ਇਕ ਵਾਇਰਸ ਦਾ ਡਰ ਕਰ ਗਿਆ ਸੀ। ਹਵਾ, ਪਾਣੀ ਤੇ ਧਰਤੀ ਨੇ ਲਿਆ ਸੀ ਖੁੱਲ ਕੇ ਸਾਹ, ਕੋਰੋਨਾ ਕਾਲ ਦੌਰਾਨ ਕੀਤੇ ਗਏ ਲਾਕਡਊਨ ਦੌਰਾਨ ਗੰਗਾ ਦੇ ਪਾਣੀ 'ਚ ਸੂਰਜ ਲਿਸ਼ਕਦਾ ਦਿਸ ਰਿਹਾ ਸੀ ਅਤੇ ਸਤਲੁਜ ਦੇ ਪਾਣੀ 'ਚ ਪੂਰਾ ਅਸਮਾਨ। ਘੱਗਰ ਦਾ ਪਾਣੀ ਸ਼ੀਸ਼ੇ ਵਾਂਗ ਚਮਕ ਰਿਹਾ ਸੀ। ਇਸ ਅਦਿੱਖ ਵਾਇਰਸ ਅੱਗੇ ਹਰ ਕੋਈ ਬੇਵੱਸ ਨਜ਼ਰ ਆ ਰਿਹਾ ਹੈ। ਮਹਾਮਾਰੀ ਦੇ ਇਸ ਦੌਰ ਵਿਚ ਜਦੋਂ ਇਨਸਾਨ ਘਰਾਂ ਅੰਦਰ ਕੈਦ ਹੋ ਗਿਆ ਸੀ ਤਾਂ ਸਾਰੇ ਸੰਸਾਰ ਦਾ ਵਾਤਾਵਰਨ ਇਸ ਕਦਰ ਸ਼ੁੱਧ ਹੋ ਗਿਆ ਸੀ ਜਿਹੜਾ ਕਿ ਕਲਪਨਾ ਤੋਂ ਬਾਹਰ ਲੱਗ ਰਿਹਾ ਸੀ। ਭਾਰਤ ਵਿਚ ਜਿਹੜੀਆਂ ਬਹੁਤ ਹੀ ਪ੍ਰਦੂਸ਼ਿਤ ਨਦੀਆਂ ਸਨ ਉਹ ਸਾਫ਼ ਵਗਣ ਲੱਗ ਪਈਆਂ ਸਨ। ਇਨਾਂ ਵਿਚ ਗੰਗਾ ਨਦੀ ਵੀ ਸ਼ਾਮਲ ਹੈ ਜਿਸ ਦੀ ਸਫ਼ਾਈ 'ਤੇ ਹਜ਼ਾਰਾਂ ਕਰੋੜਾਂ ਰੁਪਏ ਖ਼ਰਚੇ ਜਾ ਰਹੇ ਹਨ। ਕੋਰੋਨਾ ਕਾਰਨ ਹੋਏ ਲਾਕਡਾਊਨ ਨੇ ਇਨਾਂ ਨਦੀਆਂ ਨੂੰ ਜਿਊਣ ਜੋਗਾ ਕਰ ਦਿੱਤਾ ਸੀ। ਪੰਜਾਬ 'ਚੋਂ ਹਿਮਾਲਿਆ ਪਰਬਤ ਦਿਸਣ ਲੱਗ ਪਏ ਸਨ। ਸਾਲ 2019 ਤੇ 2020 ਦੌਰਾਨ ਕੋਰੋਨਾ ਮਹਾਂਮਾਰੀ ਨੇ ਜੋ ਸਿੱਖਿਆ ਸਾਨੂੰ ਦਿੱਤੀ ਸੀ ਉਸ ਤੋਂ ਸਾਫ਼ ਪਤਾ ਲੱਗ ਰਿਹਾ ਸੀ ਕਿ ਕੁਦਰਤ ਆਪਣੇ-ਆਪ ਨੂੰ ਸਾਫ਼ ਕਰਨ ਦੇ ਸਮਰੱਥ ਹੈ ਜੇਕਰ ਮਨੁੱਖ ਸੁਧਰ ਜਾਵੇ ਤਾਂ। ਇਸ ਵਾਰ ਜਲਵਾਯੂ ਪਰਿਵਰਤਨ ਨੇ ਆਪਣਾ ਰੂਪ ਅਪ੍ਰੈਲ ਮਹੀਨੇ ਦੌਰਾਨ ਹੀ ਦਿਖਾਉਣਾ ਸ਼ੁਰੂ ਕਰ ਦਿੱਤਾ ਸੀ। ਪੰਜਾਬ ਦਾ ਤਾਪਮਾਨ ਦੁਬਈ ਵਰਗੇ ਗਰਮ ਦੇਸ਼ਾਂ ਨਾਲੋਂ ਵੱਧ ਹੋ ਗਿਆ ਹੈ। ਪਾਣੀ ਸਾਰਿਆਂ ਦੇ ਸਾਂਝੇ ਹਨ। ਜਿਸ ਧਰਤੀ ਗ੍ਰਹਿ 'ਤੇ ਅਸੀਂ ਰਹਿ ਰਹੇ ਹਾਂ ਇਹੀ ਸਾਡੇ ਜਿਊਣ ਲਈ ਇੱਕੋ-ਇੱਕ ਜਗਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ 'ਜਪੁ (ਜੀ)' ਵਿਚ ਗਲੋਬਲ ਵਾਰਮਿੰਗ ਦਾ ਪੱਕਾ ਹੱਲ ਪੇਸ਼ ਕੀਤਾ ਗਿਆ ਹੈ। ਇਸ ਨੂੰ ਦੁਨੀਆ ਅੱਜ ਮੰਨ ਲਵੇ ਜਾਂ ਕੱਲ ਮੰਨ ਲਵੇ। ਧਰਤੀ ਦਾ ਹਿਰਦਾ ਠਾਰਨ ਲਈ ਇਨਾਂ ਸੱਤਾਂ ਸ਼ਬਦਾਂ 'ਚੋਂ ਦੀ ਹੋ ਕੇ ਹੀ ਲੰਘਣਾ ਪਵੇਗਾ। ਇਸ ਸਲੋਕ ਦੀ ਪਹਿਲੀ ਤੁਕ ਦੇ ਸੱਤ ਸ਼ਬਦ ਇਹ ਹਨ; ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ॥(ਅੰਗ: ੮) ਬਾਬੇ ਨਾਨਕ ਦੀ ਬਾਣੀ ਦੇ ਇਸ ਪਹਿਲੇ ਸਲੋਕ ਵਿਚ ਸਾਰੀ ਕਾਇਨਾਤ ਦਾ ਵੀ ਸੱਚ ਹੈ ਤੇ ਇਸ ਸਲੋਕ ਰਾਹੀਂ ਸਾਡੇ ਕੁਦਰਤ ਨਾਲ ਰਿਸ਼ਤੇ ਬਾਰੇ ਵੀ ਖੁੱਲ ਕੇ ਦੱਸਿਆ ਹੈ। ਇਸ ਵਿਚ ਹਵਾ ਨੂੰ ਗੁਰੂ ਮੰਨਿਆ ਹੈ, ਪਾਣੀ ਨੂੰ ਪਿਤਾ ਦੇ ਸਮਾਨ ਦੱਸਿਆ ਹੈ ਤੇ ਧਰਤੀ ਨੂੰ ਮਾਂ ਦਾ ਦਰਜਾ ਦਿੱਤਾ ਗਿਆ ਹੈ। ਇਨਾਂ ਸ਼ਬਦਾਂ ਵਿੱਚੋਂ



ਦੁਨੀਆ ਦੇ ਵਸਦੇ ਕਿਸੇ ਮਨੁੱਖ ਲਈ ਕੋਈ ਵੀ ਸ਼ਬਦ ਓਪਰਾ ਨਹੀਂ ਹੈ। ਜੇ ਏਨੇ ਸੌਖੇ ਸ਼ਬਦਾਂ ਦੇ ਅਰਥ ਵੀ ਅਸੀਂ ਨਹੀਂ ਸਮਝਾਂਗੇ ਤਾਂ ਫਿਰ ਕੁਦਰਤ ਦੇ ਨਾਲ ਨੇੜਤਾ ਕਿਵੇਂ ਬਣੇਗੀ ? ਸਾਨੂੰ ਜਿੱਥੇ ਆਪਣੇ-ਆਪ ਨੂੰ ਕੁਦਰਤ ਨਾਲ ਫਿਰ ਤੋਂ ਜੋੜਨਾ ਪਵੇਗਾ ਉੱਥੇ ਆਉਣ ਵਾਲੀਆਂ ਪੀੜੀਆਂ ਨੂੰ ਵੀ ਕੁਦਰਤ ਦਾ ਸਤਿਕਾਰ ਕਰਨ ਅਤੇ ਕੁਦਰਤ ਦੇ ਅਨੁਕੂਲ ਚੱਲਣ ਲਈ ਪ੍ਰੇਰਿਤ ਕਰਨਾ ਪਵੇਗਾ। ਗੁਰੂ ਨਾਨਕ ਦੇਵ ਜੀ ਹੀ ਸਨ ਜਿਨਾਂ ਨੇ ਵਲੀ ਕੰਧਾਰੀ ਦੇ ਹੰਕਾਰ ਨੂੰ ਚੁਣੌਤੀ ਦਿੰਦਿਆਂ ਇਹ ਸੁਨੇਹਾ ਦਿੱਤਾ ਸੀ ਕਿ ਪਾਣੀ 'ਤੇ ਸਭ ਦਾ ਹੱਕ ਹੈ। ਗੁਰੂ ਸਾਹਿਬ ਜੀ ਦਾ ਇਹ ਸੰਦੇਸ਼ ਪਾਣੀਆਂ 'ਤੇ ਏਕਾ-ਅਧਿਕਾਰ ਦਾ ਕਬਜ਼ਾ ਜਮਾਉਣ ਵਾਲਿਆਂ ਲਈ ਵੀ ਇਕ ਸਬਕ ਹੈ ਕਿ ਕੁਦਰਤ ਦੀ ਅਣਮੁੱਲੀ ਦਾਤ ਪਾਣੀ 'ਤੇ ਸਾਰਿਆਂ ਦਾ ਹੱਕ ਹੈ ਤੇ ਇਹ ਸਾਰਿਆਂ ਦੇ ਸਾਂਝੇ ਹਨ। ਬਲਿਹਾਰੀ ਕੁਦਰਤਿ ਵਸਿਆ॥

ਅਸੀਂ ਜਿਸ ਅਕਾਲ ਪੁਰਖ ਵਾਹਿਗੁਰੂ ਨੂੰ ਭਾਲਦੇ ਹਾਂ ਉਹ ਕੁਦਰਤ ਵਿਚ ਸਮੋਇਆ ਹੋਇਆ ਹੈ। ਕੁਦਰਤ ਨਾਲ ਇਕ ਸੁਰ ਹੋਣ ਨਾਲ ਹੀ ਕੁਦਰਤ ਵਿਚ ਕੁਦਰਤ ਵਾਲਾ ਦਿਸਦਾ ਹੈ ਪਰ ਅਸੀਂ ਇੱਕੀਵੀਂ ਸਦੀ ਦੇ ਪੜੇ-ਲਿਖੇ ਹੋਣ ਦੇ ਵੱਡੇ-ਵੱਡੇ ਦਾਅਵੇ ਕਰਨ ਦੇ ਬਾਵਜੂਦ ਵਿਗਿਆਨਕ ਸੋਚ ਰੱਖਦਿਆਂ ਹੋਇਆਂ ਵੀ ਅਣ-ਮਨੁੱਖੀ ਅਤੇ ਗ਼ੈਰ ਕੁਦਰਤੀ ਢੰਗ ਨਾਲ ਆਪਣੇ ਕੁਦਰਤੀ ਸਰੋਤਾਂ ਨੂੰ ਖ਼ਤਮ ਕਰਦੇ ਜਾ ਰਹੇ ਹਾਂ। ਜੇ ਅਸੀਂ ਗੁਰਬਾਣੀ ਦੇ ਦੱਸੇ ਰਾਹ 'ਤੇ ਚੱਲਦੇ ਹੁੰਦੇ ਤਾਂ ਦੁਨੀਆ ਭਰ ਦੇ ਲੋਕ ਅੱਜ ਪੰਜਾਬ ਦੀ ਧਰਤੀ 'ਤੇ ਸਤਿਗੁਰੂਆਂ ਦੀਆਂ ਕੀਤੀਆਂ ਬਖਸ਼ਿਸ਼ਾਂ ਨੂੰ ਦੇਖਣ ਲਈ ਆਉਂਦੇ ਕਿ ਬਾਬੇ ਨਾਨਕ ਦੀ ਬਾਣੀ ਨੂੰ ਮੰਨਣ ਵਾਲਿਆਂ ਨੇ ਕਿਵੇਂ ਪਾਣੀਆਂ ਨੂੰ ਸੰਭਾਲਿਆ ਹੈ ਪਰ ਦੁੱਖ ਦੀ ਗੱਲ ਹੈ ਕਿ ਇਹ ਸਾਰਾ ਕੁਝ ਨਹੀਂ ਹੋ ਸਕਿਆ ਜੋ ਹੋਣਾ ਚਾਹੀਦਾ ਸੀ। ਅੱਜ ਵੀ ਬਾਣੀ ਦੇ ਦੱਸੇ ਹੋਏ ਰਾਹ 'ਤੇ ਚੱਲ ਕੇ ਦੁਨੀਆ ਲਈ ਵੱਡੀ ਮੁਸੀਬਤ ਗਲੋਬਲ ਵਾਰਮਿੰਗ ਤੋਂ ਛੁਟਕਾਰਾ ਪਾ ਸਕਦੇ ਹਾਂ। ਪਰ ਅਫ਼ਸੋਸ ਦੀ ਗੱਲ ਹੈ ਕਿ 21ਵੀਂ ਸਦੀ ਦੀ ਅਗਾਊਂ ਸੋਚ ਰੱਖਣ ਵਾਲੇ ਇਨਸਾਨ ਨੇ ਨਾ ਤਾਂ ਗੁਰੂ ਦੀ ਮੰਨੀ, ਨਾ ਹੀ ਸੰਵਿਧਾਨ ਦੀ ਤੇ ਨਾ ਹੀ ਵਿਗਿਆਨ ਦੀ।

ਜਿਸ ਘਰ ਵਿਚ ਬੱਚਾ ਖੇਡਦਾ ਹੋਵੇ ਉਹ ਘਰ ਖ਼ੁਸ਼ੀਆਂ ਦਾ ਪ੍ਰਤੀਕ ਮੰਨਿਆ ਜਾਂਦਾ ਹੈ ਪਰ ਅੱਜ ਪੂਰਾ ਸੰਸਾਰ ਰੋ ਤੇ ਕੁਰਲਾ ਰਿਹਾ ਹੈ। ਸਾਰਾ ਸੰਸਾਰ ਤਦ ਹੀ ਹੱਸੇਗਾ ਤੇ ਖੇਡੇਗਾ ਜਦੋਂ ਉਹ ਕੁਦਰਤ ਦੇ ਨਾਲ ਇਕਮਿਕ ਹੋਵੇਗਾ। ਪਵਿੱਤਰ ਵੇਈਂ, ਜਿਸ 'ਚੋਂ ਬਾਹਰ ਆ ਕੇ ਬਾਬੇ ਨਾਨਕ ਨੇ ਇਲਾਹੀ ਬਾਣੀ ਦਾ ਉਚਾਰਣ ਕੀਤਾ। ਉਸ ਵੇਈਂ ਨੂੰ ਵੀ ਪੂਰੀ ਤਰਾਂ ਪ੍ਰਦੂਸ਼ਤ ਕਰ ਦਿੱਤਾ ਗਿਆ ਸੀ। ਉਸ ਦੇ ਕੰਢੇ 'ਤੇ ਖੜੇ ਹੋਣਾ ਮੁਸ਼ਕਲ ਸੀ। ਸੰਗਤਾਂ ਨੇ ਜੁਲਾਈ 2000 ਤੋਂ ਲਗਾਤਾਰ ਹੱਥੀਂ ਕਾਰ ਸੇਵਾ ਕੀਤੀ ਹੈ। ਗੁਰੂ ਦੀ ਮੇਹਰ ਹੋਈ ਤੇ ਇਹ ਸਾਫ਼ ਹੋਈ ਵੇਈਂ ਸਭ ਲਈ ਇਕ ਮਿਸਾਲ ਬਣ ਗਈ ਹੈ। ਵੇਈਂ ਦੀ ਕਾਰ ਸੇਵਾ ਨੇ ਗੁਰਬਾਣੀ ਦੇ ਇਸ ਮਹਾਵਾਕ ਨੂੰ ਪੂਰੀ ਤਰਾਂ ਨਾਲ ਸਾਰਥਕ ਕਰ ਦਿੱਤਾ ਹੈ ਕਿ ਆਪਣ ਹਥੀ ਆਪਣਾ ਆਪੇ ਹੀ ਕਾਜੁ ਸਵਾਰੀਐ॥ ਪਵਿੱਤਰ ਕਾਲੀ ਵੇਈਂ ਦੁਬਾਰਾ ਸਾਫ਼-ਸੁਥਰੀ ਵਗ ਰਹੀ ਹੈ। ਗੁਰੂ ਨਾਨਕ ਪਾਤਸ਼ਾਹ ਦੇ ਘਰ ਤੋਂ ਹੋਈ ਇਹ ਸ਼ੁਰੂਆਤ ਸਾਰੀ ਦੁਨੀਆ ਦੀਆਂ ਨਦੀਆਂ ਅਤੇ ਦਰਿਆਵਾਂ ਨੂੰ ਸਾਫ਼-ਸੁਥਰਾ ਰੱਖਣ ਲਈ ਰਾਹ-ਦਸੇਰਾ ਬਣ ਗਈ ਹੈ। ਇਸ ਘਟਨਾ ਨੇ ਇਹ ਵੀ ਸਾਬਿਤ ਕਰ ਦਿੱਤਾ ਹੈ ਕਿ ਪਾਣੀ ਦੇ ਕੁਦਰਤੀ ਸਰੋਤਾਂ ਵਿਚ ਕੌਣ ਜ਼ਹਿਰਾਂ ਘੋਲ ਰਿਹਾ ਹੈ ਤੇ ਕੌਣ ਆਪਣੀਆਂ ਸੰਵਿਧਾਨਕ ਜ਼ਿੰਮੇਵਾਰੀਆਂ ਨਹੀਂ ਨਿਭਾਅ ਰਿਹਾ ਹੈ।

# ਮੁਸਲਮਾਨਾਂ ਕਾਰਣ ਸਿਮਰਨਜੀਤ ਸਿੰਘ ਮਾਨ ਪਹੁੰਚਿਆ ਪਾਰਲੀਮੈਂਟ ਵਿੱਚ

## ✪ ਖਾਲਿਸਤਾਨ ਨੂੰ "ਖਾਮੋਸ਼ ਪ੍ਰਵਾਨਗੀ" ✪ ਕੌਮ ਦਾ ਭਵਿੱਖ ਅਕਾਲੀ ਦਲ (ਅੰਮ੍ਰਿਤਸਰ) ਦੇ ਮੋਢਿਆਂ'ਤੇ ✪ ਮੂਧੜੇ ਮੂੰਹ ਡਿੱਗਿਆ ਬਾਦਲ ਦਲ ✪ ਨਵੀਂ ਸਿਆਸਤ ਦਾ ਮੁੱਢ ਬੰਨ੍ਹਿਆ ਦੇਸ਼ ਵਿੱਚ ✪ ਪੰਥਕ ਸਿਆਸਤ ਦਾ ਨਵਾਂ ਯੁੱਗ ਸ਼ੁਰੂ



**ਕਰਮਜੀਤ ਸਿੰਘ ਚੰਡੀਗੜ੍ਹ**

99150-91063

ਸਿੱਖ ਇਤਿਹਾਸ ਨੇ ਨਵੀਂ ਕਰਵਟ ਲਈ ਹੈ। ਸਿਮਰਨਜੀਤ ਸਿੰਘ ਮਾਨ ਦੀ ਇਤਿਹਾਸਕ ਤੇ ਹੈਰਾਨਕੁੰਨ ਜਿੱਤ ਨੇ ਹਾਲ ਦੀ ਘੜੀ ਤਾਂ ਇਹ ਫ਼ੈਸਲਾ ਸੁਣਾ ਹੀ ਦਿੱਤਾ ਹੈ ਕਿ ਕੌਮ ਦਾ ਭਵਿੱਖ ਹੁਣ ਅਕਾਲੀ ਦਲ ਅੰਮ੍ਰਿਤਸਰ ਮੋਢਿਆਂ ਤੇ ਹੈ।ਇਹ ਪਹਾੜ ਜਿੱਡੀ ਜ਼ਿੰਮੇਵਾਰੀ ਹੁਣ ਇਸੇ ਪਾਰਟੀ ਉੱਤੇ ਹੈ ਕਿ ਉਹ ਸਮੁੱਚੇ ਪੰਥ ਨੂੰ ਆਪਣੇ ਕਲਾਵੇ ਵਿੱਚ ਕਿਵੇਂ ਲੈਂਦੀ ਹੈ ।

ਸੰਗਰੂਰ ਦੀ ਜਿੱਤ ਨੇ ਹੋਰ ਕਈ ਸੁਨੇਹਿਆਂ ਦੇ ਨਾਲ ਨਾਲ ਇਹ ਸੰਦੇਸ਼ ਵੀ ਦਿੱਤਾ ਹੈ ਕਿ ਸਿੱਖ ਕੌਮ ਦੀ ਜਵਾਨੀ ਦਾ ਰੋਲ,ਉਸ ਦੀ ਮਿਹਨਤ ਤੇ ਤਿਆਗ ਮਾਨ ਸਾਹਿਬ ਦੀ ਜਿੱਤ ਵਿੱਚ ਮਹੱਤਵਪੂਰਨ ਸਥਾਨ ਰੱਖਦਾ ਹੈ।ਜਦੋਂ ਜੁਆਨੀ ਦੇ ਰੋਲ ਦੀ ਗੱਲ ਤੁਰਦੀ ਹੈ ਤਾਂ ਸਹਿਜ ਸੁਭਾਅ ਹੀ ਦੀਪ ਸਿੱਧੂ ਤੇ ਸਿੱਧੂ ਮੂਸੇਵਾਲਾ ਸਾਡੀਆਂ ਯਾਦਾਂ ਵਿੱਚ ਆਣ ਉੱਤਰੇ ਹਨ।ਉਨ੍ਹਾਂ ਦੇ ਵਿਛੋੜੇ ਨੇ ਇੱਕ ਵਾਰ ਤਾਂ ਸਾਰੀ ਜਵਾਨੀ ਨੂੰ ਇੱਕ ਮੰਚ ਉੱਤੇ ਇਕੱਠਾ ਕਰ ਦਿੱਤਾ ਹੈ। ਹੁਣ ਇਸ ਜੁਆਨੀ ਨੂੰ ਕੀ ਦਿਸ਼ਾ ਦੇਣੀ ਹੈ,ਇਹ ਵੀ ਵੱਡੀ ਜ਼ਿੰਮੇਵਾਰੀ ਮਾਨ ਸਾਹਿਬ ਅਤੇ ਉਨ੍ਹਾਂ ਦੀ ਪਾਰਟੀ ਨੂੰ ਹੀ ਸਾਂਭਣੀ ਪੈਣੀ ਹੈ।

ਆਉਣ ਵਾਲੇ ਦਿਨ ਇਸ ਪਾਰਟੀ ਲਈ ਕਰੜੇ ਇਮਤਿਹਾਨਾਂ ਦੇ ਦਿਨ ਹੋਣਗੇ ਕਿ ਪੰਥ ਵਿੱਚ ਪਏ ਤੇ ਪਾਏ ਗਏ ਖਲਾਰੇ ਨੂੰ ਕਿਵੇਂ ਸਾਂਭਿਆ ਜਾਵੇ ਅਤੇ ਕਿਵੇਂ ਪੰਥ ਦੀ ਹਰ ਪਰਤ ਦਾ ਵਿਸ਼ਵਾਸ ਹਾਸਿਲ ਕੀਤਾ ਜਾਵੇ । ਹੁਣ ਰਵਾਇਤੀ ਪਾਰਟੀਆਂ ਦੀਆਂ ਜ਼ਮਾਨਤਾਂ ਜ਼ਬਤ ਹੋ ਗਈਆਂ ਹਨ। ਬਦਲਾਅ ਦੇ ਦਾਅਵੇ ਕਰਨ ਵਾਲਿਆਂ



ਦੇ ਦਾਅਵੇ ਵੀ ਖੋਖਲੇ ਸਾਬਤ ਹੋ ਰਹੇ ਹਨ। ਪਿਓ-ਪੁੱਤ ਦੀ ਸਿਆਸਤ ਦੀ ਕਬਰ ਵੀ ਪੁੱਟੀ ਜਾ ਚੁੱਕੀ ਹੈ।ਇਸ ਖਿਲਾਅ ਵਿੱਚ ਮਾਨ ਸਾਹਿਬ ਲਈ ਮੈਦਾਨ ਖਾਲੀ ਹੈ ਪਰ ਚੁਣੌਤੀਆਂ ਨਾਲ ਵੀ ਭਰਿਆ ਪਿਆ ਹੈ।

ਸੰਗਰੂਰ ਨੇ ਅਕਾਲੀ ਦਲ ਬਾਦਲ ਨੂੰ ਕੁਝ ਇਸ ਤਰ੍ਹਾਂ ਮੂਧੜੇ ਮੂੰਹ ਸੁੱਟਿਆ ਹੈ ਕਿ ਉਹ ਹੁਣ ਉੱਠਣ ਜੋਗੇ ਨਹੀਂ ਰਹਿ ਗਏ। ਇਤਿਹਾਸ ਨਾਲ ਬੇਵਫ਼ਾਈ ਕਰਨ ਵਾਲਿਆਂ ਲਈ ਇਤਿਹਾਸ ਬੜੀ ਬੇਰਹਿਮੀ ਨਾਲ ਪੇਸ਼ ਆਉਂਦਾ ਹੈ।ਇਤਿਹਾਸ ਦੇ ਇਸ ਮਜ਼ਾਕ ਨੂੰ ਕੀ ਨਾਂ ਦੇਈਏ ਕਿ ਵੋਟਾਂ ਦੀ ਗਿਣਤੀ 'ਚ ਭਾਰਤੀ ਜਨਤਾ ਪਾਰਟੀ ਅਕਾਲੀ ਦਲ ਤੋਂ ਵੀ ਅੱਗੇ ਲੰਘ ਗਈ ਹੈ। ਇਤਿਹਾਸ ਦਾ ਡੰਡਾ ਇੰਨੇ ਜ਼ੋਰ ਨਾਲ ਵੱਜਿਆ ਕਿ ਅਕਾਲੀ ਦਲ ਦੀ ਉਮੀਦਵਾਰ ਦੀ ਜ਼ਮਾਨਤ ਵੀ ਜ਼ਬਤ ਹੋ ਗਈ ਅਤੇ ਕਿਸੇ ਸਮੇਂ ਹੁਕਮਰਾਨ ਰਹੀ ਇਹ ਪਾਰਟੀ ਆਖ਼ਰੀ ਅਰਥਾਤ ਪੰਜਵੇਂ ਸਥਾਨ ਤੇ ਚਲੀ ਗਈ।

ਵੈਸੇ ਸੁਖਬੀਰ ਬਾਦਲ ਨੇ ਬੜੀ ਚਲਾਕੀ ਖੇਡੀ ਸੀ।ਪੰਥਕ ਏਕਤਾ ਦੀ ਚਾਲ ਚੱਲੀ ਸੀ ਅਤੇ ਸਦਾ ਦੀ ਤਰ੍ਹਾਂ ਅਕਾਲ ਤਖ਼ਤ ਨੂੰ ਵਰਤ ਕੇ ਬੰਦੀ ਸਿੰਘਾਂ ਦੀ ਰਿਹਾਈ ਦਾ ਆਖ਼ਰੀ ਪੱਤਾ ਖੇਡਿਆ,ਪਰ ਉਹ ਵੀ ਕਾਮਯਾਬ ਨਾ ਹੋਇਆ। ਕਹਾਵਤ ਹੈ ਕਿ ਅੱਗ ਲੱਗੀ ਪੂਛ ਵਾਲਾ ਪੰਛੀ ਆਪਣੇ ਆਲ੍ਹਣੇ ਨੂੰ ਹੀ ਸਾੜ ਬਹਿੰਦਾ ਹੈ। ਇਹ ਆਗੂ ਆਪ ਤਾਂ ਬਰਬਾਦ ਹੋਇਆ ਹੀ ਹੈ ਪਰ ਅਕਾਲੀ ਦਲ ਨੂੰ ਵੀ ਬਰਬਾਦੀ ਦੇ ਕੰਢੇ ਤੇ ਲੈ ਆਂਦਾ ਹੈ।

ਵੈਸੇ ਅੱਜ ਪਿਓ -ਪੁੱਤ ਆਪਣੀ ਰਾਜਨੀਤਕ ਬਰਬਾਦੀ ਦਾ ਇਕੱਠੇ ਜਸ਼ਨ ਮਨਾ ਰਹੇ ਹੋਣਗੇ।ਕੋਈ ਇਨ੍ਹਾਂ ਨੂੰ ਦੱਸੇ ਕਿ ਮੁਸੀਬਤਾਂ ਘੋੜੇ ਤੇ ਸਵਾਰ ਹੋ ਕੇ ਆਉਂਦੀਆਂ ਹਨ ਪਰ ਜਾਂਦੀਆਂ ਪੈਦਲ ਹਨ।ਸੋ ਮੁਸੀਬਤਾਂ ਦਾ ਦੌਰ ਲੰਮਾ ਜਾਪਦਾ ਹੈ।

ਇਹ ਗੱਲ ਵਿਰੋਧੀ ਵੀ ਮੰਨਦੇ ਹਨ ਕਿ ਸਿਮਰਨਜੀਤ ਸਿੰਘ ਮਾਨ ਖ਼ਾਲਿਸਤਾਨ ਦੇ ਨਿਸ਼ਾਨੇ ਬਾਰੇ ਲਗਾਤਾਰ ਪਹਿਰਾ ਦਿੰਦੇ ਆ ਰਹੇ ਹਨ।ਬਿਪਤਾ ਦੀਆਂ ਘੜੀਆਂ ਵਿੱਚ ਵੀ ਉਨ੍ਹਾਂ ਨੇ ਖਾਲਿਸਤਾਨ ਦੇ ਨਿਸ਼ਾਨੇ ਨੂੰ ਆਪਣੇ ਦਿਲ ਵਿੱਚ ਸਾਂਭ ਕੇ ਰੱਖਿਆ।ਕਦੇ ਨਹੀਂ ਥਿੜਕੇ।ਚੋਣਾਂ ਵੀ ਲੜੀਆਂ। ਲਗਾਤਾਰ ਹਾਰਾਂ ਦਾ ਵੀ ਸਾਹਮਣਾ ਕਰਨਾ ਪਿਆ।ਲੋਕਾਂ ਦੇ ਮਜ਼ਾਕ ਵੀ ਸੁਣੇ,ਪਰ ਆਖਿਰਕਾਰ ਸੰਗਰੂਰ ਦੇ ਲੋਕਾਂ ਨੇ ਵੀ ਹੁਣ ਉਨ੍ਹਾਂ ਦੇ ਨਿਸ਼ਾਨੇ ਉੱਤੇ ਮੋਹਰ ਲਾ ਦਿੱਤੀ ਹੈ। ਕੀ ਇਸ ਫ਼ੈਸਲੇ ਨੂੰ ਖਾਲਿਸਤਾਨ ਲਈ ਖ਼ਾਮੋਸ਼ ਪ੍ਰਵਾਨਗੀ ਆਖਿਆ ਜਾਵੇ ? ਸੱਤ ਸਮੁੰਦਰੋਂ ਪਾਰ ਵਸੇ ਪੰਜਾਬੀ ਤਾਂ ਇਹੋ ਫਤਵਾ ਦੇਣਗੇ ।

ਸੰਗਰੂਰ ਵਿੱਚ ਇਕ ਹੋਰ ਚਮਤਕਾਰ ਵੀ ਵਾਪਰਿਆ ।ਅੱਜ ਮਾਲੇਰਕੋਟਲਾ ਦੀ ਧਰਤੀ ਨੇ ਦੂਜੀ ਵਾਰ ਹਾਅ ਦਾ ਨਾਅਰਾ ਮਾਰਿਆ।ਇਸ ਸ਼ਹਿਰ ਦੇ ਮੁਸਲਮਾਨ ਭਰਾਵਾਂ ਨੇ ਮਾਨ ਸਾਹਿਬ ਦੇ ਹੱਕ ਵਿੱਚ ਬੁੱਕਾਂ ਭਰ ਭਰ ਕੇ ਵੋਟਾਂ ਪਾਈਆਂ ਅਤੇ ਉਥੋਂ ਅੱਠ ਹਜ਼ਾਰ ਦੀ ਲੀਡ ਦਿਵਾਈ। ਰਤਾ ਸੋਚੋ,ਜੇ ਇਹ ਲੀਡ ਨਾ ਮਿਲਦੀ ਤਾਂ ਜਿੱਤ ਖ਼ਤਰੇ ਵਿੱਚ ਪੈ ਸਕਦੀ ਸੀ।

TRANS-ALLIANCE
TOGETHER WE SAVE

FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

FUEL CARDS
NO CREDIT - NO PROBLEM
BEST CUSTOMER SERVICE

FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE




YOU BREAK DOWN
WE SHOW UP
24-HOUR ROADSIDE ASSISTANCE

TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035

# ਬੁਲਡੋਜ਼ਰੀ ਸਿਆਸਤ ਦਮਨਕਾਰੀ ਸੱਤਾ ਦਾ ਪ੍ਰਤੀਕ



**ਰਾਜੇਸ਼ ਰਾਮਚੰਦਰਨ**

ਬੁਲਡੋਜ਼ਰ ਰਾਜਕੀ ਦਮਨਕਾਰੀ ਸੱਤਾ ਦੇ ਗ਼ੈਰ ਲੋਕਰਾਜੀ ਵਿਵਹਾਰ ਦਾ ਪ੍ਰਤੀਕ ਹੈ ਅਤੇ ਇਵੇਂ ਜਾਪਦਾ ਹੈ ਕਿ ਉੱਤਰ ਪ੍ਰਦੇਸ਼ ਵਿਚ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਨੇ ਇਸ ਨੂੰ ਆਪਣੇ ਸ਼ਾਸਨ ਦਾ ਨਿਸ਼ਾਨ ਤੇ ਮੋਹਰ ਬਣਾਉਣ ਦਾ ਫ਼ੈਸਲਾ ਕਰ ਲਿਆ ਹੈ। ਜਦੋਂ ਮੁਸਲਮਾਨਾਂ ਦੇ ਰਿਹਾਇਸ਼ੀ ਇਲਾਕਿਆਂ ਵਿਚ ਮੁਜ਼ਾਹਰਾਕਾਰੀਆਂ ਦੇ ਘਰ ਤੇ ਹੌਸਲੇ ਡੇਗਣ ਲਈ ਇਹ ਬੁਲਡੋਜ਼ਰ ਚਲਾਏ ਜਾਂਦੇ ਹਨ ਤਾਂ ਕਿਸੇ ਅਪੀਲ, ਦਲੀਲ ਜਾਂ ਵਕੀਲ ਤੋਂ ਬਿਨਾਂ ਮੁਜ਼ਾਹਰਾਕਾਰੀਆਂ ਨੂੰ ਮੌਕੇ 'ਤੇ ਹੀ ਸਜ਼ਾ ਦੇਣ ਦਾ ਅਮਲ ਸੰਸਥਾਈ ਰੂਪ ਲੈਂਦਾ ਹੈ। ਸਾਡੇ ਸੰਵਿਧਾਨ ਵਿਚ ਸਰਕਾਰਾਂ ਨੂੰ ਸਿਰਫ ਦੇਸ਼ ਦੇ ਨਾਗਰਿਕਾਂ ਦੀ ਜਾਨ ਮਾਲ ਦੀ ਰਾਖੀ ਯਕੀਨੀ ਬਣਾਉਣ ਖ਼ਾਤਰ ਕਾਨੂੰਨੀ ਵਿਧੀ ਰਾਹੀਂ ਹਿੰਸਾ ਦਾ ਏਕਾਧਿਕਾਰ ਦਿੱਤਾ ਗਿਆ ਸੀ ਪਰ ਮੰਦੇਭਾਗੀਂ ਸਰਕਾਰ ਹੁਣ ਆਪਣੇ ਹੀ ਨਾਗਰਿਕਾਂ ਦੀ ਸੰਪਤੀ ਖਿਲਾਫ਼ ਹਿੰਸਾ ਦਾ ਨੰਗਾ-ਚਿੱਟਾ ਇਸਤੇਮਾਲ ਕਰ ਰਹੀ ਹੈ, ਉਹ ਵੀ ਕਾਨੂੰਨ ਦੀ ਕੋਈ ਢੁਕਵੀਂ ਵਿਧੀ ਅਪਣਾਏ ਬਗ਼ੈਰ।

ਸੁਪਰੀਮ ਕੋਰਟ ਨੇ ਜਮੀਅਤ ਉਲੇਮਾ-ਏ-ਹਿੰਦ ਵਲੋਂ ਮੁਜ਼ਾਹਰਾਕਾਰੀਆਂ ਖਿਲਾਫ਼ ਬਦਲੇਖੋਰੀ ਤਹਿਤ ਨੰਗੇ-ਚਿੱਟੇ ਰੂਪ ਵਿਚ ਕੀਤੀ ਜਾ ਰਹੀ ਰਾਜਕੀ ਹਿੰਸਾ ਦੀ ਨੀਤੀ ਨੂੰ ਰੁਕਵਾਉਣ ਲਈ ਕੀਤੀ ਚਾਰਾਜੋਈ ਦਾ ਹੁੰਗਾਰਾ ਭਰ ਕੇ ਅਤੇ ਇਹ ਹੁਕਮ ਦੇ ਕੇ ਠੀਕ ਕੀਤਾ ਹੈ ਕਿ ਕਾਨੂੰਨ ਦੀ ਪ੍ਰਕਿਰਿਆ ਨੂੰ ਉਲੰਘ ਕੇ ਕੋਈ ਢਾਹ-ਢੁਹਾਈ ਨਹੀਂ ਕੀਤੀ ਜਾਣੀ ਚਾਹੀਦੀ ਪਰ ਅਦਾਲਤ ਨੇ ਇਸ ਕਾਰਵਾਈ 'ਤੇ ਮੁਕੰਮਲ ਰੋਕ ਲਾਉਣ ਤੋਂ ਗੁਰੇਜ਼ ਕਰ ਲਿਆ ਜਿਵੇ ਕਿ ਪਟੀਸ਼ਨਰਾਂ ਨੇ ਇਹ ਮੰਗ ਕੀਤੀ ਸੀ ਕਿ ਇਕ ਚੁਣੀ ਹੋਈ ਸਰਕਾਰ ਜਿਸ ਤੋਂ ਕਾਨੂੰਨ ਦੇ ਅਮਲ ਦੀ ਤਵੱਕੋ ਕੀਤੀ ਜਾਂਦੀ ਹੈ, ਵਲੋਂ ਕਾਨੂੰਨੀ ਅਮਲ ਦੀ ਉਲੰਘਣਾ ਕਰ ਕੇ ਇੰਝ ਨੰਗੇ-ਚਿੱਟੇ ਰੂਪ ਵਿਚ ਹਿੰਸਾ ਦੇ ਇਸਤੇਮਾਲ ਦੀ ਆਗਿਆ ਨਹੀਂ ਦਿੱਤੀ ਜਾਣੀ ਚਾਹੀਦੀ। ਸੁਪਰੀਮ ਕੋਰਟ ਦੇ ਇਸ ਹੁਕਮ ਤੋਂ ਇਕ ਵਡੇਰਾ ਦਾਰਸ਼ਨਿਕ ਸਵਾਲ ਉੱਠਦਾ ਹੈ ਕਿ ਜਿਹੜੀ ਸਰਕਾਰ ਕਾਨੂੰਨ ਦੇ ਅਮਲ ਦੀ ਪ੍ਰਵਾਹ ਨਹੀਂ ਕਰਦੀ, ਉਸ ਬਾਰੇ ਸਮਾਜ ਕਿਵੇਂ ਸੋਚਦਾ ਹੈ।

ਹੁਣ ਜਿਵੇਂ ਜਿਵੇਂ ਰੋਸ ਪ੍ਰਦਰਸ਼ਨਾਂ ਦੀ ਸ਼ਿੱਦਤ ਵਧਦੀ ਜਾ ਰਹੀ ਹੈ, ਉਸੇ ਤਰਾਂ ਇਸ ਬਦਲੇਖੋਰ ਉਪਰਾਲੇ ਵੀ ਤਿੱਖੇ ਹੁੰਦੇ ਜਾ ਰਹੇ ਹਨ ਅਤੇ ਇਸ ਨਾਲ ਹਿੰਸਾ ਦਾ ਦੌਰ ਹੋਰ ਵਧਦਾ ਜਾਂਦਾ ਹੈ ਤੇ ਇਵੇਂ ਪ੍ਰਦਰਸ਼ਨਾਂ ਨੂੰ ਨਿਖੇੜਨ ਅਤੇ ਅਪਰਾਧਿਕ ਕਰਾਰ ਦੇਣ ਦੀ ਪ੍ਰਵਿਰਤੀ ਵੀ ਵਧ ਰਹੀ ਹੈ।

ਸਭ ਤੋਂ ਮਾੜੀ ਗੱਲ ਇਹ ਹੈ ਕਿ ਇਹੋ ਜਿਹੀਆਂ ਕਾਰਵਾਈਆਂ ਬੇਕਿਰਕੀ ਨਾਲ ਕੀਤੀਆਂ ਜਾ ਰਹੀਆਂ ਹਨ ਕਿਉਂਕਿ ਹਾਕਮਾਂ ਦਾ ਖਿਆਲ ਹੈ ਕਿ ਉਨਾਂ ਦਾ 'ਰਾਜ' ਹਮੇਸ਼ਾ ਚਲਦਾ ਰਹੇਗਾ। ਮੰਨ ਲਓ ਕਿ ਜੇ ਅਗਲੀ ਵਾਰ ਅਖਿਲੇਸ਼ ਯਾਦਵ ਜਾਂ ਮਾਇਆਵਤੀ ਦੀ ਸਰਕਾਰ ਆ ਗਈ ਤੇ ਉਹ ਇਹੀ ਬੁਲਡੋਜ਼ਰ ਆਪਣੇ ਸਿਆਸੀ ਵਿਰੋਧੀਆ ਦੇ ਘਰਾਂ 'ਤੇ ਚਲਾ ਦੇਣ ਤਾਂ ਕੀ ਹੋਵੇਗਾ? ਇਮਾਰਤਾਂ ਸਬੰਧੀ ਨੇਮਾਂ ਦੇ ਪਾਲਣ ਦਾ ਸਮੁੱਚੇ ਦੇਸ਼ ਅੰਦਰ ਹੀ ਬੁਰਾ ਹਾਲ ਹੈ। ਸਾਡੇ ਸਮਾਜ ਅੰਦਰ ਫੈਲਿਆ ਭ੍ਰਿਸ਼ਟਾਚਾਰ ਹੀ ਬਿਆਨ ਕਰ ਦਿੰਦਾ ਹੈ ਕਿ ਸਥਾਨਕ ਸੰਸਥਾਵਾਂ ਵਲੋਂ ਇਮਾਰਤੀ ਨੇਮਾਂ ਦੀ ਸਹੀ ਢੰਗ ਨਾਲ ਪਾਲਣਾ ਨਹੀਂ ਕੀਤੀ ਜਾ ਰਹੀ। ਇਸ ਵਿਚ ਨਾਗਰਿਕਾਂ ਦਾ ਕਸੂਰ ਘੱਟ ਹੈ ਸਗੋਂ ਇਹ ਮਾੜੇ ਸ਼ਾਸਨ ਦੀ ਨਿਸ਼ਾਨੀ ਹੈ। ਕਿਸੇ ਵੀ ਥਾਂ ਕਿਸੇ ਵੀ ਇਮਾਰਤ ਵਿਚ ਜੇ ਕਿਸੇ ਨੇਮ ਦੀ ਉਲੰਘਣਾ ਹੋਈ ਹੈ ਤਾਂ ਉਸ ਨੂੰ ਰਿਸ਼ਵਤ ਦੇ ਕੇ ਜਾਂ ਫਿਰ ਕਿਸੇ ਵਡੇਰੇ ਸਮੂਹ ਦੇ ਰੂਪ ਵਿਚ ਵੋਟ ਬੈਂਕ ਦੀ ਸੌਦੇਬਾਜ਼ੀ ਰਾਹੀਂ ਅਕਸਰ ਨਿਯਮਤ ਕਰਵਾ ਲਿਆ ਜਾਂਦਾ ਹੈ। ਦਿੱਲੀ 'ਚ ਦੇਸ਼ ਦੇ ਸਭ ਤੋਂ ਸ਼ਾਨਦਾਰ ਰਿਹਾਇਸ਼ੀ ਖੇਤਰ ਵਿਚ ਗ਼ੈਰਕਾਨੂੰਨੀ ਢੰਗ ਨਾਲ ਬਣੇ ਸੈਨਿਕ ਫਾਰਮਾਂ ਵਿਚ ਬੁਲਡੋਜ਼ਰ ਕਿਉਂ ਨਹੀਂ ਚਲਾਏ ਜਾਂਦੇ? ਸਾਫ਼ ਪਤਾ ਚਲਦਾ ਹੈ ਕਿ ਮਸਲਾ ਬੇਨੇਮੀਆਂ ਦਾ ਨਹੀਂ ਸਗੋਂ ਉਸ ਵਿਰੋਧੀ ਦਾ ਹੈ ਜਿਸ ਦੇ ਦਰਾਂ 'ਤੇ ਇਕ ਦਿਨ ਪਹਿਲਾਂ ਨੋਟਿਸ ਚਿਪਕਾ ਕੇ ਉਸ ਦਾ ਘਰ ਢਹਿ-ਢੇਰੀ ਕਰ ਦਿੱਤਾ ਜਾਂਦਾ ਹੈ। ਤੇ ਜਦੋਂ ਕਿਸੇ ਭਾਈਚਾਰੇ ਨੂੰ ਇਸ ਤਰਾਂ ਗਿਣ-ਮਿੱਥ ਕੇ ਨਿਸ਼ਾਨਾ ਬਣਾਇਆ ਜਾਂਦਾ ਹੈ ਤਾਂ ਸਰਕਾਰ ਦੀ ਭਰੋਸੇਯੋਗਤਾ 'ਤੇ ਸਵਾਲ ਖੜਾ ਹੋ ਜਾਂਦਾ ਹੈ। ਮੁਸਲਮਾਨਾਂ ਨੂੰ ਇਹ ਕਿਉਂ ਮਹਿਸੂਸ ਹੁੰਦਾ ਹੈ ਕਿ ਯੂ.ਪੀ. ਸਰਕਾਰ ਉਨਾਂ ਨਾਲ ਪੱਖਪਾਤ ਕਰਦੀ ਹੈ ਤੇ ਇਸ ਤੋਂ ਉਨਾਂ ਨੂੰ ਨਿਆਂ ਨਹੀਂ ਮਿਲ ਸਕਦਾ? ਕੀ ਇਸ ਤਰਾਂ ਕਿਸੇ ਭਾਈਚਾਰੇ ਨਾਲ ਧੱਕਾ ਕਰਨ ਵਾਲੀ ਸਰਕਾਰ ਪ੍ਰਤੀ ਖੌਫ਼ ਦੇ ਇਸ ਖਿਆਲ ਨੂੰ ਹੀ ਕੁਸ਼ਾਸਨ ਕਿਹਾ ਜਾਂਦਾ ਹੈ ਜਿਵੇਂ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਦੇ ਸ਼ਾਸਨ ਦੀ ਯਾਦ ਲੋਕਾਂ ਦੇ ਮਨਾਂ ਵਿਚ ਵਸੀ ਹੋਈ ਹੈ? ਇਸ ਤਰਾਂ ਕੀ ਔਰੰਗਜ਼ੇਬ ਦੀ ਨੁਕਤਾਚੀਨੀ ਕਰਦੇ-ਕਰਦੇ ਹਿੰਦੁਤਵੀ ਆਗੂ ਉਸ ਦੇ ਪੱਖਪਾਤੀ ਤੇ ਫ਼ਿਰਕੂ ਸ਼ਾਸਨ ਦੀ ਨਕਲ ਕਰਨ ਲੱਗ ਪਏ ਹਨ? ਇਹ ਤੱਥ ਹੈ ਕਿ ਉੱਤਰ ਪ੍ਰਦੇਸ਼ ਵਿਚ ਬਹੁਤ ਸਾਰੇ ਮੁਜ਼ਾਹਰਾਕਾਰੀਆਂ ਨੂੰ ਉਨਾਂ ਇਸਲਾਮੀ ਤਾਕਤਾਂ ਵਲੋਂ ਭੜਕਾਇਆ ਗਿਆ ਜੋ ਮੌਦੂਦੀਵਾਦ ਵਿਚ ਵਿਸ਼ਵਾਸ ਰੱਖਦੇ ਹਨ। ਇਹ ਇਕ ਅਜਿਹੀ ਸਿਆਸੀ ਇਸਲਾਮੀ ਵਿਚਾਰਧਾਰਾ ਹੈ ਜੋ ਆਪਣੇ ਸਿਆਸੀ ਮਕਸਦਾਂ ਦੀ ਪੂਰਤੀ ਲਈ ਹਥਿਆਰ ਉਠਾਉਣ ਵਿਚ ਯਕੀਨ ਰੱਖਦੀ ਹੈ, ਮਸਲਨ ਪਾਕਿਸਤਾਨ ਵਲੋਂ ਹਿੰਸਕ ਢੰਗ ਨਾਲ ਜੰਮੂ ਕਸ਼ਮੀਰ 'ਤੇ ਕਾਬਿਜ਼ ਹੋਣ ਦੇ ਯਤਨ। ਕੇਰਲ ਵਿਚ ਕਈ ਇਸਲਾਮੀ ਸਿਆਸੀ ਸੰਗਠਨਾਂ ਨੇ ਕਈ ਅਗਾਂਹਵਧੂ ਦਲਿਤ ਚਿਹਰਿਆਂ ਨੂੰ ਅੱਗੇ ਰੱਖ ਕੇ ਇਕ ਮਿਲਗੋਭਾ ਬਣਾ ਰੱਖਿਆ ਹੈ ਅਤੇ ਇਨਾਂ ਵਲੋਂ ਹਿੰਦੀ ਭਾਸ਼ੀ ਖੇਤਰਾਂ ਵਿਚ ਹਿੰਦੂਆਂ, ਸਿੱਖਾਂ ਤੇ ਈਸਾਈਆਂ ਨੂੰ ਦਬਾਇਆ ਜਾ ਰਿਹਾ ਹੈ, ਖ਼ਾਸਕਰ ਉੱਥੇ ਜਿੱਥੇ ਇਨਾਂ ਭਾਈਚਾਰਿਆਂ ਦੀ ਸਥਿਤੀ ਕਮਜ਼ੋਰ ਹੈ।

ਇਸ ਲਈ ਪੈਗ਼ੰਬਰ ਖਿਲਾਫ਼ ਟਿੱਪਣੀਆਂ ਦੇ ਮੁੱਦੇ ਨੂੰ ਤੂਲ ਦੇਣ ਤੋਂ ਬਾਅਦ ਹੋਏ ਹਿੰਸਕ ਮੁਜ਼ਾਹਰੇ (ਰਾਂਚੀ ਵਿਚ ਪੁਲਿਸ ਫਾਈਰਿੰਗ ਵਿਚ ਦੋ ਵਿਅਕਤੀ ਹਲਾਕ ਹੋ ਗਏ) ਅਤਿਵਾਦੀ ਇਸਲਾਮੀ ਅਨਸਰਾਂ ਵਲੋਂ ਭੜਕਾਏ ਗਏ ਹੋ ਸਕਦੇ ਹਨ। ਤੇ ਇਕੇਰਾਂ ਜਦੋਂ ਇਨਾਂ ਦੀ ਪਛਾਣ ਕਰ ਲਈ ਗਈ ਸੀ ਤਾਂ ਇਨਾਂ ਖਿਲਾਫ਼ ਸਖ਼ਤ ਤੋਂ ਸਖ਼ਤ ਕਾਨੂੰਨਾਂ ਤਹਿਤ ਮੁਕੱਦਮੇ ਚਲਾਏ ਜਾਣੇ ਚਾਹੀਦੇ ਸਨ ਤੇ ਇਨਾਂ ਨੂੰ ਕੈਦ ਕਰ ਕੇ ਇਹ ਯਕੀਨੀ ਬਣਾਇਆ ਜਾਣਾ ਚਾਹੀਦਾ ਸੀ ਕਿ ਕੋਈ ਨਫ਼ਰਤ ਤੇ ਭੜਕਾਹਟ ਪੈਦਾ ਕਰਨ ਦੀ ਹਿਮਾਕਤ ਨਾ ਕਰ ਸਕੇ। ਪੁਲਿਸ ਦੀ ਢਿੱਲੀ ਕਾਰਵਾਈ ਦਾ ਇਲਾਜ ਬੁਲਡੋਜ਼ਰ ਨਹੀਂ ਹੋ ਸਕਦੇ। ਕਾਨੂੰਨ ਨੂੰ ਮੰਨਣ ਵਾਲੇ ਕਿਸੇ ਸਮਾਜ ਲਈ ਸਿਰਫ ਇਹ ਜਾਣ ਲੈਣਾ ਤੇ ਮਹਿਸੂਸ ਕਰ ਲੈਣਾ ਹੀ ਕਾਫ਼ੀ ਨਹੀਂ ਹੁੰਦਾ ਕਿ ਕਿਸੇ ਨੇ ਗੜਬੜ ਕੀਤੀ ਹੈ। ਇਸਤਗਾਸਾ ਨੂੰ ਭੜਕਾਹਟ ਪੈਦਾ ਕਰਨ ਵਾਲਿਆਂ ਖਿਲਾਫ਼ ਸਬੂਤ ਜੁਟਾਉਣ ਲਈ ਬਹੁਤ ਮਿਹਨਤ ਕਰਨੀ ਪੈਂਦੀ ਹੈ ਤੇ ਜੇ ਇਸ ਦੌਰਾਨ ਸਬੂਤਾਂ ਦੀ ਘਾਟ ਕਾਰਨ ਮੁਲਜ਼ਮ ਬਰੀ ਹੋ ਜਾਂਦਾ ਹੈ ਤਾਂ ਵੀ ਕੋਈ ਗੱਲ ਨਹੀਂ। ਤਦ ਇਹ ਅਮਲ ਸਰਕਾਰ ਦੇ ਇਰਾਦੇ ਤੇ ਕਾਰਵਾਈ ਨੂੰ ਵਾਜਿਬ ਠਹਿਰਾਵੇਗਾ ਪਰ ਬਿਨਾਂ ਪ੍ਰਕਿਰਿਆ ਪੂਰੀ ਕੀਤਿਆਂ ਕੋਈ ਚੁਣੀ ਹੋਈ ਸਰਕਾਰ ਤੇ ਇਸ ਦੀ ਸਾਰੀ ਕਾਰਵਾਈ ਹੀ ਨਾਵਾਜਬ ਸਿੱਧ ਹੋ ਜਾਂਦੀ ਹੈ ਖ਼ਾਸਕਰ ਉਦੋਂ ਜਦੋਂ ਇਸੇ ਕਿਸਮ ਦੇ ਮਾਮਲਿਆਂ ਵਿਚ ਇਹ ਬੁਲਡੋਜ਼ਰ ਹਿੰਦੂ ਰਿਹਾਇਸ਼ੀ ਇਲਾਕਿਆਂ ਵੱਲ ਮੂੰਹ ਨਹੀਂ ਕਰਦੇ।

ਪੈਗ਼ੰਬਰ ਖਿਲਾਫ਼ ਟਿੱਪਣੀਆਂ ਦੇ ਵਿਵਾਦ, ਜਿਸ ਕਰ ਕੇ ਇਹ ਸਾਰੀ ਹਿੰਸਾ ਅਤੇ ਬਦਲੇ ਦੇ ਤੌਰ 'ਤੇ ਬੁਲਡੋਜ਼ਰ ਚਲਾਏ ਗਏ ਸਨ, ਦਾ ਇਕ ਅਸਰ ਇਹ ਹੋਇਆ ਕਿ ਭਾਜਪਾ ਨੂੰ ਆਪਣੀ ਤਰਜਮਾਨ ਤੇ ਇਕ ਹੋਰ ਅਹੁਦੇਦਾਰ ਨਾਲੋਂ ਦੂਰੀ ਦਰਸਾਉਣੀ ਪਈ ਸੀ। ਫਿਰ ਵੀ ਸ਼ੁੱਕਰਵਾਰ ਦੀ ਸਵੇਰ, ਅਮਰੀਕੀ ਵਿਦੇਸ਼ ਵਿਭਾਗ ਦੇ ਤਰਜਮਾਨ ਨੈੱਡ ਪ੍ਰਾਈਸ ਨੇ ਇਨਾਂ ਟਿੱਪਣੀਆਂ ਦੀ ਨਿਖੇਧੀ ਕਰ ਕੇ ਭਾਰਤ ਦੇ ਰੁਖ਼ ਪ੍ਰਤੀ ਨਾਖੁਸ਼ੀ ਜਤਾਈ। ਇਸ ਤੋਂ ਪਹਿਲਾਂ ਕਾਂਗਰਸ ਆਗੂ ਜੈਰਾਮ ਰਮੇਸ਼ ਨੇ ਦਾਅਵਾ ਕੀਤਾ ਸੀ ਕਿ ਖਾੜੀ ਵਿਚਲੇ ਅਮਰੀਕਾ ਦੇ ਸਾਥੀ ਦੇਸ਼ ਵਿਦੇਸ਼ ਮਾਮਲਿਆਂ ਦੇ ਮੰਤਰਾਲੇ ਵਲੋਂ ਭਾਰਤ ਵਿਚ ਧਾਰਮਿਕ ਘੱਟਗਿਣਤੀਆਂ ਦੀ ਸਥਿਤੀ ਬਾਰੇ ਇਕ ਅਮਰੀਕੀ ਰਿਪੋਰਟ ਨੂੰ ਰੱਦ ਕੀਤੇ ਜਾਣ 'ਤੇ ਆਪਣੇ ਰੱਦੇਅਮਲ ਜ਼ਾਹਰ ਕਰ ਰਹੇ ਸਨ। ਇਸ ਹਾਲੀਆ ਅਮਰੀਕੀ ਨੁਕਤਾਚੀਨੀ ਦਾ ਸਬੰਧ ਭਾਰਤ-ਰੂਸ ਵਪਾਰ ਸੰਧੀ ਨਾਲ ਹੋ ਸਕਦਾ ਹੈ ਜਿਸ ਤਹਿਤ ਰੂਸੀ ਤੇਲ ਦੀ ਖ਼ਰੀਦ ਲਈ ਅਦਾਇਗੀ ਦਾ ਇਕ ਨਵਾਂ ਤਰੀਕਾ ਤਿਆਰ ਕੀਤਾ ਗਿਆ ਹੈ। ਕਾਂਗਰਸ ਦੇ ਉਲਟ ਭਾਜਪਾ ਕੂਟਨੀਤਕ ਵਿਵਾਦਾਂ ਤੇ ਅਖ਼ਬਾਰਾਂ ਦੇ ਸੰਪਾਦਕੀ ਪੰਨਿਆਂ 'ਤੇ ਤਨਕੀਦ ਭਰੇ ਲੇਖਾਂ ਦੀ ਬਹੁਤੀ ਪ੍ਰਵਾਹ ਨਹੀਂ ਕਰਦੀ ਕਿਉਂਕਿ ਇਸ ਦਾ ਮੰਨਣਾ ਹੈ ਕਿ ਅਮਰੀਕਾ ਨੇ ਪੂਰਬੀ ਪਾਕਿਸਤਾਨ ਵਿਚ ਲੱਖਾਂ ਹਿੰਦੂਆਂ ਤੇ ਮੁਸਲਮਾਨਾਂ ਦੀ ਨਸਲਕੁਸ਼ੀ ਕਰਨ ਵਾਲੀ ਸਰਕਾਰ ਦੀ ਹਮਾਇਤ ਕੀਤੀ ਸੀ ਜਿਸ ਕਰ ਕੇ ਫ਼ਿਰਕੂ ਭਾਈਚਾਰੇ ਤੇ ਘੱਟਗਿਣਤੀ ਹੱਕਾਂ ਬਾਰੇ ਇਸ ਦੀ ਗੱਲ ਵਿਚ ਕੋਈ ਦਮ ਨਹੀਂ ਹੈ। ਪਰ ਮਹਾਂਸ਼ਕਤੀਆਂ ਦੇ 'ਤਕੜੇ ਦੇ ਸੱਤੀਂ ਵੀਹੀਂ ਸੌ' ਵਾਲੇ ਨੇਮ ਦੀ ਨਕਲ ਕਰਦੇ ਹੋਏ ਸਾਡੀ ਸਰਕਾਰ ਕੂਟਨੀਤਕ ਬੇਯਕੀਨੀ ਤੇ ਅੰਦਰੂਨੀ ਤਣਾਅ ਦੇ ਉਸ ਪੜਾਅ ਵਿਚ ਦਾਖ਼ਲ ਹੋ ਰਹੀ ਹੈ ਜਿਸ ਦਾ ਇਸ ਨੂੰ ਨੁਕਸਾਨ ਵੀ ਭੁਗਤਣਾ ਪੈ ਸਕਦਾ ਹੈ।

ਸੱਤਾਧਾਰੀ ਪਾਰਟੀ ਦੇ ਬਦਜ਼ੁਬਾਨ ਤਰਜਮਾਨਾਂ ਅਤੇ ਸਰਕਾਰੀ ਬੁਲਡੋਜ਼ਰਾਂ ਵਿਚਕਾਰ ਇਕ ਅਜਿਹੀ ਖੌਫ਼ਨਾਕ ਤੰਦ ਜੁੜੀ ਹੋਈ ਹੈ ਜੋ ਲੋਕਤੰਤਰੀ ਬਿਰਤਾਂਤ ਦੇ ਮੂਲ ਸਿਧਾਂਤਾਂ ਨੂੰ ਧਮਕਾਉਂਦੀ, ਦਬਕਾਉਂਦੀ ਤੇ ਦਰੜਦੀ ਹੈ। ਇਸ ਨਾਲ ਬਹੁਤਾ ਫ਼ਰਕ ਨਹੀਂ ਪੈਂਦਾ ਕਿ ਸਾਡੇ ਬਾਰੇ ਹੋਰ ਕੀ ਸੋਚਦੇ ਹਨ ਪਰ ਅਸੀਂ ਆਪਣੇ ਬਾਰੇ ਕੀ ਸੋਚਦੇ ਹਾਂ, ਇਸ ਨਾਲ ਬਹੁਤ ਜ਼ਿਆਦਾ ਫ਼ਰਕ ਪੈਂਦਾ ਹੈ। ਤੇ ਕੀ ਅਸੀਂ ਆਪਣੇ ਆਪ ਨੂੰ ਇਕ ਧੱਕੜ, ਨਫ਼ਰਤ ਫੈਲਾਉਣ ਤੇ ਕਿਸੇ ਦਾ ਘਰ ਢਾਹੁਣ ਲਈ ਬੁਲਡੋਜ਼ਰ ਚਲਾਉਣ ਵਾਲੇ ਦੇ ਅਕਸ ਵਿਚ ਦੇਖਣ ਲਈ ਤਿਆਰ ਹਾਂ?

DIAMOND TRANSPORTATION

DIAMOND Transportation Logistics, Inc.

Dry Van ਤੇ Reefer ਦੇ ਕੰਮ ਲਈ Owner Operators ਦੀ ਲੋੜ

Good Pay

Dedicated Routs

Weekly Payment
ਇਕ ਹਫ਼ਤੇ 'ਚ ਪੇਮੈਂਟ ਲਵੋ



ਅੱਜ ਹੀ ਕਾਲ ਕਰੋ :

ਗੁਲਵਿੰਦਰ ਸਿੰਘ ਗਾਖ਼ਲ 209.487.3699

ਹਰਨੇਕ ਸਿੰਘ ਅਟਵਾਲ 209.351.5965

2850 Loomis Rd, Stockton, CA 95205

# ਅੱਖੀਂ ਦੇਖਿਆ ਤੇ ਹੰਡਾਇਆ ਜੂਨ 1984 : 3 ਜੂਨ 1984

**ਭਾਗ 4**



**ਬਾਬਾ ਮੁਖਤਿਆਰ ਸਿੰਘ**
**ਮੁਖੀ USA (ਵਿਦਿਆਰਥੀ ਦਮਦਮੀ ਟਕਸਾਲ)**

4 ਜੂਨ 1984 ਸਿੱਖ ਸੰਗਤਾਂ ਦੀ ਜਾਣਕਾਰੀ ਲਈ ਬੇਨਤੀ ਕਰ ਦੇਵਾਂ ਕਿ ਘੱਲੂਘਾਰੇ ਦੇ ਸਮੇਂ ਦੌਰਾਨ ਸਾਡੀ ਡਿਊਟੀ ਕਿੱਥੇ ਅਤੇ ਕੀ ਸੀ ?

ਅਸੀਂ ਦਮਦਮੀ ਟਕਸਾਲ ਵਿਦਿਆਰਥੀ ਸੀ, ਪਰ ਧਰਮ ਯੁੱਧ ਮੋਰਚੇ ਦੌਰਾਨ ਹੀ ਦਮਦਮੀ ਟਕਸਾਲ ਦੇ ਰਾਗੀ ਸਿੰਘਾਂ ਨੂੰ ਜਿਸ ਵਿੱਚ ਦਾਸ ਭਾਈ ਮੁਖ਼ਤਿਆਰ ਸਿੰਘ ਮੁਖੀ ਅਤੇ ਰਾਗੀ ਭਾਈ ਗੁਰਸ਼ਰਨ ਸਿੰਘ ਜੀ, ਭਾਈ ਠਾਕੁਰ ਸਿੰਘ ਜੀ ਨੂੰ ਬਤੌਰ ਮੁਲਾਜ਼ਮ ਰਾਗੀ ਜਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਵਿੱਚ ਸੰਤ ਬਾਬਾ ਜਰਨੈਲ ਸਿੰਘ ਜੀ ਖਾਲਸਾ ਮਹਾਂਪੁਰਸ਼ਾਂ ਨੇ ਆਪ ਭਰਤੀ ਕਰਵਾਇਆ ਹੋਇਆ ਸੀ। ਸਾਡੀ ਸ਼ਬਦ ਕੀਰਤਨ ਦੀ ਡਿਉਟੀ ਪਹਿਲਾ ਸੱਚਖੰਡ ਸ੍ਰੀ ਦਰਬਾਰ ਸਾਹਿਬ ਵਿਖੇ ਲਾਈ ਗਈ, ਫੇਰ ਕੁਝ ਸਮੇਂ ਬਾਦ ਸੰਤਾਂ ਨੇ ਸਾਡੀ ਬਦਲੀ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਕਰਵਾ ਦਿੱਤੀ ਸੀ ਘੱਲੂਘਾਰੇ ਦੌਰਾਨ ਅਸੀਂ ਸ੍ਰੀ ਅਕਾਲ ਤਖਤ ਸਾਹਿਬ ਤੇ ਆਪਣੀ ਸ਼ਬਦ ਕੀਰਤਨ ਦੀ ਸੇਵਾ ਨਿਭਾ ਰਹੇ ਸੀ।

4 ਜੂਨ ਨੂੰ ਰੋਜ਼ਾਨਾ ਦੀ ਤਰਾਂ ਦਾਸ ਨੇ ਅਤੇ ਭਾਈ ਗੁਰਸ਼ਰਨ ਸਿੰਘ ਜੀ ਨੇ ਅੰਮ੍ਰਿਤ ਵੇਲੇ ਸਰੋਵਰ ਵਿੱਚ ਹੀ ਇਸ਼ਨਾਨ ਕੀਤਾ ਕਿਉਂਕਿ ਅਸੀਂ ਦੋਨੋਂ ਸਿੰਘ ਭਾਈ ਸਾਹਿਬ ਭਾਈ ਦਲਵੀਰ ਸਿੰਘ ਅਭਿਆਸੀ ਜੀ ਨਾਲ ਰਾਤ ਨੂੰ ਪ੍ਰਕਰਮਾ ਵਿੱਚ ਪਹਿਰੇ ’ਤੇ ਸੀ। ਭਾਈ ਠਾਕੁਰ ਸਿੰਘ ਜੀ ਦਾ ਕਮਰਾ ਸ੍ਰੀ ਅਕਾਲ ਤਖਤ ਸਾਹਿਬ ਦੇ ਬਿਲਕੁਲ ਨਾਲ ਸੀ। ਅਸੀਂ ਨਿੱਤਨੇਮ ਅਨੁਸਾਰ ਤਿੰਨੇ ਸਿੰਘ ਅੰਮ੍ਰਿਤ-ਵੇਲ਼ੇ ਸਵੇਰੇ 4 ਕੁ ਵਜੇ ਸ੍ਰੀ ਅਕਾਲ ਤਖਤ ਸਾਹਿਬ ਤੇ ਸ੍ਰੀ ਆਸਾ ਕੀ ਵਾਰ ਦਾ ਸ਼ਬਦ ਕੀਰਤਨ ਕਰਨ ਲਈ ਜਾ ਹਾਜ਼ਰ ਹੁੰਦੇ ਸੀ ਕਿਉਂਕਿ ਸ੍ਰੀ ਅਕਾਲ ਤਖਤ ਸਾਹਿਬ ਦੇ ਕੋਠਾ ਸਾਹਿਬ ਤੋਂ ਰੋਜ਼ਾਨਾ ਹੀ ਅੰਮ੍ਰਿਤ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਪਾਲਕੀ ਸਾਹਿਬ ਰਾਹੀਂ ਸ੍ਰੀ ਦਰਬਾਰ ਸਾਹਿਬ ਜੀ ਵਿਖੇ ਸਿੱਖ ਸੰਗਤਾਂ ਬਹੁਤ ਹੀ ਸ਼ਰਧਾ ਭਾਵਨਾ ਨਾਲ ਲੈ ਕੇ ਜਾਂਦੀਆਂ ਹਨ ਅਤੇ ਸ੍ਰੀ ਦਰਬਾਰ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਕੇ ਸ੍ਰੀ ਮਖਵਾਕ ਅੰਮ੍ਰਿਤ-ਵੇਲ਼ੇ 4.30 ਵਜੇ ਗਰਮੀ ਦੇ ਮੌਸਮ ਵਿੱਚ ਹੰਦਾ ਹੈ।

ਸ੍ਰੀ ਦਰਬਾਰ ਸਾਹਿਬ ਦੇ ਮੁਖਵਾਕ ਤੋਂ ਬਾਦ ਹੀ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਸ੍ਰੀ ਆਸਾ ਜੀ ਕੀ ਵਾਰ ਦਾ ਰਾਗੀ ਸਿੰਘ ਕੀਰਤਨ ਅਰੰਭ ਕਰਦੇ ਹਨ। ਗਰਮੀਆਂ ਦੇ ਉਸ ਸਮੇਂ ਰਾਗੀ ਸਿੰਘ ਸ੍ਰੀ ਅਕਾਲ ਤਖਤ ਸਾਹਿਬ ਦੇ ਸਨਮੁਖ ਬਾਹਰ ਪ੍ਰਕਰਮਾ ਵਿੱਚ ਇਕ ਤਖਤ ਪੋਸ ਦੀ ਸਟੇਜ ਤੇ ਬੈਠ ਕੇ ਕੀਰਤਨ ਅਰੰਭ ਕਰਦੇ ਸਨ। ਜਦੋਂ ਅਸੀਂ ਵੀ ਉਸ ਸਮੇ ਕੀਰਤਨ ਅਰੰਭ ਕੀਤਾ ਤਾਂ ਸ਼ਬਦ ਕੀਰਤਨ ਸਰਵਣ ਕਰਨ ਵਾਲੀਆਂ ਸਿੱਖ ਸੰਗਤਾਂ ਵਿੱਚ ਜਨਰਲ ਸਰਦਾਰ ਸੁਬੇਗ ਸਿੰਘ ਜੀ ਅਤੇ ਦਮਦਮੀ ਟਕਸਾਲ ਦੇ ਕੁੱਝ ਸਿੰਘ ਸ਼ਸਤਰ ਧਾਰੀ ਤਿਆਰ ਬਰ ਤਿਆਰ ਰੋਜ਼ਾਨਾ ਦੀ ਤਰਾਂ ਸ਼ਬਦ ਕੀਰਤਨ ਸਰਵਣ ਕਰ ਰਹੇ ਸਨ।

ਅਸੀਂ ਸ਼ਬਦ ਕੀਰਤਨ ਦੀ ਡੰਡਾਉਤ (ਮੰਗਲਾ ਚਰਨ) ਕਰਕੇ ਸ੍ਰੀ ਆਸਾ ਜੀ ਕੀ ਵਾਰ ਦਾ ਅਜੇ ਪਹਿਲਾ ਹੀ ਛੱਕਾ ਪੜਿਆ ਸੀ ਤੇ ਉਸ ਸਮੇਂ ਟਾਇਮ ਤਕਰੀਬਨ 4.40 ਮਿੰਟ ਦਾ ਹੋਵੇਗਾ, ਤਾਂ ਇਕ ਦਮ ਬਹੁਤ ਵੱਡਾ ਭਿਆਨਕ ਖੜਾਕ ਹੋਇਆ ਸਾਡੀ ਆਪੁਣੀ ਹੀ ਭਾਰਤ ਦੇਸ਼ ਦੀ ਫੌਜ ਵੱਲੋਂ ਸੱਚਖੰਡ ਸ੍ਰੀ ਦਰਬਾਰ ਸਾਹਿਬ ਵਿਖੇ ਸ੍ਰੀ ਅਕਾਲ ਤਖਤ ਸਾਹਿਬ ਉੱਪਰ ਤੋਪਾਂ ਟੈਕਾਂ ਨਾਲ ਹਮਲਾ ਕਰ ਦਿੱਤਾ ਗਿਆ। ਜਿੱਥੇ ਉਸ ਰੱਬ ਦੇ ਘਰ ਵਿੱਚੋਂ ਸਮੁੱਚੀ ਮਾਨਵਤਾ ਨੂੰ ਰੂਹਾਨੀਅਤ ਦਾ ਸਾਂਝਾ ਉਪਦੇਸ਼ ਮਿਲਦਾ ਹੈ, ਉਸ ਪਵਿੱਤਰ ਅਸਥਾਨ ਉਤੇ ਤੋਪਾਂ ਦੇ ਗੋਲੇ ਦਾਗ ਦਿੱਤੇ ਗਏ।

ਪਹਿਲਾ ਤੋਪ ਦਾ ਗੋਲਾ ਸ੍ਰੀ ਅਕਾਲ ਤਖਤ ਸਾਹਿਬ ਦੇ ਅਤੇ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਪਵਿੱਤਰ ਅਸਥਾਨ ਥੜਾ ਸਾਹਿਬ ਦੇ ਬਿਲਕੁਲ ਵਿੱਚਕਾਰ ਇੱਕ ਉੱਚੀ ਇਮਾਰਤ ਤੇ ਸਿੰਘਾਂ ਵੱਲੋਂ ਬਣਾਇ ਗਏ ਉਸ ਮੋਰਚੇ ਨੂੰ ਮਾਰਿਆ ਗਇਆ ਅਤੇ ਨਾਲ ਹੀ ਉਸੇ ਟਾਇਮ ਦੂਜਾ ਗੋਲਾ ਸ੍ਰੀ ਅਕਾਲ ਤਖਤ ਸਾਹਿਬ ਨੂੰ ਮਾਰਿਆ ਗਿਆ।

ਦੋਨਾਂ ਤੋਪ ਦੇ ਗੋਲਿਆਂ ਦਾ ਬਹੁਤ ਵੱਡਾ ਅਤੇ ਭਿਆਨਕ ਖੜਾਕ ਹੋਇਆ ਇਹ ਖੜਾਕ ਇੰਨਾਂ ਭਿਆਨਕ ਸੀ ਇੱਕ ਵਾਰੀ ਤਾਂ ਇਸ ਤਰਾਂ ਲੱਗਾ ਕਿ ਸਾਰੀ ਇਮਾਰਤ ਹੀ ਫੱਟ ਗਈ ਹੈ ਅਤੇ ਤੋਪ ਦੇ ਗੋਲੇ ਲੱਗਣ ਨਾਲ ਹੀ ਸ੍ਰੀ ਅਕਾਲ ਤਖਤ ਸਾਹਿਬ ਦੀ ਇਮਾਰਤ ਦੀਆਂ ਇੱਟਾਂ ਟੁੱਟ ਕੇ ਸਾਡੇ ਉੱਤੇ ਕੀਰਤਨ ਕਰਦਿਆਂ ਦੇ ਲਗੀਆਂ। ਬੱਸ ਇਨਾਂ ਤੋਪਾਂ ਦੇ ਗੋਲਿਆਂ ਨਾਲ ਹੀ ਚਾਰ ਚੁਫੇਰੇ ਤੋਂ ਹੋਰ ਵੀ ਤੋਪਾਂ ਦੇ ਗੋਲੇ ਦਾਗੇ ਗਏ ਅਤੇ ਫੌਜ ਨੇ ਬਹੁਤ ਹੀ ਜ਼ਿਆਦਾ ਮੀਂਹ ਵਾਂਗ ਸ੍ਰੀ ਦਰਬਾਰ ਸਾਹਿਬ ਦੀਆਂ ਪ੍ਰਕਰਮਾ ਵਿੱਚ ਅਤੇ ਸਿੰਘਾਂ ਦੇ ਮੋਰਚਿਆਂ ਉੱਤੇ ਲਗਾਤਾਰ ਗੋਲੀਆਂ ਦੇ ਬ੍ਰਸਟ ਮਾਰਨੇ ਸ਼ੁਰੂ ਕਰ ਦਿੱਤੇ।

ਜਨਰਲ ਸਰਦਾਰ ਸੁਬੇਗ ਸਿੰਘ ਜੀ ਨੇ ਵੀ ਉਸੇ ਟਾਇਮ ਸਾਨੂੰ ਅਤੇ ਹੋਰ ਸਾਰੀਆਂ ਸਿੱਖ ਸੰਗਤਾਂ ਨੂੰ ਅੰਦਰ ਸੁਰੱਖਿਅਤ ਜਗਾ ’ਤੇ ਜਾਣ ਲਈ ਕਿਹਾ ਅਤੇ ਉਨਾਂ ਨੇ ਆਪੁਣੇ ਕੋਲੇ ਫੜੀ ਹੋਈ ਗੰਨ ਦਾ ਫਾਇਰ ਕਰਕੇ ਮੋਰਚਿਆਂ ਵਿੱਚ ਬੈਠੇ ਹੋਏ ਸਿੰਘਾਂ ਨੂੰ ਵਾਕੀ-ਟਾਕੀ (ਵਾਇਰਲੈਸ) ਰਾਹੀਂ ਸੁਨੇਹਾ ਦੇ ਦਿੱਤਾ ਕਿ ਸਿੰਘੋਂ ਹਿੰਦੋਸਤਾਨੀ ਫੌਜ ਨੇ ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਅਕਾਲ ਤਖਤ ਸਾਹਿਬ ਉੱਤੇ ਤੋਪਾਂ ਟੈਕਾਂ ਨਾਲ ਅਟੈਕ ਕਰ ਦਿੱਤਾ ਹੈ। ਸੰਤਾਂ ਮਹਾਂਪੁਰਖਾਂ ਨੇ ਵੀ ਬਾਕੀ ਸਾਰੇ ਸਿੰਘਾਂ ਸੂਰਮਿਆਂ ਨੂੰ ਸੂਚਿਤ ਕਰਕੇ ਹੁਕਮ ਕਰ ਦਿੱਤਾ ਕਿ ਲੱਗੀਆਂ ਡਿਊਟੀਆਂ ਮੁਤਾਬਕ ਤੁਸੀਂ ਸਾਰੇ ਆਪੋ ਆਪਣੇ ਮੋਰਚਿਆਂ ਵਿੱਚ ਡਟ ਜਾਓ। ਮਹਾਂਪੁਰਖਾਂ ਦੇ ਅਤੇ ਜਨਰਲ ਸੁਬੇਗ ਸਿੰਘ ਜੀ ਦੇ ਹੁਕਮ ਦੀ ਉਡੀਕ ਕਰ ਰਹੇ ਸਾਰੇ ਯੋਧੇ ਸੂਰਮੇ ਸਿੰਘਾਂ ਨੇ ਬਹੁਤ ਚੜਦੀ ਕਲਾ ਨਾਲ ਆਪੋ ਆਪਣੇ ਮੋਰਚਿਆਂ ਨੂੰ ਜਾ ਕੇ ਸੰਭਾਲ਼ ਲਿਆ ਅਤੇ ਪੂਰੇ ਜੋਸ਼ ਨਾਲ ਚੜਕੇ ਆਈ ਵੈਰੀਆਂ ਦੀ ਹਿੰਦੋਸਤਾਨੀ ਫੌਜ ਨੂੰ ਲੋਹੇ ਦੇ ਚਣੇ ਚਬਾਉਣੇ ਸ਼ੁਰ ਕਰ ਦਿੱਤੇ। ਜਨਰਲ ਸਰਦਾਰ ਸੁਬੇਗ ਸਿੰਘ ਜੀ ਇਸ ਜੰਗ ਦੀ ਅਗਲੀ ਰਣਨੀਤੀ ਤਿਆਰ ਕਰਨ ਵਾਸਤੇ ਮਹਾਂਪੁਰਖਾਂ ਦੇ ਮੋਰਚੇ ਕੋਲੇ ਥੱਲੇ ਬੇਸਮਿੰਟ(ਭੋਰੇ)ਵਿੱਚ ਚਲੇ ਗਏ। ਉਸ ਸਮੇਂ ਅਸੀਂ ਤਿੰਨਾਂ ਸਿੰਘਾਂ ਨੇ ਹੀ ਆਸਾ ਜੀ ਦੀ ਵਾਰ ਦਾ ਕੀਰਤਨ ਵਿੱਚੇ ਛੱਡ ਦਿੱਤਾ ਸੀ। ਭਾਈ ਗੁਰਸ਼ਰਨ ਸਿੰਘ ਜੀ ਭਾਈ ਠਾਕੁਰ ਸਿੰਘ ਜੀ ਤਾਂ ਸੰਤਾਂ ਦੇ ਕੋਲੇ ਥੱਲੇ ਭੋਰੇ ਵਿੱਚ ਚਲੇ ਗਏ ਤੇ ਦਾਸ ਉਸ ਵੇਲੇ ਬਹਾਰ ਸਿੰਘਾਂ ਯੋਧਿਆਂ ਦੀ ਸੇਵਾ ਵਿੱਚ ਜਾ ਹਾਜ਼ਰ ਹੋਇਆ। ਜਦੋਂ ਮਹਾਂਪੁਰਖਾਂ ਨੂੰ ਪਤਾ ਲਗਾ ਕਿ ਰਾਗੀ ਸਿੰਘਾਂ ਨੇ ਸ੍ਰੀ ਆਸਾ ਜੀ ਕੀ ਵਾਰ ਦਾ ਕੀਰਤਨ ਵਿੱਚੇ ਹੀ ਛੱਡ ਦਿੱਤਾ ਹੈ ਤਾਂ ਉਸੇ ਟਾਇਮ ਸੰਤਾਂ ਨੇ ਪੁੱਛਿਆ ਕਿ ਰਾਗੀ ਸਿੰਘ ਕਿੱਥੇ ਹਨ, ਉਸੇ ਵੇਲੇ ਕੋਲੇ ਖੜੇ ਸਿੰਘਾਂ ਨੇ ਕਿਹਾ ਕਿ ਬਾਬਾ ਜੀ ਰਾਗੀ ਭਾਈ ਗੁਰਸ਼ਰਨ ਸਿੰਘ ਜੀ ਅਤੇ ਭਾਈ ਠਾਕੁਰ ਸਿੰਘ ਜੀ ਤਾਂ ਇੱਥੇ ਹੀ ਹਨ, ਪਰ ਉਨਾਂ ਨਾਲ ਮੁਖੀ ਨਹੀਂ ਹੈ ਸ਼ਾਇਦ ਉਹ ਬਾਹਰ ਸਿੰਘਾਂ ਕੋਲੇ ਹੈ। ਸੰਤਾਂ ਨੇ ਉਸੇ ਟਾਇਮ ਕੋਲ ਖੜੇ ਭਾਈ ਗੁਰਮੁਖ ਸਿੰਘ ਭੂਰਿਆਂ ਵਾਲੇ ਨੂੰ ਕਿਹਾ, ਜੋ ਮਹਾਂਪੁਰਖਾਂ ਦਾ ਡਰਾਇਵਰ ਸੀ ਕਿ ਜਾ ਮੁਖ਼ਤਿਆਰ ਸਿੰਘ ਮੁਖੀ ਨੂੰ ਮੇਰੇ ਕੋਲੇ ਬੁਲਾ ਕੇ ਲੈ ਕੇ ਆ। ਭਾਈ ਗੁਰਮੁਖ ਸਿੰਘ ਨੇ ਮੈਨੂੰ ਉੱਪਰ ਆ ਕੇ ਕਿਹਾ ਮੁਖੀ ਜਲਦੀ ਚੱਲ ਤੈਨੂੰ ਸੰਤਾਂ ਮਹਾਂਪੁਰਖਾਂ ਨੇ ਬੁਲਾਇਆ ਹੈ। ਦਾਸ ਵੀ ਉਸੇ ਤਰਾਂ ਤਿਆਰ ਬਰ ਤਿਆਰ ਹੀ ਸੰਤਾਂ ਦੇ ਕੋਲੇ ਭੋਰੇ ਵਿੱਚ ਥੱਲੇ ਚਲਾ ਗਿਆ।

ਉਸ ਵੇਲੇ ਰਾਗੀ ਸਿੰਘਾਂ ਨੂੰ ਮੁਖਾਤਿਬ ਹੋਕੇ ਸੰਤ ਮਹਾਂਪੁਰਖ ਕੁੱਝ ਬਚਨ ਕਰ ਰਹੇ ਸਨ, ਦਾਸ ਨੇ ਵੀ ਜਾ ਫ਼ਤਿਹ ਬੁਲਾਈ ਦਾਸ ਵੱਲ ਸੰਤਾਂ ਨੇ ਦੇਖ ਕੇ ਕਿਹਾ ਕਿ ਮੁਖੀ ਤੇਰੀ ਡਿਊਟੀ ਏ ਨਹੀਂ ਹੈ। ਤੁਹਾਡੀ ਡਿਊਟੀ ਗੁਰਬਾਣੀ ਸ਼ਬਦ ਕੀਰਤਨ ਦੀ ਹੈ, ਯਾਦ ਕਰੋ ਉਸ ਸਮੇਂ ਦੇ ਇਤਿਹਾਸ ਨੂੰ ਅਤੇ ਉਹ ਸਮਾਂ ਵੀ ਯਾਦ ਕਰੋ ਜਦੋਂ ਗੁਰੂ ਕਲਗ਼ੀਧਰ ਸੱਚੇ ਪਾਤਸ਼ਾਹ ਜੀ ਨੂੰ ਮੁਗਲਾਂ ਨੇ ਕੁਰਾਨ ਦੀਆਂ ਅਤੇ ਹਿੰਦੂ ਪਹਾੜੀ ਰਾਜਿਆਂ ਨੇ ਆਪਣੇ ਧਰਮ ਗਊ ਦੀਆਂ ਝੂਠੀਆਂ ਕਸਮਾਂ ਖਾਂਦੀਆਂ ਸਨ ਅਤੇ ਸਤਿਗੁਰੂ ਜੀ ਨੇ ਅਨੰਦਪੁਰ ਸਾਹਿਬ ਦਾ ਕਿਲਾ ਛਡਿਆ ਸੀ ਪਰ ਪਿੱਛੋ ਦੁਸ਼ਮਣਾਂ ਨੇ ਆਪਣੇ ਧਰਮ ਦੀਆਂ ਖਾਧੀਆਂ ਕਸਮਾਂ ਨੂੰ ਤੋੜ ਕੇ ਗੁਰੂ ਸਾਹਿਬ ’ਤੇ ਹਮਲਾ ਕਰ ਦਿੱਤਾ ਸੀ। ਗੁਰੂ ਕਲਗੀਧਰ ਸੱਚੇ ਪਾਤਸ਼ਾਹ ਜੀ ਸਿੰਘਾਂ ਅਤੇ ਪ੍ਰਵਾਰ ਸਮੇਤ ਜਦੋਂ ਸਰਸਾ ਨਦੀ ਤੇ ਪਹੁੰਚੇ ਸਨ ਜਿੱਥੇ ਪ੍ਰਵਾਰ ਵਿਛੋੜੇ ਵਾਲੀ ਜਗਾ ਹੈ, ਉਸ ਵੇਲੇ ਅੰਮ੍ਰਿਤ-ਵੇਲਾ ਹੋ ਚੁੱਕਾ ਸੀ ਇਕ ਪਾਸੇ ਮੁਗਲਾਂ ਦੀਆਂ ਫੌਜਾਂ ਅਤੇ ਬਾਈ ਧਾਰ ਦੇ ਹਿੰਦੂ ਪਹਾੜੀ ਰਾਜਿਆਂ ਦੀਆਂ ਫੌਜਾਂ ਨਾਲ ਯੁੱਧ ਹੋ ਰਿਹਾ ਸੀ, ਦੂਜੇ ਪਾਸੇ ਪੁੱਤਰਾਂ ਦੇ ਦਾਨੀ ਨੇ ਕਿਹਾ ਸਿੰਘੋ ਅੰਮ੍ਰਿਤ ਵੇਲੇ ਦਾ ਸਮਾਂ ਹੋ ਗਿਆ ਹੈ ਲਿਆਓ ਸਾਜ ਆਸਾ ਜੀ ਕੀ ਵਾਰ ਦਾ ਕੀਰਤਨ ਅਰੰਭ ਕਰੀਏ। ਆਪਾ ਵੀ ਉਸ ਬਾਪੂ ਦੇ ਪੁੱਤਰ ਹਾਂ ਤੁਹਾਡੀ ਡਿਊਟੀ ਸਿਰਫ ਕੀਰਤਨ ਕਰਨ ਦੀ ਹੈ ਜਾਉ ਜਾ ਕੇ ਜਿਨਾਂ ਚਿਰ ਸ੍ਰੀ ਅਕਾਲ ਤਖਤ ਸਾਹਿਬ ਜੀ ਦੀ ਮਾਨ ਮਰਯਾਦਾ ਨਿਭਦੀ ਹੈ ਨਿਭਾਓ ਤੇ ਜਦੋਂ ਤੱਕ ਤੁਹਾਡੇ ਵਿੱਚ ਸੁਆਸ ਕਾਇਮ ਹਨ, ਜਾਉ ਜਾ ਕੇ ਕੀਰਤਨ ਦੀ ਸੇਵਾ ਨਿਭਾਉ।

ਕੀਰਤਨ ਦੀ ਸਮਾਪਤੀ ਕਰਕੇ ਉਸ ਤੋਂ ਬਾਦ ਤੁਸੀਂ ਤਿੰਨਾਂ



ਨੇ ਮੇਰੇ ਕੋਲੇ ਥੱਲੇ ਭੋਰੇ ਵਿੱਚ ਆਉਣਾ ਹੈ, ਅਸੀਂ ਤਿੰਨੇ ਸਤਿ ਬਚਨ ਕਹਿ ਕੇ ਸ੍ਰੀ ਅਕਾਲ ਤਖਤ ਸਾਹਿਬ ਜੀ ਦੇ ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਪਵਿੱਤਰ ਹਜ਼ੂਰੀ ਵਿੱਚ ਸੰਪੂਰਨ ਸ੍ਰੀ ਆਸਾ ਜੀ ਦੀ ਵਾਰ ਦਾ ਕੀਰਤਨ ਕੀਤਾ। ਉਸ ਸਮੇਂ ਸ੍ਰੀ ਅਕਾਲ ਤਖਤ ਸਾਹਿਬ ਦੇ ਹੈੱਡ ਗ੍ਰੰਥੀ ਭਾਈ ਪ੍ਰੀਤਮ ਸਿੰਘ ਜੀ ਅਤੇ ਉਨਾਂ ਦੇ ਨਾਲ ਸਹਾਇਕ ਗ੍ਰੰਥੀ ਭਾਈ ਭਗਵਾਨ ਸਿੰਘ ਜੀ ਅਤੇ ਕੁਝ ਹੋਰ ਸੇਵਾਦਾਰ ਵੀ ਹਾਜ਼ਰ ਸਨ, ਅਸੀਂ ਸਾਰਿਆਂ ਨੇ ਬਹੁਤ ਹੀ ਸਤਿਕਾਰ ਅਤੇ ਸ਼ਰਧਾ ਭਾਵਨਾ ਨਾਲ ਚਲ ਰਹੀ ਪਹਿਲੇ ਦੀ ਤਰਾਂ ਪੂਰੀ ਮਰਯਾਦਾ ਅਨੁਸਾਰ ਸਾਰੇ ਦੀਵਾਨ ਦੀ ਸਮਾਪਤੀ ਕਰ ਦਿੱਤੀ ਅਤੇ ਅਸੀਂ ਤਿੰਨੇ ਸਿੰਘ ਮਹਾਂਪੁਰਖਾਂ ਦੇ ਹੁਕਮ ਦੀ ਪਾਲਣਾ ਕਰਦੇ ਹੋਏ ਸੰਤਾਂ ਕੋਲੇ ਥੱਲੇ ਭੋਰੇ ਵਿੱਚ ਚਲੇ ਗਏ।

ਸੰਤਾਂ ਕੋਲੇ ਉਸ ਵੇਲੇ ਹੋਰ ਵੀ ਜ਼ੁੰਮੇਵਾਰ ਸਿੰਘ ਮੌਜੂਦ ਸਨ ਜਿਨਾਂ ਵਿੱਚ ਭਾਈ ਸਾਹਿਬ ਭਾਈ ਅਮਰੀਕ ਸਿੰਘ ਜੀ, ਭਾਈ ਗੁਰਮੁਖ ਸਿੰਘ (ਗੜਵਈ) ਭਾਈ ਦਾਰਾ ਸਿੰਘ (ਡਰਾਇਵਰ) ਭਾਈ ਰਛਪਾਲ ਸਿੰਘ ਜੀ (ਪੀ ਏ) ਭਾਈ ਤਰਲੋਚਨ ਸਿੰਘ (ਫ਼ੌਜੀ) ਲੱਧੂਵਾਲ, ਭਾਈ ਸੰਤੋਖ ਸਿੰਘ ਜੀ (ਟੇਪਾਂ ਵਾਲੇ) ਜਥੇਦਾਰ ਭਾਈ ਸੁਜਾਨ ਸਿੰਘ ਮੁਨਾਵਾਂ, ਭਾਈ ਗੁਰਮੁਖ ਸਿੰਘ (ਡਰਾਇਵਰ) ਅਤੇ ਹੋਰ ਵੀ ਸਿੰਘ ਮੋਰਚਿਆਂ ਵਿੱਚੋਂ ਆ ਜਾ ਰਹੇ ਸਨ, ਸਾਰੇ ਮੋਰਚਿਆਂ ਦੀ ਜਾਣਕਾਰੀ ਵਾਸਤੇ ਮਹਾਂਪੁਰਖ ਆਪ ਜਨਰਲ ਸੁਬੇਗ ਸਿੰਘ ਜੀ ਅਤੇ ਭਾਈ ਅਮਰੀਕ ਸਿੰਘ ਜੀ ਅਤੇ ਭਾਈ ਰਛਪਾਲ ਸਿੰਘ ਪੀ. ਏ. ਤੋਂ ਲੈ ਰਹੇ ਸਨ।

ਸੰਤਾਂ ਨੇ ਭਾਈ ਗੁਰਮੁਖ ਸਿੰਘ (ਗੜਵਈ) ਭੂਰਿਆਂ ਵਾਲੇ, ਜਥੇਦਾਰ ਭਾਈ ਸੁਜਾਨ ਸਿੰਘ ਜੀ ਮੁਨਾਵਾਂ ਅਤੇ ਭਾਈ ਦਾਰਾ ਸਿੰਘ ਜੀ ਪੂਨੀਆਂ (ਡਰਾਇਵਰ) ਦੀ ਡਿਉਟੀ ਸਿੰਘਾਂ ਨੂੰ ਸਮਾਨ ਦੇਣ ਦੀ ਲਾਈ ਹੋਈ ਸੀ ਜੋ ਬਹੁਤ ਚੜਦੀ ਕਲਾ ਨਾਲ ਇਹ ਸਾਰੀ ਸੇਵਾ ਨਿਭਾਅ ਰਹੇ ਸਨ।

ਦਾਸ 4 ਜੂਨ ਨੂੰ ਹੀ ਤਕਰੀਬਨ ਦਿਨ ਦੇ 11 ਕੁ ਵਜੇ ਮਹਾਂਪੁਰਖਾਂ ਦੇ ਭੋਰੇ ਵਾਲੇ ਮੋਰਚੇ ਚੋਂ ਬਹਾਰ ਆਕੇ ਪ੍ਰਕਰਮਾ ਵੱਲ ਦੇਖਿਆ ਤਾਂ ਫੌਜ ਵੱਲੋਂ ਬਹੁਤ ਤੇਜ਼ੀ ਨਾਲ ਲਗਾਤਾਰ ਤੋਪਾਂ ਦੇ ਗੋਲਿਆਂ ਦੀ ਬੰਬਵਾਰੀ ਕੀਤੀ ਜਾ ਰਹੀ ਸੀ ਅਤੇ ਪ੍ਰਕਰਮਾ ਵਿੱਚ ਤਾਂ ਮੂਲੇਧਾਰ ਮੀਂਹ ਵਾਂਗ ਫੌਜ ਦੀਆਂ ਗੋਲ਼ੀਆਂ ਦੇ ਬ੍ਰਸਟਾਂ ਦੇ ਬ੍ਰਸਟਾਂ ਹੀ ਮਾਰੇ ਜਾ ਰਹੇ ਸਨ। ਗੁਰੂ ਸਾਹਿਬ ਜੀ ਦੀ ਅਪਾਰ ਕ੍ਰਿਪਾ ਦਾ ਸਦਕਾ ਸਿੰਘਾਂ ਵੱਲੋਂ ਵੀ ਪੂਰੀ ਬਹਾਦਰੀ ਅਤੇ ਚੜਦੀ ਕਲਾ ਨਾਲ ਹਰਿ ਮੋਰਚੇ ਵਿੱਚੋਂ ਹਿੰਦੋਸਤਾਨੀ ਫੌਜੀਆਂ ਨੂੰ, ਸਿੰਘਾਂ ਦੇ ਇਸ ਅਖਾਣ ਮੁਤਾਬਕ 21 ਦੇ 41 ਪਾ ਕੇ ਪੂਰਾ ਜੁਵਾਬ ਦਿੱਤਾ ਜਾ ਰਿਹਾ ਸੀ ਅਤੇ ਸਾਰੇ ਹੀ ਸਿੰਘਾਂ ਦੇ ਹੌਸਲੇ ਪੂਰੇ ਬੁਲੰਦ ਅਤੇ ਬਹੁਤ ਹੀ ਚੜਦੀ ਕਲਾ ਵਿੱਚ ਸਨ।

ਸ੍ਰੀ ਦਰਬਾਰ ਸਾਹਿਬ ਦੀਆਂ ਪ੍ਰਕਰਮਾਂ ਵਿੱਚ ਭਾਵੇਂ ਸਿੰਘਾਂ ਲਈ ਤੁਰਨਾ ਫਿਰਨਾ ਬਹੁਤ ਹੀ ਔਖਾ ਸੀ ਕਿਉਂਕਿ ਫੌਜ ਨੇ ਸ੍ਰੀ ਦਰਬਾਰ ਸਾਹਿਬ ਦੇ ਲਾਗੇ ਲਾਗੇ ਜਿੰਨੀਆਂ ਵੀ ਉਚੀਆਂ ਇਮਾਰਤਾਂ ਸਨ ਜਿੱਥੋਂ ਕਿ ਪ੍ਰਕਰਮਾਂ ਵਿੱਚ ਆਉਣ ਜਾਣ ਵਾਲ਼ਿਆਂ ਨੂੰ ਚੰਗੀ ਤਰਾਂ ਦੇਖਿਆ ਜਾ ਸਕੇ ਉਨਾਂ ਸਾਰੀਆਂ ਹੀ ਇਮਾਰਤਾਂ ਦੀਆਂ ਛੱਤਾਂ ਉਤੇ ਕਬਜੇ ਕਰਕੇ ਮੋਰਚੇ ਬਣਾਇ ਹੋਇ ਸਨ। ਜਦੋਂ ਕੋਈ ਵੀ ਸਿੰਘ ਪ੍ਰਕਰਮਾ ਵਿੱਚ ਦੀ ਇਕ ਦੂਜੇ ਵੱਲ ਜਾਣ ਦਾ ਯਤਨ ਕਰਦਾ ਸੀ ਤਾਂ ਉਸੇ ਵਕਤ ਫੌਜੀਆਂ ਵੱਲੋਂ ਗੋਲੀਆਂ ਦੇ ਬ੍ਰਸਟਾਂ ਦੀ ਬੁਛਾੜ ਕੀਤੀ ਜਾਂਦੀ ਸੀ, ਪਰ ਫੇਰ ਵੀ ਸਿੰਘ ਚੜਦੀ ਕਲਾ ਨਾਲ ਸਾਰੇ ਮੋਰਚਿਆਂ ਵਿੱਚ ਇਕ ਦੂਜੇ ਨਾਲ ਤਾਲ ਮੇਲ ਕਰਕੇ ਸਿੰਘਾਂ ਨੂੰ ਸਮਾਨ ਪਹੁੰਚਾਉਣ ਦੀ ਸੇਵਾ ਨਿਵਾ ਰਹੇ ਸਨ।

ਇਸ ਸੇਵਾ ਲਈ ਮਹਾਂਪੁਰਖਾਂ ਨੇ ਵਿਸ਼ੇਸ਼ ਤੌਰ ’ਤੇ ਡਿਉਟੀ ਆਪਣੇ ਡਰਾਇਵਰ ਭਾਈ ਗੁਰਮੁਖ ਸਿੰਘ ਭੂਰਿਆਂ ਵਾਲੇ ਦੀ ਅਤੇ ਇਨਾਂ ਦੇ ਨਾਲ ਕੁਝ ਹੋਰ ਸਿੰਘਾਂ ਦੀ ਲਾਈ ਹੋਈ ਸੀ, ਜੋ ਪੂਰੀ ਦਲੇਰੀ ਅਤੇ ਬੁਲੰਦ ਹੌਂਸਲਿਆਂ ਨਾਲ ਮੋਰਚਿਆਂ ਵੱਲ ਆ ਜਾ ਰਹੇ ਸਨ ਤਾਂ ਕਿ ਲੋੜ ਅਨੁਸਾਰ ਸਾਰੇ ਯੋਧਿਆਂ ਸਿੰਘਾਂ ਨੂੰ ਸਮਾਨ ਸਮੇਂ ਅਨੁਸਾਰ ਪਹੁੰਚਾਇਆ ਜਾ ਸਕੇ। ਜਨਰਲ ਸਰਦਾਰ ਸੁਬੇਗ ਸਿੰਘ ਜੀ ਦਾ ਉਨਾਂ ਸਾਰੇ ਸਿੰਘਾਂ ਸੂਰਮਿਆਂ ਨਾਲ ਵੀ ਪੂਰਾ ਪੂਰਾ ਤਾਲ ਮੇਲ ਸੀ ਅਤੇ ਕੁਝ ਜ਼ੁੰਮੇਵਾਰ ਸਿੰਘਾਂ ਸਮੇਤ ਆਪਸ ਵਿੱਚ ਤਾਲਮੇਲ ਕਰਨ ਲਈ ਮਹਾਂਪੁਰਖਾਂ ਕੋਲੇ ਅਤੇ ਜਨਰਲ ਸਰਦਾਰ ਸੁਬੇਗ ਸਿੰਘ ਜੀ ਕੋਲੇ ਵੀ ਵਾਕੀ-ਟਾਕੀ ਸਨ। ਪਰ ਫੇਰ ਵੀ ਸੰਤਾਂ ਨੇ ਕੁਝ ਸਿੰਘਾਂ ਦੀ ਪੱਕੀ ਡਿਊਟੀ ਲਾਈ ਹੋਈ ਸੀ ਮੋਰਚਿਆਂ ਵਿੱਚ ਆਪਸੀ ਤਾਲਮੇਲ ਦੀ। ਜਿਸ ਨੂੰ ਸਿੰਘ ਪੂਰੀ ਤਰਾਂ ਚੜਦੀ ਕਲਾ ਨਾਲ ਹਰ ਹੀਲੇ ਨਿਭਾਅ ਰਹੇ ਸਨ।

4 ਜੂਨ ਨੂੰ ਸਾਰਾ ਦਿਨ ਦੋਨਾ ਪਾਸਿਆ ਤੋਂ ਪੂਰੀ ਗੋਲਾਵਾਰੀ ਹੁੰਦੀ ਰਹੀ। ਜਿਸ ਵੇਲੇ ਸ਼ਾਮ ਦਾ ਸਮਾਂ ਹੋਇਆ ਨਿੱਤਨੇਮ ਅਨੁਸਾਰ ਅਸੀਂ ਤਿੰਨੇ ਰਾਗੀ ਸਿੰਘ ਆਪਣੀ ਲੱਗੀ ਡਿਊਟੀ ਅਨੁਸਾਰ ਸ੍ਰੀ ਅਕਾਲ ਤਖਤ ਸਾਹਿਬ ਦੇ ਅੰਦਰ ਹੀ ਬੈਠ ਕੇ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਪਵਿੱਤਰ ਹਜ਼ੂਰੀ ਵਿੱਚ ਮੀਹ ਵਾਂਗ ਵਰਦੇ ਗੋਲੇ ਗੋਲ਼ੀਆਂ ਵਿੱਚ ਹੀ ਸੋਦਰ ਦੀ ਚੌਂਕੀ ਦਾ ਪੂਰਾ ਸਮਾਂ ਕੀਰਤਨ ਕੀਤਾ ਅਤੇ ਉਸ ਤੋਂ ਬਾਅਦ ਸ੍ਰੀ ਰਹਿਰਾਸ ਸਾਹਿਬ ਜੀ ਦਾ ਪਾਠ ਕੀਤਾ ਗਿਆ ਅਤੇ ਰੋਜ਼ਾਨਾ ਦੀ ਤਰਾਂ ਸ੍ਰੀ ਅਕਾਲ ਤਖਤ ਸਾਹਿਬ ਦੀ ਪੂਰੀ ਮਾਨ ਮਰਯਾਦਾ ਨਿਭਾਈ ਗਈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੁਖਆਸਣ ਕਰਕੇ ਕੋਠਾ ਸਾਹਿਬ ਵਿਖੇ ਵਿਰਾਜਮਾਨ ਕਰ ਦਿੱਤੇ ਗਏ। ਇਸ ਸਮੇਂ ਸਾਡੇ ਨਾਲ ਹੈੱਡ ਗ੍ਰੰਥੀ ਭਾਈ ਪ੍ਰੀਤਮ ਸਿੰਘ ਜੀ ਤੇ ਭਾਈ ਭਗਵਾਨ ਸਿੰਘ ਜੀ ਅਤੇ ਬਾਕੀ ਕੁਝ ਸੇਵਾਦਾਰ ਵੀ ਹਾਜ਼ਰ ਸਨ, ਜਿਨਾਂ ਨਾਲ ਅਸੀਂ ਇਹ ਸਾਰੀ ਮਾਨ ਮਰਯਾਦਾ ਪੂਰੀ ਕਰਕੇ, ਅਸੀਂ ਫੇਰ ਤਿੰਨੇ ਸਿੰਘ ਮਹਾਂਪੁਰਖਾਂ ਦੇ ਕਹੇ ਬਚਨਾਂ ਅਨੁਸਾਰ ਸੰਤਾਂ ਦੇ ਕੋਲੇ ਥੱਲੇ ਭੋਰੇ ਵਿੱਚ ਬਣੇ ਮੋਰਚੇ ਵਿੱਚ ਚਲੇ ਗਏ।

(ਚਲਦਾ...)

ALL STATE INSURANCE
Allstate
You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

# ਖਾਲਸਾ ਰਾਜ ਦਾ ਮਹਾਨ ਸਿਰਜਣਹਾਰਾ-ਮਹਾਰਾਜਾ ਰਣਜੀਤ ਸਿੰਘ



ਅਸ਼ੋਕ ਸੋਨੀ, ਕਾਲਮਨਵੀਸ
ਮੋ. ੯੮੭੨੨੦੫੦੭੮

29 ਜੂਨ ਨੂੰ ਬਰਸੀ 'ਤੇ ਵਿਸ਼ੇਸ਼

13 ਨਵੰਬਰ 1780 ਨੂੰ ਪਿਤਾ ਮਹਾਂ ਸਿੰਘ ਤੇ ਮਾਤਾ ਰਾਜ ਕੌਰ ਦੀ ਕੁਖੋਂ, ਜਾਲਮ ਮੁਗਲ ਸ਼ਾਸਨ ਦਾ ਖਾਤਮਾ ਕਰਕੇ, ਖਾਲਸਾ ਰਾਜ ਸਥਾਪਿਤ ਕਰਨ ਵਾਲੇ, ਸ਼ੇਰ-ਏ-ਪੰਜਾਬ 'ਮਹਾਰਾਜਾ ਰਣਜੀਤ ਸਿੰਘ' ਦਾ ਜਨਮ ਆਪਣੇ ਨਾਨਕੇ ਪਿੰਡ ਬਡਰੁੱਖਾਂ ਜ਼ਿਲਾ ਸੰਗਰੂਰ ਵਿਖੇ ਹੋਇਆ, ਜਦਕਿ ਉਨਾਂ ਦਾ ਜੱਦੀ ਪਿੰਡ ਗੁੱਜਰਾਂਵਾਲਾ (ਪਾਕਿਸਤਾਨ) ਸੀ। ਪਿਤਾ ਮਹਾਂ ਸਿੰਘ, ਸ਼ੁੱਕਰਚੱਕੀਆ ਮਿਸਲ ਦੇ ਜੱਥੇਦਾਰ ਸਨ। ਚੇਚਕ ਦੀ ਬੀਮਾਰੀ ਨੇ ਭਾਵੇਂ ਬਚਪਨ ਵਿਚ ਹੀ ਇਸ ਮਹਾਂਨਾਇਕ ਦੀ ਖੱਬੀ ਅੱਖ ਹਮੇਸ਼ਾ ਲਈ ਖੋਹ ਕੇ ਚੇਚਕ ਦੇ ਨਿਸ਼ਾਨਾਂ ਨਾਲ ਚੇਹਰਾ ਭਰ ਦਿੱਤਾ ਪਰ ਬੁਲੰਦ ਹੌਂਸਲੇ ਦੇ ਮਾਲਕ ਇਸ ਸ਼ੇਰ ਨੇ, ਯੁੱਧ ਕਲਾ, ਤਲਵਾਰਬਾਜ਼ੀ ਤੇ ਘੋੜ ਸਵਾਰੀ ਵਿਚ ਬਹੁਤ ਛੋਟੀ ਉਮਰ 'ਚ ਹੀ, ਅਸਾਧਾਰਨ ਨਿਪੁੰਨਤਾ ਹਾਸਲ ਕਰ ਲਈ ਸੀ। ਸਿਰਫ 10 ਸਾਲ ਦੀ ਉਮਰ ਵਿੱਚ ਹੀ ਆਪਣੇ ਪਿਤਾ ਦੇ ਨਾਲ ਉਹ ਸਿਰਫ ਯੁੱਧ ਵਿੱਚ ਹਿੱਸਾ ਹੀ ਨਹੀਂ ਲੈਣ ਲੱਗ ਪਏ ਸਗੋਂ ਤਿੰਨ ਜਿੱਤਾਂ ਵੀ ਹਾਸਲ ਕੀਤੀਆਂ, ਹਾਲਾਂਕਿ ਉਨਾਂ ਦਾ ਪਹਿਲਾ ਨਾਮ ਬੁੱਧ ਸਿੰਘ ਸੀ ਪਰ ਇਨਾਂ ਜਿੱਤਾਂ ਕਾਰਨ ਆਪਦੇ ਪਿਤਾ ਜੀ ਨੇ ਆਪ ਦਾ ਨਾਮ 'ਰਣਜੀਤ ਸਿੰਘ' ਰੱਖ ਦਿੱਤਾ ਸੀ ਤੇ ਆਪ ਨੇ ਅੱਗੇ ਚੱਲ ਕੇ ਇਸ ਨਾਮ ਨੂੰ ਇਸ ਤਰਾਂ ਸਾਬਤ ਕਰ ਦਿਖਾਇਆ ਕਿ ਅੱਜ ਰਣਜੀਤ ਸਿੰਘ, ਖਾਸ ਨਾਂ ਦੀ ਥਾਂ ਦਲੇਰਾਂ ਲਈ ਜਾਤੀਵਾਚਕ ਨਾਂ ਵਜੋਂ ਜਾਣਿਆ ਜਾਂਦਾ ਹੈ।

ਰਣਜੀਤ ਸਿੰਘ ਦੀ ਉਮਰ 12 ਸਾਲ ਹੀ ਸੀ ਕਿ ਪਿਤਾ ਦੀ ਮੌਤ ਹੋ ਗਈ। ਇਹ ਦਲੇਰ, ਬਹਾਦਰ ਜਰਨੈਲ ਘਬਰਾਇਆ ਨਹੀਂ ਸਗੋਂ ਉਨਾਂ ਪੂਰੇ ਹੌਂਸਲੇ ਤੇ ਜੋਸ਼ ਨਾਲ ਮਹਾਨ ਮਾਤਾ ਰਾਜ ਕੌਰ ਦੀ ਰਹਿਨੁਮਾਈ ਤੇ ਦੀਵਾਨ ਲਖਪਤ ਰਾਏ ਦੇ ਸਾਥ ਨਾਲ, ਸ਼ੁੱਕਰਚਕੀਆ ਮਿਸਲ ਦੇ ਮੁਖੀ ਦਾ ਅਹੁਦਾ ਸੰਭਾਲ ਲਿਆ। ਸਾਲ ਕੁ ਬਾਅਦ ਹੀ ਕਿਸੇ ਨੇ ਧੋਖੇ ਨਾਲ ਹਮਲਾ ਕਰਕੇ ਕਤਲ ਕਰਨ ਦੀ ਕੋਸ਼ਿਸ਼ ਕੀਤੀ ਪਰ ਦਲੇਰ ਰਣਜੀਤ ਸਿੰਘ ਨੇ ਬਹਾਦਰੀ ਨਾਲ ਮੁਕਾਬਲਾ ਕਰਦਿਆਂ ਉਸ ਹਮਲਾਵਰ ਦਾ ਈ ਖਾਤਮਾ ਕਰ ਦਿੱਤਾ। ਕੁਝ ਕੁ ਸਾਲਾਂ ਬਾਅਦ ਮਾਂ ਦੀ ਵੀ ਮੌਤ ਹੋ ਗਈ ਤੇ ਦੀਵਾਨ ਲਖਪਤ ਰਾਏ ਦਾ ਵੀ ਕਤਲ ਹੋ ਗਿਆ ਪਰ ਸਿੱਖ ਧਰਮ ਵਿਚ ਡੂੰਘੀ ਆਸਥਾ ਰੱਖਣ ਵਾਲਾ ਇਹ ਸੂਰਮਾ ਉਦੋਂ ਤੱਕ ਪੂਰੇ ਖਾਲਸਾ ਰਾਜ ਨੂੰ ਇਕੱਠੇ ਕਰਨ ਦਾ ਪੂਰੀ ਸਿਰੜ ਤੇ ਬੁਲੰਦ ਹੌਂਸਲੇ ਨਾਲ ਪੱਕਾ ਸੰਕਲਪ ਲੈ ਚੁੱਕਾ ਸੀ। ਮਹਾਰਾਜਾ ਰਣਜੀਤ ਸਿੰਘ ਨੇ ਮੁਲਤਾਨ, ਪੇਸ਼ਾਵਰ, ਜੰਮੂ ਕਸ਼ਮੀਰ ਅਤੇ ਕਈ ਹੋਰ ਇਲਾਕੇ ਬਹਾਦਰੀ ਨਾਲ ਜਿੱਤੇ ਤੇ 1799 ਈ. ਵਿੱਚ ਲਾਹੌਰ ਜਿੱਤ ਕੇ, ਮਹਾਨ ਖਾਲਸਾ ਰਾਜ ਦੀ ਸਥਾਪਨਾ ਕੀਤੀ। ਮਹਾਰਾਜਾ ਨੇ ਆਪਣੇ ਰਾਜ ਦਾ ਬਹੁਤ ਵਿਸਤਾਰ ਕੀਤਾ ਪਰ ਮਹਾਰਾਜਾ ਰਣਜੀਤ ਸਿੰਘ ਜਿਸ ਸ਼ੌਂਕ ਤੇ ਤੇਜ਼ੀ ਨਾਲ ਕਿਸੇ ਇਲਾਕੇ ਨੂੰ ਫਤਿਹ ਕਰਦੇ, ਉਨੀ ਹੀ ਤੀਬਰਤਾ ਨਾਲ ਜਿੱਤੇ ਹੋਏ ਇਲਾਕਿਆਂ ਲਈ ਸੁਚੱਜੇ ਰਾਜ ਪ੍ਰਬੰਧ ਕਰਨਾ ਵੀ ਉਨਾਂ ਦੀ ਬਾਕਮਾਲ ਖਾਸੀਅਤ ਸੀ। ਉਨਾਂ ਅੰਮ੍ਰਿਤਸਰ ਸਾਹਿਬ ਵਿਖੇ ਸਥਿਤ ਪਵਿੱਤਰ ਹਰਿਮੰਦਰ ਸਾਹਿਬ ਨੂੰ ਸੋਨੇ ਨਾਲ ਜੜਵਾ ਦਿੱਤਾ। ਹਾਲਾਂਕਿ ਮਹਾਰਾਜਾ ਰਣਜੀਤ ਸਿੰਘ ਆਪ ਸਿੱਖ ਧਰਮ ਨਾਲ ਸਬੰਧਤ ਸਨ ਤੇ ਸਿੱਖ ਧਰਮ ਨੂੰ ਸਮਰਪਿਤ ਸਨ, ਪਰ ਇਤਿਹਾਸ 'ਚ ਕੋਈ ਵੀ ਅਜਿਹਾ ਸਾਸ਼ਕ ਜਾਂ ਸਰਕਾਰ ਨਹੀਂ ਹੋਈ, ਜਿਸ ਨੇ ਮਹਾਰਾਜਾ ਰਣਜੀਤ ਸਿੰਘ ਵਰਗਾ ਧਰਮ ਨਿਰਪੱਖ ਤੇ ਨਿਆਂਪੂਰਨ ਰਾਜ ਪ੍ਰਬੰਧ ਕੀਤਾ ਹੋਵੇ। ਮਹਾਰਾਜਾ ਆਪ ਅਕਸਰ ਕਹਿੰਦੇ ਸਨ ਕਿ, ਰੱਬ ਨੇ ਉਨਾਂ ਨੂੰ ਇਕ ਹੀ ਅੱਖ ਦਿੱਤੀ ਹੈ ਤਾਂ ਜੋ ਉਹ ਹਰੇਕ ਧਰਮ, ਖੇਤਰ ਤੇ ਜਾਤੀ ਦੇ ਵਿਅਕਤੀ ਨੂੰ ਬਿਨਾਂ ਕਿਸੇ ਭੇਦਭਾਵ ਦੇ, ਹਮੇਸ਼ਾ ਇਕ ਅੱਖ ਨਾਲ ਹੀ ਦੇਖਣ।

ਸ਼ੇਰ-ਏ-ਪੰਜਾਬ, ਮਹਾਰਾਜਾ ਰਣਜੀਤ ਸਿੰਘ ਦੇ ਮਹਾਨ ਖਾਲਸਾ ਰਾਜ ਨੇ ਸਿੱਖਾਂ, ਹਿੰਦੂਆਂ ਤੇ ਮੁਸਲਮਾਨਾਂ ਨੂੰ ਇੱਕੋ ਮਾਲਾ ਵਿੱਚ ਪਰੋਣ ਦਾ, ਅਸੰਭਵ ਜਾਪਦਾ ਮਹੱਤਵਪੂਰਣ ਕੰਮ ਸਹਿਜੇ-ਸਹਿਜੇ ਹੀ ਕਰ ਦਿੱਤਾ ਸੀ, ਕਿਉਂਕਿ ਮਹਾਰਾਜਾ ਬਹੁਤ ਹੀ ਨਿਮਰ ਸੁਭਾਅ ਦੇ ਧਰਮ ਨਿਰਪੱਖ ਇਨਸਾਨ ਸਨ। ਉਨਾਂ ਦੇ ਰਾਜ ਵਿੱਚ ਅਹੁਦੇ ਕਾਬਲੀਅਤ ਅਨੁਸਾਰ ਹੀ ਮਿਲਦੇ ਸਨ। ਇਸੇ ਲਈ ਮਹਾਰਾਜਾ ਦੇ ਰਾਜ ਵਿੱਚ ਵੱਡੇ ਅਹੁਦਿਆਂ ਤੇ ਹਿੰਦੂਆਂ ਤੇ ਮੁਸਲਮਾਨਾਂ ਦੀ ਨਿਯੁਕਤੀ ਸੀ। ਮਹਾਰਾਜਾ ਆਪਣੇ ਆਪ ਨੂੰ ਮਹਾਰਾਜਾ ਨਹੀਂ ਸਗੋਂ, ਸਿੰਘ ਸਾਹਿਬ ਅਖਵਾਉਣਾ, ਜਿਆਦਾ ਪਸੰਦ ਕਰਦੇ ਸਨ ਤੇ ਉਨਾਂ ਕਦੇ ਕਲਗੀ ਵੀ ਨਹੀਂ ਸਜਾਈ ਪਰ ਇਨਸਾਨ ਦੀ ਪਰਖ ਕਰਨ ਵਿਚ ਉਹ ਸੱਚਮੁੱਚ ਦੇ ਰਾਜਾ ਸਨ, ਇਸੇ ਲਈ ਉਨਾਂ ਦੀਵਾਨ ਮੋਹਕਮ ਚੰਦ, ਹਰਿ ਸਿੰਘ ਨਲੂਆ ਤੇ ਖਾਲਸਾ ਰਾਜ ਦੇ ਹੋਰ ਮਹਾਂਪੁਰਖਾਂ ਨੂੰ ਵੱਡੇ-ਵੱਡੇ ਅਹੁਦਿਆਂ ਨਾਲ ਨਿਵਾਜਿਆ। ਜਨਤਾ ਦੇ ਭਲੇ ਲਈ, ਜਿੱਥੇ ਉਹ ਆਪ ਅਕਸਰ ਭੇਸ ਬਦਲ ਕੇ, ਆਮ ਲੋਕਾਂ ਦੇ ਵਿੱਚ ਪਹੁੰਚ, ਉਨਾਂ ਦੀਆਂ ਦੁੱਖ-ਤਕਲੀਫਾਂ ਦੂਰ ਕਰਦੇ ਸਨ, ਨਿਆਂਪੂਰਨ ਰਾਜ ਪ੍ਰਬੰਧ ਚਲਾਉਂਦੇ ਤੇ ਉੱਥੇ ਹੀ ਆਪਣੀ ਫ਼ੌਜ ਦਾ ਵੀ ਆਧੁਨਿਕੀਕਰਨ ਕਰਦੇ ਹੋਏ ਅੰਗ੍ਰੇਜ਼ੀ ਅਫ਼ਸਰਾਂ ਤੱਕ ਦਾ ਵੀ ਪ੍ਰਬੰਧ ਕੀਤਾ। ਜਿਵੇਂ-ਜਿਵੇਂ ਰਾਜ ਵੱਧਦਾ ਗਿਆ, ਮਹਾਰਾਜਾ ਨੇ ਆਪਣੀ ਸੈਨਾ ਦੀ ਗਿਣਤੀ ਵਧਾਉਣ ਦੇ ਨਾਲ-ਨਾਲ, ਹਥਿਆਰਾਂ ਤੇ ਹੋਰ ਯੁੱਧ ਕਰਨ ਦੇ ਸਮਾਨ ਦੇ ਨਿਰਮਾਣ ਲਈ ਕਾਰਖਾਨੇ ਵੀ ਲਗਵਾਏ। ਮਹਾਰਾਜਾ ਰਣਜੀਤ ਸਿੰਘ ਨੇ ਜਜ਼ੀਆ ਟੈਕਸ ਖ਼ਤਮ ਕਰਕੇ, ਆਮ ਲੋਕਾਂ ਨੂੰ ਵੱਡੀ ਰਾਹਤ



ਦਿੱਤੀ ਤੇ ਨਾਲ ਹੀ ਮੁਗਲ ਸਾਸ਼ਕਾਂ ਦੁਆਰਾਂ ਛੋਟੇ-ਮੋਟੇ ਅਪਰਾਧਾਂ ਲਈ, ਅੰਗ ਕੱਟਣ ਤੇ ਫਾਂਸੀ ਦੇਣ ਵਰਗੀਆਂ ਅਣਮਨੁੱਖੀ ਸਜਾਵਾਂ ਤੇ ਤੁਰੰਤ ਰੋਕ ਲਗਾ ਕੇ, ਅੰਨੇਵਾਹ ਸਰਕਾਰੀ ਤਸ਼ੱਦਦ ਤੋਂ ਲੋਕਾਂ ਨੂੰ ਆਜ਼ਾਦ ਕਰਵਾ ਕੇ ਇੱਕ ਵਿਲੱਖਣ ਰਾਜ ਪ੍ਰਬੰਧ ਚਲਾਇਆ।

ਉਸ ਲਗਭਗ 45 ਕੁ ਸਾਲਾਂ ਦੇ ਲੰਬੇ ਖਾਲਸਾਈ ਰਾਜ ਵਿਚ ਮਹਾਰਾਜਾ ਰਣਜੀਤ ਸਿੰਘ ਦੀ ਮਕਬੂਲੀਅਤ ਇੰਨੀ ਸੀ ਕਿ ਸ਼ਾਇਦ ਹੀ ਕਿਸੇ ਨੂੰ ਮੌਤ ਦੀ ਸਜ਼ਾ ਦਿੱਤੀ ਗਈ ਹੋਵੇ। ਬਿਨਾਂ ਕਿਸੇ ਸਖਤ ਸਜ਼ਾ ਤੋਂ ਇੰਨੇ ਵੱਡੇ ਖੇਤਰ ਦਾ ਰਾਜ ਪ੍ਰਬੰਧ, ਇੰਨੀ ਚੰਗੀ ਤਰਾਂ ਨਾਲ ਚਲਾਉਣ ਦੀ ਅੱਜ ਤੱਕ ਕੋਈ ਹੋਰ ਉਦਾਹਰਣ ਮਿਲਣਾ, ਨਾਮੁਮਕਿਨ ਹੈ। ਉਨਾਂ ਜਿੱਥੇ ਪਿੰਡਾਂ-ਕਸਬਿਆਂ ਵਿਚ ਛੋਟੇ-ਮੋਟੇ ਵਿਵਾਦਾਂ ਲਈ ਸਭ ਵਰਗਾਂ ਦੀਆਂ ਸਾਂਝੀਆਂ ਪੰਚਾਇਤਾਂ ਦਾ ਗਠਨ ਕਰਨ ਵਰਗੇ ਮਹੱਤਵਪੂਰਨ ਕੰਮ ਕੀਤੇ, ਉਥੇ ਹੀ ਨੌਜਵਾਨਾਂ ਦੀ ਸਿਹਤ ਤੇ ਤੰਦਰੁਸਤੀ ਲਈ ਵੀ ਵੱਡੇ ਉਪਰਾਲੇ ਕੀਤੇ। ਆਪ ਘੱਟ ਪੜੇ-ਲਿਖੇ ਹੋਣ ਦੇ ਬਾਵਜੂਦ ਸਰਕਾਰੀ ਆਦੇਸ਼ ਲਿਖਤੀ ਰੂਪ ਵਿਚ ਜਾਰੀ ਕਰਨ ਦੀ ਸ਼ੁਰੂਆਤ ਵੀ ਉਨਾਂ ਹੀ ਕੀਤੀ ਸੀ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਾਮ ਤੇ ਸਿੱਕੇ ਚਲਾਉਣਾ ਵੀ ਉਨਾਂ ਦੇ ਖਾਸ ਕਾਰਜਾਂ 'ਚੋਂ ਇਕ ਸੀ। ਲੋਕ ਸਰਕਾਰੀ ਮਾਲੀਆ ਜਿੱਥੇ ਆਪ ਮੁਹਾਰੇ ਆਸਾਨੀ ਨਾਲ ਜਮਾਂ ਕਰਵਾਉਣ ਆਉਂਦੇ, ਉੱਥੇ ਹੀ ਹੜਾਂ ਜਾਂ ਸੋਕੇ ਵਰਗੀਆਂ ਆਪਦਾਵਾਂ ਵਿੱਚ ਮਹਾਰਾਜਾ ਆਪਣੇ ਭੰਡਾਰ ਆਮ ਲੋਕਾਂ ਲਈ ਖੋਲ ਦਿੰਦੇ। ਹਾਲਾਂਕਿ ਕਿਹਾ ਤਾਂ ਇੱਥੋਂ ਤੱਕ ਜਾਂਦਾ ਹੈ ਕਿ ਮਹਾਰਾਜਾ ਆਪ ਭੇਸ ਬਦਲ ਅਸਹਾਯ ਲੋਕਾਂ ਦੇ ਘਰਾਂ ਤੱਕ ਬੋਰੀਆਂ ਆਪਣੇ ਪਿੰਡੇ 'ਤੇ ਰੱਖ ਪਹੁੰਚਾਉਂਦੇ ਰਹੇ ਹਨ। ਮਹਾਰਾਜਾ ਰਣਜੀਤ ਸਿੰਘ ਦੀਆਂ ਕਈ ਰਾਣੀਆਂ ਸਨ, ਪਰ ਸਾਨੂੰ ਇੱਕ ਗੱਲ ਚੇਤੇ ਰੱਖਣ ਦੀ ਖਾਸ ਲੋੜ ਹੈ ਕਿ ਮਹਾਰਾਜਾ ਰਣਜੀਤ ਸਿੰਘ ਕੋਈ ਗੁਰੂ ਜਾਂ ਸੰਤ ਨਹੀਂ ਸਨ, ਉਹ ਇਕ ਵੱਡੀ ਸਲਤਨਤ ਦੇ ਆਜਾਦ ਮਹਾਰਾਜਾ ਸਨ। ਇਸ ਮਹਾਂਨਾਇਕ ਦਾ ਇਤਿਹਾਸ ਲਿਖਦਿਆਂ-ਪੜਦਿਆਂ ਕੁਝ ਕੁ ਲੋਕਾਂ ਨੇ ਮਹਾਰਾਜਾ ਰਣਜੀਤ ਸਿੰਘ ਦੀਆਂ ਕਈ ਰਾਣੀਆਂ ਦੇ ਜ਼ਿਕਰ ਕਰਨ ਨੂੰ ਜਿੰਨੀ ਤਵੱਜੋ ਦਿੱਤੀ ਹੈ ਉਨੀ ਖਾਲਸਾ ਰਾਜ ਪ੍ਰਬੰਧ ਨੂੰ ਨਹੀਂ ਦਿੱਤੀ, ਜਦਕਿ ਉਨਾਂ ਵੇਲਿਆਂ ਵਿੱਚ ਰਾਜੇ ਆਮ ਹੀ ਕਈ-ਕਈ ਰਾਣੀਆਂ ਰੱਖਦੇ ਸਨ। ਇਸ ਪਿੱਛੇ ਹਮੇਸ਼ਾ ਅਨੈਤਿਕਤਾ ਜਾਂ ਚਰਿੱਤਰਹੀਣਤਾ ਹੀ ਕਾਰਨ ਨਹੀਂ ਹੁੰਦੀ ਸੀ ਸਗੋਂ ਜਿੱਤੇ ਹੋਏ ਇਲਾਕਿਆਂ ਦੇ ਲੋਕਾਂ 'ਚ ਵਿਸ਼ਵਾਸ ਕਾਇਮ ਕਰਨ ਹਿੱਤ, ਰਾਜ ਪ੍ਰਬੰਧ ਸੁਚੱਜੇ ਢੰਗ ਨਾਲ ਚਲਾਉਣ ਹਿੱਤ ਵੀ ਰਾਜਿਆਂ ਵੱਲੋਂ ਬਹੁ-ਵਿਆਹ ਕੀਤੇ ਜਾਂਦੇ ਸਨ ਤੇ ਇਹ ਵਰਤਾਰਾ ਉਸ ਸਮੇਂ ਦੇ ਰਾਜਸੀ ਸਭਿਆਚਾਰ ਦਾ ਪ੍ਰਮੁੱਖ ਹਿੱਸਾ ਵੀ ਸੀ।

1839 ਈ. ਵਿੱਚ ਅੱਜ ਹੀ ਦੇ ਦਿਨ ਲੰਬੇ ਸਮੇਂ ਰਾਜ ਕਰਨ ਤੋਂ ਬਾਅਦ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਹੋ ਗਈ। ਪਰ ਮਾੜੀ ਕਿਸਮਤ ਮਹਾਰਾਜਾ ਰਣਜੀਤ ਸਿੰਘ ਦੇ ਵਾਰਿਸਾਂ 'ਚੋਂ ਖਾਲਸਾ ਰਾਜ ਸੰਭਾਲਣ ਦੀ ਯੋਗਤਾ ਕਿਸੇ ਵਿਚ ਵੀ ਨਹੀਂ ਸੀ। ਵੱਡਾ ਪੁੱਤਰ ਖੜਕ ਸਿੰਘ ਤਖ਼ਤ 'ਤੇ ਬੈਠਿਆ ਪਰ ਕਾਬਲੀਅਤ ਦੀ ਘਾਟ ਕਾਰਨ, ਖਾਲਸਾ ਰਾਜ ਖਿੰਡਣਾ ਸ਼ੁਰੂ ਹੋ ਗਿਆ ਤੇ ਹੌਲੀ-ਹੌਲੀ ਈਸਟ ਇੰਡੀਆ ਕੰਪਨੀ ਰਾਹੀਂ ਅੰਗਰੇਜ਼ਾਂ ਨੇ ਮਹਾਰਾਜਾ ਦਾ ਰਾਜ, ਸਾਡਾ ਆਪਣਾ ਰਾਜ, ਨੈਤਿਕਤਾ ਤੇ ਸੱਚ ਦਾ ਖਾਲਸਾ ਰਾਜ, ਸ਼ਾਤਰ ਤੇ ਕੋਝੀਆਂ ਚਾਲਾਂ ਖੇਡ, ਆਪਣੇ ਕਬਜੇ ਹੇਠ ਕਰ ਲਿਆ। ਭਾਰਤ ਦੀ ਸੰਸਦ ਵਿੱਚ, 20 ਅਗਸਤ 2003 ਨੂੰ ਮਹਾਰਾਜਾ ਰਣਜੀਤ ਸਿੰਘ ਦੇ ਸਨਮਾਨ ਵਜੋਂ 22 ਫੁੱਟ ਉੱਚੀ ਕਾਂਸੀ ਦੀ ਮੂਰਤੀ ਦੀ ਸਥਾਪਨਾ ਕੀਤੀ ਗਈ ਹੈ, ਪਾਕਿਸਤਾਨ ਦੇ ਲਾਹੌਰ ਵਿੱਚ ਵੀ ਆਪਦਾ ਸ਼ਾਨਦਾਰ ਬੁੱਤ ਸਥਾਪਿਤ ਏ। ਅੱਜ ਵੀ ਪੰਜਾਬ ਦੇ ਹੁਕਮਰਾਨਾਂ ਦੇ ਪਿੱਛੇ, ਵੱਡੇ ਸਰਕਾਰੀ ਦਫਤਰਾਂ 'ਚ, ਮਹਾਰਾਜਾ ਰਣਜੀਤ ਸਿੰਘ ਦੀ ਤਸਵੀਰ ਲੱਗੀ ਹੁੰਦੀ ਹੈ ਜੋ ਸਰਕਾਰਾਂ ਦੇ ਰਾਜਸੀ ਹੁਕਮਰਾਨਾਂ ਨੂੰ ਸਭ ਨੂੰ ਇਕ ਅੱਖ ਨਾਲ ਦੇਖਣ ਤੇ ਬਿਨਾਂ ਧਰਮ, ਜਾਤੀ ਤੇ ਖੇਤਰ ਦੀ ਭਾਵਨਾ ਦੇ, ਭ੍ਰਿਸ਼ਟਾਚਾਰ ਰਹਿਤ ਸ਼ਾਸਨ ਕਰਦਿਆਂ, ਹਰੇਕ ਦੇ ਸਰਵਪੱਖੀ ਵਿਕਾਸ ਦਾ ਸੁਨੇਹਾ ਦਿੰਦੀ ਪ੍ਰਤੀਤ ਹੁੰਦੀ ਹੈ। ਮੈਂ ਆਸ ਕਰਦਾ ਹਾਂ ਕਿ ਸਾਰੇ ਹੁਕਮਰਾਨ ਇਸ ਮਹਾਂਨਾਇਕ ਦੇ ਆਦਰਸ਼ ਰਾਮਰਾਜ ਤੋਂ ਸੇਧ ਲੈਂਦਿਆਂ, ਆਮ ਲੋਕਾਂ ਦੀ ਬੇਹਤਰੀ ਲਈ ਗੰਭੀਰ ਯਤਨ ਕਰਨਗੇ ਤਾਂ ਜੋ ਵੱਧ ਰਹੇ, ਸਮਾਜਿਕ, ਆਰਥਿਕ, ਧਾਰਮਿਕ ਤੇ ਰਾਜਨੀਤਕ ਪਾੜੇ ਨੂੰ ਘੱਟ ਕੀਤਾ ਜਾ ਸਕੇ।

# ਸ਼ਹੀਦ ਭਾਈ ਮਨੀ ਸਿੰਘ ਜੀ ਨੂੰ ਯਾਦ ਕਰਦਿਆਂ 24 ਜੂਨ 1734 ਈ.



ਪ੍ਰੋ. ਗਗਨਦੀਪ ਕੌਰ ਧਾਲੀਵਾਲ

ਸਿੱਖ ਇਤਿਹਾਸ ਸ਼ਹੀਦਾਂ ਦੀ ਕੁਰਬਾਨੀ ਨਾਲ ਭਰਿਆ ਹੋਇਆ ਹੈ। ਸਿੱਖ ਕੌਮ ਸ਼ਹੀਦਾਂ ਦੀ ਕੌਮ ਹੈ। ਅਨੇਕਾਂ ਹੀ ਸ਼ਹੀਦਾਂ ਨੇ ਸਿੱਖ ਧਰਮ ਲਈ ਕੁਰਬਾਨੀਆਂ ਦਿੱਤੀਆਂ। ਇਨਾਂ ਵਿੱਚੋਂ ਹੀ ਲਾਸਾਨੀ ਸ਼ਹੀਦੀ ਪ੍ਰਾਪਤ ਕਰਨ ਵਾਲੇ ਹਨ ਭਾਈ ਮਨੀ ਸਿੰਘ ਜੀ। ਭਾਈ ਮਨੀ ਸਿੰਘ ਦਾ ਜਨਮ 10 ਮਾਰਚ 1644 ਈ. ਨੂੰ ਅਲੀਪੁਰ ਉੱਤਰੀ ਜ਼ਿਲਾ ਮੁਜ਼ੱਫਰਗੜ (ਪਾਕਿਸਤਾਨ) ਵਿਖੇ ਹੋਇਆ ਸੀ। ਉਨਾਂ ਦੇ ਪਿਤਾ ਦਾ ਨਾਂ ਮਾਈ ਦਾਸ ਤੇ ਮਾਤਾ ਦਾ ਨਾਂ ਮਧਰੀ ਬਾਈ ਸੀ। ਸਭ ਦੁਨੀਆਂ ਭਲੀ-ਭਾਂਤ ਜਾਣਦੀ ਹੀ ਹੈ ਕਿ ਭਾਈ ਮਨੀ ਸਿੰਘ ਜੀ ਸਿੱਖ ਕੰਬੋਜ ਸਨ ਹਰਿਮੰਦਰ ਸਾਹਿਬ ਦੇ ਗ੍ਰੰਥੀ ਅਤੇ ਅਕਾਲ ਤਖਤ ਦੇ ਜਥੇਦਾਰ ਰਹੇ। ਉਨਾਂ ਦਾ ਵਿਆਹ 1659 ਈ. ਨੂੰ ਭਾਈ ਲੱਖੀ ਸ਼ਾਹ ਵਣਜਾਰਾ ਦੀ ਪੁੱਤਰੀ ਨਾਲ ਹੋਇਆ। ਭਾਈ ਮਨੀ ਸਿੰਘ ਦੇ ਦਾਦਾ ਜੀ ਭਾਈ ਬਲੂ ਰਾਏ, ਛੇਵੇਂ ਗੁਰੂ ਹਰਗੋਬਿੰਦ ਸਾਹਿਬ ਦੀ ਫ਼ੌਜ ਦੇ ਜਰਨੈਲ ਰਹੇ ਅਤੇ ਮੁਗਲਾਂ ਨਾਲ ਜੰਗ ਲੜਦੇ ਹੋਏ 1628 ਈ. ਨੂੰ ਅੰਮ੍ਰਿਤਸਰ ਵਿੱਚ ਸ਼ਹੀਦੀ ਪਾ ਗਏ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਮਨੀ ਸਿੰਘ ਨੂੰ 1691 ਈ. ਦੀ ਵਿਸਾਖੀ ਵਾਲੇ ਦਿਨ ਦੀਵਾਨ ਨਿਯੁਕਤ ਕੀਤਾ ਸੀ। ਗੁਰੂ ਨੇ 1699 ਈ. ਵਿੱਚ ਵਿਸਾਖੀ ਦੇ ਮੇਲੇ ਵਾਲੇ ਦਿਨ ਖਾਲਸਾ ਪੰਥ ਦੀ ਸਾਜਨਾ ਕੀਤੀ ਸੀ। ਭਾਈ ਮਨੀ ਸਿੰਘ ਇਸ ਦੇ ਮੁੱਖ ਪ੍ਰਬੰਧਕਾਂ ਵਿੱਚ ਸ਼ਾਮਲ ਸੀ। ਖਾਲਸਾ ਪੰਥ ਦੀ ਸਾਜਨਾ ਤੋਂ ਬਾਅਦ ਅੰਮ੍ਰਿਤਸਰ ਦੀ ਸੰਗਤ ਵੱਲੋਂ ਕੀਤੀ ਗਈ ਬੇਨਤੀ ਹਿੱਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਮਨੀ ਸਿੰਘ ਨੂੰ ਹਰਿਮੰਦਰ ਸਾਹਿਬ ਦਾ ਮੁੱਖ ਗ੍ਰੰਥੀ ਅਤੇ ਸ੍ਰੀ ਅਕਾਲ ਬੁੰਗੇ



ਦਾ ਸੇਵਾਦਾਰ ਨਿਯੁਕਤ ਕਰਕੇ ਭੇਜਿਆ ਸੀ। 1705 ਤੋਂ 1706 ਈ. ਵਿੱਚ ਗੁਰੂ ਗੋਬਿੰਦ ਸਿੰਘ ਨੇ ਤਲਵੰਡੀ ਸਾਬੋ (ਦਮਦਮਾ ਸਾਹਿਬ) ਵਿੱਚ ਭਾਈ ਮਨੀ ਸਿੰਘ ਪਾਸੋਂ ਗੁਰੂ ਗ੍ਰੰਥ ਸਾਹਿਬ ਦੀ ਬੀੜ ਲਿਖਵਾਈ। ਜਦੋਂ ਗੁਰੂ ਤੇਗ ਬਹਾਦਰ ਦਿੱਲੀ ਸ਼ਹੀਦੀ ਪ੍ਰਾਪਤ ਕਰਨ ਗਏ ਤਾਂ ਉਹ ਭਾਈ ਮਨੀ ਸਿੰਘ ਨੂੰ ਗੁਰੂ ਗੋਬਿੰਦ ਜੀ ਕੋਲ ਆਨੰਦਪੁਰ ਹੀ ਛੱਡ ਗਏ ਸਨ। ਮਾਤਾ ਸੁੰਦਰੀ ਦੇ ਕਹਿਣ 'ਤੇ ਉਹ ਦਰਬਾਰ ਸਾਹਿਬ, ਅੰਮ੍ਰਿਤਸਰ ਵਿੱਚ ਭਾਈ ਗੁਰਦਾਸ ਜੀ ਤੋਂ ਬਾਅਦ ਤੀਸਰੇ ਹੈਡ ਗ੍ਰੰਥੀ ਥਾਪੇ ਗਏ। ਉਸ ਸਮੇਂ ਜਕਰੀਆ ਖਾਂ ਲੋਕਾਂ 'ਤੇ ਕਾਫ਼ੀ ਅੱਤਿਆਚਾਰ ਕਰ ਰਿਹਾ ਸੀ।ਸਰਕਾਰ ਦੇ ਕਹਿਣ 'ਤੇ ਸੂਬਾ ਜ਼ਕਰੀਆ ਖਾਂ ਨੇ ਹਰੇਕ ਧਰਮ ਉੱਤੇ ਇੰਨੀਆਂ ਪਾਬੰਦੀਆਂ ਲਗਾ ਦਿੱਤੀਆਂ ਸਨ ਕਿ ਕੋਈ ਵੀ ਧਰਮ ਆਪਣੀ ਮਰਜ਼ੀ ਨਾਲ ਕੋਈ ਰੀਤੀ ਰਿਵਾਜ਼ ਨਹੀਂ ਕਰ ਸਕਦਾ ਸੀ। ਉਸ ਸਮੇਂ ਭਾਈ ਮਨੀ ਸਿੰਘ ਨੇ ਸਿੱਖ ਸੰਗਤ ਦੇ ਸਹਿਯੋਗ ਨਾਲ ਅੰਮ੍ਰਿਤਸਰ ਵਿੱਚ ਦੀਵਾਲੀ ਮਨਾਉਣ ਦਾ ਫ਼ੈਸਲਾ ਕੀਤਾ ਤਾਂ ਭਾਈ ਮਨੀ ਸਿੰਘ ਨੇ ਪ੍ਰਵਾਨਗੀ ਲਈ ਜ਼ਕਰੀਆ ਖਾਂ ਨੂੰ ਲਿਖਕੇ ਭੇਜਿਆ ਗਿਆ ਤਾਂ ਉਸ ਨੇ ਕਿਹਾ ਜੇ ਉਹ ਅੰਮ੍ਰਿਤਸਰ ਵਿੱਚ ਦੀਵਾਲੀ ਮਨਾਉਣਾ ਚਾਹੁੰਦੇ ਹਨ ਤਾਂ ਸਰਕਾਰ ਨੂੰ ਪੰਜ ਹਜ਼ਾਰ ਰੁਪਏ ਟੈਕਸ ਵਜੋਂ ਦੇਣੇ ਪੈਣਗੇ। ਭਾਈ ਮਨੀ ਸਿੰਘ ਨੇ ਟੈਕਸ ਦੇਣ ਵਾਲੀ ਗੱਲ ਮੰਨ ਲਈ। ਪਰ ਜ਼ਕਰੀਆ ਖ਼ਾਨ ਨੇ ਫ਼ੌਜ ਨੂੰ ਹੁਕਮ ਦੇ ਦਿੱਤਾ ਕਿ ਦੀਵਾਲੀ 'ਤੇ ਇਕੱਠੀ ਹੋਈ ਸੰਗਤ ਨੂੰ ਮਾਰ ਦਿੱਤਾ ਜਾਵੇ। ਜਦ ਇਹ ਖ਼ਬਰ ਭਾਈ ਮਨੀ ਸਿੰਘ ਕੋਲ ਪਹੁੰਚੀ ਤਾਂ ਉਨਾਂ ਅੰਮ੍ਰਿਤਸਰ ਵਿੱਚ ਦੀਵਾਲੀ ਮਨਾਉਣ ਦਾ ਫੈਸਲਾ ਰੱਦ ਕਰ ਦਿੱਤਾ। ਜਦ ਸਰਕਾਰ ਨੇ ਭਾਈ ਮਨੀ ਸਿੰਘ ਕੋਲੋਂ ਪੰਜ ਹਜ਼ਾਰ ਰੁਪਏ ਦੀ ਮੰਗ ਕੀਤੀ ਤਾਂ ਭਾਈ ਮਨੀ ਸਿੰਘ ਨੇ ਕਿਹਾ, 'ਜੇ ਦੀਵਾਲੀ ਮਨਾਈ ਹੀ ਨਹੀਂ ਤਾਂ ਟੈਕਸ ਕਿਉਂ ਦੇਈਏ।' ਇਸ ਮਗਰੋਂ ਸੂਬਾ ਜ਼ਕਰੀਆ ਖਾਂ ਦੇ ਹੁਕਮ ਨਾਲ ਭਾਈ ਮਨੀ ਸਿੰਘ ਅਤੇ ਉਨਾਂ ਦੇ ਸਾਥੀਆਂ ਨੂੰ ਲਾਹੌਰ ਲਿਆਂਦਾ ਗਿਆ। ਇੱਥੇ ਭਾਈ ਮਨੀ ਸਿੰਘ ਨੂੰ ਧਰਮ ਬਦਲ ਕੇ ਮੁਸਲਮਾਨ ਬਣਨ ਲਈ ਕਿਹਾ ਗਿਆ। ਪਰ ਸਿੱਖੀ ਮਰਿਆਦਾ ਵਿੱਚ ਪੂਰਨ ਗੁਰਸਿੱਖ ਨੇ ਜਬਰ ਸਹਿਣਾ ਹੀ ਕਬੂਲ ਕੀਤਾ। ਮੁਗਲ ਸਰਕਾਰ ਨੇ ਹੁਕਮ ਦਿੱਤਾ ਕਿ ਭਾਈ ਮਨੀ ਸਿੰਘ ਨੂੰ ਤਸੀਹੇ ਦੇ ਕੇ ਸ਼ਹੀਦ ਕੀਤਾ ਜਾਵੇ। 24 ਜੂਨ, 1734 ਈ. ਵਾਲੇ ਦਿਨ ਉਸ ਨੂੰ ਨਖਾਸ ਚੌਕ ਵਿਚ, ਜੋ ਲਾਹੌਰ ਲੰਡੇ ਬਾਜ਼ਾਰ ਵਿੱਚ ਹੈ, ਬੰਦ ਬੰਦ ਕੱਟ ਕੇ ਸ਼ਹੀਦ ਕੀਤਾ ਗਿਆ ਸੀ। ਬੰਦ ਬੰਦ ਕਟਵਾ ਕੇ ਸ਼ਹਾਦਤ ਨੂੰ ਚੁੰਮਣ ਵਾਲਾ ਭਾਈ ਮਨੀ ਸਿੰਘ ਗੁਰਬਾਣੀ ਦਾ ਪਹਿਲਾ ਸ਼ਹੀਦ ਲਿਪੀਕਾਰ ਹੈ। ਉਨਾਂ ਦਾ ਸ਼ਹੀਦੀ ਅਸਥਾਨ ਗੁਰਦੁਆਰਾ ਸ਼ਹੀਦ ਗੰਜ ਦੇ ਸਾਹਮਣੇ ਰੇਲਵੇ ਸਟੇਸ਼ਨ, ਲਾਹੌਰ ਕੋਲ ਹੈ।ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਤੋਂ ਬਾਅਦ ਸਿੱਖ ਦਲਾਂ ਨੂੰ ਇਕਮੁੱਠ ਰੱਖਣ ਵਾਸਤੇ ਉਨਾਂ ਨੇ ਅਹਿਮ ਭੂਮਿਕਾ ਨਿਭਾਈ ਸੀ। ਦੂਜੇ ਸ਼ਬਦਾਂ ਵਿੱਚ ਉਨਾਂ ਦੀ ਸ਼ਹੀਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸੁਤੰਤਰ ਧਾਰਮਿਕ ਗ੍ਰੰਥ ਦੇ ਰੂਪ ਵਿੱਚ ਪ੍ਰਵਾਨ ਕਰਦੇ ਰਹਿਣ ਕਾਰਨ ਹੋਈ ਸੀ। ਇੱਥੇ ਇਹ ਲਿਖਣਾ ਦਿਲਚਸਪ ਹੋਵੇਗਾ ਕਿ ਭਾਈ ਮਨੀ ਸਿੰਘ ਦੇ ਨਾਂ ਨਾਲ 'ਸ਼ਹੀਦ' ਸ਼ਬਦ ਇਸ ਕਰਕੇ ਸਦੀਵੀ ਰੂਪ ਵਿੱਚ ਜੁੜ ਗਿਆ ਕਿਉਂਕਿ ਸਿੱਖਾਂ ਦੇ ਬਹੁਤੇ ਸਾਕਿਆਂ ਤੇ ਜੰਗਾਂ ਵਿੱਚ ਉਹ ਖੁਦ ਜਾਂ ਉਸ ਦੇ ਪਰਿਵਾਰ ਦਾ ਕੋਈ ਨਾ ਕੋਈ ਮੈਂਬਰ ਬਤੌਰ ਯੋਧਾ ਲੜਿਆ ਹੀ ਨਹੀਂ ਸਗੋਂ ਸ਼ਹਾਦਤ ਨੂੰ ਵੀ ਪ੍ਰਾਪਤ ਹੋਇਆ ਸੀ। ਉਸਦੇ 13 ਭਰਾ ਸਨ। ਉਨਾਂ ਵਿੱਚੋਂ 11 ਸ਼ਹੀਦੀ ਪ੍ਰਾਪਤ ਕਰ ਗਏ ਸਨ। ਭਾਈ ਮਨੀ ਸਿੰਘ ਦੇ ਦਸ ਪੁੱਤਰਾਂ 'ਚੋਂ ਸੱਤ ਪੁੱਤਰਾਂ ਅਤੇ ਦਸ ਪੋਤਿਆਂ ਨੇ ਸ਼ਹੀਦੀ ਪ੍ਰਾਪਤ ਕੀਤੀ।

# ਪੰਥ ਰਤਨ ਮਾਸਟਰ ਤਾਰਾ ਸਿੰਘ-ਮਿਥਕ ਅਤੇ ਸੱਚ



**ਗੁਰਚਰਨਜੀਤ ਸਿੰਘ ਲਾਂਬਾ**
**ਫੋਨ : +੧ ੬੭੩ ੬੬੬ ੦੬੫੦**

24 ਜੂਨ, 1885 ਨੂੰ ਰਾਵਲਪਿੰਡੀ ਦੇ ਨਿਕੇ ਜਿਹੇ 'ਗਰਾਂ', ਪਿੰਡ ਹਰਿਆਲ ਵਿਚ ਜਨਮੇ ਮਾਸਟਰ ਤਾਰਾ ਸਿੰਘ ਜੀ ਦੇ ਜਨਮ ਦਾ ਇਹ 137ਵਾਂ ਸਾਲ ਹੈ। ਜਾਪਦਾ ਹੈ ਕਿ ਨਾ ਕੇਵਲ ਦੇਸ਼ ਵਲੋਂ ਹੀ ਬਲਕਿ ਸਿੱਖ ਕੌਮ ਵਲੋਂ ਵੀ ਆਪਣੇ ਮਹਾਨ ਆਗੂ ਦੇ ਇਤਿਹਾਸਕ ਰੋਲ ਅਤੇ ਦੇਣ ਨੂੰ ਭੁਲਾ ਦਿਤਾ ਗਿਆ ਹੈ।

ਰਾਜਨੀਤਕ ਧਰਾਤਲ ਤੇ ਸਿਖ ਕੌਮ ਲਈ ਪੰਥ ਰਤਨ ਮਾਸਟਰ ਤਾਰਾ ਸਿੰਘ ਜੀ ਦਾ ਰੁਤਬਾ, ਰੁਆਬ ਤੇ ਰੋਲ ਉਹੀ ਜਾਂ ਉਸ ਤੋਂ ਵੀ ਵੱਧ ਹੈ ਜੋ ਪਾਕਿਸਤਾਨ ਲਈ ਇਸਦੇ ਬਾਬਾ-ਏ ਕੌਮ ਮੁਹੰਮਦ ਅਲੀ ਜਿਨਾਹ ਅਤੇ ਹਿੰਦੁਸਤਾਨ ਲਈ ਇਸਦੇ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਦਾ ਹੈ। ਬਾ-ਸ਼ਊਰ ਅਤੇ ਬਾ-ਵਕਾਰ ਕੌਮਾਂ ਆਪਣੇ ਬਜ਼ੁਰਗਾਂ ਦੀ ਯਾਦ ਅਤੇ ਦੇਣ ਨੂੰ ਚੇਤੇ ਰਖਦੀਆਂ ਹਨ ਜੋ ਕਿ ਆਉਣ ਵਾਲੇ ਸਮੇਂ ਲਈ ਪੂਰਨੇ ਪਾ ਕੇ ਜਾਂਦੇ ਹਨ। ਪਾਕਿਸਤਾਨ ਅਤੇ ਹਿੰਦੁਸਤਾਨ ਨੇ ਆਪਣੇ ਰਹਿਬਰਾਂ ਅਤੇ ਆਗੂਆਂ ਨੂੰ ਨਾ ਕੇਵਲ ਬਣਦਾ ਸਨਮਾਨ ਦੇ ਕੇ ਆਪਣਾ ਫ਼ਰਜ਼ ਪੂਰਾ ਕੀਤਾ ਬਲਕਿ ਆਪਣੀ ਕੌਮੀ ਇੱਜ਼ਤ ਵਿਚ ਵੀ ਵਾਧਾ ਕੀਤਾ। ਮਾਸਟਰ ਜੀ ਦੇ ਰੋਲ ਦਾ ਪੱਖਪਾਤ ਰਹਿਤ ਅਤੇ ਇਮਾਨਦਾਰਾਨਾ ਪੰਥ ਪ੍ਰਤੀ ਵਿਸ਼ਲੇਸ਼ਣ ਤਾਂ ਇਹ ਹੈ ਕਿ ਮਾਸਟਰ ਤਾਰਾ ਸਿੰਘ ਨੇ 1942-1947 ਦੇ ਅਹਿਮ ਵਖਫ਼ੇ ਦੌਰਾਨ ਉਹੀ ਰੋਲ ਅਦਾ ਕੀਤਾ ਜੋ ਕਦੀ ਬਾਬਾ ਦੀਪ ਸਿੰਘ ਅਤੇ ਅਕਾਲੀ ਫੂਲਾ ਸਿੰਘ ਨੇ ਨਿਭਾਇਆ ਸੀ। ਇਸਦੇ ਨਾਲ ਹੀ ਕਾਂਗਰਸ, ਲੀਗ ਅਤੇ ਅੰਗਰੇਜ਼ਾਂ ਵਲੋਂ ਦੇਸ਼ ਦੀ ਵੰਡ ਪ੍ਰਵਾਨ ਕਰ ਲਏ ਜਾਣ ਦੇ ਬਾਵਜੂਦ ਪੰਜਾਬ ਦੀ ਵੰਡ ਕਰਵਾਣੀ ਇਕ ਨਾ-ਮੁਮਕਿਨ ਇਤਿਹਾਸਕ ਕਾਰਨਾਮਾ ਸੀ। ਦੇਸ਼ ਦੀ ਵੰਡ ਸਮੇਂ ਤਿੰਨ ਪ੍ਰਵਾਨਤ ਧਿਰਾਂ ਮੰਨੀਆਂ ਗਈਆਂ ਸਨ, 'ਹਿੰਦੂ ਕਾਂਗਰਸ', 'ਮੁਸਲਿਮ ਲੀਗ' ਅਤੇ 'ਸਿੱਖ ਅਕਾਲੀ ਦਲ'। ਰਾਜਾ ਗਾਂਧੀ ਫਾਰਮੂਲੇ ਮੁਤਾਬਕ ਕਾਂਗਰਸ ਅਤੇ ਮੁਸਲਿਮ ਲੀਗ ਭਾਰਤ ਦੀ ਵੰਡ ਲਈ ਰਜ਼ਾਮੰਦ ਹੋ ਗਏ। ਇਸ ਨਾਲ ਤਕਰੀਬਨ ਪੂਰਾ ਪੰਜਾਬ ਪਾਕਿਸਤਾਨ ਦਾ ਹਿੱਸਾ ਮੰਨ ਲਿਆ ਗਿਆ। ਇਹ ਪੰਜਾਬ ਅਤੇ ਖਾਸ ਕਰ ਕੇ ਸਿੱਖ ਕੌਮ ਲਈ ਬਹੁਤ ਹੀ ਭਿਆਨਕ ਮੰਜ਼ਰ ਸੀ। ਇਸ ਨਾਲ 85 ਲੱਖ ਸਿੱਖ ਦੋ ਹਿੱਸਿਆਂ ਵਿਚ ਵੰਡੇ ਜਾਣੇ ਸਨ। ਤਕਰੀਬਨ ਪੰਜਾਹ ਲੱਖ ਪਾਕਿਸਤਾਨ ਵਿਚ ਅਤੇ 35 ਲੱਖ ਹਿੰਦੁਸਤਾਨ ਵਿਚ। ਇਹ ਨਾਲ ਦੇਸ਼ ਹੀ ਨਹੀਂ ਬਲਕਿ ਸਿੱਖ ਕੌਮ ਦੋ ਹਿੱਸਿਆਂ ਵਿਚ ਵੰਡੀ ਜਾਣੀ ਸੀ। ਇਸ ਦੇ ਮੁਕਾਬਲੇ ਪੰਜਾਬੀਆਂ ਨੇ ਮਾਸਟਰ ਤਾਰਾ ਸਿੰਘ ਦੀ ਅਗਵਾਈ ਵਿਚ ਪੰਜਾਬ ਦੀ ਵੰਡ ਮੰਗੀ ਪੂਰੀ ਕਰਵਾਈ।

ਇਸ ਬਾਰੇ ਭਾਰਤ ਦੇ ਪਹਿਲੇ ਭਾਰਤੀ ਗਵਰਨਰ ਜਨਰਲ ਚੱਕਰਵਰਤੀ ਰਾਜ ਗੋਪਾਲਾਚਾਰੀਆ ਨੇ ਕਿਹਾ ਸੀ ਕਿ ਹਿੰਦੁਸਤਾਨ ਦਾ ਮੌਜੂਦਾ ਨਕਸ਼ਾ ਮਾਸਟਰ ਤਾਰਾ ਸਿੰਘ ਜੀ ਦੀ ਦੇਣ ਹੈ। ਪਰ ਗਿਣੀ ਮਿਥੀ ਅਤੇ ਡੂੰਘੀ ਸਾਜ਼ਿਸ਼ ਅਧੀਨ ਨਾ ਕੇਵਲ ਮਾਸਟਰ ਜੀ ਅਤੇ ਉਹਨਾਂ ਦੀ ਅਗਵਾਈ ਵਿਚ ਸਿਖਾਂ ਦੇ ਤਤਕਾਲੀਨ ਰੋਲ ਨੂੰ ਹੀ ਨਕਾਰਿਆ ਅਤੇ ਗੰਧਲਾਇਆ ਗਿਆ ਹੈ ਬਲਕਿ ਉਨਾਂ ਬਾਰੇ ਤੱਥ ਹੀਣ ਮਿੱਥ ਵੀ ਸਿਰਜੇ ਅਤੇ ਪ੍ਰਚਾਰੇ ਗਏ ਹਨ।



ਭਾਰਤ ਅਤੇ ਭਾਰਤੀਆਂ ਵਲੋਂ ਤਾਂ ਮਾਸਟਰ ਜੀ ਦੀ ਦੇਣ ਨੂੰ ਪੂਰੀ ਤਰਾਂ ਹੀ ਅਣਗੌਲਿਆ ਕਰ ਦੇਣਾ ਸਮਝ ਆ ਸਕਦਾ ਹੈ ਪਰ ਸਿਖ ਲੀਡਰਸ਼ਿਪ ਵਲੋਂ ਇਹੀ ਕਾਰਵਾਈ ਸ਼ਿਬਲੀ ਦੇ ਫ਼ੁਲ ਮਾਰਨ ਤੁਲ ਹੈ। ਇਸ ਤੋਂ ਵੱਧ ਤ੍ਰਾਸਦੀ ਹੋਰ ਕੀ ਹੋ ਸਕਦੀ ਹੈ ਕਿ ਇਸ ਮਹਾਨ ਦੇਸ਼ ਵਿਚ ਜ਼ੁਲਮ, ਤਸ਼ਦੱਦ ਅਤੇ ਦੂਸਰੇ ਧਰਮਾਂ ਪ੍ਰਤੀ ਨਫ਼ਰਤ ਅਤੇ ਹਿਕਾਰਤ ਰੱਖਣ ਵਾਲੇ ਔਰੰਗਜ਼ੇਬ ਦਾ ਸਨਮਾਨ ਤਾਂ ਉਸ ਦੇ ਨਾਮ 'ਤੇ ਸੜਕ ਬਣਾ ਕੇ ਕੀਤਾ ਜਾ ਸਕਦਾ ਹੈ ਪਰ ਦੇਸ਼ ਅਤੇ ਦੇਸ਼ਵਾਸੀਆਂ ਲਈ ਇੰਨਾ ਕੁਝ ਕਰਨ ਵਾਲੇ ਮਾਸਟਰ ਤਾਰਾ ਸਿੰਘ ਜੀ ਦੇ ਨਾਮ ਤੇ ਪੱਛਮੀ ਦਿੱਲੀ ਵਿਚ ਬਣੇ ਪਾਰਕ ਦਾ ਨਾਮ ਬਦਲੀ ਕਰ ਦਿੱਤਾ ਗਿਆ ਅਤੇ ਬਾਅਦ ਵਿਚ ਉਨਾਂ ਦੇ ਬੁੱਤ ਲਈ ਕੋਈ ਚੌਂਕ ਤੱਕ ਨਾ ਪ੍ਰਦਾਨ ਕੀਤਾ ਗਿਆ ਅਤੇ ਇਹ ਬੁਤ ਗੁਰਦੁਆਰਾ ਰਕਾਬ ਗੰਜ ਸਾਹਿਬ ਦੀ ਜ਼ਮੀਨ ਤੇ ਲਗਾਣਾ ਪਿਆ। 'ਦੋ ਗਜ਼ ਜ਼ਮੀਂ ਭੀ ਨਾ ਮਿਲੀ ਕੂਏ ਯਾਰ ਮੇਂ'।

ਮਾਸਟਰ ਤਾਰਾ ਸਿੰਘ ਜੀ 1920 ਤੋਂ ਲੈ ਕੇ 1970 ਤਕ ਦੇ ਪੰਜਾਬ ਦੇ ਇਤਿਹਾਸ ਦੇ ਕੇਂਦਰੀ ਬਿੰਦੂ ਅਤੇ ਸੂਤਰਧਾਰ ਰਹੇ ਹਨ। ਗੁਰਦੁਆਰਾ ਸੁਧਾਰ ਲਹਿਰ, ਸ਼੍ਰੋਮਣੀ ਕਮੇਟੀ ਦੀ ਕਾਇਮੀ, ਦੇਸ਼ ਦੀ ਵੰਡ ਸਮੇਂ ਸਿਖ ਕੌਮ ਦੀ ਤੀਸਰੀ ਧਿਰ ਵਜੋਂ ਪ੍ਰਵਾਨਗੀ ਅਤੇ ਬਾਅਦ ਵਿਚ ਪੰਜਾਬੀ ਸੂਬੇ ਦੀ ਜੱਦੋ-ਜਹਿਦ ਅਤੇ ਆਪਣੇ ਜੀਵਨ ਕਾਲ ਦੀ ਸੰਧਿਆ ਸਮੇਂ 'ਸਿਖ ਹੋਮਲੈਂਡ' ਦੀ ਪ੍ਰਾਪਤੀ ਲਈ ਜੂਝਣਾ ਮਾਸਟਰ ਜੀ ਦੀ ਜੁਝਾਰੂ ਬਿਰਤੀ ਅਤੇ ਉਨਾਂ ਦੇ ਦ੍ਰਿੜ ਇਰਾਦੇ ਨੂੰ ਦਰਸਾਉਂਦਾ ਹੈ। ਇਸ ਵਿਚ ਰੰਚਕ ਮਾਤਰ ਵੀ ਅਤਿਕਥਨੀ ਨਹੀਂ ਕਿ ਮਾਸਟਰ ਜੀ ਦੇ ਜੀਵਨ ਕਾਲ ਵਿਚ ਜਿਸ ਕਿਸੇ ਨੇ ਵੀ ਪੰਜਾਬ ਅਤੇ ਪੰਥਕ ਪਿੜ ਵਿਚ ਕੋਈ ਰੁਤਬਾ ਜਾਂ ਪ੍ਰਵਾਨਗੀ ਪ੍ਰਾਪਤ ਕੀਤੀ ਹੈ ਤਾਂ ਉਹ ਮਾਸਟਰ ਜੀ ਦੀ ਵਿਰੋਧਤਾ ਕਰਕੇ ਜਾਂ ਉਨਾਂ ਦੀ ਹਮਾਇਤ ਕਰਕੇ ਹੀ ਹਾਸਿਲ ਕੀਤੀ ਹੈ। ਮਾਸਟਰ ਤਾਰਾ ਸਿੰਘ ਨੇ ਪੰਥ ਦੇ ਦਿਲਾਂ ਤੇ 50 ਸਾਲ ਰਾਜ ਕੀਤਾ। ਕੋਈ ਵੀ ਧਿਰ ਜਾਂ ਸਰਕਾਰ ਨਾ ਤਾਂ ਮਾਸਟਰ ਜੀ ਨੂੰ ਖਰੀਦ ਹੀ ਸਕੀ ਅਤੇ ਨਾ ਹੀ ਕਦੇ ਉਨਾਂ ਨੂੰ ਡਰਾ ਜਾਂ ਦਬਕਾ ਹੀ ਸਕੀ। ਪਰ ਸਿਰਦਾਰ ਕਪੂਰ ਸਿੰਘ ਅਨੁਸਾਰ ਮਾਸਟਰ ਜੀ ਦੇ ਜੀਵਨ ਕਾਲ ਦੇ ਅਖ਼ੀਰਲੇ ਸਮੇਂ ਵਿਚ ਚਾਣਕਿਯਾ ਨੀਤੀ ਦੀਆਂ ਕੁਚਾਲਾਂ ਨਾਲ ਆਪਣਿਆਂ ਰਾਹੀਂ ਹੀ ਮਾਸਟਰ ਜੀ ਨੂੰ ਪੰਥਕ ਪਿੜ ਵਿਚੋਂ ਦਰ-ਬਦਰ ਕੀਤਾ ਗਿਆ। ਅਤੇ ਇਸਦੇ ਨਾਲ ਹੀ ਮਾਸਟਰ ਜੀ ਦੀ ਦੇਣ ਨੂੰ ਅਤੇ ਪੰਥ ਨੂੰ ਆਪਣੇ ਨਿਸ਼ਾਨੇ ਤੋਂ ਭਟਕਾਉਣ ਲਈ ਇਹ ਭੰਡੀ ਪ੍ਰਚਾਰ ਕੀਤਾ ਗਿਆ ਕਿ ਦੇਸ਼ ਦੀ ਵੰਡ ਸਮੇਂ ਸਿਖ ਸਟੇਟ ਜਾਂ ਖਾਲਿਸਤਾਨ ਮਿਲਦਾ ਸੀ ਪਰ ਮਾਸਟਰ ਤਾਰਾ ਸਿੰਘ ਨੇ ਨਹੀਂ ਲਿਆ।

1947 ਵਿਚ ਮਾਸਟਰ ਤਾਰਾ ਸਿੰਘ ਨੇ ਲਾਹੌਰ ਕਿਲੇ ਤੇ ਲੱਗਾ ਪਾਕਿਸਤਾਨ ਦਾ ਝੰਡਾ ਫ਼ਾੜਿਆ ਸੀ। ਡਾਕਟਰ ਅੰਬੇਦਕਰ ਸਿੰਘ ਸਜਣਾ ਚਾਹੁੰਦੇ ਸਨ ਪਰ ਮਾਸਟਰ ਜੀ ਨੇ ਇਸ ਤੋਂ ਇਨਕਾਰ ਕਰ ਦਿੱਤਾ।

ਸਿੱਖ ਸਟੇਟ ਦੇਸ਼ ਦੀ ਵੰਡ ਸਮੇਂ ਦੀਆਂ ਸਾਰੀਆਂ ਮੀਟਿੰਗਾਂ ਅਤੇ ਗੱਲਬਾਤ ਦੇ ਸਾਰੇ ਦਸਤਾਵੇਜ਼ ਹੁਣ ਮੌਜੂਦ ਹਨ। ਕਿਸੇ ਵੀ ਲਿਖਤ, ਦਸਤਾਵੇਜ਼ ਜਾਂ ਰਿਕਾਰਡ ਵਿਚ ਆਜ਼ਾਦ ਸਿੱਖ ਸਟੇਟ ਜਾਂ ਖਾਲਿਸਤਾਨ ਦਾ ਕੋਈ ਵੀ ਜ਼ਿਕਰ ਨਹੀਂ ਹੈ। ਦੇਸ਼ ਦੀ ਵੰਡ ਤੇ ਗੰਭੀਰਤਾ ਨਾਲ ਖੋਜ ਕਰਨ ਵਾਲੇ ਉੱਘੇ ਇਤਿਹਾਸਕਾਰ ਡਾ. ਕਿਰਪਾਲ ਸਿੰਘ ਜੀ ਇਸ ਬਾਰੇ ਦਸਦੇ ਹਨ ਕਿ ਸਿੱਖ ਸਟੇਟ ਜਾਂ ਖਾਲਿਸਤਾਨ ਨਹੀਂ ਬਲਕਿ ਪਾਕਿਸਤਾਨ ਦੇ ਕਾਇਦ ਮੁਹੰਮਦ ਅਲੀ ਜਿਨਾਹ ਵਲੋਂ ਸਿਖਾਂ ਨੂੰ ਮੁਸਲਿਮ 'ਨੇਸ਼ਨ' ਪਾਕਿਸਤਾਨ ਵਿਚ 'ਸਬ-ਨੇਸ਼ਨ' ਦੀ ਅਧੀਨਗੀ ਵਾਲੇ ਰੁਤਬੇ ਦੀ ਪੇਸ਼ਕਸ਼ ਕੀਤੀ ਗਈ ਸੀ। ਇਹ ਪੇਸ਼ਕਸ਼ ਵੀ ਲਿਖਤੀ ਨਹੀਂ ਬਲਕਿ ਮੂੰਹ ਜ਼ਬਾਨੀ ਸੀ ਅਤੇ ਮਾਸਟਰ ਜੀ ਵਲੋਂ ਇਹ ਪੁੱਛੇ ਜਾਣ ਤੇ ਕਿ ਕੀ ਦਸ ਸਾਲ ਬਾਅਦ ਜੇ ਸਿੱਖ ਇਸ ਮੁਸਲਿਮ ਸਟੇਟ ਤੋਂ ਬਾਹਰ ਆਣਾ ਚਾਹੁਣ ਗੇ ਤਾਂ ਕੀ ਇਸ ਦੀ ਇਜਾਜ਼ਤ ਹੋਏਗੀ। ਜਿਨਾਹ ਦਾ ਸਪਸ਼ਟ ਉੱਤਰ ਸੀ, 'ਬਿਲਕੁਲ ਨਹੀਂ'। ਸੋ ਇਹ ਸਿਖ ਸਟੇਟ ਜਾਂ ਖਾਲਿਸਤਾਨ ਮਿਲਣ ਅਤੇ ਇਸ ਤੋਂ ਇਨਕਾਰ ਕਰਨ ਦੀ ਗੱਲ ਮਹਿਜ਼ ਸ਼ੋਸ਼ਾ ਅਤੇ ਭੰਡੀ ਪਰਚਾਰ ਹੈ।

**ਪਾਕਿਸਤਾਨ ਦਾ ਝੰਡਾ (ਪਰਚਮ) ਫ਼ਾੜਨ ਦੀ ਕਹਾਣੀ**

ਇਕ ਹੋਰ ਕਹਾਣੀ ਪ੍ਰਚਾਰਿਤ ਕੀਤੀ ਗਈ ਕਿ 3 ਮਾਰਚ, 1947 ਨੂੰ ਮਾਸਟਰ ਤਾਰਾ ਸਿੰਘ ਨੇ ਲਾਹੌਰ ਅਸੰਬਲੀ ਤੇ ਲਗਾ ਪਾਕਿਸਤਾਨ ਦਾ ਝੰਡਾ ਫ਼ਾੜ ਦਿਤਾ ਸੀ। ਡਾ. ਕਿਰਪਾਲ ਸਿੰਘ ਇਸਨੂੰ ਮਹਿਜ਼ ਹਿੰਦੂਆਂ ਵਲੋਂ ਫ਼ੈਲਾਇਆ ਗਿਆ ਝੂਠ ਦਸਦੇ ਹਨ। ਮਾਰਚ 1947 ਵਿਚ ਜਦੋਂ ਖਿਜ਼ਰ ਹਯਾਤ ਦੀ ਯੂਨੀਅਨਿਸਟ ਵਜ਼ਾਰਤ ਹਾਰ ਗਈ ਅਤੇ ਉਸਦੀ ਬਜਾਇ ਮੁਸਲਿਮ ਲੀਗ ਦੀ ਵਜ਼ਾਰਤ ਬਣਨੀ ਸੀ ਤਾਂ ਉਸ ਵੇਲੇ ਪੰਜਾਬ ਦੀ ਸਾਰੀ ਦੀ ਸਾਰੀ ਹਿੰਦੂ-ਸਿਖ ਜਨਤਾ ਅਕਾਲੀ ਦਲ ਅਤੇ ਮਾਸਟਰ ਜੀ ਨੂੰ ਆਪਣਾ ਆਗੂ ਮਨ ਚੁਕੀ ਸੀ। ਇਹ ਪੰਥ ਤੇ ਇਕ ਗੰਭੀਰ ਸੰਕਟ ਸੀ ਕਿ ਦੇਸ਼ ਦਾ ਬਟਵਾਰਾ ਨਹੀਂ ਬਲਕਿ ਸਿੱਖਾਂ ਦਾ ਬਟਵਾਰਾ ਹੋਣਾ ਸੀ। ਉੱਤਰੀ-ਦੱਖਣੀ ਕੋਰੀਆ, ਪੂਰਬੀ-ਪੱਛਮੀ ਜਰਮਨੀ ਆਦਿ ਦੀ ਤਰਜ਼ ਤੇ ਸਿੱਖ ਕੌਮ ਦੋ ਟੁਕੜਿਆਂ ਵਿਚ ਵੰਡੀ ਜਾਣੀ ਸੀ। ਅੱਧੀ ਪਾਕਿਸਤਾਨ ਦੇ ਅਧੀਨ ਅਤੇ ਅੱਧੀ ਹਿੰਦੁਸਤਾਨ ਦੇ ਅਧੀਨ। ਸਿੱਖ ਪੰਥ ਲਈ ਇਹ ਇਕ ਲਗਾਤਾਰ ਕਾਇਮ ਰਹਿਣ ਵਾਲਾ ਘੱਲੂਘਾਰਾ ਸਾਬਿਤ ਹੋਣਾ ਸੀ। ਮਾਸਟਰ ਜੀ ਨੇ ਉਸ ਸਮੇਂ ਪੰਜਾਬ ਦੇ ਬਟਵਾਰੇ ਦੀ ਮੰਗ ਕੀਤੀ। ਕੌਮ ਦੇ ਵਾਹਿਦ ਅਤੇ ਸ਼ੇਰ ਦਿਲ ਲੀਡਰ ਮਾਸਟਰ ਤਾਰਾ ਸਿੰਘ ਨੇ ਸੰਕਟ ਦੀ ਇਸ ਘੜੀ ਵਿਚ ਲਾਹੌਰ ਅਸੰਬਲੀ ਦੇ ਬਾਹਰ ਮੁਸਲਿਮ ਲੀਗ ਹਜੂਮ ਦੇ ਸਾਹਮਣੇ ਆਪਣੀ 'ਸ੍ਰੀ ਸਾਹਿਬ' ਚੁਕ ਕੇ 'ਪਾਕਿਸਤਾਨ ਮੁਰਦਾਬਾਦ' ਦਾ ਨਾਅਰਾ ਮਾਰਿਆ। ਇਸ ਨਾਲ ਹਾਲਾਤ ਨੇ ਐਸਾ ਪਲਟਾ ਖਾਧਾ ਕਿ ਮੁਸਲਿਮ ਲੀਗ ਦੀ ਪੂਰੇ ਪੰਜਾਬ ਨੂੰ ਪਾਕਿਸਤਾਨ ਦਾ ਹਿੱਸਾ ਬਣਾਣ ਦਾ ਸੁਫ਼ਨਾ ਚਕਨਾਚੂਰ ਹੋਇਆ ਅਤੇ ਬਾਉਂਡਰੀ ਕਮੀਸ਼ਨ ਦੁਬਾਰਾ ਬਣਿਆ ਅਤੇ ਪੰਜਾਬ ਦਾ ਬਟਵਾਰਾ ਹੋਇਆ।

**ਡਾ. ਅੰਬੇਦਕਰ ਅਤੇ ਸਿਖ**

ਇਕ ਹੋਰ ਭੰਡੀ ਪਰਚਾਰ ਕੀਤਾ ਜਾਂਦਾ ਹੈ ਕਿ ਉਸ ਸਮੇਂ ਬਾਬਾ ਸਾਹਿਬ ਡਾ. ਅੰਬੇਦਕਰ ਕਰੋੜਾਂ ਅਖੌਤੀ ਅਛੂਤਾਂ ਸਮੇਤ ਸਿੱਖ ਬਣਨਾ ਚਾਹੁੰਦੇ ਸਨ ਪਰ ਮਾਸਟਰ ਜੀ ਨੇ ਇਸ ਵਿਚ ਰੁਕਾਵਟ ਪਾਈ। ਦਰਅਸਲ ਉਸ ਸਮੇਂ ਮਹਾਤਮਾ ਗਾਂਧੀ ਨੇ ਇਹ ਕਿਹਾ ਕਿ ਜੇ ਅਛੂਤ ਸਿਖ ਬਣ ਗਏ ਤਾਂ ਮੈਂ ਮਰਨ ਵਰਤ ਰੱਖ ਲਵਾਂਗਾ।

ਮਾਸਟਰ ਤਾਰਾ ਸਿੰਘ ਜੀ ਦੀ ਦੇਣ ਅਤੇ ਪੰਥ ਦੀ ਬੇਲਾਗ ਸੇਵਾ ਅਦੁੱਤੀ ਹੈ। ਦੂਸਰੀ ਆਲਮੀ ਜੰਗ, ਵਿਸ਼ਵ ਯੁਧ ਦੌਰਾਨ 1942 ਵਿਚ ਕਾਂਗਰਸ ਨੇ 'ਦੇਸ਼ ਛੱਡੋ' ਦਾ ਨਾਅਰਾ ਦੇ ਕੇ ਫ਼ੌਜ ਭਰਤੀ ਦੇ ਬਾਈਕਾਟ ਦਾ ਨਾਅਰਾ ਦਿੱਤਾ। ਦੂਰ-ਅੰਦੇਸ਼ ਮਾਸਟਰ ਤਾਰਾ ਸਿੰਘ ਨੇ ਆਉਣ ਵਾਲੇ ਸਮੇਂ ਦੀ ਨਜ਼ਾਕਤ ਵੇਖਦਿਆਂ ਸਿੱਖਾਂ ਨੂੰ ਵੱਧ ਤੋਂ ਵੱਧ ਫ਼ੌਜ ਵਿਚ ਭਰਤੀ ਹੋਣ ਦਾ ਸੰਦੇਸ਼ ਦਿੱਤਾ। ਇਸ ਸਮੇਂ ਵਿਚ ਬੜੀ ਵੱਡੀ ਗਿਣਤੀ ਵਿਚ ਸਿੱਖ ਫ਼ੌਜ ਵਿਚ ਭਰਤੀ ਹੋਏ। ਇਤਿਹਾਸ ਨੇ ਮਾਸਟਰ ਜੀ ਦੀ ਸੂਝ ਅਤੇ ਨਿਰਣੇ ਦੀ ਗਵਾਹੀ ਦਿੱਤੀ ਹੈ ਕਿ 1947 ਵਿਚ ਦੇਸ਼ ਦੀ ਵੰਡ ਸਮੇਂ ਅਤੇ ਬਾਅਦ ਵਿਚ ਵੀ 1947 ਦੇ ਕਬਾਇਲੀ ਹਮਲੇ ਅਤੇ 1965 ਅਤੇ 1971 ਦੀ ਜੰਗ ਦੌਰਾਨ ਜੇ ਕੌਮ ਦਾ ਬਚਾਅ ਹੋਇਆ ਹੈ ਤਾਂ ਉਹ 1942 ਵਿਚ ਵੱਡੀ ਗਿਣਤੀ ਵਿਚ ਸਿੱਖਾਂ ਦੇ ਭਰਤੀ ਹੋਣ ਕਰਕੇ ਹੀ ਹੋਇਆ ਹੈ। ਡਾਕਟਰ ਕਿਰਪਾਲ ਸਿੰਘ ਇਸ ਬਾਰੇ ਦਸਦੇ ਹਨ ਕਿ ਇਸ ਸਮੇਂ ਦੀ ਸਿੱਖਾਂ ਦੀ ਭਰਤੀ ਨੇ ਬਹੁਤ ਵੱਡੀ ਗਿਣਤੀ ਵਿਚ ਸਿੱਖ ਜਨਰਲ ਅਤੇ ਉਚ ਅਧਿਕਾਰੀ ਕੌਮ ਨੂੰ ਦਿੱਤੇ।

ਕੀ ਆਸ ਕੀਤੀ ਜਾਏ ਕਿ ਦੇਸ਼ ਅਤੇ ਕੌਮ ਉਨਾਂ ਜਾਣਬੁੱਝ ਕੇ ਪਾਏ ਭਰਮ ਭੁਲੇਖਿਆਂ ਨੂੰ ਦੂਰ ਕਰੇਗੀ ?

# ਵੀਰ ਰਵਿੰਦਰ ਸਿੰਘ ਲਿੱਤਰਾਂ ਨੂੰ ਯਾਦ ਕਰਦਿਆਂ

**ਭਾਈ ਰਵਿੰਦਰ ਸਿੰਘ**

ਭਰ ਜਵਾਨੀ ਵਿੱਚ ਕਰੀਬ ਉੱਨੀ ਸਾਲ ਦੀ ਉਮਰ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਦਬ ਸਤਿਕਾਰ ਲਈ 1986 ਸਾਕਾ ਨਕੋਦਰ ਸਮੇਂ ਸ਼ਹਾਦਤ ਪ੍ਰਾਪਤ ਕਰਨ ਵਾਲੇ ਵੀਰ ਰਵਿੰਦਰ ਸਿੰਘ ਦੀ ਸ਼ਹੀਦੀ ਬਾਰੇ ਤਾਂ ਬਹੁਤੇ ਜਾਣਦੇ ਹਨ ਪਰ ਮੈਂ ਅੱਜ ਤੁਹਾਡੇ ਨਾਲ ਵੀਰ ਦੇ ਛੋਟੇ ਜਿਹੇ ਜੀਵਨ ਬਾਰੇ ਜਾਣਕਾਰੀ ਸਾਂਝੀ ਕਰਨ ਲੱਗਿਆ ਹਾਂ।

ਅੱਜ ਤੋਂ 56 ਵਰੇ ਪਹਿਲਾਂ 29 ਜੂਨ ਦੇ ਦਿਨ ਵੀਰ ਰਵਿੰਦਰ ਸਿੰਘ ਨੇ ਮਾਤਾ ਬਲਦੀਪ ਕੌਰ ਜੀ ਦੀ ਕੁੱਖੋਂ ਮੁਹੇਮਾ ਵਿਖੇ ਆਪਣੇ ਨਾਨਕੇ ਘਰ ਜਨਮ ਲਿਆ। ਆਪ ਜੀ ਦੇ ਨਾਨੀ, ਬੀਬੀ ਚਰਨ ਕੌਰ ਜੀ, ਗਿਆਨੀ ਹਰਚਰਨ ਸਿੰਘ ਜੀ ਮਹਾਲੋਂ, ਜਥੇਦਾਰ ਤਖ਼ਤ ਸ੍ਰੀ ਕੇਸ਼ਗੜ ਸਾਹਿਬ ਦੀ ਜੁੜਵਾਂ ਭੈਣ ਸੀ।

ਰਿਸ਼ਤੇਦਾਰਾਂ, ਇਲਾਕਾ ਨਿਵਾਸੀਆਂ ਤੇ ਵੀਰ ਦੇ ਜਮਾਤੀਆਂ ਨੇ ਜੋ ਸਾਂਝਾ ਕੀਤਾ ਉਹ ਵੀਰ ਰਵਿੰਦਰ ਜੀ ਦੇ ਚਰਿਤਰ, ਸੁਭਾਅ ਤੇ ਜੀਵਨ ਬਾਰੇ ਇਹ ਚਿੱਤਰ ਚਿੱਤਰਦਾ ਹੈ ਕਿ ਵੀਰ ਬਹੁਤ ਹੀ ਕੋਮਲ ਦਿਲ, ਮਿਲਾਪੜਾ, ਹਰ ਇੱਕ ਦੀ ਮੱਦਦ ਲਈ ਤੱਤਪਰ ਰਹਿਣ ਵਾਲਾ ਅਣਖੀ, ਧਰਮੀ ਤੇ ਗੁਰੂ ਜੀ ਦੇ ਪਿਆਰ ਵਿੱਚ ਭਿੱਜੀ ਰੂਹ ਸੀ।

ਵੀਰ ਜੀ ਨੂੰ ਨਿੱਕੀ ਉਮਰ ਤੋਂ ਹੀ ਦਸਤਾਰ ਸਜਾਉਣ ਦਾ ਬਹੁਤ ਜ਼ਿਆਦਾ ਚਾਅ ਹੁੰਦਾ ਸੀ, ਕੇਸਰੀ ਤੇ ਗੂੜਾ ਨੀਲਾ ਰੰਗ ਉਸਦੇ ਪਸੰਦੀਦਾ ਸਨ। ਇੱਕ ਬਾਰ ਸਾਡੇ ਗਵਾਂਢੀ ਜੋ ਕਿ ਬ੍ਰਾਹਮਣ ਪਰਿਵਾਰ ਨਾਲ ਸਬੰਧ ਰੱਖਦਾ ਸੀ ਨੇ ਵੀਰ ਨੂੰ ਕਿਹਾ ਕਿ 'ਬਿੰਦੇ' ਕੋਈ ਹੋਰ ਰੰਗ ਦੀ ਪੱਗ ਬੰਨ ਲਿਆ ਕਰ। ਪਿੰਡ ਵਾਲਿਆਂ ਨੇ ਕਹਿਣਾ ਕਿ ਇਹ ਪੱਗਾਂ ਤੂੰ ਅਨੰਦਪੁਰ ਸਾਹਿਬ ਆਪਣੇ ਨਾਨਾ ਜੀ ਕੋਲੋਂ ਲੈ ਆਉਂਦਾ ਹੋਣਾ ਤਾਂ ਵੀਰ ਨੇ ਜਵਾਬ ਦਿੱਤਾ ਕਿ ਪੰਡਿਤ ਜੀ ਸ਼ਾਇਦ ਤੁਹਾਨੂੰ ਨਹੀਂ ਪਤਾ ਪਰ ਗਿਆਨੀ ਹਰਚਰਨ ਸਿੰਘ ਜੀ ਮੁਹਾਲੋਂ ਬਿਨਾਂ ਕਿਸੇ ਤਨਖ਼ਾਹ ਦੇ ਤਖ਼ਤ ਸ੍ਰੀ ਕੇਸ਼ਗੜ ਸਾਹਿਬ ਜੀ ਦੇ ਜਥੇਦਾਰ ਵਜੋਂ ਸੇਵਾ ਕਰਦੇ ਹਨ। ਇਥੋਂ ਤੱਕ ਕਿ ਉਨਾਂ ਦੇ ਘਰ ਵਿੱਚ ਬਣਨ ਵਾਲੇ ਭੋਜਨ ਲਈ ਰਾਸ਼ਨ ਵੀ ਉਹ ਆਪਣੇ ਪਿੰਡ ਤੋਂ ਲੈ ਕੇ ਜਾਂਦੇ ਹਨ।

ਇੱਕ ਹੋਰ ਗਵਾਂਢੀ ਛੋਟੇ ਵੀਰ ਨੇ ਕਿਹਾ ਕਿ ਉਸਦੀ ਮਾਤਾ ਜੀ ਨੇ ਉਸ ਨੂੰ ਦੱਸਿਆ ਕਿ ਜਦੋਂ ਉਸਦਾ ਜਨਮ ਹੋਇਆ ਤਾਂ ਉਸਦੇ ਪਿਤਾ ਜੀ ਜੋ ਕੇ ਰੇਲਵੇ ਵਿੱਚ ਨੌਕਰੀ ਕਰਦੇ ਸੀ ਪਿੰਡ ਨਹੀਂ ਸਨ ਤਾਂ 'ਬਿੰਦਾ' ਭਾਅ ਜੀ ਉਸਦੇ ਮਾਤਾ ਜੀ ਨੂੰ ਹਸਪਤਾਲ ਲੈ ਕੇ ਗਿਆ, ਸਾਰੀ ਰਾਤ ਉਨਾਂ ਦੀ ਸੇਵਾ ਕੀਤੀ ਅਤੇ ਇਸ ਵੀਰ ਦੇ ਜਨਮ ਹੋਣ ਤੱਕ ਉਨਾਂ ਕੋਲ ਰਹਿਕੇ ਉਨਾਂ ਦੀ ਮੱਦਦ ਕੀਤੀ।

ਪਿੰਡ ਦੀ ਇੱਕ ਕੁੜੀ ਜੋ ਕਿ ਵਿਆਹੀ ਹੋਈ ਸੀ ਨੇ ਦੱਸਿਆ ਕਿ ਉਹ ਤੇ ਉਸਦਾ ਪਤੀ ਇੱਕ ਟੈਂਪੂ ਵਿੱਚ ਲਿੱਤਰਾਂ ਤੋਂ ਨਕੋਦਰ ਜਾ ਰਹੇ ਸਨ ਕਿ ਰਸਤੇ ਵਿੱਚ ਉਸਦਾ ਪਤੀ ਜੋ ਕਿ ਸ਼ਰਾਬੀ ਸੀ ਨੇ ਉਸ ਨਾਲ ਝਗੜਣਾ ਸ਼ੁਰੂ ਕਰ ਦਿੱਤਾ। ਵੀਰ ਰਵਿੰਦਰ ਵੀ ਟੈਂਪੂ ਵਿੱਚ ਸੀ ਸ਼ਾਇਦ ਕਾਲਜ ਜਾ ਰਿਹਾ ਸੀ ਨੇ ਉਸਦੇ ਪਤੀ ਨੂੰ ਨਾ ਝਗੜਣ ਦੀ ਸੁਲਾਹ ਦਿੱਤੀ ਪਰ ਉਸਨੇ ਉਲਟਾ ਆਪਣੀ ਘਰਵਾਲੀ ਦੇ ਚਪੇੜ ਜੜ ਦਿੱਤੀ। ਵੀਰ ਨੇ ਟੈਂਪੂ ਰਕਵਾਕੇ ਐਸਾ ਸਮਝਾਇਆ ਕਿ ਉਸ ਦਿਨ ਤੋਂ ਬਾਅਦ ਉਸਨੇ ਕਦੇ ਵੀ ਉਸ ਭੈਣ ਤੇ ਹੱਥ ਨਹੀਂ ਚੁੱਕਿਆ। ਇਸ ਭੈਣ ਦੇ ਅੱਥਰੂ ਰੁਕੇ ਨਹੀਂ ਸੀ ਰੁਕਦੇ ਜਦੋਂ ਉਹ ਆਪਣੀ ਹੱਡ ਬੀਤੀ ਸਾਂਝੀ ਕਰ ਰਹੀ ਸੀ ਤੇ ਕਹਿ ਰਹੀ ਸੀ ਕਿ ਅੱਜ ਦੇ ਜ਼ਮਾਨੇ ਵਿੱਚ ਜਦੋਂ ਆਪਣੇ ਵੀ ਨਾਲ ਨਹੀਂ ਖੜਦੇ ਰਵਿੰਦਰ ਵੀਰ ਨੇ ਸਰਦਾਰਾਂ ਦਾ ਪੁੱਤ ਹੋਣ ਦੇ ਬਾਵਜੂਦ ਮੈਨੂੰ ਪਿੰਡ ਦੀ ਧੀ ਜਾਣਕੇ ਭੈਣ ਹੋਣ ਦਾ ਮਾਣ ਦਿੱਤਾ।

ਵੀਰ ਜੋ ਕਿ ਇਲੈਕਟ੍ਰੀਕਲ ਇੰਜਨੀਅਰ ਬਣਨਾ ਲੋਚਦਾ ਸੀ ਸਕੂਲ ਤੇ ਕਾਲਜ ਵਿੱਚ ਇੱਕ 'ਮਾਡਲ ਵਿਦਿਆਰਥੀ' ਦੇ ਤੌਰ 'ਤੇ ਪਹਿਚਾਣਿਆ ਜਾਂਦਾ ਸੀ। ਵੀਰ ਸਕੂਲ ਤੇ ਪਿੰਡ ਦੀ ਹਾਕੀ ਟੀਮ ਦਾ ਖਿਡਾਰੀ ਹੋਣ ਦੇ ਨਾਲ ਨਾਲ ਭਾਰ ਚੁੱਕਣ ਦਾ ਵੀ ਬਹੁਤ ਸ਼ੌਕੀਨ ਸੀ।

ਵੀਰ ਜੀ ਨੇ 1984 ਦੀ ਵੈਸਾਖ਼ੀ ਮੌਕੇ ਤਖ਼ਤ ਸ੍ਰੀ ਕੇਸ਼ਗੜ ਸਾਹਿਬ ਵਿਖੇ ਖੰਡੇ ਬਾਟੇ ਦੀ ਪਾਹੁਲ ਪ੍ਰਾਪਤ ਕੀਤੀ ਸੀ। ਸਿੱਖ ਸਟੂਡੈਂਟ ਫੈਡਰੇਸ਼ਨ ਤੇ ਯੂਥ ਅਕਾਲੀ ਦਲ ਦੇ ਗੁਰਮਤਿ ਸਮਾਗਮਾਂ ਵਿੱਚ ਵੱਧ ਚੜਕੇ ਹਿੱਸਾ ਲੈਂਦਾ ਸੀ ਤੇ ਪਿੰਡ ਦੇ ਗੁਰੂ ਘਰ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੁੱਖ ਆਸਣ ਦੀ ਸੇਵਾ ਅਕਸਰ ਕਰਦਾ ਸੀ।

1984 ਦੇ ਸਾਕੇ ਨੇ ਆਪ ਜੀ ਦੇ ਮਨ ਨੂੰ ਬਹੁਤ ਠੇਸ ਪਹੁੰਚਾਈ । ਜਦੋਂ ਵੀ ਵੇਹਲੇ ਹੁੰਦੇ ਆਪਣੀ ਅਭਿਆਸ ਕਾਪੀ ਵਿੱਚ ਸਤਿਨਾਮ ਵਾਹਿਗੁਰੂ ਜੀ ਦਾ ਜਾਪੁ ਲਿਖਦੇ ਰਹਿੰਦੇ ਸਨ ।

ਪਰਿਵਾਰ ਵਿੱਚ ਆਪਣੇ ਭੈਣ ਭਰਾਵਾਂ ਨਾਲੋਂ ਵੱਡੇ ਹੋਣ ਕਰਕੇ ਆਪਣੇ ਪਿਤਾ ਬਾਪੂ ਬਲਦੇਵ ਸਿੰਘ ਜੀ ਲਿੱਤਰਾਂ ਦੀ ਹਮੇਸ਼ਾ ਸੱਜੀ ਬਾਂਹ ਬਣਕੇ ਵਿਚਰੇ।

ਇੱਕ ਰੌਚਿਕ ਤੱਥ : ਵੀਰ ਜੀ ਦੇ ਸਾਇੰਸ ਅਧਿਆਪਕ ਗੁਰ-ਪ੍ਰਵਾਸੀ ਮਾਸਟਰ ਬਲਵੰਤ ਸਿੰਘ ਜੀ ਦੇ ਬੇਟੇ ਨੇ ਇੱਕ ਬਾਰ ਆਪਣੇ ਪਿਤਾ ਜੀ ਨੂੰ ਕਿਹਾ, 'ਪਾਪਾ 'ਬਿੰਦੇ' ਭਾਅ ਜੀ ਜ਼ਰੂਰ ਜ਼ਿਆਦਾ ਅੰਮ੍ਰਿਤ ਛਕਿਆ ਹੋਣਾ' ਮਾਸਟਰ ਜੀ ਨੇ ਪੁੱਛਿਆ ਕਿਉਂ ਤਾਂ ਗੁਰੀ ਨੇ ਜਵਾਬ ਦਿੱਤਾ, 'ਪਿੰਡ ਵਿੱਚ ਹੋਰ ਕਿਸੇ ਨੇ ਵੀ ਏਡੀ ਵੱਡੀ ਕਿਰਪਾਨ ਨੀ ਪਾਈ ਹੁੰਦੀ'।

ਵੀਰ ਦੀਆਂ ਗੱਲਾਂ ਕਰਦਿਆਂ ਰਾਤਾਂ ਲੰਘ ਜਾਂਦੀਆਂ ਨੇ ਪਰ ਵੀਰ ਦੀਆਂ ਯਾਦਾਂ ਦੀ ਲੜੀ ਕਦੇ ਨਹੀਂ ਟੁੱਟਦੀ ।

ਸਾਡੀ ਗਵਾਂਢਣ ਜੋ ਘਰਾਂ ਵਿਚੋਂ ਪਿਤਾ ਜੀ ਦੀ ਚਾਚੀ ਲੱਗਦੀ ਸੀ ਨੇ ਦੱਸਣਾ ਕਿ ਨਿੱਕੇ ਹੁੰਦੇ ਨੂੰ ਮੈਂ ਪੁੱਛਿਆ 'ਬਿੰਦੇ' ਵੱਡਾ ਹੋ ਕਿ ਕਿ ਕਰਨਾ ਤਾਂ ਵੀਰ ਦਾ ਜਵਾਬ ਸੀ ਕਿ ਸ਼ਹੀਦ ਹੋਣਾ। ਚਾਚੀ ਕਹਿੰਦੀ ਕਿ ਤੂੰ ਨਿੱਕਾ ਜਿਹਾ ਬਹੁਤ ਵੱਡੀਆਂ ਗੱਲਾਂ ਕਰਦਾ ਤਾਂ ਵੀਰ ਜੀ ਦਾ ਜਵਾਬ ਸੀ ਕਿ ਸਾਡੇ ਵੀਰ, ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦੇ ਵੀ ਤਾਂ ਨਿੱਕੀ ਉਮਰ 'ਚ ਹੀ ਸ਼ਹੀਦੀਆਂ ਪਾ ਗਏ ਸੀ। ਉਹ ਆਪਣੇ ਕਹੇ ਬੋਲ ਕਮਾ ਗਿਆ।

ਮਾਣ ਹੈ ਵੱਡੇ ਵੀਰ ਤੇ ਜਿਸ ਨੇ ਆਪਣੀ ਸ਼ਹਾਦਤ ਦੇ ਕੇ ਦਸ਼ਮੇਸ਼ ਪਿਤਾ ਦੀ ਗੋਦ ਪ੍ਰਾਪਤ ਕਰ ਲਈ ਅਤੇ ਵੀਰ ਦਾ ਚਿੱਤਰ ਕੇਂਦਰੀ ਸਿੱਖ ਅਜਾਇਬ ਘਰ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਸੁਸ਼ੋਭਿਤ ਹੈ।

**ਹਰਿੰਦਰ ਸਿੰਘ**
**(ਛੋਟਾ ਵੀਰ ਭਾਈ ਰਵਿੰਦਰ ਸਿੰਘ ਲਿੱਤਰਾਂ)**
**29 ਜੂਨ 2022**

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

# ਅਜਨਬੀ...

## ਭਾਗ-2,3



ਲੇਖਕ : ਆਲਬੇਅਰ ਕਾਮੂ



ਅਨੁਵਾਦ : ਮਹਿੰਦਰ ਬੇਦੀ, ਜੈਤੋ

ਖਾਣੇ ਪਿੱਛੋਂ ਸਮਝ ਨਹੀਂ ਆਇਆ ਕਿ ਹੁਣ ਕਰਾਂ ਤਾਂ ਕੀ ਕਰਾਂ, ਬਸ ਆਪਣੇ ਉਸ ਛੋਟੇ-ਜਿਹੇ ਫਲੈਟ ਵਿਚ ਈ ਇੱਧਰ-ਉੱਧਰ ਚੱਕਰ ਕੱਟਦਾ ਰਿਹਾ। ਮਾਂ ਨਾਲ ਹੁੰਦੀ ਸੀ ਤਾਂ ਇਹ ਫਲੈਟ ਸਾਡੀ ਰਹਾਇਸ਼ ਲਈ ਕਾਫ਼ੀ ਸੀ। ਹੁਣ ਮੇਰੇ ਇਕੱਲੇ ਲਈ ਬੜਾ ਵੱਡਾ ਹੋ ਗਿਆ ਸੀ...ਸੋ ਮੈਂ ਖਾਣੇ ਵਾਲੀ ਮੇਜ਼ ਨੂੰ ਸੌਣ-ਕਮਰੇ ਵਿਚ ਈ ਖਿੱਚ ਲਿਆਂਦਾ ਸੀ। ਮੇਰੇ ਕੰਮ ਦਾ ਬਸ ਇਹੀ ਕਮਰਾ ਰਹਿ ਗਿਆ ਸੀ। ਸਾਰਾ ਲੋੜੀਂਦਾ ਫਰਨੀਚਰ ਇਸ ਵਿਚ ਸੀ-ਪਿੱਤਲ ਦਾ ਪਲੰਘ, ਇਕ ਸ਼ਿੰਗਾਰ ਮੇਜ਼, ਬੈਂਤ ਦੀਆਂ ਕੁਝ ਕੁਰਸੀਆਂ, ਜਿਹਨਾਂ ਵਿਚ ਬੈਠਣ ਵਾਲੀ ਥਾਂ ਡੂੰਘੇ-ਡੂੰਘੇ ਡੂੰਘ ਪੈ ਗਏ ਸਨ। ਦਾਗੀ-ਧੱਬਿਆਏ ਸ਼ੀਸ਼ਿਆਂ ਵਾਲੀ ਕੱਪੜੇ ਟੰਗਣ ਦੀ ਅਲਮਾਰੀ। ਬਾਕੀ ਦੇ ਫਲੈਟ ਵਿਚ ਕਿਉਂਕਿ ਕੰਮ ਈ ਨਹੀਂ ਸੀ ਪੈਂਦਾ, ਇਸ ਲਈ ਮੈਂ ਉਸਦੀ ਸਾਫ਼-ਸਫ਼ਾਈ ਦੀ ਸਿਰ-ਦਰਦੀ ਵੀ ਛੱਡ ਦਿੱਤੀ ਸੀ।

ਜਦੋਂ ਦੇਖਿਆ ਕਿ ਕੁਝ ਕਰਨ ਨੂੰ ਹੈ ਈ ਨਹੀਂ ਤਾਂ ਫਰਸ਼ 'ਤੇ ਪਤਾ ਨਹੀਂ ਕਦੋਂ ਦਾ ਪਿਆ ਪੁਰਾਣਾ ਅਖ਼ਬਾਰ ਚੁੱਕ ਕੇ ਪੜ੍ਹਨ ਲੱਗ ਪਿਆ। ਉਸ ਵਿਚ 'ਕਰੂਸ਼ੇਨ ਸਾਲਟ' ਦਾ ਇਕ ਇਸ਼ਤਿਹਾਰ ਸੀ, ਮੈਂ ਉਸਨੂੰ ਕੱਟ ਕੇ ਆਪਣੀ ਐਲਬਮ ਵਿਚ ਚਿਪਕਾ ਲਿਆ। ਅਖ਼ਬਾਰ ਵਿਚ ਜਿਹੜੀਆਂ ਚੀਜ਼ਾਂ ਮੈਨੂੰ ਮਜ਼ੇਦਾਰ ਲੱਗਦੀਆਂ ਸਨ, ਉਨ੍ਹਾਂ ਨੂੰ ਮੈਂ ਇਸੇ ਐਲਬਮ ਵਿਚ ਚਿਪਕਾ ਲੈਂਦਾ ਸੀ। ਮਲ-ਮਲ ਕੇ ਹੱਥ ਧੋਤੇ ਤੇ ਲਾਚਾਰੀ ਵੱਸ ਬਾਹਰ ਬਾਲਕਨੀ ਵਿਚ ਨਿਕਲ ਆਇਆ। ਜਦੋਂ ਕਿਤੇ ਮਨ ਨਹੀਂ ਸੀ ਲੱਗਦਾ-ਮੈਂ ਇੱਥੇ ਈ ਆ ਜਾਂਦਾ ਸੀ।

ਸੌਣ-ਕਮਰਾ ਮੁਹੱਲੇ ਦੀ ਖਾਸ ਸੜਕ ਵੱਲ ਪੈਂਦਾ ਸੀ। ਹਾਲਾਂਕਿ ਮੌਸਮ ਬੜਾ ਖੁੱਲਾ ਤੇ ਸੁਹਾਵਨਾ ਸੀ, ਪਰ ਸੜਕ ਦੇ ਕਾਲੇ-ਕਾਲੇ ਪੱਥਰ ਹਾਲੇ ਵੀ ਚਮਕਰੇ ਮਾਰ ਰਹੇ ਸਨ। ਸੜਕ 'ਤੇ ਭੀੜ ਨਹੀਂ ਸੀ ਤੇ ਜਿਹੜੇ ਦੋ-ਚਾਰ ਆਦਮੀ ਸਨ, ਉਹ ਬਿਨਾਂ-ਮਕਸਦ ਬੇਅਰਥ-ਜਿਹੀ ਭੱਜ-ਨੱਸ ਕਰ ਰਹੇ ਜਾਪਦੇ ਸਨ। ਸਭ ਤੋਂ ਪਹਿਲਾਂ ਛੁੱਟੀ ਦੀ ਸ਼ਾਮ ਨੂੰ ਸੈਰ ਕਰਨ ਜਾਂਦਾ ਹੋਇਆ ਇਕ ਪਰਿਵਾਰ ਆਉਂਦਾ ਦਿਖਾਈ ਦਿੱਤਾ। ਅੱਗੇ-ਅੱਗੇ ਮਲਾਹਾਂ ਵਰਗੇ ਸੂਟ ਪਾਈ ਦੋ ਛੋਟੇ-ਛੋਟੇ ਨਿਆਣੇ ਸਨ, ਉਨ੍ਹਾਂ ਦੀਆਂ ਪਤਲੂਨਾਂ ਮੁਸ਼ਕਲ ਨਾਲ ਗੋਡਿਆਂ ਤੀਕ ਪਹੁੰਚਦੀਆਂ ਸਨ ਤੇ ਐਤਵਾਰ ਦੇ ਆਪਣੇ ਸਭ ਤੋਂ ਚੰਗੇ ਕੱਪੜਿਆਂ ਵਿਚ ਵੀ ਉਹ ਉਜਬੱਕਾਂ ਵਰਗੇ ਦਿਸਦੇ ਸਨ। ਫੇਰ ਵੱਡੀ ਸਾਰੀ 'ਬੋ' ਲਾਈ ਕਾਲੇ ਪੇਟੈਂਟ ਚਮੜੇ ਦੇ ਬੂਟ ਪਾਈ ਛੋਟੀ-ਜਿਹੀ ਕੁੜੀ, ਪਿੱਛੇ-ਪਿੱਛੇ ਬਾਦਾਮੀ ਰੰਗ ਦੇ ਰੇਸ਼ਮੀ ਕੱਪੜਿਆਂ ਵਿਚ ਉਹਨਾਂ ਦੀ ਮੋਟੀ-ਥੁਲਥੁਲ ਮਾਂ ਤੇ ਚੁਸਤ-ਦਰੁਸਤ ਕੱਪੜਿਆਂ ਵਿਚ ਉਹਨਾਂ ਦਾ ਪਿਓ। ਇਸ ਬੰਦੇ ਨੂੰ ਮੈਂ ਸ਼ਕਲ ਤੋਂ ਪਛਾਣਦਾ ਸੀ। ਸਿਰ 'ਤੇ ਚਟਾਈ ਦਾ ਟੋਪ, ਹੱਥ ਵਿਚ ਖੂੰਡੀ ਤੇ ਬਟਰਫਲਾਈ-ਟਾਈ। ਇਸ ਨੂੰ ਪਤਨੀ ਨਾਲ ਤੁਰਦਿਆਂ ਦੇਖਿਆ ਤਾਂ ਸਮਝ ਵਿਚ ਆ ਗਿਆ ਕਿ ਲੋਕ ਕਿਉਂ ਇਸ ਬਾਰੇ ਕਹਿੰਦੇ ਨੇ-'ਖ਼ੁਦ ਚੰਗੇ ਉੱਚੇ ਖ਼ਾਨਦਾਨ ਦਾ ਏ ਪਰ ਸ਼ਾਦੀ ਇਸਨੇ ਆਪਣੇ ਤੋਂ ਨੀਵੀਂ ਜਾਤ ਵਿਚ ਕਰ ਲਈ ਏ।'

ਇਸ ਪਿੱਛੋਂ ਨੌਜਵਾਨਾਂ ਦੀ ਢਾਣੀ ਲੰਘੀ। ਇਹ ਮੁਹੱਲੇ ਦੇ 'ਮੁਸ਼ਟੰਡੇ' ਸਨ-ਤੇਲ ਚੋਪੜੇ ਵਾਲ, ਲਾਲ-ਲਾਲ ਟਾਈਆਂ, ਬੜੇ ਭੀੜੇ ਲੱਕ ਵਾਲੇ ਕੋਟ, ਵੇਲ-ਬੂਟੀਆਂ ਦੀ ਕਢਾਈ ਵਾਲੀਆਂ ਜੇਬਾਂ ਤੇ ਚਕੋਰ ਪੰਜੇ ਵਾਲੇ ਬੂਟ, ਅੰਦਾਜ਼ਾ ਲਾਇਆ ਕਿ ਜ਼ਰੂਰ ਇਹ ਲੋਕ ਸ਼ਹਿਰ ਦੇ ਵਿਚਕਾਰ ਵਾਲੇ ਕਿਸੇ ਸਿਨੇਮਾ-ਘਰ 'ਤੇ ਧਾਵਾ ਬੋਲਣ ਚੱਲੇ ਨੇ। ਤਦੇ ਤਾਂ ਘਰੋਂ ਏਨੀ ਜਲਦੀ ਨਿਕਲ ਪਏ ਨੇ ਤੇ ਸੰਘ ਪਾੜ-ਪਾੜ ਕੇ ਹੱਸਦੇ ਤੇ ਗੱਲਾਂ ਕਰਦੇ ਟਰਾਮ-ਸਟਾਪ 'ਤੇ ਖ਼ਰਮਸਤੀਆਂ ਕਰ ਰਹੇ ਨੇ।

ਉਨ੍ਹਾਂ ਦੇ ਜਾਣ ਪਿੱਛੋਂ ਸੜਕ ਹੌਲੀ-ਹੌਲੀ ਸੁੰਨੀ ਹੋ ਗਈ। ਹੁਣ ਤੀਕ ਸਾਰੇ ਮੈਟਿਨੀ ਸ਼ੋਅ ਸ਼ੁਰੂ ਹੋ ਚੁੱਕੇ ਹੋਣਗੇ। ਟਾਵੇਂ-ਟਾਵੇਂ ਦੁਕਾਨਦਾਰ ਤੇ ਇਕ-ਅੱਧੀ ਬਿੱਲੀ ਈ ਸੜਕ ਉੱਤੇ ਨਜ਼ਰ ਆਉਂਦੀ ਸੀ। ਸੜਕ ਦੇ ਕਿਨਾਰੇ ਲੱਗੇ ਅੰਜੀਰ ਦੇ ਰੁੱਖਾਂ ਦੀ ਕਤਾਰ ਉੱਤੇ ਆਸਮਾਨ ਸਾਫ਼ ਸੀ, ਪਰ ਧੁੱਪ ਨਹੀਂ ਸੀ। ਸਾਹਮਣੀ ਪਟਰੀ ਦਾ ਤੰਮਾਕੂ ਵਾਲਾ ਅੰਦਰੋਂ ਇਕ ਕੁਰਸੀ ਕੱਢ ਲਿਆਇਆ ਤੇ ਆਪਣੇ ਦਰਵਾਜ਼ੇ ਦੇ ਸਾਹਮਣੇ ਫੁਟਪਾਥ ਉੱਤੇ ਦੋਵੇਂ ਲੱਤਾਂ ਇੱਧਰ-ਉੱਧਰ ਕਰਕੇ, ਕੁਰਸੀ ਦੀ ਪਿੱਠ 'ਤੇ ਬਾਹਾਂ ਟਿਕਾ ਕੇ, ਬੈਠ ਗਿਆ। ਕੁਝ ਛਿਣ ਪਹਿਲਾਂ ਟਰਾਮਾਂ ਭਰੀਆਂ ਜਾ ਰਹੀਆਂ ਸਨ, ਹੁਣ ਇਕਦਮ ਖਾਲੀ ਹੋ ਗਈਆਂ। ਤਮਾਕੂ ਵਾਲੇ ਦੇ ਨਾਲ ਵਾਲੇ ਛੋਟੇ-ਜਿਹੇ ਖਾਲੀ ਰੇਸਤਰਾਂ 'ਸ਼ੇ ਪੀਯਰੋ' ਵਿਚੋਂ, ਬੈਰਾ ਬੁਰਾਦਾ ਝਾੜ ਕੇ ਬਾਹਰ ਨਿਕਲ ਰਿਹਾ ਸੀ। ਹੂ-ਬ-ਹੂ ਐਤਵਾਰ ਦੀ ਸ਼ਾਮ ਸੀ...।

ਮੈਂ ਵੀ ਆਪਣੀ ਕੁਰਸੀ ਘੁਮਾਈ ਤੇ ਸਾਹਮਣੇ ਤਮਾਕੂ ਵਾਲੇ ਵੱਲ ਲੱਤਾਂ ਇੱਧਰ-ਉੱਧਰ ਕਰਕੇ ਬੈਠ ਗਿਆ। ਇਹ ਜ਼ਿਆਦਾ ਆਰਾਮਦੇਹ ਸੀ। ਦੋ ਸਿਗਰਟ ਫੂਕ ਚੁੱਕਣ ਪਿੱਛੋਂ ਉੱਠਿਆ ਤੇ ਅੰਦਰ ਕਮਰੇ ਵਿਚ ਜਾ ਕੇ ਚਾਕਲੇਟ ਦੀ ਟਿੱਕੀ ਚੁੱਕ ਲਿਆਇਆ। ਸੋਚਿਆ, ਖਿੜਕੀ ਕੋਲ ਖੜਾ ਹੋ ਕੇ ਖਾਵਾਂਗਾ। ਦੇਖਦੇ-ਦੇਖਦੇ ਆਸਮਾਨ ਵਿਚ ਬੱਦਲ ਘਿਰ ਆਏ ਤਾਂ ਲੱਗਣ ਲੱਗਾ, ਹੁਣੇ ਝੱਖੜ ਆਉਣ ਵਾਲਾ ਏ। ਖ਼ੈਰ, ਬੱਦਲ ਤਾਂ ਹੌਲੀ-ਹੌਲੀ ਸਰਕ ਗਏ, ਪਰ ਜਾਂਦੇ-ਜਾਂਦੇ ਸੜਕ ਉੱਤੇ ਮੀਂਹ ਦਾ ਖ਼ਤਰਾ ਜ਼ਰੂਰ ਪੈਦਾ ਕਰ ਗਏ, ਯਾਨੀ ਗੂੜ੍ਹਾ ਹਨੇਰਾ ਤੇ ਨਮੀ ਛਾ ਗਈ। ਦੇਰ ਤੀਕ ਖੜਾ-ਖੜਾ ਮੈਂ ਆਸਮਾਨ ਵੱਲ ਵਿੰਹਦਾ ਰਿਹਾ।

ਪੰਜ ਵਜੇ ਫੇਰ ਟਰਾਮਾਂ ਦੀ ਟਨ-ਟਨ ਗੂੰਜਣ ਲੱਗੀ। ਸਾਡੇ ਸ਼ਹਿਰ ਦੀ ਬਾਹਰਲੀ ਬਸਤੀ ਵਿਚ ਫੁਟਬਾਲ ਮੈਚ ਸੀ। ਟਰਾਮਾਂ ਉੱਥੋਂ ਈ ਭਰੀਆਂ-ਭਰਾਈਆਂ ਆਈਆਂ ਸਨ। ਪਿੱਛੇ ਫੱਟੇ ਤੀਕ ਭੀੜ ਸੀ, ਲੋਕ ਪੌੜੀਆਂ 'ਤੇ ਚੜ੍ਹੇ ਖੜੇ ਸਨ। ਫੇਰ ਇਕ ਟਰਾਮ ਖਿਡਾਰੀਆਂ ਦੀ ਟੋਲੀ ਨੂੰ ਲੈ ਕੇ ਆਈ। ਜਿਨਾਂ-ਜਿਨਾਂ ਦੇ ਹੱਥ ਵਿਚ ਸੂਟਕੇਸ ਸਨ, ਉਹਨਾਂ ਨੂੰ ਮੈਂ ਦੇਖਦਾ ਈ ਪਛਾਣ ਗਿਆ ਸੀ ਕਿ ਖਿਡਾਰੀ ਇਹੀ ਨੇ। ਇਹ ਲੋਕ ਸੰਘ ਪਾੜ-ਪਾੜ ਆਪਣੀ ਟੋਲੀ ਦਾ ਗੀਤ ਗਾ ਰਹੇ ਸੀ- 'ਯਾਰੋ ਗੇਂਦ ਵਧਾਈ ਜਾਓ...' ਇਕ ਮੇਰੇ ਵੱਲ ਦੇਖ ਕੇ ਕੂਕਿਆ, 'ਛੱਕੇ ਛੁਡਾਅ 'ਤੇ ਸਾਲਿਆਂ ਦੇ।' ਮੈਂ ਵੀ ਜਵਾਬ ਵਿਚ ਹੱਥ ਹਿਲਾਇਆ ਤੇ ਚੀਕ ਕੇ ਬੋਲਿਆ, 'ਸ਼ਾਬਾਸ਼।' ਇਸ ਪਿੱਛੋਂ ਨਿੱਜੀ ਕਾਰਾਂ ਦੀ ਕਾਰ-ਕਤਾਰ ਸ਼ੁਰੂ ਹੋ ਗਈ।

ਆਸਮਾਨ ਦੇ ਤੇਵਰ ਫੇਰ ਬਦਲੇ। ਛੱਤਾਂ ਦੇ ਪਾਰ ਸੰਧੂਰੀ ਚਾਨਣ ਫ਼ੈਲਣ ਲੱਗਾ। ਜਿਵੇਂ-ਜਿਵੇਂ ਆਥਣ-ਵੇਲਾ ਹੋ ਰਿਹਾ ਸੀ, ਸੜਕਾਂ ਦੀ ਭੀੜ ਵੀ ਵਧਦੀ ਜਾ ਰਹੀ ਸੀ। ਲੋਕੀ ਸੈਰ-ਸਪਾਟੇ ਕਰਕੇ ਪਰਤ ਰਹੇ ਸਨ। ਆਉਣ ਵਾਲਿਆਂ ਵਿਚ ਉਹੀ ਚੁਸਤ-ਦਰੁਸਤ ਨਿੱਕਚੂ-ਜਿਹਾ ਆਦਮੀ ਤੇ ਉਸਦੀ ਮੋਟੀ-ਤਾਜ਼ੀ ਪਤਨੀ ਦਿਖਾਈ ਦਿੱਤੇ। ਥੱਕੇ-ਹੰਭੇ ਨਿਆਣੇ ਮਾਂ-ਪਿਓ ਦੇ ਮਗਰੇ-ਮਗਰ ਠੁਣਕਦੇ-ਘਿਸਟਦੇ ਆ ਰਹੇ ਸਨ। ਕੁਝ ਚਿਰ ਬਾਅਦ ਮੁਹੱਲੇ ਦੇ ਸਿਨੇਮਿਆਂ ਦੀ ਭੀੜ ਨਿਕਲੀ। ਮੈਂ ਦੇਖਿਆ, ਸਿਨੇਮਾ ਦੇਖ ਕੇ ਆਉਣ ਵਾਲੇ ਨੌਜਵਾਨ ਬੜੇ ਜੋਸ਼ ਨਾਲ ਹੱਥ-ਪੈਰ ਹਿਲਾਉਂਦੇ, ਲੰਮੀਆਂ-ਲੰਮੀਆਂ ਪਲਾਂਘਾਂ ਪੁੱਟਦੇ ਤੁਰੇ ਆ ਰਹੇ ਨੇ। ਆਮ ਤੌਰ 'ਤੇ ਇਹ ਲੋਕ ਇੰਜ ਨਹੀਂ ਤੁਰਦੇ। ਜਿਸ ਸਿਨੇਮੇ 'ਚੋਂ ਆ ਰਹੇ ਨੇ ਉੱਥੇ ਲਾਜ਼ਮੀ ਪੱਛਮੀ ਤਰਜ਼ ਦੀ ਕੋਈ ਮਾਰ-ਧਾੜ ਵਾਲੀ ਫ਼ਿਲਮ ਲੱਗੀ ਹੋਵੇਗੀ। ਸ਼ਹਿਰ ਦੇ ਵਿਚਕਾਰਲੇ ਸਿਨੇਮਿਆਂ ਵਿਚੋਂ ਆਉਣ ਵਾਲੇ ਕੁਝ ਠਹਿਰ ਕੇ ਆਏ। ਇਹ ਵਧੇਰੇ ਸੰਜੀਦਾ ਸਨ। ਉਂਜ ਕੁਝ ਹੱਸ ਵੀ ਰਹੇ ਸਨ, ਪਰ ਕੁਲ ਮਿਲਾ ਕੇ ਬੜੇ ਪਰਸਤ ਤੇ ਥੱਕੇ-ਹਾਰੇ ਜਿਹੇ ਦਿਸਦੇ ਸਨ। ਕੁਝ ਹਾਲੇ ਵੀ ਮੇਰੀ ਖਿੜਕੀ ਦੇ ਪਿੱਛੇ ਮਟਰ-ਗਸ਼ਤੀ ਕਰਦੇ ਰਹਿ ਗਏ ਸਨ। ਉਦੋਂ ਈ ਬਾਹਾਂ ਵਿਚ ਬਾਹਾਂ ਪਾਈ ਕੁੜੀਆਂ ਦਾ ਇਕ ਝੁੰਡ ਆਇਆ। ਖਿੜਕੀ ਦੇ ਹੇਠਾਂ ਵਾਲੇ ਨੌਜਵਾਨ ਇਕ ਪਾਸੇ ਝੁਕ ਕੇ ਕੁਝ ਇਸ ਅਦਾਅ ਨਾਲ ਤੁਰਨ ਲੱਗੇ ਕਿ ਉਨ੍ਹਾਂ ਦੇ ਸਰੀਰ ਰਗੜਦੇ ਹੋਏ ਨਿਕਲਣ। ਉਨ੍ਹਾਂ ਨੇ ਕੁਝ ਵਾਕਬਾਜ਼ੀ ਵੀ ਕੀਤੀ, ਜਿਸ ਨੂੰ ਸੁਣ ਕੇ ਕੁੜੀਆਂ ਸਿਰ ਘੁਮਾ-ਘੁਮਾ ਕੇ ਖਿੜ-ਖਿੜ ਹੱਸਣ ਲੱਗੀਆਂ। ਇਹਨਾਂ ਕੁੜੀਆਂ ਨੂੰ ਮੈਂ ਪਛਾਣਦਾ ਸੀ, ਉਹ ਇਧਰਲੇ ਹਿੱਸੇ ਦੀਆਂ ਰਹਿਣ ਵਾਲੀਆਂ ਈ ਸੀ। ਜਾਣ-ਪਛਾਣ ਵਾਲੀਆਂ ਦੋ-ਤਿੰਨਾਂ ਨੇ ਉੱਤੇ ਦੇਖ ਕੇ ਮੇਰੇ ਵੱਲ ਹੱਥ ਵੀ ਹਿਲਾਏ।

ਉਦੋਂ ਈ ਸੜਕ ਦੀਆਂ ਬੱਤੀਆਂ 'ਭੱਕ' ਕਰਕੇ ਇਕੱਠੀਆਂ ਜਗ ਪਈਆਂ ਤੇ ਹਨੇਰੇ ਆਸਮਾਨ ਵਿਚ ਜਿਹੜੇ ਤਾਰੇ ਟਿਮਟਿਮਾਉਣ ਲੱਗੇ ਸਨ,



ਉਹ ਸਾਰੇ ਦੇ ਸਾਰੇ ਯਕਦਮ ਫਿੱਕੇ ਪੈ ਗਏ। ਏਨੀ ਦੇਰ ਤੋਂ ਸੜਕ ਦੀ ਹਲਚਲ ਤੇ ਤਰਾਂ-ਤਰਾਂ ਦੀਆਂ ਬਦਲਦੀਆਂ ਰੋਸ਼ਨੀਆਂ ਨੂੰ ਦੇਖ-ਦੇਖ ਕੇ ਮੇਰੀਆਂ ਅੱਖਾਂ ਪੀੜ ਕਰਨ ਲੱਗ ਪਈਆਂ ਸਨ। ਬੱਤੀਆਂ ਹੇਠ ਚਾਨਣ ਦੇ ਝਰਨੇ ਝਿਰ ਰਹੇ ਸਨ। ਰਹਿ-ਰਹਿ ਕੇ ਕੋਈ ਟਰਾਮ ਲੰਘ ਜਾਂਦੀ ਤੇ ਉਸਦੇ ਚਾਨਣ ਵਿਚ ਕਿਸੇ ਕੁੜੀ ਦੇ ਵਾਲ, ਮੁਸਕਰਾਹਟ ਜਾਂ ਚਾਂਦੀ ਦੀਆਂ ਚੂੜੀਆਂ ਲਿਸ਼ਕੋਰ ਮਾਰ ਜਾਂਦੀਆਂ...।

ਇਸ ਪਿੱਛੋਂ ਹੌਲੀ-ਹੌਲੀ ਟਰਾਮਾਂ ਘੱਟ ਹੁੰਦੀਆਂ ਗਈਆਂ, ਰੁੱਖਾਂ ਤੇ ਬੱਤੀਆਂ ਦੇ ਉਤਲੇ ਆਸਮਾਨ ਦਾ ਹਨੇਰਾ ਸੰਘਣਾ, ਗੂੜ੍ਹਾ ਤੇ ਮਖ਼ਮਲੀ ਹੁੰਦਾ ਗਿਆ, ਤੇ ਹੌਲੀ-ਹੌਲੀ ਸੜਕ ਖ਼ੁਦ-ਬ-ਖ਼ੁਦ ਸੁੰਨੀ ਹੁੰਦੀ ਗਈ। ਆਖ਼ਰ ਚਾਰੇ-ਪਾਸੇ ਨਿਰੋਲ ਸੰਨਾਟਾ ਛਾ ਗਿਆ। ਦੇਖਿਆ, ਸ਼ਾਮ ਵਾਲੀ ਉਹੀ ਬਿੱਲੀ ਬੜੇ ਆਰਾਮ ਨਾਲ ਟਹਿਲਦੀ ਹੋਈ ਸੁੰਨੀ ਸੜਕ ਪਾਰ ਕਰ ਰਹੀ ਏ।

ਹੁਣ ਮੈਨੂੰ ਖ਼ਿਆਲ ਆਇਆ ਕਿ ਖਾਣ-ਪੀਣ ਦਾ ਕੁਝ ਜੁਗਾੜ ਕਰਨਾ ਚਾਹੀਦਾ ਏ। ਨੀਵੀਂ ਪਾ ਕੇ ਹੇਠਾਂ ਦੇਖਦਾ-ਦੇਖਦਾ ਮੈਂ ਆਪਣੀ ਕੁਰਸੀ ਦੀ ਪਿੱਠ ਉੱਤੇ ਏਨੀ ਦੇਰ ਦਾ ਲੱਦਿਆ ਹੋਇਆ ਸੀ ਕਿ ਅੰਗੜਾਈ ਲਈ ਤਾਂ ਗਰਦਨ ਦੁਖਣ ਲੱਗ ਪਈ। ਹੇਠਾਂ ਜਾ ਕੇ ਡਬਲ-ਰੋਟੀ ਤੇ ਕੁਝ ਸੇਵੀਆਂ ਖ਼ਰੀਦੀਆਂ। ਖਾਣਾ ਪਕਾਇਆ ਤੇ ਖੜੇ-ਖੜੇ ਈ ਖਾ ਲਿਆ। ਮਨ ਸੀ ਕਿ ਖਿੜਕੀ ਕੋਲ ਖੜਾ-ਖੜਾ ਈ ਇਕ ਸਿਗਰਟ ਹੋਰ ਫੂਕ ਲਵਾਂ, ਪਰ ਬਾਹਰ ਕਾਫ਼ੀ ਠੰਢ ਪੈਣ ਲੱਗ ਪਈ ਸੀ, ਸੋ ਵਿਚਾਰ ਛੱਡ ਦਿੱਤਾ। ਖਿੜਕੀ ਬੰਦ ਕਰਕੇ ਅੰਦਰ ਆਇਆ, ਤਾਂ ਨਿਗਾਹ ਸ਼ੀਸ਼ੇ 'ਤੇ ਪਈ। ਦੇਖਿਆ, ਉਸ ਵਿਚ ਮੇਜ਼ ਦਾ ਇਕ ਕੋਨਾ ਦਿਖਾਈ ਦੇ ਰਿਹਾ ਏ, ਉਸ ਉੱਤੇ ਸਪਿਰਟ ਲੈਂਪ ਤੇ ਨਾਲ ਈ ਡਬਲ-ਰੋਟੀ ਦੇ ਕੁਝ ਟੁਕੜੇ ਪਏ ਹੋਏ ਨੇ। ਉਦੋਂ ਮੈਨੂੰ ਯਕਦਮ ਲੱਗਿਆ ਕਿ ਚਲੋ, ਇਕ ਐਤਵਾਰ ਤਾਂ ਜਿਵੇਂ-ਤਿਵੇਂ ਕਰਕੇ ਪਾਰ ਹੋਇਆ। ਮਾਂ ਦਾ ਅੰਤਮ-ਸੰਸਕਾਰ ਹੋ ਗਿਆ। ਹੁਣ ਕਲ ਤੋਂ ਫੇਰ ਉਹੀ ਦਫ਼ਤਰ ਦਾ ਰਾਗ ਸ਼ੁਰੂ ਹੋ ਜਾਵੇਗਾ। ਸੱਚਮੁੱਚ, ਮੇਰੀ ਜ਼ਿੰਦਗੀ ਵਿਚ ਤਾਂ ਕੁਝ ਵੀ ਨਹੀਂ ਬਦਲਿਆ, ਸਭ ਕੁਝ ਜਿਵੇਂ ਦਾ ਤਿਵੇਂ ਈ ਏ।

## ਭਾਗ-3

ਸਵੇਰੇ ਦਫ਼ਤਰ ਵਿਚ ਬੜਾ ਕੰਮ ਸੀ। ਸਾਹਬ ਦਾ ਮਿਜਾਜ਼ ਖ਼ੁਸ਼ ਸੀ। ਉਨ੍ਹਾਂ ਨੇ ਪੁੱਛਿਆ, 'ਬਹੁਤੇ ਥੱਕ ਤਾਂ ਨਹੀਂ ਗਏ ?' ਇਸ ਪਿੱਛੋਂ ਮਾਂ ਦੀ ਉਮਰ ਪੁੱਛੀ। ਮੈਂ ਕੁਝ ਚਿਰ ਸੋਚਦਾ ਰਿਹਾ। ਗਲਤੀ ਨਾ ਕਰ ਬਹਾਂ ਇਸ ਲਈ ਦੱਸਿਆ, 'ਹੋਵੇਗੀ, ਇਹੋ ਕੋਈ ਸੱਠ ਦੇ ਆਸ-ਪਾਸ।' ਇਸ ਨਾਲ ਪਤਾ ਨਹੀਂ ਕਿਉਂ ਉਹਨਾਂ ਦੇ ਚਿਹਰੇ 'ਤੇ ਜ਼ਰਾ ਬੇਫ਼ਿਕਰੀ-ਜਿਹੀ ਆ ਗਈ ਤੇ ਲੱਗਿਆ ਜਿਵੇਂ ਸੋਚਾਂ ਵਿਚ ਡੁੱਬ ਗਏ ਨੇ। ਗੱਲ ਖ਼ਤਮ ਹੋ ਗਈ।

ਮੇਰੀ ਡੈਸਕ ਉੱਤੇ ਜਹਾਜ਼ੀ ਬਿਲਟੀਆਂ ਦਾ ਥੱਬਾ ਰੱਖਿਆ ਹੋਇਆ ਸੀ-ਸਭ ਨਾਲ ਨਜਿੱਠਣਾ ਪਿਆ। ਦੁਪਹਿਰੇ, ਖਾਣ ਜਾਣ ਤੋਂ ਪਹਿਲਾਂ, ਮੈਂ ਹੱਥ ਧੋਤੇ। ਦੁਪਹਿਰੇ ਹੱਥ ਧੋਣ ਵਿਚ ਮੈਨੂੰ ਬੜਾ ਮਜ਼ਾ ਆਉਂਦਾ ਏ। ਅਨੇਕ ਲੋਕਾਂ ਦੇ ਇਸਤੇਮਾਲ ਨਾਲ ਵਾਸ਼-ਬੇਸਨ ਉੱਤੇ ਟੰਗਿਆ ਤੌਲੀਆ ਪਾਣੀ ਨਾਲ ਤਰ-ਬਤਰ ਹੋ ਜਾਂਦਾ ਏ। ਇਸ ਲਈ ਸ਼ਾਮ ਨੂੰ ਓਨਾ ਚੰਗਾ ਨਹੀਂ ਲੱਗਦਾ। ਇਕ ਵਾਰੀ ਮੈਂ ਸਾਹਬ ਨੂੰ ਵੀ ਇਸ ਗੱਲ ਦੀ ਸ਼ਿਕਾਇਤ ਕੀਤੀ ਸੀ, ਪਰ ਉਨ੍ਹਾਂ ਲਈ ਇਹ ਕੋਈ ਮਹੱਤਵਪੂਰਨ ਗੱਲ ਨਹੀਂ ਸੀ। ਹਾਂ, ਬਸ ਇਹ ਕਹਿ ਕੇ ਸਾਰ ਦਿੱਤਾ ਸੀ ਕਿ ਬੜੇ ਅਫ਼ਸੋਸ ਦੀ ਗੱਲ ਏ। ਹੋਰ ਦਿਨਾਂ ਦੇ ਮੁਕਾਬਲੇ ਅੱਜ ਕੁਝ ਦੇਰ ਨਾਲ ਯਾਨੀ ਸਾਢੇ ਬਾਰਾਂ ਵਜੇ ਦਫ਼ਤਰ 'ਚੋਂ ਨਿਕਲਿਆ। ਚਾਲਾਨ-ਵਿਭਾਗ ਵਿਚ ਕੰਮ ਕਰਨ ਵਾਲਾ ਇਮਾਨੁਅਲ ਵੀ ਨਾਲ ਸੀ। ਦਫ਼ਤਰ ਦੀ ਬਿਲਡਿੰਗ ਦਾ ਮੂੰਹ ਸਮੁੰਦਰ ਵੱਲ ਸੀ। ਅਸੀਂ ਲੋਕ ਕੁਝ ਚਿਰ ਪੌੜੀਆਂ 'ਤੇ ਖੜੇ ਜਹਾਜ਼ਾਂ ਦੀ ਲਦਾਈ-ਲੁਹਾਈ ਦੇਖਦੇ ਰਹੇ। ਧੁੱਪ ਬੜੀ ਤੇਜ਼ ਸੀ। ਉਦੋਂ ਈ ਜ਼ੰਜੀਰਾਂ ਦੀ ਖਨਣ-ਖਨਣ ਤੇ ਇੰਜਨ 'ਚੋਂ ਫੱਟ-ਫੱਟ ਦੀਆਂ ਆਵਾਜ਼ਾਂ ਕੱਢਦਾ ਹੋਇਆ ਇਕ ਵੱਡਾ ਸਾਰਾ ਟਰੱਕ ਸਾਹਮਣਿਓਂ ਆਉਂਦਾ ਦਿਖਾਈ ਦਿੱਤਾ। ਇਮਾਨੁਅਲ ਨੇ ਸੁਝਾਅ ਦਿੱਤਾ, 'ਆ, ਅਹੁਲ ਕੇ ਇਸ ਟਰੱਕ 'ਤੇ ਚੜ੍ਹ ਜਾਈਏ।' ਮੈਂ ਦੌੜ ਲਾਈ। ਟਰੱਕ ਕਾਫ਼ੀ ਅੱਗੇ ਨਿਕਲ ਗਿਆ ਸੀ ਸੋ ਸਾਨੂੰ ਖਾਸੀ ਦੂਰ ਤੱਕ ਉਸਦੇ ਪਿੱਛੇ-ਪਿੱਛੇ ਦੌੜਨਾ ਪਿਆ। ਇੰਜਨ ਦੇ ਸ਼ੋਰ-ਸ਼ਰਾਬੇ ਤੇ ਗਰਮੀ ਕਾਰਨ ਮੇਰੀਆਂ ਅੱਖਾਂ ਅੱਗੇ ਹਨੇਰਾ ਛਾ ਗਿਆ। ਹੋਸ਼ ਸੀ ਤਾਂ ਬਸ ਏਨਾ ਕਿ ਅਸੀਂ ਲੋਕ ਸਮੁੰਦਰ ਦੇ ਕਿਨਾਰੇ-ਕਿਨਾਰੇ ਕਰੇਨਾਂ ਤੇ ਚਰਖੀਆਂ ਦੇ ਵਿਚਕਾਰ ਅੰਨੇਵਾਹ ਭੱਜੇ ਜਾ ਰਹੇ ਹਾਂ। ਮੈਂ ਟਰੱਕ ਨੂੰ ਪਹਿਲਾਂ ਫੜਿਆ। ਛਲਾਂਗ ਮਾਰ ਕੇ ਜਦੋਂ ਸਹੀ ਸਲਾਮਤ ਉੱਤੇ ਪਹੁੰਚ ਗਿਆ ਤਾਂ ਇਮਾਨੁਅਲ ਨੂੰ ਵੀ ਉੱਤੇ ਖਿੱਚ ਲਿਆ। ਇਕ ਤਾਂ ਦੋਵਾਂ ਨੂੰ ਵੈਸੇ ਈ ਸਾਹ ਚੜ੍ਹਿਆ ਹੋਇਆ ਸੀ, ਉਪਰੋਂ ਸੜਕ ਤੇ ਵਿਛੇ ਮੋਟੇ ਕਰੈਸ਼ਰ ਕਰਕੇ ਟਰੱਕ ਦੀ ਉੱਛਲ-ਕੁੱਦ ਨੇ ਹਾਲਤ ਹੋਰ ਵੀ ਖ਼ਰਾਬ ਕਰ ਦਿੱਤੀ। ਇਮਾਨੁਅਲ ਦੰਦ ਕੱਢਦਾ, ਖ਼ੁਸ਼ੀ ਨਾਲ ਹੱਸਣ ਲੱਗਾ।

ਹਫ਼ਦਾ-ਹਫ਼ਦਾ ਕੰਨ ਵਿਚ ਬੋਲਿਆ, 'ਆਖ਼ਰ ਕਿਲਾ ਫ਼ਤਹਿ ਕਰ ਹੀ ਲਿਆ।'

ਸੇਲੇਸਤੇ ਦੇ ਰੇਸਤਰਾਂ ਤੀਕ ਪਹੁੰਚਦੇ-ਪਹੁੰਚਦੇ ਅਸੀਂ ਲੋਕ ਪਸੀਨੇ ਨਾਲ ਲਥਪਥ ਹੋਏ-ਹੋਏ ਸੀ। ਸਾਹਮਣੇ ਵੱਲ ਨੂੰ ਖੜ੍ਹੀਆਂ ਕੀਤੀਆਂ ਮੁੱਛਾਂ ਵਾਲਾ ਸੇਲੇਸਤੇ ਆਪਣੇ ਫੁੱਲੇ ਹੋਏ ਢਿੱਡ ਉੱਤੇ ਚੋਗਾ (ਐਪਰਨ) ਚੜਾਈ, ਦਰਵਾਜ਼ੇ ਦੇ ਨਾਲ ਵਾਲੀ ਆਪਣੀ ਮਿਥੀ ਜਗਾ ਉੱਤੇ ਡਟਿਆ ਹੋਇਆ ਸੀ। ਮੈਨੂੰ ਦੇਖ ਕੇ ਉਸਨੇ ਹਮਦਰਦੀ ਦਿਖਾਈ, 'ਬਹੁਤਾ ਦੁੱਖ ਤਾਂ ਨਈਂ ਹੋ ਰਿਹਾ ?' ਮੈਂ ਕਿਹਾ, 'ਨਈਂ, ਐਸੀ ਕੋਈ ਗੱਲ ਨਈਂ।' ਪਰ ਭੁੱਖ ਦੇ ਮਾਰੇ ਮੇਰਾ ਦਮ ਨਿਕਲਿਆ ਜਾ ਰਿਹਾ ਸੀ। ਝਟਪਟ ਖਾਣਾ ਖਾਧਾ ਤੇ ਉਪਰੋਂ ਕਾਫ਼ੀ ਦੀ ਤੈਅ ਜਮਾ ਲਈ। ਸਿੱਧਾ ਘਰ ਪਹੁੰਚਿਆ। ਇਕ-ਅੱਧਾ ਗਲਾਸ ਸ਼ਰਾਬ ਜ਼ਿਆਦਾ ਚੜ੍ਹਾ ਲਈ ਸੀ, ਇਸ ਲਈ ਹਲਕੀ-ਜਿਹੀ ਝਪਕੀ ਲਈ। ਜਾਗ ਕੇ, ਬਿਸਤਰਾ ਛੱਡਣ ਤੋਂ ਪਹਿਲਾਂ ਇਕ ਸਿਗਰਟ ਫੂਕੀ। ਦੇਰ ਹੋ ਗਈ ਸੀ, ਇਸ ਲਈ ਫੁਰਤੀ ਨਾਲ ਦੌੜ ਕੇ ਟਰਾਮ ਫੜਨੀ ਪਈ। ਦਫ਼ਤਰ ਵਿਚ ਵੀ ਕਾਫ਼ੀ ਘੁਟਨ ਸੀ। ਉਪਰੋਂ ਸਾਰੀ ਸ਼ਾਮ ਬੁਰੀ ਤਰਾਂ ਖਪਣਾ ਪਿਆ। ਦਫ਼ਤਰ ਬੰਦ ਹੋਇਆ ਤਾਂ ਜਾਨ ਵਿਚ ਜਾਨ ਆਈ। ਮਾਲ ਲਦਵਾਉਣ ਵਾਲੇ ਸਮੁੰਦਰੀ ਘਾਟ ਉੱਤੇ ਜਾ ਕੇ ਸ਼ੀਤਲ-ਠੰਢੇ ਵਾਤਾਵਰਣ ਵਿਚ ਦੇਰ ਤੱਕ ਚਹਿਲ-ਕਦਮੀ ਕਰਦਾ ਰਿਹਾ। ਆਸਮਾਨ ਹਰਾ-ਹਰਾ ਹੋਇਆ-ਹੋਇਆ ਸੀ। ਦਫ਼ਤਰ ਦੇ ਦਮਘੋਟੂ ਮਾਹੌਲ 'ਚੋਂ ਨਿਕਲ ਕੇ ਇੱਥੇ ਬੜਾ ਸੁਖਾਲਾ-ਸੁਹਾਵਣਾ ਲੱਗਿਆ। ਖ਼ੈਰ, ਆਲੂ ਉਬਲਨੇ ਰੱਖਣੇ ਸਨ, ਸੋ ਸਿੱਧਾ ਘਰ ਆਇਆ।

ਹਾਲ ਵਿਚ ਹਨੇਰਾ ਸੀ। ਜਿਵੇਂ ਈ ਪੌੜੀਆਂ ਚੜ੍ਹਨ ਲੱਗਾ, ਬੁੱਢੇ ਸਲਾਮਾਨੋ ਨਾਲ ਟੱਕਰ ਹੋ ਗਈ। ਉਹ ਸਾਡੇ ਹੇਠ ਈ ਰਹਿੰਦਾ ਏ। ਰੋਜ਼ ਵਾਂਗ ਕੁੱਤਾ ਨਾਲ ਸੀ। ਪਿਛਲੇ ਅੱਠ ਸਾਲਾਂ ਤੋਂ ਦੋਵੇਂ ਜੋਟੀਦਾਰਾਂ ਵਾਂਗ ਰਹਿੰਦੇ ਨੇ। ਦੇਖਣ ਵਿਚ ਉਸਦਾ ਇਹ ਸਪੇਨੀਅਲ ਕੁੱਤਾ ਕਾਫ਼ੀ ਬਦਰੂਪ ਤੇ ਜੰਗਲੀ-ਜਿਹਾ ਲੱਗਦਾ ਏ। ਮੇਰਾ ਖ਼ਿਆਲ ਏ, ਖੁਰਕ ਵਰਗੀ ਕੋਈ ਬਿਮਾਰੀ ਵੀ ਏ ਉਸਦੇ ਸਰੀਰ ਨੂੰ। ਤਦੇ ਤਾਂ ਵਾਲ ਉੱਡ ਗਏ ਨੇ ਤੇ ਸਾਰਾ ਸਰੀਰ ਕਥਈ ਚਟਾਕਾਂ ਨਾਲ ਭਰਿਆ ਪਿਆ ਏ। ਸ਼ਾਇਦ ਆਪਣੇ ਛੋਟੇ-ਜਿਹੇ ਕਮਰੇ ਵਿਚ ਹਮੇਸ਼ਾ ਕੁੱਤੇ ਨਾਲ ਤੜੇ ਰਹਿਣ ਕਾਰਨ ਸਲਾਮਾਨੋ ਵਿਚ ਵੀ ਉਸਦੇ ਬਹੁਤ ਸਾਰੇ ਗੁਣ ਆ ਗਏ ਨੇ-ਉਸਦੇ ਮੁੰਜ ਵਰਗੇ ਵਾਲ ਬੜੇ ਘੱਟ ਰਹਿ ਗਏ ਨੇ ਤੇ ਚਿਹਰੇ 'ਤੇ ਲਾਲ-ਲਾਲ ਚਟਾਕ ਪੈ ਗਏ ਨੇ। ਉੱਧਰ ਕੁੱਤੇ ਨੇ ਆਪਣੇ ਮਾਲਕ ਦੀ ਮੋਢੇ ਛੰਡਣ ਦੀ ਤੇ ਰਤਾ ਝੁਕ ਕੇ ਤੁਰਨ ਦੀ ਆਦਤ ਸਿਖ ਲਈ ਏ ਤੇ ਉਹ ਹਮੇਸ਼ਾ ਥੂਥੀ ਅਗਾਂਹ ਵੱਲ ਨੂੰ ਕੱਢ ਕੇ, ਨੱਕ ਨਾਲ ਜ਼ਮੀਨ ਸੁੰਘਦਾ ਹੋਇਆ, ਤੁਰਦਾ ਏ। ਪਰ ਇਕ ਗੱਲ ਬੜੀ ਮਜ਼ੇਦਾਰ ਏ, ਦੋਵੇਂ ਇਕ ਦੂਜੇ ਨਾਲ ਨਿਭ ਭਾਵੇਂ ਰਹੇ ਸਨ-ਪਰ ਇਕ ਨੂੰ ਦੂਜਾ ਫੁੱਟੀ ਅੱਖ ਨਹੀਂ ਸੁਹਾਉਂਦਾ।

ਦਿਨ ਵਿਚ ਦੋ ਵਾਰ ਬੁੱਢਾ ਕੁੱਤੇ ਨੂੰ ਘੁਮਾਉਣ ਲੈ ਜਾਂਦਾ ਏ-ਗਿਆਰਾਂ ਤੇ ਛੇ ਵਜੇ। ਪਿਛਲੇ ਛੇ ਸਾਲ ਦਾ ਇਸ ਸੈਰ ਵਿਚ ਕੋਈ ਨਾਗਾ ਨਹੀਂ ਪਿਆ। ਤੁਸੀਂ ਜਦੋਂ ਚਾਹੋ ਉਦੋਂ 'ਰਯੂ-ਡੀ-ਲਯੋਂ' ਵਿਚ ਦੋਵਾਂ ਨੂੰ ਦੇਖ ਸਕਦੇ ਹੋ। ਸਾਰਾ ਜ਼ੋਰ ਲਾ ਕੇ ਕੁੱਤਾ ਮਾਲਕ ਨੂੰ ਇਸ ਬੁਰੀ ਤਰਾਂ ਘਸੀਟਦਾ ਲੈ ਜਾ ਰਿਹਾ ਹੋਵੇਗਾ ਕਿ ਲੱਗੇਗਾ, ਬੁੱਢਾ ਹੁਣ ਵੀ ਡਿੱਗਿਆ, ਹੁਣ ਵੀ ਡਿੱਗਿਆ। ਫੇਰ ਇਹ ਕੁੱਤੇ ਦੀ ਮਰੰਮਤ ਕਰੇਗਾ, ਗੰਦੀਆਂ-ਗੰਦੀਆਂ ਗਾਲਾਂ ਕੱਢੇਗਾ। ਡਰ ਕੇ ਕੁੱਤਾ ਪਿੱਛੇ ਨੂੰ ਖਿੱਚੇਗਾ ਤੇ ਮਾਲਕ ਸਾਹਬ ਕੁੱਤੇ ਨੂੰ ਘਸੀਟਦੇ ਹੋਏ ਲੈ ਜਾ ਰਹੇ ਹੋਣਗੇ। ਪਰ ਪਲ ਭਰ ਬਾਅਦ ਈ ਕੁੱਤਾ ਇਹ ਮਾਰ ਭੁੱਲ-ਵਿੱਸਰ ਜਾਵੇਗਾ ਤੇ ਫੇਰ ਜ਼ੰਜੀਰ ਖਿੱਚਦਾ ਹੋਇਆ ਅੱਗੇ-ਅੱਗੇ ਤੁਰਨ ਲੱਗ ਪਵੇਗਾ। ਬਦਲੇ ਵਿਚ ਫੇਰ ਠੁਕਾਈ ਹੋਵੇਗੀ ਤੇ ਪਹਿਲਾਂ ਨਾਲੋਂ ਵੀ ਵੱਧ ਗਾਲਾਂ ਮਿਲਣਗੀਆਂ। ਫੇਰ ਦੋਵੇਂ ਈ ਰੁਕ ਕੇ ਅਚਾਨਕ ਪਟੜੀ 'ਤੇ ਖੜੇ ਹੋ ਜਾਣਗੇ ਤੇ ਖਾ ਜਾਣ ਵਾਲੀਆਂ ਨਜ਼ਰਾਂ ਨਾਲ ਇਕ ਦੂਜੇ ਨੂੰ ਘੂਰਨਗੇ-ਕੁੱਤੇ ਦੀਆਂ ਅੱਖਾਂ ਵਿਚ ਖ਼ੌਫ਼ ਹੋਵੇਗਾ ਤੇ ਮਾਲਕ ਦੀਆਂ ਨਜ਼ਰਾਂ ਵਿਚ ਨਫ਼ਰਤ। ਜਦੋਂ ਵੀ ਉਹ ਦੋਵੇਂ ਨਿਕਲਦੇ ਨੇ ਹਮੇਸ਼ਾ ਇਵੇਂ ਹੁੰਦਾ ਏ। ਕੁੱਤਾ ਜੇ ਬਿਜਲੀ ਦੇ ਪੋਲ ਕੋਲ ਰੁਕਣਾ ਚਾਹੇ ਤਾਂ ਬੁੱਢਾ ਉਸਨੂੰ ਰੁਕਣ ਨਹੀਂ ਦਵੇਗਾ, ਘਸੀਟਦਾ ਈ ਤੁਰਿਆ ਜਾਵੇਗਾ ਤੇ ਇਹ ਕੰਬਖ਼ਤ ਤੁਰਦਾ-ਤੁਰਦਾ ਈ ਬੂੰਦਾ-ਬਾਂਦੀ ਕਰਦਾ ਜਾਵੇਗਾ। ਪਰ ਜੇ ਕਦੀ ਕੁੱਤਾ ਅੰਦਰ ਕਮਰੇ ਵਿਚ ਪਿਸ਼ਾਬ ਕਰ ਦਵੇ ਤਾਂ ਹੋਰ ਵੀ ਠੁਕਾਈ ਹੋਵੇਗੀ।

ਅੱਠ ਸਾਲ ਤੋਂ ਇਹੋ ਹੁੰਦਾ ਆ ਰਿਹਾ ਏ। ਸੇਲੇਸਤੇ ਤਾਂ ਹਮੇਸ਼ਾ ਇਹੀ ਕਹਿੰਦਾ ਏ, 'ਸ਼ਰਮ ਨਾਲ ਚੂਲੀ ਭਰ ਪਾਣੀ ਵਿਚ ਡੁੱਬ ਮਰਨ ਵਾਲੀ ਗੱਲ ਏ। ਇਸਦਾ ਕੁਛ ਨਾ ਕੁਛ ਇਲਾਜ ਹੋਣਾ ਜ਼ਰੂਰੀ ਏ।' ਪਰ ਇਲਾਜ ਕੀ ਹੋਵੇ ?

ਹਾਲ ਵਿਚ ਸਾਡੀ ਭਿੜੰਤ ਸਮੇਂ ਸਲਾਮਾਨੋ ਕੁੱਤੇ 'ਤੇ ਵਰ ਰਿਹਾ ਸੀ ਤੇ 'ਬੇਗੜਾ, ਲੀਚੜ, ਲੁੱਟਰ ਕੁੱਤਾ...' ਵਰਗੀਆਂ ਗਾਲਾਂ ਕੱਢ ਰਿਹਾ ਸੀ। ਮੈਂ ਕਿਹਾ, 'ਨਮਸਕਾਰ' ਪਰ ਉੱਥੇ ਸੁਣਨ ਦੀ ਫ਼ੁਰਸਤ ਕਿਸ ਕੋਲ ਸੀ ? ਉੱਥੇ ਤਾਂ ਗਾਲਾਂ ਦੀ ਝੜੀ ਲੱਗੀ ਹੋਈ ਸੀ। ਸੋਚਿਆ, ਲਓ, ਇਹੀ ਪੁੱਛ ਲਓ ਕਿ ਕੁੱਤੇ ਨੇ ਇਸ ਵਾਰ ਕੀ ਕਰ ਦਿੱਤਾ ਏ ? ਪਰ ਫੇਰ ਵੀ ਜਵਾਬ ਨਹੀਂ ਮਿਲਿਆ। ਹਾਂ, ਉਹ ਗਾਲਾਂ ਦੀ ਝੜੀ ਜਾਰੀ ਰਹੀ, 'ਸਾਲਾ, ਲੁੱਟਰ...' ਵਗ਼ੈਰਾ ਵਗ਼ੈਰਾ, ਉਹੀ ਸਭ। ਸਾਫ਼-ਸਾਫ਼ ਤਾਂ ਨਹੀਂ ਦੇਖਿਆ, ਪਰ ਲੱਗਿਆ ਸਲਾਮਾਨੋ ਕੁੱਤੇ ਦੇ ਗਲੇ ਦੇ ਪਟੇ ਵਿਚ ਕੁਝ ਠੀਕ ਕਰ ਰਿਹਾ ਸੀ। ਮੈਂ ਇਸ ਵਾਰੀ ਜ਼ਰਾ ਹੋਰ ਜ਼ੋਰ ਨਾਲ ਪੁੱਛਿਆ। ਬਿਨਾਂ ਪਰਤੇ ਈ, ਉਹ ਖਿਝਦਾ-ਕ੍ਰਿਝਦਾ ਹੋਇਆ ਬੁੜਬੁੜਾਇਆ, 'ਸਾਲਾ,

ਬਾਕੀ ਸਫ਼ਾ 31 'ਤੇ

# ਮਿੰਨੀ ਕਹਾਣੀਆਂ

ਗੁਰਮੀਤ ਸਿੰਘ ਪਲਾਹੀ
9815802070

## (1) ਸਮਝੌਤਾ

ਪਿੰਡ 'ਚ ਚੋਣਾਂ ਆ ਗਈਆਂ। ਸਰਪੈਂਚੀ ਲਈ ਪਿੰਡ ਦੇ ਦੋ ਚੌਧਰੀ ਆਤਾ ਸਿਹੁੰ ਤੇ ਮਾਘਾ ਸਿਹੁੰ ਮੈਦਾਨ 'ਚ ਨਿੱਤਰੇ। ਦੋਵੇਂ ਚੰਗੇ ਸਰਦੇ-ਪੁੱਜਦੇ ਘਰਾਂ ਦੇ ਮਾਲਕ ਸਨ ਦੋਹਾਂ ਦਾ ਪਿੰਡ 'ਚ ਪਹਿਲਾਂ ਹੀ ਚੰਗਾ ਰੋਹਬ ਦਾਅਬ ਸੀ। ਫੱਤਾ, ਤੇਲੂ, ਬਿਸ਼ਨਾ, ਫੀਲਾ, ਮੱਘਰ ਸਿਹੁੰ ਇਕ ਧੜੇ ਨਾਲ ਅਤੇ ਰਾਹੂ, ਮੇਲੂ, ਹੁਕਮਾ, ਚੰਨਣ ਦੂਜੇ ਧੜੇ ਨਾਲ ਹੋ ਤੁਰੇ। ਪੰਦਰਾਂ ਵੀਹ ਦਿਨ ਪਿੰਡ 'ਚ ਗਹਿਮਾ-ਗਹਿਮੀ ਰਹੀ ਕਦੇ ਇਕ ਪਾਰਟੀ ਵਾਲੇ ਅਤੇ ਕਦੇ ਦੂਜੀ ਪਾਰਟੀ ਵਾਲੇ ਵੋਟਾਂ ਲਈ ਘਰੋ-ਘਰੀ ਕਹਿਣ ਤੁਰੇ ਫਿਰਦੇ। ਲੋਕਾਂ ਨੂੰ ਨਵੇਂ-ਨਵੇਂ ਲਾਲਚ ਦੇਕੇ ਵੋਟਾਂ ਪੱਕੀਆਂ ਕਰਦੇ ਰਹੇ। ਚੋਣਾਂ ਦੇ ਇਨਾਂ ਦਿਨਾਂ 'ਚ ਸ਼ਰਾਬਾਂ ਉਡ ਰਹੀਆਂ ਸਨ। ਜਿਨਾਂ ਕਦੇ ਵਰ੍ਹੇ ਛਿਮਾਹੀ ਹੀ ਸੁਆਦ ਚੱਖਿਆ ਸੀ, ਉਹਨੂੰ ਵੀ ਰੋਜ਼ ਅਧੀਆ ਪਊਆ ਥਿਆ ਜਾਂਦਾ ਤੇ ਮੁਫ਼ਤ ਦੀ ਤਾਂ ਕਾਜ਼ੀ ਨੇ ਵੀ ਨਹੀਂ ਸੀ ਛੱਡੀ, ਆਖ ਉਹ ਸੁਆਦ ਲੈ ਪੀ ਜਾਂਦਾ। ਇਨਾਂ ਦਿਨਾਂ 'ਚ ਪਿੰਡ ਦੀਆਂ ਡੇਰੀਆਂ, ਚੋਕਾਂ, ਬੋਹੜਾਂ, ਪਿਪਲਾਂ ਥੱਲੇ ਲੋਕਾਂ ਦਾ ਚੰਗਾ ਝੁਰਮਟ ਬੱਝ ਜਾਂਦਾ। ਨਿੱਤ ਨਵੀਆਂ ਅਫਵਾਹਾਂ ਇਕ-ਦੂਜੇ ਵਿਰੁੱਧ ਫੈਲਦੀਆਂ ਰਹਿੰਦੀਆਂ। ਇਕ ਦੂਜੇ ਧੜੇ ਵਿਰੁਧ ਨਿੱਤ ਨਵੇਂ ਦੂਸ਼ਨ ਸੁਨਣ ਨੂੰ ਮਿਲਦੇ।

ਘੁੱਗ ਵਸਦਾ ਚੁੱਪਚਾਪ ਪਿੰਡ, ਦੋ ਹਿੱਸਿਆਂ 'ਚ ਵੰਡਿਆਂ ਗਿਆ। ਕੋਈ ਚੌਧਰੀ ਆਤਾ ਸਿਹੁੰ ਦੀਆਂ ਸ਼ਿਫਤਾਂ ਕਰਦਾ ਤੇ ਦੂਜਾ ਮਾਘਾ ਸਿਹੁੰ ਚੌਧਰੀ ਦੇ ਸੋਹਲੇ ਗਾਉਂਦਾ। ਇਕ-ਦੂਜੇ ਧੜੇ ਦੇ ਲੋਕ,ਇਕ ਦੂਜੇ ਵੱਲ ਕਹਿਰ ਭਰੀਆਂ ਨਜ਼ਰਾਂ ਨਾਲ ਵੇਖਦੇ। ਪਿਛਲੀਆਂ ਦੁਸ਼ਮਣੀਆਂ, ਲੜਾਈਆਂ ਤੇ ਖੈਹਾਂ ਦੀ ਯਾਦ ਚੋਣਾਂ ਨੇ ਮੁੜ ਤਾਜ਼ੀ ਕਰ ਦਿੱਤੀ। ਰਤਾ ਭਰ ਗੱਲ ਕਿਸੇ ਨੂੰ ਦੂਜੇ ਧੜੇ ਦੀ ਪਤਾ ਲਗਦੀ ਉਹ ਝੱਟ ਦੇਣੀ ਆਪਣੀ ਵਫਾਦਾਰੀ ਦਿਖਾਉਣ ਲਈ ਆਪਣੇ ਚੌਧਰੀ ਨੂੰ ਜਾ ਦਸਦੇ। ਦੋਹਾਂ ਚੌਧਰੀਆਂ ਦੀ ਚੌਧਰ ਦੀ ਭੁੱਖ ਨੇ ਲੋਕਾਂ ਦੇ ਮਨਾਂ ਵਿਚ ਇਕ-ਦੂਜੇ ਪ੍ਰਤੀ ਨਫ਼ਰਤ ਦੀ ਅੱਗ ਭਰ ਦਿੱਤੀ।

ਮਸਾਂ-ਮਸਾਂ ਕਰਕੇ ਚੋਣਾਂ ਦਾ ਦਿਨ ਆਇਆ। ਚੋਣਾਂ ਵਾਲੇ ਦਿਨ ਤੋਂ ਪਹਿਲੀ ਰਾਤੇ ਅੰਦਰ ਖਾਤੇ ਦੋਹਾਂ ਚੌਧਰੀਆਂ ਦਾ ਆਪਸ 'ਚ ਕੋਈ ਸਮਝੌਤਾ ਹੋ ਗਿਆ। ਲੋਕਾਂ ਨੂੰ ਇਸ ਦਾ ਕੋਈ ਇਲਮ ਨਹੀਂ ਸੀ। ਦੋਹਾਂ ਗਰੁਪਾਂ ਨੇ ਜਾਨ ਦੀ ਬਾਜ਼ੀ ਲਾ ਕੇ ਚੋਣਾਂ ਲੜੀਆਂ। ਪਿੰਡ ਦੇ ਬੁੱਢੇ, ਠੇਰੇ, ਬੀਮਾਰ, ਫੱਟੜ ਤੱਕ ਦੀ ਵੋਟ ਵੀ ਭੁਗਤਾ ਦਿੱਤੀ ਗਈ, ਨਤੀਜਾ ਨਿਕਲਿਆ। ਆਤਾ ਸਿਹੁੰ ਦੀ ਪਾਰਟੀ ਦੇ ਜ਼ਿਆਦਾ ਪੰਚ ਚੁਣੇ ਗਏ ਸਨ। ਉਨਾਂ ਆਤਾ ਸਿਹੁੰ ਨੂੰ ਸਰਪੰਚ ਚੁਣ ਲਿਆ। ਉਹਦੇ ਧੜੇ ਦੇ ਲੋਕਾਂ ਉਸ ਰਾਤ ਬੱਕਰੇ ਬੁਲਾਏ, ਸ਼ਰਾਬਾਂ ਪੀਤੀਆਂ ਤੇ ਹੁੱਲੜ ਮਚਾਇਆ। ਮਾਘਾ ਸਿਹੁੰ ਦੇ ਬੰਦੇ ਅਣਖ 'ਚ ਆ ਗਏ। ਦੋਹਾਂ ਧੜਿਆਂ ਦੀ ਭੱਝਵੀਂ ਲੜਾਈ ਹੋਈ, ਟਕੂਏ, ਬਰਛੇ ਚਲੇ। ਚੰਗੀ ਵੱਢ ਟੁੱਕ ਹੋਈ। ਲੜਨ ਵਾਲਿਆਂ 'ਚ ਨਾ ਚੌਧਰੀ ਆਤਾ ਸਿਹੁੰ ਸੀ, ਨਾ ਮਾਘਾ ਸਿਹੁੰ ਅਤੇ ਨਾ ਹੀ ਉਨਾਂ ਦਾ ਟੱਬਰ-ਟੀਹਰ। ਉਹ ਦੋਵੇਂ ਚੌਧਰੀ ਆਤਾ ਸਿਹੁੰ ਦੀ ਹਵੇਲੀ ਬੈਠੇ ਪੀ ਰਹੇ ਸਨ। ਦੋਹਾਂ ਧੜਿਆਂ ਦੇ ਲੋਕਾਂ ਨੇ ਉਮਰ ਭਰ ਦੇ ਵੈਰ ਸਹੇੜ ਲਏ ਸਨ। ਗਰੀਬ ਲੋਕਾਂ ਦਾ ਪਿੰਡ 'ਚ ਜੀਊਣਾ ਦੁਭਰ ਹੋ ਗਿਆ ਸੀ। ਉਨਾਂ ਨੂੰ ਬੋਲ-ਕਬੋਲ ਬੋਲੇ ਜਾਂਦੇ। ਉਹ ਚੁੱਪ-ਚਾਪ ਆਪਣੀਆਂ ਘੜੀਆਂ ਲੰਘਾਈ ਜਾਂਦੇ। ਇਕ ਦਿਨ ਤੁਰੇ ਜਾਂਦੇ ਬਖਸ਼ਾ ਸਿਹੁ ਨੇ ਸੀਬੂ ਨੂੰ ਬੋਲੀ ਮਾਰੀ, ਇਹਨੇ ਸਾਨੂੰ ਨੀ ਪਾਈ ਵੋਟ, ਇਹਨੇ ਦੂਜੇ ਧੜੇ ਨੂੰ ਪਾਈ ਆ, ਸਾਰੀ ਉਮਰ ਘਾਹ ਪੱਠਾ ਸਾਡੇ ਖੇਤਾਂ 'ਚੋਂ ਖੋਤਦਾ ਰਿਹਾ ਆ ਤੇ ਜਦੋਂ ਸੀਬੂ ਨੇ ਅਗਿਓਂ ਕੁਝ ਬੋਲਣਾ ਚਾਹਿਆ ਤਾਂ ਓਹਦੇ ਕੜਕਵੇਂ ਬੋਲ 'ਕੋਈ ਨੀ ਪੁੱਤ ਬਣਾਊਂ ਬੰਦਾ ਤੈਨੂੰ ਕਿਸੇ ਵੇਲੇ, ਨਿਕਲੀ ਹੁਣ ਸਾਡੇ ਖੇਤਾਂ ਵੱਲ ਨੂੰ ਜੰਗਲ ਪਾਣੀ ਵੀ। ਹੱਡ ਸੇਕੂੰ ਤੇਰੇ ਚੰਗੀ ਤਰਾਂ। ਇਹ ਬੋਲ ਉਹਦੇ ਕੰਨਾਂ 'ਚ ਕਈ ਦਿਨ ਗੂੰਜਦੇ ਰਹੇ। ਉਹ ਬੇਬਸੀ ਕਾਰਨ ਕੁਝ ਵੀ ਨਹੀਂ ਸੀ ਬੋਲ ਸਕਿਆ।

ਪਿੰਡ ਦੇ ਚੜਦੇ ਪਾਸਿਓਂ ਹੱਡਾ-ਰੋੜੀ ਵਿਚੋਂ ਡੱਬੂ ਕੁੱਤੇ ਦੇ ਭੌਕਣ ਦੀ ਆਵਾਜ਼ ਸੁਣ ਕੇ ਪਲਾਂ 'ਚ ਹੀ ਕਾਲੂ, ਰੱਮੀ ਅਤੇ ਡੱਬੂ ਤੇ ਹੋਰ ਕੁਤੀੜ ਹੱਡਾ-ਰੋੜੀ 'ਚ ਇਕੱਠੀ ਹੋ ਗਈ ਅਤੇ ਫਿਰ ਘੂੰ-ਘੂੰ, ਬਊਂ ਬਊਂ ਕਰਦਿਆਂ ਮਾਸ ਚੂੰਡਣ ਲਈ ਚਾਰ ਕੁੱਤੇ ਇੱਕ ਪਾਸੇ ਹੋ ਲੜਨ ਲੱਗ ਪਏ। ਇੰਜ ਲੱਗਦਾ ਸੀ ਉਹ ਇਕ-ਦੂਜੇ ਨੂੰ ਮਾਰ ਸੁੱਟਣਗੇ। ਅਚਾਨਕ ਉਨਾਂ ਦੀ ਨਜ਼ਰ ਹੱਡਾ ਰੋੜੀ ਵਿਚ ਆਏ ਨਵੇਂ ਸ਼ਿਕਾਰ ਤੇ ਪਈ, ਜਿਨਾਂ ਨੂੰ ਗਿਰਝਾਂ ਚੂੰਡ ਰਹੀਆਂ ਸਨ। ਉਨਾਂ ਇਕ ਦੂਜੇ ਵੱਲ ਵੇਖਿਆ। ਫਿਰ ਅੱਖੋ-ਅੱਖੀਂ ਜਿਵੇਂ ਕੋਈ ਸਮਝੌਤਾ ਕਰ ਲਿਆ ਹੋਵੇ, ਉਹ ਗਿਰਝਾਂ ਨੂੰ ਦੂਰ ਭਜਾ ਸ਼ਿਕਾਰ ਤੇ ਟੁੱਟ ਪਏ। ਉਹ ਪੂਰਾ ਰੱਜ ਕਰਕੇ ਵਾਪਿਸ ਪਿੰਡ ਪਰਤ ਆਏ। ਉਨਾਂ ਨੂੰ ਹੁਣ ਆਪਸ 'ਚ ਕੋਈ ਗਿਲਾ ਸ਼ਿਕਵਾ ਨਹੀਂ ਸੀ। ਸੀਬੂ ਜਿਹੜਾ ਇਹ ਸਭ ਕੁੱਝ ਵੇਖ ਰਿਹਾ ਸੀ, ਦੇ ਮਨ ਵਿਚ ਬਖਸ਼ਾ ਸਿਹੁੰ ਦੇ ਬੋਲ ਤੇ ਪਿਛਲੇ ਦਿਨੀਂ ਆਪਣੇ ਪਿੰਡ ਵਿਚ ਵਾਪਰੀਆਂ ਘਟਨਾਵਾਂ ਚੱਕਰ ਕੱਟ ਗਈਆਂ। ਉਸ ਸੋਚਿਆ ਇਕ ਦੂਜੇ ਨੂੰ ਜਾਨੋਂ ਮਾਰਨ ਵਾਲੇ ਕੁੱਤੇ ਆਪਸ ਵਿਚ ਮਾਲ ਦੀ ਬੋਟੀ ਤੇ ਸਮਝੌਤਾ ਕਰੀ ਬੈਠੇ ਸਨ ਅਤੇ ਪਿੰਡ ਦੇ ਦੋਵੇਂ ਚੌਧਰੀ ਵੀ। ਪਰ ਲੋਕ ਕਦੋਂ ਮਿਲ ਬੈਠਣਗੇ ਦਾ ਉਸ ਦੀ ਸੋਚ ਕੋਈ ਉੱਤਰ ਨਹੀਂ ਸੀ ਦੇ ਸਕੀ।

## (2.) ਈਮਾਨਦਾਰ

ਮਾਸਟਰ ਧੀਰ ਨੇ ਬੱਚਿਆਂ ਨੂੰ ਸੱਚ ਬੋਲਣ, ਹੇਰਾ-ਫੇਰੀ ਨਾ ਕਰਨ ਅਤੇ ਈਮਾਨਦਾਰ ਬਣ ਕੇ ਰਹਿਣ ਦੀ ਨਸੀਅਤ ਕੀਤੀ। ਅੱਠਾਂ ਸਾਲਾਂ ਦੇ ਪੰਮੀ ਨੇ ਆਪਣੇ ਮਾਸਟਰ ਦੀਆਂ ਗੱਲਾਂ ਧਿਆਨ ਨਾਲ ਸੁਣੀਆਂ ਅਤੇ ਸਦਾ ਸੱਚ ਬੋਲਣ ਤੇ ਈਮਾਨਦਾਰ ਬਣ ਕੇ ਰਹਿਣ ਦਾ ਪ੍ਰਣ ਕਰ ਲਿਆ।

ਉਸੇ ਦਿਨ ਮਾਸਟਰ ਧੀਰ ਨੇ ਪੰਮੀ ਨੂੰ ਡਾਕਖਾਨੇ ਤੋਂ ਲਫਾਫੇ ਲਿਆਉਣ ਲਈ ਪੰਜਾਹ ਪੈਸੇ ਦਿੱਤੇ। ਉਹ ਪੋਸਟ ਮਾਸਟਰ ਕੋਲ ਗਿਆ। ਉਸ ਨੇ ਗਲਤੀ ਨਾਲ ਪੰਜਾਹ ਪੈਸਿਆਂ ਨੂੰ ਰੁਪਿਆ ਸਮਝ ਕੇ ਦੋ ਲਫਾਫੇ ਤੇ ਪੰਜਾਹ ਪੈਸੇ ਮੋੜ ਦਿੱਤੇ। ਪੰਮੀ ਨੇ ਸੋਚਿਆ ਸ਼ਾਇਦ ਮਾਸਟਰ ਹੁਰਾਂ ਰੁਪਿਆ ਦਿੱਤਾ ਸੀ। ਉਹ ਭੁਲੇਖਾ ਕੱਢ ਕੇ ਪੈਸੇ ਪੋਸਟ ਮਾਸਟਰ ਨੂੰ ਮੋੜ ਜਾਏਗਾ। ਲਫਾਫੇ ਮਾਸਟਰ ਜੀ ਨੂੰ ਫੜਾਉਂਦਿਆਂ ਉਸ ਪੁੱਛਿਆ, 'ਮਾਸਟਰ ਜੀ, ਤੁਸਾਂ ਮੈਨੂੰ ਕਿੰਨੇ ਪੈਸੇ ਦਿੱਤੇ ਸਨ'?

'ਪੰਜਾਹ ਪੈਸੇ', ਮਾਸਟਰ ਨੇ ਕਿਹਾ।

'ਪਰ ਉਸ ਤਾਂ ਪੰਜਾਹ ਪੈਸੇ ਲਫਾਫਿਆਂ ਦੇ ਨਾਲ ਹੀ ਮੋੜ ਦਿੱਤੇ ਹਨ।' ਪੰਮੀ ਨੇ ਦੱਸਿਆ ਅਤੇ ਅਠਿਆਨੀ ਮਾਸਟਰ ਜੀ ਨੂੰ ਫੜਾਉਣੀ ਚਾਹੀ।

'ਚੱਲ, ਇਹ ਪੈਸੇ ਲੈ ਜਾਹ ਅਤੇ ਦੁਕਾਨੋਂ ਲੂਣ ਵਾਲੀ ਦਾਲ ਲੈ ਆ, ਦੋ ਮਿੰਟ ਮੂੰਹ ਹੀ ਕਰਾਰਾ ਕਰ ਲੈਨੇ ਆਂ'। ਇਹ ਸੁਣ ਕੇ ਪੰਮੀ ਮਾਸਟਰ ਧੀਰ ਦੀ ਈਮਾਨਦਾਰੀ ਤੇ ਹੈਰਾਨ ਰਹਿ ਗਿਆ।

## (3). ਮੁਸਕਾਨ ਦੀ ਰਿਸ਼ਵਤ

ਤੀਹ ਮੀਲ ਦਾ ਪੈਂਡਾ ਮਾਰ ਮਾਸਟਰ ਕੀਰਤੀ ਸਲਾਨਾ ਤਰੱਕੀ ਲਵਾਉਣ ਲਈ ਸਿੱਖਿਆ ਦਫ਼ਤਰ ਗਿਆ ਉਸ ਬਾਬੂ ਰਾਕੇਸ਼ ਨੂੰ ਤਰੱਕੀ ਲਾਉਣ ਲਈ ਆਖਿਆ।

'ਅੱਜ ਨਹੀਂ ਵਿਹਲ, ਕੱਲ ਨੂੰ ਆਉਣਾ'। ਬਾਬੂ ਨੇ ਬਿਨਾਂ ਮੂੰਹ ਉਤਾਂਹ ਚੁਕਿਆਂ ਬੁੜ ਬੁੜ ਕੀਤੀ।

'ਬਾਬੂ ਜੀ, ਸਿੰਗਲ ਟੀਚਰ ਸਕੂਲ ਆ, ਬੱਚਿਆਂ ਦਾ ਬਹੁਤ ਨੁਕਸਾਨ ਹੁੰਦਾ ਇਸ ਤਰਾਂ ਸਕੂਲ ਛੱਡ ਕੇ ਆਇਆਂ।' ਮਾਸਟਰ ਕੀਰਤੀ ਨੇ ਕਿਹਾ। 'ਫਿਰ ਮੈਂ ਕੀ ਕਰਾਂ?' ਬਾਬੂ ਨੇ ਮੱਥੇ ਤੇ ਤਿਉੜੀਆਂ ਪਾ, ਮੂੰਹ ਤੇ ਗੁੱਸੇ ਦੇ ਭਾਵ ਲਿਆਉਂਦਿਆਂ ਕਿਹਾ। ਮਾਸਟਰ ਕੀਰਤੀ ਨੇ ਜਦੋਂ ਬਹੁਤੇ ਤਰਲੇ ਕੀਤੇ, ਬਾਬੂ ਨੇ ਉਹਨੂੰ ਦੁਪਹਿਰੋਂ ਬਾਅਦ ਆਉਣ ਲਈ ਕਹਿ ਦਿੱਤਾ।

ਉਦੋਂ ਹੀ ਇਕ ਟੀਚਰਸ ਨੇ ਬਾਬੂ ਰਾਕੇਸ਼ ਅੱਗੇ ਲਿਆ ਕੇ ਸਲਾਨਾਂ ਤਰੱਕੀ ਲਾਉਣ ਲਈ ਸਰਵਿਸ ਬੁੱਕ ਰੱਖੀ। ਉਸ ਉਪਰ ਵਲ ਤੱਕਿਆ। ਮਿਸ ਸੋਨੀਆਂ ਮੁਸਕਰਾਉਂਦੀ ਉਹਨੂੰ ਕਹਿ ਰਹੀ ਸੀ, 'ਆਹ ਮੇਰੀ ਤਰੱਕੀ ਤਾਂ ਲਾ ਦਿਓ।' 'ਬੈਠੋ, ਬੈਠੋ, ਹੁਣੇ ਲਾ ਦੇਨਾਂ।' ਆਖ ਬਾਬੂ ਹੱਥਲਾ ਕੰਮ ਛੱਡ ਮਿਸ ਸੋਨੀਆਂ ਦੇ ਬੁਲਾਂ 'ਤੇ ਆਈ ਮੁਸਕਰਾਹਟ ਦਾ ਸੁਆਦ ਮਾਣਦਾ, ਉਹਦਾ ਕੰਮ ਕਰਨ ਲੱਗ ਪਿਆ।

ਦੂਰ ਖੜਾ ਮਾਸਟਰ ਕੀਰਤੀ ਇਸ ਨਵੀਂ ਕਿਸਮ ਦੀ ਮੁਸਕਰਾਹਟ ਦੀ ਰਿਸ਼ਵਤ ਤੇ ਹੈਰਾਨ ਰਹਿ ਗਿਆ।

## (4). ਤਬਦੀਲੀ

'ਐਹੋ ਜਿਹੀ ਔਲਾਦ ਖੁਣੋਂ ਕੀ ਥੁੜਿਆ ਹੋਇਆ ਸੀ ? ਸਵੇਰ ਦਾ ਗਿਆ ਹੁਣ ਤਕ ਨਹੀਂ ਮੁੜਿਆ। ਤੂੰ ਹੀ ਗੰਦੀ ਔਲਾਦ ਨੂੰ ਭੂਏ ਚਾੜ੍ਹਿਆ ਹੋਇਐ? ਕੰਮ ਦਾ ਡੱਕਾ ਦੋਹਰਾ ਨਹੀਂ ਕਰਦਾ ਪੇ ਦਾ ਪੁਤ, ਸਾਰਾ ਦਿਨ' ਬਾਪੂ ਨੇ ਮਾਂ ਨੂੰ ਕਿਹਾ। ਬਾਪੂ ਦਾ ਪਾਰਾ ਚੜ੍ਹਿਆ ਹੋਇਆ ਸੀ। ਉਹ ਕਦੇ ਮੰਜੇ 'ਤੇ ਬੈਠ ਜਾਂਦਾ, ਕਦੇ ਘਰ ਵਿਚ ਇਧਰ ਉਧਰ ਫਿਰਨ ਲਗ ਪੈਂਦਾ। ਉਹਨੂੰ ਔਚਵੀਂ ਜਿਹੀ ਲੱਗੀ ਹੋਈ ਸੀ।

ਛੋਟਾ ਬਿੱਲੂ ਘਰ ਪਰਤਿਆ। ਉਸ ਰਜ ਕੇ ਸ਼ਰਾਬ ਪੀਤੀ ਹੋਈ ਸੀ। ਆਉਂਦਾ ਹੀ ਉਹ ਬਾਪੂ ਕੋਲ ਗਿਆ, ਝੋਲੇ 'ਚੋਂ ਅਧੀਆ ਕੱਢ ਉਸ ਬਾਪੂ ਨੂੰ ਫੜਾਇਆ ਅਤੇ ਆਪ ਰੋਟੀ ਖਾਣ ਆ ਲਗਾ। ਮਾਂ ਜਿਹੜੀ ਬਾਪੂ ਦੀ ਸੁਣ ਹੁਣ ਤਕ ਚੁੱਪ ਬੈਠੀ ਸੀ, ਹਰਖਕੇ ਬੋਲੀ, 'ਬਿੱਲੂ ਤੈਨੂੰ ਸ਼ਰਮ ਨਹੀਂ ਆਉਂਦੀ ਕੁੱਤਿਆਂ ਵਾਂਗ ਫਿਰਦੇ ਨੂੰ। ਸਾਰੀ ਦਿਹਾੜੀ ਤੂੰ ਸ਼ਰਾਬ ਪੀਂਦਾ ਰਹਿੰਦਾ। ਤੂੰ ਸਾਨੂੰ ਕਦੇ ਸੁੱਖ ਦਾ ਸਾਹ ਵੀ ਲੈਣ ਦੇਵੇਂਗਾ ਕਿ ਨਹੀਂ। ਬਿੱਲੂ ਸੁਣ ਚੁੱਪ ਰਿਹਾ ਤਦੇ ਬਾਪੂ ਬੋਲਿਆ, 'ਐਵੇਂ ਨਾ ਮੁੰਡਿਆਂ ਨੂੰ ਝਿੜਕਿਆ ਕਰ ਬਿੱਲੂ ਦੀ ਮਾਂ, ਜਵਾਨ ਪੁੱਤ ਬਰਾਬਰ ਦੇ ਹੋ ਗਏ ਆ ਹੁਣ'।

ਮਾਂ ਇਸ ਥੋੜੇ ਚਿਰਾਂ ਵਿਚ ਆਈ ਇਸ ਤਬਦੀਲੀ ਤੇ ਹੈਰਾਨ ਸੀ।

## (5) ਕੰਪਿਊਟਰ

ਉਹ ਸਵੇਰੇ ਉੱਠਦੀ, ਖਾਣਾ ਤਿਆਰ ਕਰਦੀ, ਸੁੱਤੇ ਪਏ ਬੱਚਿਆਂ ਨੂੰ ਉਠਾਉਂਦੀ ਅਤੇ ਕੰਮ ਕਰਨ ਤੁਰ ਜਾਂਦੀ। ਉਹ ਸਾਰਾ ਦਿਨ ਕੰਮ ਕਰਦੀ, ਵਾਪਿਸ ਘਰ ਆ, ਮੁੜ ਕੰਮ 'ਤੇ ਆ ਲਗਦੀ। ਉਹਦਾ ਪਤੀ ਆਉਂਦਾ, ਉਹ ਉਹਦੀ ਵੀ ਸੇਵਾ ਕਰਦੀ ਅਤੇ ਅੱਕ ਥੱਕ ਕੇ ਸੌਂ ਜਾਂਦੀ। ਵਲੈਤ ਆਈ ਕੁੜੀ ਰੀਨਾ ਦਾ ਇਹ ਕਈ ਵਰਿਆਂ ਦਾ ਨਿੱਤ ਕਰਮ ਸੀ। ਕਦੇ ਕਦਾਈ ਉਹਦਾ ਜੀਅ ਕਰਦਾ ਉਹ ਪਤੀ ਨਾਲ ਘੁੰਮੇ, ਫਿਰੇ, ਵਲੈਤ ਦੀਆਂ ਸੈਰਾਂ ਕਰੇ। ਪਰ ਲਾਲਚੀ ਪਤੀ ਤਾਂ ਪੌਂਡਾਂ ਦੇ ਚੱਕਰ 'ਚ ਜਿਵੇਂ ਉਹਨੂੰ ਵਿਸਾਰ ਹੀ ਚੁੱਕਾ ਸੀ। ਉਹ ਦੇ ਸਟੋਰ 'ਚ ਰੰਗ-ਬਿਰੰਗੇ ਗਾਹਕ ਆਉਂਦੇ, ਤਰਾਂ-ਤਰਾਂ ਦੇ ਲੋਕ। ਉਹ ਸੋਚਦੀ, 'ਕਿੰਨੇ ਚੰਗੇ ਹਨ ਇਹ ਲੋਕ, ਆਪਣੀ ਜ਼ਿੰਦਗੀ ਇਨਜੁਆਏ ਕਰਦੇ ਹਨ ਅਤੇ ਮੈਂ ਤਾਂ ਮਸ਼ੀਨ ਨਾਲ ਮਸ਼ੀਨ ਹੋ ਬੈਠੀ ਹਾਂ। ਟੂ ਪਲੱਸ ਟੂ ਫੋਰ, ਸਲਿੱਪ ਮਸ਼ੀਨ ਤੋਂ ਬਾਹਰ, ਉਹਦੇ ਹੱਥਾਂ ਚ ਹੁੰਦੀ, ਉਹ ਗਾਹਕ ਨੂੰ ਸਲਿੱਪ ਦਿੰਦੀ। ਅਗਲੇ ਗਾਹਕ ਨੂੰ ਭੁਗਤਾਉਣ ਲਈ ਉਹਦਾ ਸਮਾਨ ਅਤੇ ਉਸ ਉਤੇ ਲਗਿਆ ਮੁੱਲ ਮਸ਼ੀਨ ਨਾਲ ਦੱਬਦੀ, ਸਲਿੱਪ ਕੱਢਦੀ ਅਗਲੇ ਗਾਹਕ ਨੂੰ ਆਖਦੀ, 'ਕੈਨ ਆਈ ਹੈਲਪ ਯੂ, ਪਲੀਜ਼' ਇੰਜ ਕਰਦਿਆਂ ਉਹਨੂੰ ਜਾਪਿਆ, ਉਹ ਵੀ ਕੰਮਪਿਊਟਰ ਹੀ ਬਣ ਗਈ।

## (6). ਓ. ਕੇ.

'ਹੈਲੋ ਗੁਰਦੀਪ! ਮੈਂ ਸਤਨਾਮ ਬੋਲ ਰਿਹਾਂ'

'ਹੈਲੋ! ਕੀ ਹਾਲ ਆ ਗੁਰਦੀਪ? ਕਦੋਂ ਆਇਆ ਇੰਡੀਆ ਤੋਂ?'

ਬੱਸ ਕੱਲ ਹੀ ਆਇਆ ਮੈਂ। ਸਾਊਥਾਲ ਰਹਿ ਰਿਹਾ ਹਾਂ।

ਤੂੰ ਕਦੋਂ ਮਿਲੇਂਗਾ ਮੈਨੂੰ?

'ਯਾਰ! ਦੋ ਕੁ ਦਿਨ ਕੰਮ ਐ, ਮੈਂ ਤੈਨੂੰ ਵਿਹਲ ਕੱਢ ਕੇ ਮਿਲਾਂਗਾ।'

'ਓ. ਕੇ.' ਆਖ ਉਸ ਫੋਨ ਰੱਖ ਦਿੱਤਾ।

ਸਤਨਾਮ ਕਈ ਦਿਨ ਆਪਣੇ ਦੋਸਤ ਨੂੰ ਉਡੀਕਦਾ ਰਿਹਾ। ਅੱਕ ਕੇ ਉਸ ਇਕ ਦਿਨ ਫਿਰ ਟੈਲੀਫੋਨ ਕੀਤਾ।

'ਹੈਲੋ! ਯਾਰ ਤੇਰਾ ਜੀਅ ਨਹੀਂ ਕਰਦਾ ਮਿਲਣ ਨੂੰ?'

ਜੀਆ ਤਾ ਬਹੁਤ ਕਰਦਾ ਯਾਰ।

ਮੈਂ ਡਿਊਟੀ 'ਤੇ ਜਾ ਰਿਹਾ ਹਾਂ। ਤੂੰ ਇਥੇ ਕਿੰਨਾ ਕੁ ਚਿਰ ਏਂ?'

'ਬੱਸ ਦੋ ਕੁ ਹਫਤੇ ਹੋਰ।'

'ਤਾਂ ਫਿਰ ਯਾਰ, ਆਪਾਂ ਇੰਡੀਆ ਹੀ ਮਿਲਾਂਗੇ, ਓ.ਕੇ.।

'ਓ.ਕੇ.' ਆਖ ਉਸ ਨਿਰਾਸ਼ ਹੋ ਕੇ ਫੋਨ ਰੱਖ ਦਿੱਤਾ।

# ਆਪਸੀ ਸੋਚ ਅਤੇ ਮਾਂ ਬੋਲੀ



ਜਸਕੀਰਤ ਸਿੰਘ
ਸੰਪਰਕ :- ੯੮੮੮੯-੪੯੨੦੧

ਸਾਡੇ ਭਾਰਤੀ ਲੋਕ ਚਾਅ ਕਿ ਵੀ ਬਾਹਰਲੇ ਮੁਲਖਾਂ ਦੇ ਲੋਕਾਂ ਵਰਗੇ ਨਹੀਂ ਬਣ ਸਕਦੇ। ਜਿੱਥੇ ਜਾਕੇ ਸਾਡੇ ਭਾਰਤੀਆਂ ਦੀ ਸੋਚਣ ਸ਼ਕਤੀ ਖ਼ਤਮ ਹੁੰਦੀ ਹੈ, ਉਥੋਂ ਤਾਂ ਵਿਦੇਸ਼ੀ ਲੋਕ ਆਪਣੀ ਸੋਚ ਦੀ ਸ਼ੁਰੂਆਤ ਕਰਦੇ ਹਨ। ਜੇਕਰ ਉਥੋਂ ਦੇ ਲੋਕ ਛੋਟੇ ਕੱਪੜੇ ਵੀ ਪਾਉਂਦੇ ਹਨ ਤਾਂ ਉਨਾਂ ਦੀ ਸੋਚ ਵੀ ਉਨਾਂ ਦੇ ਕੱਦ ਨਾਲੋਂ ਕਈ ਗੁਣਾ ਉੱਚੀ ਹੈ। ਉਥੇ ਹੀ ਸਾਡੇ ਭਾਰਤੀ ਸਮਾਜ ਵਿਚ ਕੱਪੜੇ ਜਿਨੇ ਵੱਡੇ ਹਨ ਲੋਕਾਂ ਦੀ ਸੋਚ ਉਸ ਤੋਂ ਵੀ ਵੱਧ ਛੋਟੀ ਰਹਿ ਜਾਂਦੀ ਹੈ।

ਤੁਸੀਂ ਕਿਸੇ ਵੀ ਵਿਦੇਸ਼ੀ ਮੁਲਖ ਦਾ ਇਤਿਹਾਸ ਜਾਂ ਸਭਿਆਚਾਰ ਪੜ ਕੇ ਦੇਖ ਲਵੋ। ਉਥੋਂ ਦੇ ਲੋਕ ਆਪਣੀ ਕੌਮ ਆਪਣੇ ਧਰਮ ਆਪਣੇ ਸਭਿਆਚਾਰ ਆਪਣੀ ਬੋਲੀ ਪ੍ਰਤੀ ਬਹੁਤ ਵਫ਼ਾਦਾਰ ਹਨ।

ਉਹ ਲੋਕ ਪਹਿਲਾਂ ਆਪਣੇ ਸਭਿਆਚਾਰ ਆਪਣੀ ਬੋਲੀ ਨੂੰ ਅਹਿਮੀਅਤਾਂ ਦਿੰਦੇ ਹਨ ਅਤੇ ਦੂਜੀ ਬੋਲੀ ਜਾਂ ਕਿਸੇ ਹੋਰ ਸਭਿਆਚਾਰ ਨੂੰ ਜਲਦੀ ਕਿਤੇ ਵਰਤੋਂ ਵਿੱਚ ਨਹੀਂ ਲਿਆਉਂਦੇ।

ਉਥੇ ਹੀ ਦੂਜੀ ਔਰ ਸਾਡੇ ਭਾਰਤੀ ਲੋਕ ਜੋ ਗੱਲਾਂ ਵਿਚ ਤਾਂ ਆਪਣੇ ਸਭਿਆਚਾਰ ਆਪਣੀ ਬੋਲੀ ਨੂੰ ਸੱਭ ਤੋਂ ਪੁਰਾਣਾ ਦੱਸਦੇ ਹਨ, ਉਥੇ ਹੀ ਇਹ ਲੋਕ ਆਏ ਦਿਨ ਵਿਦੇਸ਼ੀ ਬੋਲੀ ਅਤੇ ਉਥੋਂ ਦੇ ਸਭਿਆਚਾਰ ਨੂੰ ਅਪਨਾਉਣ ਵਿੱਚ ਲੱਗੇ ਹੋਏ ਹਨ। ਆਪਣੀ ਮਾਂ ਬੋਲੀ ਤੋਂ ਪਹਿਲਾਂ ਉਹ ਅੰਗਰੇਜ਼ੀ ਨੂੰ ਅਹਿਮੀਅਤ ਦਿੰਦੇ ਹਨ, ਅੰਗਰੇਜ਼ੀ ਭਾਸ਼ਾ ਨੂੰ ਆਪਣੀ ਮਾਂ ਬੋਲੀ ਦੇ ਨਾਲ ਤੋਲਦੇ ਹਨ। ਇਹ ਸੱਭ ਕੁਝ ਜ਼ਿਆਦਾਤਰ ਭਾਰਤੀ ਸੰਸਕ੍ਰਿਤੀ ਵਿੱਚ ਹੀ ਵੇਖਣ ਨੂੰ ਮਿਲਦਾ ਹੈ।

ਜੇਕਰ ਅਸੀਂ ਹੁਣ ਗੱਲ ਵਿਦੇਸ਼ੀ ਸਭਿਆਚਾਰ ਦੀ ਕਰੀਏ ਤਾਂ ਉਥੋਂ ਦੇ ਲੋਕ ਸੱਭ ਤੋਂ ਪਹਿਲਾਂ ਆਪਣੀ ਮਾਂ ਬੋਲੀ ਨੂੰ ਮੁੱਖ ਰੱਖਕੇ ਗੱਲ ਕਰਦੇ ਹਨ। ਉਹ ਬੋਲੀ ਭਾਵੇਂ ਅੰਗਰੇਜ਼ੀ, ਫ਼ਾਰਸੀ, ਫ੍ਰੈਂਚ, ਰਸ਼ੀਅਨ ਆਦਿ ਹੀ ਕਿਉਂ ਨਾ ਹੋਵੇ। ਉਥੋਂ ਦੇ ਲੋਕ ਆਪਣੀ ਮਾਂ ਬੋਲੀ ਆਪਣੀ ਭਾਸ਼ਾ ਨੂੰ ਬੋਲਣ ਲਿਖਣ ਲੱਗੇ ਮਾਨ ਮਹਿਸੂਸ ਕਰਦੇ ਹਨ।

ਬੇਸ਼ੱਕ ਅੰਗਰੇਜ਼ੀ ਨੂੰ ਦੁਨੀਆਂ ਦੇ ਵਿੱਚ ਸੱਭ ਤੋਂ ਵੱਧ ਬੋਲੀ ਜਾਣ ਵਾਲੀ ਭਾਸ਼ਾ ਵਜੋਂ ਜਾਣਿਆ ਜਾਂਦਾ ਹੈ, ਪਰ ਉਥੇ ਇਹ ਵੀ ਨਾ ਭੁੱਲੋ ਕਿ ਕਈ ਦੇਸ਼ਾਂ ਵਿਚ ਅੰਗਰੇਜ਼ੀ ਬੋਲੀ ਤੋਂ ਵੱਧ ਉਸੇ ਦੇਸ਼ ਦੀ ਮਾਤਭਾਸ਼ਾ ਬੋਲੀ ਜਾਂਦੀ ਹੈ। ਜੇਕਰ ਤੁਹਾਨੂੰ ਉਸ ਦੇਸ਼ ਦੀ ਬੋਲੀ ਨਹੀਂ ਆਉਂਦੀ ਤਾਂ ਤੁਸੀਂ ਉਥੇ ਕਿਸੇ ਵੀ ਕੰਮ ਦੇ ਨਹੀਂ, ਬੇਸ਼ਕ ਤੁਹਾਨੂੰ ਅੰਗਰੇਜ਼ੀ ਜਿੰਨੀ ਮਰਜ਼ੀ ਆਉਂਦੀ ਹੋਵੇ। ਯੂਰਪ ਵਰਗੇ ਦੇਸ਼ਾਂ ਵਿਚ ਵੀ ਅੰਗਰੇਜ਼ੀ ਕਾਫ਼ੀ ਹੱਦ ਤੱਕ ਬੋਲੀ ਜਾਂਦੀ ਹੈ ਪਰ ਉਸਤੋਂ ਹੱਟ ਜੇ ਤੁਹਾਨੂੰ ਯੂਰੋਪ ਦੇ ਵਿੱਚ ਜਰਮਨ ਜਾਂ ਫ੍ਰੈਂਚ ਨਹੀਂ ਆਉਂਦੀ ਤਾਂ ਤੁਸੀਂ ਉਸ ਇਨਸਾਨ ਵਰਗੇ ਹੋ, ਜਿਸ ਦੇ ਕੋਲ ਬੈਂਕ ਵਿੱਚ ਕਰੋੜਾਂ ਦੇ ਹਿਸਾਬ ਨਾਲ਼ ਪੈਸੇ ਹਨ ਪਰ ਉਸ ਕੋਲ ਏ.ਟੀ.ਐਮ ਅਤੇ ਚੈਕ ਬੁੱਕ ਨਹੀਂ ਹੈ।

ਨਵੀਂ ਭਾਸ਼ਾ ਨੂੰ ਸਿੱਖਣਾ ਅਤੇ ਉਸ ਭਾਸ਼ਾ ਦੀ ਸਹਾਇਤਾ ਨਾਲ ਵੱਖ-ਵੱਖ ਦੇਸ਼ਾਂ ਦੇ ਇਤਿਹਾਸ ਤੋਂ ਜਾਣੂ ਹੋਣਾ ਵੱਖਰੀ ਗੱਲ ਹੈ, ਪਰ ਨਵੀਂ ਭਾਸ਼ਾ ਨੂੰ ਸਿੱਖਣ ਦੀ ਆੜ ਵਿੱਚ ਆਪਣੀ ਉਸ ਭਾਸ਼ਾ ਜਾਂ ਉਸ ਬੋਲੀ ਨੂੰ ਨੀਵਾਂ ਕਰਨਾ, ਜਿਸ ਨੇ ਤੁਹਾਨੂੰ ਤੁਹਾਡੇ ਜਨਮ ਤੋਂ ਲੈ ਕੇ ਤੁਹਾਨੂੰ ਕੁਝ ਨਵਾਂ ਸਿੱਖਣ ਦੇ ਕਾਬੀਲ ਕੀਤਾ। ਜਿਸ ਬੋਲੀ ਨੇ ਤੁਹਾਡੇ ਮੂੰਹੋ ਪਹਿਲੀ ਵਾਰ ਮਾਂ-ਪਿਉ ਨੂੰ ਪੁਕਾਰਿਆ ਹੈ। ਉਸ ਮਾਂ ਬੋਲੀ, ਉਸ ਭਾਸ਼ਾ ਨੂੰ ਹੋਰਾਂ ਭਾਸ਼ਾਵਾਂ ਦੇ ਮੁਕਾਬਲੇ ਛੋਟਾ ਸਮਝ ਉਸ ਨੂੰ ਭੁੱਲ ਜਾਣਾ ਜਾਂ ਉਸਨੂੰ ਬੋਲਣ ਲੱਗੇ ਸੰਗ ਮਹਿਸੂਸ ਕਰਨਾ। ਉਸ ਇਨਸਾਨ ਦੀ ਤਰਾਂ ਹੈ ਜੋ ਨਸ਼ੇ ਦੀ ਲੋਅ ਵਿਚ ਮਸਤ ਆਪਣੇ ਅਗਲੇ ਦਿਨ ਦੇ ਨਸ਼ੇ ਵਾਸਤੇ ਆਪਣੀ ਹੀ ਮਾਂ ਨੂੰ ਮਾਰ ਉਸਦੇ ਗਹਿਣੇ ਤੱਕ ਵੇਚ ਦਿੰਦਾ ਹੈ।

ਤਾਂ ਇਸ ਕਰਕੇ ਨਵਾਂ ਕੁਝ ਵੀ ਸਿੱਖੋ, ਕੋਈ ਵੀ ਨਵੀਂ ਭਾਸ਼ਾ ਦਾ ਗਿਆਨ ਹਾਸਲ ਕਰੋ ਤਾਂ ਜੋ ਤੁਸੀਂ ਉਸ ਸਿੱਖੀ ਹੋਈ ਭਾਸ਼ਾ ਦੇ ਜਰੀਏ ਉਸ ਦੇਸ਼ ਦਾ ਇਤਿਹਾਸ ਜਾਣ ਸਕੋ। ਉਸ ਦਾ ਪੁਰਾਤਨ ਸਭਿਆਚਾਰ ਪਛਾਣ ਸਕੋ। ਵਿਦੇਸ਼ੀ ਮੁਲਖਾਂ ਨੂੰ ਵੇਖ ਆਪਣੀ ਸੋਚ ਨੂੰ ਬਦਲਿਆ ਜਾਏ ਨਾਕਿ ਆਪਣੇ ਪਹਿਰਾਵੇ ਆਪਣੀ ਬੋਲੀ ਆਪਣੀ ਸੰਸਕ੍ਰਿਤ ਨੂੰ ਬਦਲਿਆ ਜਾਏ। ਯਾਦ ਰੱਖਣਾ ਜੋ ਆਪਣੀ ਨੀਂਹ ਆਪਣਾ ਪਿਛੋਕੜ ਭੁੱਲ ਜਾਂਦਾ ਹੈ ਦੁਨੀਆਂ ਵੀ ਉਸ ਨੂੰ ਭੁੱਲਣ ਲੱਗੇ ਬਹੁਤਾ ਸਮਾਂ ਨਹੀਂ ਲਾਉਂਦੀ।

# ਧਰਮਾਂ ਦੀ ਆੜ ਤੇ ਹੁੰਦੇ ਦੰਗੇ ਫ਼ਸਾਦ ਬਨਾਮ ਇਨਸਾਨੀਅਤ

**ਹਰਕੀਰਤ ਕੌਰ**
ਮੋ. ੯੭੭੯੧੧੮੦੬੬

ਧਰਮ ਦਾ ਧੁਰਾ ਸੱਚ ਹੈ। ਧਰਮ ਦਾ ਮਕਸਦ ਸਚਿਆਰੇ ਮਨੁੱਖਾਂ ਦੀ ਘਾੜਤ ਹੈ। ਜੇ ਮਨੁੱਖ ਸਚਿਆਰੇ ਹੋਣਗੇ ਤਾਂ ਹੀ ਇੱਕ ਸੁਚੱਜਾ ਸਮਾਜ ਸਿਰਜਿਆ ਜਾ ਸਕਦਾ। ਜਦੋਂ ਮਨੁੱਖ ਨੇ ਮਾਂ ਦੇ ਗਰਭ ਚੋਂ ਜਨਮ ਲਿਆ ਤਾਂ ਉਸਦਾ ਕੋਈ ਧਰਮ ਨਹੀਂ ਸੀ, ਉਹ ਨਹੀਂ ਜਾਣਦਾ ਸੀ ਕਿ ਸਿੱਖ, ਮੁਸਲਮਾਨ, ਹਿੰਦੂ, ਬੋਧੀ, ਜੈਨੀ, ਇਸਾਈ ਕੌਣ ਹਨ, ਉਸਨੂੰ ਬਸ ਸਾਰੇ ਮਨੁੱਖ ਜਾਪਦੇ ਸਨ, ਆਪਣੇ ਵਰਗੇ ਸਮਾਨ ਮਨੁੱਖ। ਜਿਉਂ ਜਿਉਂ ਵੱਡਾ ਹੁੰਦਾ ਗਿਆ ਪਰਿਵਾਰ ਜਨਾਂ ਤੋਂ ਪਤਾ ਲੱਗਾ ਕਿ ਅਸੀਂ ਹਿੰਦੂ, ਸਿੱਖ, ਮੁਸਲਮਾਨ ਜਾਂ ਇਸਾਈ ਹਾਂ, ਅਸੀਂ ਸਿਰਫ਼ ਆਪਣੇ ਧਾਰਮਿਕ ਸਥਾਨ ਵਿੱਚ ਜਾਕੇ ਪੂਜਾ ਅਰਚਨਾ ਕਰਨੀ ਹੈ। ਦੂਸਰੇ ਧਰਮਾਂ ਬਾਰੇ ਜਦ ਬੱਚੇ ਨੇ ਜਾਨਣ ਦੀ ਕੋਸ਼ਿਸ ਕੀਤੀ ਉਸ ਨੂੰ ਉਸੇ ਵੇਲੇ ਟੋਕ ਦਿੱਤਾ ਗਿਆ ਅਤੇ ਤਾੜਨਾ ਕੀਤੀ ਗਈ ਕਿ ਉਹ ਸਿਰਫ਼ ਇੱਕ ਆਪਣੇ ਧਰਮ ਬਾਰੇ ਹੀ ਗਿਆਨ ਇਕੱਠਾ ਕਰ ਸਕਦਾ ਹੈ। ਬਚਪਨ ਤੋਂ ਮਿਲਿਆ ਅਜਿਹਾ ਮਾਹੌਲ ਅਤੇ ਵਿਵਹਾਰ ਬੱਚੇ ਅੰਦਰ ਧਰਮ ਪ੍ਰਤੀ ਇੱਕ ਸਹਿਮ, ਰੱਬ ਪ੍ਰਤੀ ਇੱਕ ਡਰ ਅਤੇ ਦੂਸਰੇ ਧਰਮਾਂ ਪ੍ਰਤੀ ਈਰਖਾ ਪੈਦਾ ਕਰ ਦਿੰਦਾ ਹੈ । ਮਨੁੱਖ ਦਾ ਸਾਂਝਾ ਧਰਮ ਸਿਰਫ਼ ਇੱਕ ਹੈ ਉਹ ਹੈ ਇਨਸਾਨੀਅਤ। ਜਿੰਨੇ ਧਰਮਾਂ ਦੇ ਗੁਰੂ, ਪੀਰ ਪੈਗੰਬਰ, ਰਿਸ਼ੀ ਮੁਨੀ ਹੋਏ ਹਨ ਸਾਰਿਆਂ ਨੇ ਮਨੁੱਖਤਾ ਦੀ ਸੇਵਾ ਦਾ ਉਪਦੇਸ਼ ਦਿੱਤਾ, ਜਾਤ ਪਾਤ, ਧਰਮਾਂ ਦੇ ਨਾਂ ਤੇ ਪਈਆਂ ਵੰਡੀਆਂ ਨੂੰ ਖਤਮ ਕਰ 'ਮਾਨਸ ਕੀ ਜਾਤ ਸਭੈ ਏਕ ਪਹਿਚਾਣਬੋ।।' ਦਾ ਉਪਦੇਸ਼ ਦਿੱਤਾ। ਪਰ ਮੈਂ ਅੱਜ ਦੇ ਹਲਾਤਾਂ ਨੂੰ ਵੇਖ ਕੇ ਹੈਰਾਨ ਹੁੰਦੀ ਹਾਂ ਕਿ ਆਪਣੇ ਆਪ ਨੂੰ ਧਰਮੀ ਅਖਵਾਉਣ ਵਾਲੇ , ਇਨਸਾਨੀਅਤ ਦੇ ਰਾਖੇ ਕਹਿਲਾਉਣ ਵਾਲੇ ਹੀ ਧਰਮਾਂ ਦੇ ਨਾਂ ਤੇ ਮਨੁੱਖਤਾ ਦਾ ਘਾਣ ਕਰ ਰਹੇ ਹਨ। ਮੇਰਾ ਮੰਨਣਾ ਹੈ ਕਿ ਜੇਕਰ ਤੁਹਾਨੂੰ ਆਪਣੇ ਧਰਮ ਨੂੰ ਸਰਵਸ਼੍ਰੇਸਟ ਦਿਖਾਉਣ ਲਈ ਦੰਗੇ ਫ਼ਸਾਦ ਕਰਵਾਉਣੇ ਪੈਣ, ਲੋਕਾਂ ਦੀਆਂ ਜ਼ਿੰਦਗੀਆਂ ਨਾਲ ਖੇਡਣਾ ਪਵੇ, ਲੋਕਾਂ ਦੀਆਂ ਪੱਤਾਂ ਰੋਲਣੀਆਂ ਪੈਣ ਤਾਂ ਉਹ ਧਰਮ ਧਰਮ ਅਖਵਾਉਣ ਦਾ ਹੱਕਦਾਰ ਨਹੀਂ। ਮੈਂ ਇੱਥੇ ਕਿਸੇ ਇੱਕ ਧਰਮ ਦਾ ਨਹੀਂ ਬਲਕਿ ਸਮੁੱਚੇ ਧਰਮਾਂ ਦੇ ਨਾਮ ਤੇ ਹੁੰਦੇ ਦੰਗੇ ਫਸਾਦਾਂ ਦੀ ਗੱਲ ਕਰ ਰਹੀਂ ਹਾਂ। ਇਤਹਾਸ ਗਵਾਹ ਹੈ ਕਿ ਮੁੱਢ ਕਦੀਮੀ ਤੋਂ ਆਪਣੇ ਧਰਮ ਨੂੰ ਮਨਵਾਉਣ ਦੀ ਖਾਤਰ ਕੁਝ ਅਖੌਤੀ ਧਾਰਮਿਕ ਆਗੂਆਂ ਨੇ ਕਤਲੇਆਮ ਮਚਾ ਲੋਕਾਂ ਦੇ ਖ਼ੂਨ ਦੇ ਖੂਹਾਂ ਵਿੱਚੋਂ ਮੂੰਹ ਧੋਤੇ ਹਨ। ਕੁਝ ਫੱਟ ਤਾਂ ਹਾਲੇ ਅੱਲੇ ਪਏ ਨੇ ਜਦ ਧਰਮਾਂ ਦੇ ਨਾਮ ਤੇ ਕੀਤੇ ਦੰਗੇ ਫਸਾਦਾਂ ਵਿੱਚ ਮਾਵਾਂ ਦੇ ਛੇ ਛੇ ਫੁੱਟ ਸ਼ੀਂ ਵਰਗੇ ਜਵਾਨ ਪੁੱਤ ਰਾਖ ਦੀ ਢੇਰੀ ਬਣਾ ਦਿੱਤੇ ਗਏ। ਕਦੇ ਕਿਸੇ ਨੇ ਇਹ ਸੋਚਣ ਦਾ ਯਤਨ ਕੀਤਾ ਕਿ ਧਰਮ ਦਾ ਫਲਸਫਾ ਕੀ ਹੈ ? ਧਰਮ ਕੀ ਕਹਿੰਦਾ ਹੈ, ਜਿਸ ਨਾਮ ਉੱਤੇ ਲੋਕਾਂ ਦੇ ਘਰ ਉਜਾੜੇ ਜਾਂਦੇ ਹਨ, ਦੰਗੇ ਫ਼ਸਾਦ ਕੀਤੇ ਜਾਂਦੇ ਹਨ, ਫਿਰ ਉਹ ਤਾਂ ਧਰਮ ਅਖਵਾਉਣ ਦੇ ਲਾਇਕ ਹੀ ਨਹੀਂ, ਕਿਉਂਕਿ ਕੋਈ ਵੀ ਧਰਮ ਭਾਵੇਂ ਹਿੰਦੂ, ਮੁਸਲਮਾਨ, ਸਿੱਖ, ਇਸਾਈ ਨੇ ਕਦੇ ਕਤਲੇਆਮ ਦਾ ਪੈਗਾਮ ਨਹੀਂ ਦਿੱਤਾ ਬਲਕਿ ਸਾਰੇ ਧਰਮਾਂ ਦੇ ਪੈਗੰਬਰਾਂ ਨੇ ਸ਼ਾਤੀ ਦਾ ਪੈਗਾਮ ਦਿੱਤਾ ਹੈ।

ਧਰਮ ਦੀ ਅੰਨੀਂ ਸ਼ਰਧਾ ਵਿੱਚ ਅੰਨੇ ਬੋਲੇ ਹੋਏ ਲੋਕਾਂ ਨੂੰ ਨਾ ਤਾਂ ਤੜਫਦੇ ਲੋਕਾਂ ਦਾ ਦਰਦ ਦਿਖਦਾ ਹੈ ਅਤੇ ਨਾ ਹੀ ਚੀਕਾਂ ਕੰਨੀ ਪੈਂਦੀਆਂ ਹਨ। ਇਸ ਵਿੱਚ ਕੋਈ ਸ਼ੱਕ ਨਹੀਂ ਕੇ ਧਾਰਮਿਕ ਸ਼ਰਧਾ ਮਨੁੱਖ ਨੂੰ ਸਿੱਧੇ ਰਾਹ ਪਾਉਂਦੀ ਹੈ ਪਰ ਅੰਨੀਂ ਸ਼ਰਧਾ ਮਨੁੱਖ ਨੂੰ ਫਾਹ ਵੀ ਲਾਉਂਦੀ ਹੈ। ਇਹ ਸ਼ਰਧਾ ਕੇਵਲ ਇੱਕ ਘਰ ਹੀ ਨਹੀਂ ਉਜਾੜਦੀ ਬਲਕਿ ਗਲੀ, ਮੁਹੱਲੇ, ਸ਼ਹਿਰਾਂ ਦੇ ਸ਼ਹਿਰ ਤਬਾਹ ਕਰ ਦਿੰਦੀ ਹੈ। ਮੈਂ ਅਕਸਰ ਸੋਸ਼ਲ ਮੀਡੀਆ ਅਤੇ ਹੋਰ ਨਿਊਜ਼ ਚੈਨਲਾਂ ਤੇ ਧਾਰਮਿਕ ਬਹਿਸ ਦੇਖਦੀ ਹਾਂ ਤਾਂ ਹੈਰਾਨ ਹੋ ਜਾਂਦੀ ਹਾਂ ਕਿ ਕਿਵੇਂ ਆਪਣੇ ਆਪ ਨੂੰ ਬਹੁਤ ਪੜੇ ਲਿਖੇ ਕਹਾਉਣ ਵਾਲੇ ਲੋਕ ਧਰਮ ਦੇ ਨਾਮ ਤੇ ਗਾਲੀ ਗਲੋਚ ਕਰ ਰਹੇ ਹੁੰਦੇ ਹਨ ਉਹ ਰਾਸ਼ਟਰੀ ਪਲੇਟਫਾਰਮ ਉੱਪਰ।

ਮੈਨੂੰ ਲੱਗਦਾ ਹੈ ਕਿ ਸਾਨੂੰ ਸਾਰਿਆਂ ਨੂੰ ਧਰਮ ਦੇ ਨਾਮ ਤੇ ਦੰਗੇ ਫ਼ਸਾਦ ਕਰਨ ਤੋਂ ਪਹਿਲਾਂ, ਕਿਸੇ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪੁਹਚਾਉਣ ਤੋਂ ਪਹਿਲਾਂ, ਕਿਸੇ ਵੀ ਧਰਮ ਨੂੰ ਮਾੜਾ ਕਹਿਣ ਤੋਂ ਪਹਿਲਾਂ 'ਧਰਮ' ਦੇ ਅਰਥ ਜਰੂਰ ਸਮਝਣੇ ਚਾਹੀਦੇ ਹਨ ਕਿ ਕੀ ਸੱਚਮੁੱਚ ਧਰਮ ਵਿੱਚ ਹਿੰਸਾ ਦੀ ਗੱਲ ਕੀਤੀ ਗਈ ਹੈ, ਕੀ ਸੱਚਮੁੱਚ ਕਿਹਾ ਗਿਆ ਹੈ ਕਿ ਜੇਕਰ ਕੋਈ ਤੁਹਾਡੇ ਧਰਮ ਨੂੰ ਬੁਰਾ ਕਹਿ ਰਿਹਾ ਹੈ ਤਾਂ ਉਸ ਇਕੱਲੇ ਨਾਲ ਨਜਿੱਠਣ ਦੀ ਬਜਾਏ ਤੁਸੀਂ ਹਜ਼ਾਰਾਂ ਲੱਖਾਂ ਬੇਕਸੂਰਾਂ ਦੀਆਂ ਜਿੰਦਗੀਆਂ ਵੀ ਨਰਕ ਬਣਾ ਦੇਉ। ਕੀ ਇਨਾਂ ਧਰਮਾਂ ਦੇ ਨਾਮ ਤੇ ਹੋਣ ਵਾਲੇ ਦੰਗਿਆਂ ਫਸਾਦਾਂ ਵਿੱਚ ਜਿੰਨਾ ਛੋਟੇ ਛੋਟੇ ਬੱਚਿਆਂ ਦੇ ਬਾਪ, ਦਾਦੇ ਮਾਰੇ ਗਏ ਹੋਣਗੇ ਜਦ ਉਹ ਵੱਡੇ ਹੋਕੇ ਪੁੱਛਣਗੇ ਕਿ ਸਾਡੇ ਪਾਪਾ ਜਾਂ ਦਾਦੇ ਦੀ ਮੌਤ ਕਿਵੇਂ ਹੋਈ ? ਜਵਾਬ ਵਿੱਚ ਜਦ ਉਹ ਧਰਮ ਦਾ ਨਾਮ ਸੁਨਣਗੇ ਕਿ ਧਰਮ ਦੀ ਰੱਖਿਆ ਲਈ ਲੋਕਾਂ ਵੱਲੋਂ ਦੰਗੇ ਫ਼ਸਾਦ ਕੀਤੇ ਗਏ ਤਾਂ ਉਹ ਬੇਕਸੂਰ ਵੀ ਮਾਰੇ ਗਏ ਤਾਂ ਕੀ ਉਨਾਂ ਬੱਚਿਆਂ ਦਾ ਕਿਸੇ ਧਰਮ ਵਿੱਚ ਵਿਸ਼ਵਾਸ ਰਹਿ ਜਾਵੇਗਾ।

ਇਸ ਤੋਂ ਇਲਾਵਾ ਅਸੀਂ ਇਸ ਗੱਲ ਤੋਂ ਮੁਨਕਰ ਨਹੀਂ ਹੋ ਸਕਦੇ ਕਿ ਜਿੰਨੇ ਵੀ ਧਰਮਾਂ ਦੇ ਨਾਮ ਤੇ ਫਸਾਦ ਹੁੰਦੇ ਹਨ ਇਨਾਂ ਦੀਆਂ ਤਾਰਾਂ ਰਾਜਨੀਤੀ ਨਾਲ ਜੁੜੀਆਂ ਹੁੰਦੀਆਂ ਹਨ। ਸਾਡੇ ਸਮਾਜ ਵਿੱਚ ਤਿੰਨ ਤਰਾਂ ਦੇ ਲੋਕ ਰਹਿੰਦੇ ਹਨ, ਚਤੁਰ, ਭੋਲੇ, ਸਿਧਰੇ। ਚਤੁਰ ਲੋਕ ਭੋਲੇ ਲੋਕਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾ ਉਨਾਂ ਨੂੰ ਰੋਹ ਵਿੱਚ ਲੈ ਆਉਂਦੇ ਹਨ ਤੇ ਇਨਾਂ ਲੋਕਾਂ ਨੇ ਬਿਨਾਂ ਆਪਣੇ ਦਿਮਾਗ਼ ਦੀ ਵਰਤੋਂ ਕੀਤੇ ਝੰਡੀਆਂ ਚੁੱਕ ਰੋਸ ਪ੍ਰਦਰਸ਼ਨਾਂ ਵਿੱਚ ਸ਼ਾਮਿਲ ਹੋ ਜਾਣਾ ਹੁੰਦਾ ਹੈ ਜਿਸ ਦਾ ਸ਼ਿਕਾਰ ਸਿਧਰੇ ਲੋਕ ਹੋ ਜਾਂਦੇ ਹਨ। ਜਿਹੜੇ ਅਖੌਤੀ ਧਰਮੀ ਲੋਕ ਇਹ ਸਮਝਦੇ ਹਨ ਕਿ ਖ਼ੂਨ ਖਰਾਬਾ ਕਰ ਕੇ ,ਲੋਕਾਂ ਵਿੱਚ ਸਹਿਮ ਦਾ ਮਾਹੌਲ ਬਣਾ ਕੇ ਜੇਕਰ ਉਹ ਆਪਣੇ ਧਰਮ ਦੀ ਸਰਵਸ਼੍ਰੇਸਟਤਾ ਨੂੰ ਸਾਬਿਤ ਕਰ ਲੈਣਗੇ ਤਾਂ ਉਹ ਬਿਲਕੁਲ ਗਲਤ ਹਨ, ਲੋਕਾਂ ਦੀਆਂ ਜਾਨਾਂ ਨਾਲ ਖੇਡਣ ਵਾਲਾ, ਲੋਕਾਂ ਦੀਆਂ ਭਾਵਨਾਵਾਂ ਨਾਲ ਖੇਡਣ ਵਾਲੇ ਲੋਕ ਨਾ ਤਾਂ ਆਪ ਧਰਮੀ ਅਖਵਾਉਣ ਦੇ ਹੱਕਦਾਰ ਹਨ ਅਤੇ ਨਾ ਹੀ ਅਜਿਹਾ ਧਰਮ ਸਰਵਸ੍ਰੇਸ਼ਟ ਅਖਵਾਉਣ ਦਾ ਹੱਕਦਾਰ ਹੈ ਜਿਸਦੀ ਆੜ ਵਿੱਚ ਬੇਕਸੂਰ ਹੱਸਦੇ ਵੱਸਦੇ ਲੋਕਾਂ ਦੇ ਘਰ ਉਜੜ ਜਾਣ।

ਜੇਕਰ ਤੱਥਾਂ ਦੇ ਅਧਾਰ ਤੇ ਵੀ ਗੱਲ ਕਰਾਂ ਤਾਂ ਧਰਮ ਦੇ ਨਾਮ ਤੇ ਹੋਏ ਦੰਗਿਆਂ ਦੀ ਗਿਣਤੀ ਬਹੁਤ ਵੱਡੀ ਹੈ ਪਰ ਫਿਰ ਵੀ ਸੰਖੇਪ ਜਿਹਾ ਹਵਾਲਾ ਜਰੂਰ ਦੇਣਾ ਚਾਹਾਂਗੀ ਕਿ ਜੇਕਰ ਅੰਤਰਰਾਸ਼ਟਰੀ ਪੱਧਰ ਤੇ ਗੱਲ ਕਰੀਏ ਤਾਂ ਇਜ਼ਰਾਈਲ ਅਤੇ ਫਿਲੀਸਤੀਨ ਵਿੱਚ ਛਿੜੀ ਫਿਰਕਾਪ੍ਰਸਤੀ ਜੰਗ ਅੱਜ ਤੱਕ ਜ਼ਾਰੀ ਹੈ, ਹਜ਼ਾਰਾਂ ਲੱਖਾਂ ਲੋਕਾਂ ਨੇ ਆਪਣੀਆਂ ਜਾਨਾਂ ਗਵਾਈਆਂ, ਕਈ ਲੋਕ ਬੇਘਰ ਹੋਏ ਅਤੇ ਕਰੋੜਾਂ ਰੁਪਏ ਦਾ ਮਾਲੀ ਨੁਕਸਾਨ ਹੋਇਆ ਅਤੇ ਹੋ ਰਿਹਾ ਹੈ ਜੇਕਰ ਗੱਲ ਭਾਰਤ ਦੀ ਕਰੀਏ ਤਾਂ ਅਜ਼ਾਦੀ ਤੋਂ ਬਾਅਦ ਭਾਰਤ ਵਿੱਚ ਪਹਿਲਾਂ ਧਾਰਮਿਕ ਦੰਗਾ 1957 ਵ੍ਚਿ ਹੋਇਆ ਜਿਸ ਨੂੰ ਰਾਮਨੰਦ ਦੇ ਨਾਮ ਨਾਲ ਜਾਣਿਆ ਜਾਂਦਾ ਹੈ, ਇਸ ਉਪਰੰਤ 1966 ਵਿੱਚ ਪੰਜਾਬੀ ਸੂਬੇ ਦੀ ਸਥਾਪਨਾ ਨੂੰ ਲੈ ਕੇ ਹਿੰਦੂ ਸਿੱਖ ਦੰਗੇ ਜਿਸ ਵਿੱਚ 14 ਲੋਕਾਂ ਨੇ ਜਾਨ ਗਵਾਹੀ ਹਜ਼ਾਰਾਂ ਦੀ ਗਿਣਤੀ ਵਿੱਚ ਜੇਲ ਗਏ ਅਤੇ ਬੇਘਰ ਹੋਏ, 1967 ਵਿੱਚ ਰਾਂਚੀ ਵਿੱਚ ਉਰਦੂ ਭਾਸ਼ਾ ਨੂੰ ਲੈ ਕੇ ਹੋਏ ਦੰਗੇ, 1969 ਵਿੱਚ ਗੁਜਰਾਤ ਵਿੱਚ ਦਰਗਾਹ ਅਤੇ ਮੰਦਿਰ ਨੂੰ ਲੈ ਕੇ ਹੋਏ ਫਸਾਦ, 1983 ਵਿੱਚ ਹਿੰਦੂ ਅਤੇ ਮੁਸਲਮਾਨਾਂ ਵਿੱਚ ਦੰਗੇ, 1984 ਵਿੱਚ ਹਿੰਦੂਆਂ ਦੁਆਰਾ ਕੀਤਾ ਸਿੱਖ ਕਤਲੇਆਮ ਜਿਸ ਵਿੱਚ 17000 ਤੋਂ ਵੱਧ ਲੋਕਾਂ ਨੇ ਜਾਨਾਂ ਗਵਾਈਆਂ, ਇਸ ਉਪਰੰਤ 1985 ਵਿੱਚ ਅਹਿਮਦਾਬਾਦ ਤੇ ਗੁਜਰਾਤ, 1986 ਵਿੱਚ ਜੰਮੂ ਕਸ਼ਮੀਰ, ਵਿੱਚ ਹਿੰਦੂਆਂ ਅਤੇ ਮੁਸਲਮਾਨਾਂ ਵਿੱਚ ਦੰਗੇ। ਇਨਾਂ ਲੰਬਾ ਸਮਾਂ ਅਸੀ ਤਹਿ ਕਰ ਅਸੀ ਜੇਕਰ ਸਾਲ 2022 ਦੀ ਗੱਲ ਕਰੀਏ ਤਾਂ ਇਹ ਫਿਰਕਾਪ੍ਰਸਤੀ ਅੱਜ ਵੀ ਉਸੇ ਤਰਾਂ ਜਾਰੀ ਹੈ ਹਾਲੇ ਪਿੱਛੇ ਜਿਹੇ ਜੂਨ 2022 ਨੂੰ ਹੀ ਅਸੀਂ ਇਨਾਂ ਦੰਗਿਆਂ, ਫਸਾਦਾਂ, ਨਾਅਰੇਬਾਜ਼ੀ, ਬਿਆਨਬਾਜ਼ੀ ਦਾ ਭੜਕਾਊ ਰੂਪ ਦੇਖਿਆ ਹੈ। ਇੱਥੇ ਮੈਂ ਸੰਖੇਪ ਵਿੱਚ ਹੀ ਕੁਝ ਸਾਲਾਂ ਦਾ ਜ਼ਿਕਰ ਕੀਤਾ ਹੈ ਪਰ ਹਰ ਸਾਲ ਧਰਮਾਂ ਦੇ ਨਾਮ ਤੇ ਹੁੰਦੀ ਗੁੰਡਾਗਰਦੀ ਇਨਸਾਨੀਅਤ ਦਾ ਗਲਾ ਘੁੱਟਦੀ ਹੈ।

ਸਾਨੂੰ ਸਾਰਿਆਂ ਨੂੰ ਇਹ ਸਮਝਣ ਦੀ ਜਰੂਰਤ ਹੈ ਕਿ ਧਰਮ ਇਨਸਾਨ ਨੂੰ ਇਨਸਾਨ ਦੇ ਫਰਜ਼ ਪ੍ਰਤੀ ਜਿੰਮੇਵਾਰ ਬਣਾਈ ਰੱਖਣ ਦਾ ਇੱਕ ਮਾਰਗ ਹੈ, ਤੇ ਇਨਸਾਨ ਦੀ ਸਭ ਤੋਂ ਵੱਡੀ ਜਿੰਮੇਵਾਰੀ ਇਨਸਾਨੀਅਤ ਦੀ ਕਦਰ ਕਰਨਾ ਹੈ, ਕਿਸੇ ਵੀ ਮਨੁੱਖ ਦਾ ਕਤਲ ਕਰ ਚਾਹੇ ਉਹ ਸਿੱਖ ਹੋਵੇ, ਚਾਹੇ ਹਿੰਦੂ ਹੋਵੇ ਚਾਹੇ ਮੁਸਲਮਾਨ, ਬੋਧੀ, ਜੈਨੀ ਕੋਈ ਵੀ ਹੋਵੇ, ਜੇਕਰ ਤੁਸੀਂ ਧਰਮੀ ਅਖਵਾਉਣਾ ਚਾਹੁੰਦੇ ਹੋ ਤਾਂ ਮੈਂ ਇਹ ਕਹਿਣ ਵਿੱਚ ਗੁਰੇਜ਼ ਨਹੀਂ ਕਰਾ.ਗੀ ਕਿ ਉਹ ਲੋਕ ਆਪਣੇ ਧਰਮ, ਕੌਮ ਅਤੇ ਇਨਸਾਨੀਅਤ ਦੇ ਨਾਮ ਤੇ ਧੱਬਾ ਹਨ।

ਆਪਣੀ ਸੋਝੀ ਦੀ ਵਰਤੋਂ ਕਰ ਇਹ ਸਮਝਣ ਦਾ ਯਤਨ ਕਰੋ ਕਿ ਇਨਾਂ ਦੰਗਿਆਂ ਫਸਾਦਾਂ ਪਿੱਛੇ ਕਿਸਦਾ ਹੱਥ ਹੋ ਸਕਦਾ, ਇਹ ਬਲਦੀ ਅੱਗ ਵਿੱਚ ਜੋ ਸਾਨੂੰ ਧਕੇਲ ਰਹੇ ਹਨ ਕੀ ਉਹ ਵੀ ਸਾਡੇ ਨਾਲ ਇਸ ਅੱਗ ਵਿੱਚ ਪੈਰ ਰੱਖ ਰਹੇ ਹਨ ? ਅੰਨੀ ਸ਼ਰਧਾ ਅਤੇ ਬੇਸਮਝੀ ਦੇ ਕਾਰਨ ਮਨੁੱਖਤਾ ਦਾ ਘਾਣ ਕਰਨਾ ਬੰਦ ਕਰੋ, ਦੋਗਲੇ ਲੋਕਾਂ ਦੀ ਨੀਤੀ ਪਾੜੋ ਤੇ ਰਾਜ ਕਰੋ ਨੂੰ ਸਮਝਣ ਦਾ ਯਤਨ ਕਰੋ। ਹਰ ਧਰਮ ਇਨਸਾਨੀਅਤ ਦਾ ਪੈਗਾਮ ਦਿੰਦਾ ਹੈ, ਜ਼ੁਲਮ ਦੇ ਵਿਰੁੱਧ ਅਵਾਜ਼ ਉਠਾਉਣ ਲਈ ਕਹਿੰਦਾ ਹੈ, ਪਰ ਕਦੇ ਇਹ ਨਹੀਂ ਕਹਿੰਦਾ ਕਿ ਤੁਸੀਂ ਆਪ ਹੀ ਜੁਲਮ ਦਾ ਰੂਪ ਅਖ਼ਤਿਆਰ ਕਰ ਲਉ। ਧਰਮ ਸਿਰਫ਼ ਇਨਸਾਨੀਅਤ ਹੈ ਇਸਤੋਂ ਵੱਡਾ ਹੋਰ ਕੋਈ ਧਰਮ ਨਹੀਂ, ਧਰਮਾਂ ਦੇ ਨਾਮ ਤੇ ਹੁੰਦੀ ਇਸ ਗੁੰਡਾਗਰਦੀ ਨੂੰ ਰੋਕਣ ਲਈ ਅਸੀਂ ਸਰਕਾਰਾਂ ਤੋਂ ਆਸ ਨਹੀਂ ਰੱਖ ਸਕਦੇ ਕਿਉਂਕਿ ਇਨਾਂ ਸਾਰੇ ਦੰਗਿਆਂ ਦੀਆਂ ਜੜਾਂ ਬਹੁਤ ਡੂੰਘੀਆਂ ਹਨ ਅਤੇ ਧਰਮ ਇੱਕ ਸਭ ਤੋਂ ਵੱਡੀ ਜੜ ਹੈ ਜੋ ਸਿਆਸਤ ਦੀ ਕੁਰਸੀ ਨੂੰ ਜਕੜ ਕੇ ਬੈਠੀ ਹੈ, ਸੂਝ ਬੂਝ ਤੋਂ ਕੰਮ ਲੈਣਾ ਸਮੇਂ ਦੀ ਮੁੱਖ ਲੋੜ ਹੈ, ਜੇਕਰ ਧਰਮਾਂ ਦੇ ਨਾਮ ਤੇ ਹੁੰਦੇ ਇਹ ਕਤਲੇਆਮ ਰੋਕਣਾ ਚਾਹੁੰਦੇ ਹੋ ਤਾਂ ਸਾਨੂੰ ਸਾਰਿਆਂ ਨੂੰ ਅਸਲ ਮਾਇਨਿਆਂ ਵਿੱਚ ਧਰਮੀ ਬਨਣਾ ਪਵੇਗਾ ਨਹੀਂ ਤਾਂ ਧਰਮਾਂ ਦੀ ਆੜ ਵਿੱਚ ਹੁੰਦੇ ਇਹ ਦੰਗੇ ਫ਼ਸਾਦ ਹਮੇਸ਼ਾ ਇਨਸਾਨੀਅਤ ਨੂੰ ਪੈਰਾਂ ਹੇਠ ਕੁਚਲਦੇ ਰਹਿਣਗੇ।

A-ONE EXPRESS
ਸਾਨੂੰ ਤਜ਼ਰਬੇਕਾਰ ਡਰਾਇਵਰਾਂ ਅਤੇ ਉਨਰ ਓਪਰੇਟਰਾਂ ਦੀ ਲੋੜ ਹੈ
- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨੌਰਥ- ਈਸਟ, ਸਾਊਥ ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖਾਹ ਸਮੇਂ ਸਿਰ
- 50% ਹੁੱਕ ਡ੍ਰੌਪ
- Excellent Payment
ਪਿਛਲੇ 20 ਸਾਲਾਂ ਤੋਂ ਲਗਾਤਾਰ ਕੰਮ ਕਰਨ ਦਾ ਤਜਰਬਾ
28421 S CHRISMAN RD, UNIT# 3, TRACY, CA

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ
Toll Free: 888.725.7441, Office: 209.537.0975, Fax: 209.537.0375

## ਕਾਫ਼ੀਆਂ ਸ਼ਾਹ ਹੁਸੈਨ

1. ਨਾਲ ਸੱਜਣ ਦੇ ਰਹੀਏ
ਨਾਲ ਸੱਜਣ ਦੇ ਰਹੀਏ ।
ਝਿੜਕਾਂ ਝੰਬਾਂ ਤੇ ਤਕਸੀਰਾਂ,
ਸੋ ਭੀ ਸਿਰ ਤੇ ਸਹੀਏ ।
ਜੇ ਸਿਰ ਕੱਟ ਲੈਣ ਧੜ ਨਾਲੋਂ,
ਤਾਂ ਭੀ ਆਹ ਨ ਕਹੀਏ ।
ਚੰਦਨ ਰੁੱਖ ਲਗਾ ਵਿਚ ਵੇਹੜੇ,
ਜ਼ੋਰ ਧਿਙਾਣੇ ਖਹੀਏ ।
ਮਰਣ ਮੂਲ ਤੇ ਜੀਵਣ ਲਾਹਾ,
ਦਿਲਗੀਰੀ ਕਿਉਂ ਰਹੀਏ ।
ਕਹੈ ਹੁਸੈਨ ਫ਼ਕੀਰ ਸਾਂਈਂ ਦਾ,
ਰੱਬ ਦਾ ਦਿੱਤਾ ਸਹੀਏ ।

2. ਨੀ ਅਸੀਂ ਆਉ ਖਿਡਾਹਾਂ ਲੁੱਡੀ
ਨੀ ਅਸੀਂ ਆਉ ਖਿਡਾਹਾਂ ਲੁੱਡੀ ।ਰਹਾਉ।
ਨਉ ਤਾਰੁ ਡੋਰੁ ਗੁੱਡੀ ਦੀ,
ਅਸੀਂ ਲੈ ਕਰ ਹਾਂ ਉੱਡੀ ।੧।
ਸਾਜਨ ਦੇ ਹੱਥ ਡੋਰ ਅਸਾਡੀ,
ਮੈਂ ਸਾਜਨ ਦੀ ਗੁੱਡੀ ।੨।
ਇਸੁ ਵੇਲੇ ਨੂੰ ਪਛੋਤਾਸੇਂ,
ਜਾਇ ਪਉਸੇਂ ਵਿਚ ਖੁੱਡੀ ।੩।
ਕਹੈ ਹੁਸੈਨ ਫ਼ਕੀਰ ਸਾਈਂ ਦਾ,
ਸਭੁ ਦੁਨੀਆਂ ਜਾਂਦੀ ਬੁੱਡੀ ।੪।

## ਬਾਬਾ ਬੁੱਲੇ ਸ਼ਾਹ

1. ਮੇਰੇ ਕਿਉਂ ਚਿਰ ਲਾਇਆ ਮਾਹੀ
ਮੇਰੇ ਕਿਉਂ ਚਿਰ ਲਾਇਆ ਮਾਹੀ ।
ਨੀ ਮੈਂ ਉਸ ਤੋਂ ਘੋਲ-ਘੁਮਾਈ ।
ਦਰਦ ਫ਼ਿਰਾਕ ਬਥੇਰਾ ਕਰਿਆ, ਇਹ ਦੁੱਖ ਮੈਥੋਂ ਜਾਏ ਨਾ ਜਰਿਆ,
ਟਮਕ ਅਸਾਡੇ ਸਿਰ ਤੇ ਧਰਿਆ, ਡੋਈ ਬੁਗਚਾ ਲੋਹ ਕੜਾਹੀ ।
ਮੇਰੇ ਕਿਉਂ ਚਿਰ ਲਾਇਆ ਮਾਹੀ ।
ਜਾਗਦਿਆਂ ਮੈਂ ਘਰ ਵਿਚ ਮੁੱਠੀ, ਕਦੀ ਨਹੀਂ ਸਾਂ ਬੈਠੀ ਉੱਠੀ,
ਜਿਸ ਦੀ ਸਾਂ ਮੈਂ ਓਸੇ ਕੁੱਠੀ, ਹੁਣ ਕੀ ਕਰ ਲਿਆ ਬੇਪ੍ਰਵਾਹੀ ।
ਮੇਰੇ ਕਿਉਂ ਚਿਰ ਲਾਇਆ ਮਾਹੀ ।
ਬੁੱਲਾ ਸ਼ਹੁ ਤੇਰੇ ਤੋਂ ਵਾਰੀ, ਮੈਂ ਬਲਿਹਾਰੀ ਲੱਖ ਲੱਖ ਵਾਰੀ,
ਤੇਰੀ ਸੂਰਤ ਬਹੁਤ ਪਿਆਰੀ, ਮੈਂ ਵੇ ਬਿਚਾਰੀ ਘੋਲ ਘੁਮਾਈ ।
ਮੇਰੇ ਕਿਉਂ ਚਿਰ ਲਾਇਆ ਮਾਹੀ ।
ਮੇਰੇ ਮਾਹੀ ਦੇ ਪੰਜ ਪੀਰ ਪਨਾਹੀ, ਢੂੰਡਣ ਉਸ ਨੂੰ ਵਿਚ ਲੋਕਾਈ,
ਮੇਰੇ ਮਾਹੀ ਤੇ ਫ਼ਜ਼ਲ ਇਲਾਹੀ, ਜਿਸ ਨੇ ਗੈਬੋਂ ਤਾਰ ਹਿਲਾਈ ।
ਮੇਰੇ ਕਿਉਂ ਚਿਰ ਲਾਇਆ ਮਾਹੀ ।
ਕੁਨ ਫ਼ੈਕੂਨ ਆਵਾਜ਼ਾ ਆਇਆ, ਤਖ਼ਤ ਹਜ਼ਾਰਿਉਂ ਰਾਂਝਾ ਧਾਇਆ,
'ਚੂਚਕ' ਦਾ ਉਸ ਚਾਕ ਸਦਾਇਆ, ਉਹ ਆਹਾ ਸਾਹਿਬ ਸਫ਼ਾਈ ।
ਮੇਰੇ ਕਿਉਂ ਚਿਰ ਲਾਇਆ ਮਾਹੀ ।
ਚੱਲ ਰਾਂਝਾ ਮੁਲਤਾਨ ਚਲਾਹੇਂ, ਗੌਂਸ਼ ਬਹਾਵਲ ਪੀਰ ਮਨਾਵੇਂ,
ਆਪਣੀ ਤੁਰਤ ਮੁਰਾਦ ਲਿਆਵੇਂ, ਮੇਰਾ ਜੀ ਰੱਬ ਮੌਲਾ ਚਾਹੀ ।
ਮੇਰੇ ਕਿਉਂ ਚਿਰ ਲਾਇਆ ਮਾਹੀ ।
ਜਿੱਥੇ ਇਸ਼ਕ ਡੇਰਾ ਘਤ ਬਹਿੰਦਾ, ਓਥੇ ਸਬਰ ਕਰਾਰ ਨਾ ਰਹਿੰਦਾ,
ਕੋਈ ਛੁਟਕਣ ਐਵੇਂ ਕਹਿੰਦਾ, ਗਲ ਪਈ ਪ੍ਰੇਮ ਦੀ ਫਾਹੀ ।
ਮੇਰੇ ਕਿਉਂ ਚਿਰ ਲਾਇਆ ਮਾਹੀ ।
ਆ ਜੰਵ ਖੇੜਿਆਂ ਦੀ ਢੁਕੀ, ਮੈਂ ਹੁਣ ਹੀਰ ਨਿਮਾਣੀ ਮੁੱਕੀ,
ਮੇਰੀ ਰੱਤ ਸਰੀਰੋਂ ਸੁੱਕੀ, ਵਲ ਵਲ ਮਾਰੇ ਬਿਰਹੋਂ ਖਾਈ ।
ਮੇਰੇ ਕਿਉਂ ਚਿਰ ਲਾਇਆ ਮਾਹੀ ।
ਖੇੜਾ ਫੁੱਲ ਘੋੜੇ ਤੇ ਚੜਿਆ, ਫੱਕਰ ਧੂੜ ਗਰਦ ਵਿਚ ਰਲਿਆ,
ਏਡਾ ਮਾਣ ਕਿਉਂ ਕੂੜਾ ਕਰਿਆ, ਉਸ ਕੀਤੀ ਬੇਪ੍ਰਵਾਹੀ ।
ਮੇਰੇ ਕਿਉਂ ਚਿਰ ਲਾਇਆ ਮਾਹੀ ।
ਚੜ੍ਹ ਕੇ ਪੀਰ ਖੇੜਿਆਂ ਦਾ ਆਇਆ, ਉਸ ਨੇ ਕੇਹਾ ਸ਼ੋਰ ਮਚਾਇਆ,
ਮੈਨੂੰ ਮਾਹੀ ਨਜ਼ਰ ਨਾ ਆਇਆ, ਤਾਂਹੀਏਂ ਕੀਤੀ ਹਾਲ ਦੁਹਾਈ ।
ਮੇਰੇ ਕਿਉਂ ਚਿਰ ਲਾਇਆ ਮਾਹੀ ।
ਮੈਂ ਮਾਹੀ ਦੀ ਮਾਹੀ ਮੇਰਾ, ਗੋਸ਼ਤ ਪੋਸਤ ਬੇਰਾ-ਬੇਰਾ,
ਦਿਨ ਹਸ਼ਰ ਦੇ ਕਰਸਾਂ ਝੇੜਾ, ਜਦ ਦੇਸੀ ਦਾਦ ਇਲਾਹੀ ।
ਮੇਰੇ ਕਿਉਂ ਚਿਰ ਲਾਇਆ ਮਾਹੀ ।
ਚੂਚਕ ਕਾਜ਼ੀ ਸਦ ਬਹਾਇਆ, ਮੈਂ ਮਨ ਰਾਂਝੂ ਮਾਹੀ ਭਾਇਆ,
ਧੱਕੋ ਧੱਕ ਨਿਕਾਹ ਪੜ੍ਹਾਇਆ, ਉਸ ਕੀਤਾ ਫ਼ਰਜ਼ ਅਦਾਈ ।
ਮੇਰੇ ਕਿਉਂ ਚਿਰ ਲਾਇਆ ਮਾਹੀ ।
ਤੇਲ ਵਟਨਾ ਕੰਧੇ ਮਲਿਆ, ਚੋਇਆ ਚੰਦਨ ਮੱਥੇ ਰਲਿਆ,
ਮਾਹੀ ਮੇਰਾ ਬੇਲੇ ਵੜਿਆ, ਮੈਂ ਕੀ ਕਰਨੀ ਕੰਙਣ ਬਾਹੀ ।
ਮੇਰੇ ਕਿਉਂ ਚਿਰ ਲਾਇਆ ਮਾਹੀ ।
ਹੋਰ ਸੱਭੋ ਕੁਝ ਦੱਸਣ ਕਰਿਆ, ਇਹ ਦੁੱਖ ਜਾਏ ਨਾ ਮੈਥੋਂ ਜਰਿਆ,
ਟਮਕ ਰਾਂਝਣ ਦੇ ਸਿਰ ਤੇ ਧਰਿਆ, ਮੋਢੇ ਬੁਗਚਾ ਲੋਹ ਕੜਾਹੀ ।
ਮੇਰੇ ਕਿਉਂ ਚਿਰ ਲਾਇਆ ਮਾਹੀ ।
ਟਮਕ ਸੁੱਟ ਟਿੱਲੇ ਵਲ ਜਾਵੇ, ਬੈਠਾ ਉਸ ਦਾ ਨਾਮ ਧਿਆਵੇ,
ਕੰਨ ਪੜਵਾ ਕੇ ਮੁੰਦਰਾਂ ਪਾਵੇ, ਗੁੜ ਲੈ ਕੇ ਦੋ ਸੇਰ ਸ਼ਾਹੀ ।
ਮੇਰੇ ਕਿਉਂ ਚਿਰ ਲਾਇਆ ਮਾਹੀ ।
ਗੁਰ ਗੋਰਖ ਨੂੰ ਪੀਰ ਮਨਾਵੇ, ਹੀਰੇ ਹੀਰੇ ਕਰ ਕੁਰਲਾਵੇ,
ਜਿਸ ਦੇ ਕਾਰਨ ਮੂੰਡ ਮੁੰਡਾਵੇ, ਉਹ ਮੂੰਹ ਪੀਲਾ ਜ਼ਰਦ ਮਲਾਹੀ ।
ਮੇਰੇ ਕਿਉਂ ਚਿਰ ਲਾਇਆ ਮਾਹੀ ।
ਜੋਗੀ ਜੋਗ ਸਿਧਾਰਨ ਆਇਆ, ਸਿਰ ਦਾੜ੍ਹੀ ਮੂੰਹ ਮੋਨ ਮੁਨਾਇਆ,
ਇਸ ਤੇ ਭਗਵਾ ਭੇਸ ਵਟਾਇਆ, ਕਾਲੀ ਸਿਹਲੀ ਗਲ ਵਿਚ ਪਾਈ ।
ਮੇਰੇ ਕਿਉਂ ਚਿਰ ਲਾਇਆ ਮਾਹੀ ।
ਜੋਗੀ ਸ਼ਹਿਰ ਖੇੜਿਆਂ ਦੇ ਆਵੇ, ਜਿਸ ਘਰ ਮਤਲਬ ਸੇ ਘਰ ਪਾਵੇ,
ਬੂਹੇ ਜਾ ਕੇ ਨਾਦ ਬਜਾਵੇ, ਆਪੇ ਹੋਇਆ ਫ਼ਜ਼ਲ ਇਲਾਹੀ ।
ਮੇਰੇ ਕਿਉਂ ਚਿਰ ਲਾਇਆ ਮਾਹੀ ।
ਬੂਹੇ ਪੇ ਘੁੜਬਿਆਂ ਧਙਾਣੇ, ਟੁੱਟ ਪਿਆ ਖੱਪਰ ਡੁੱਲ ਪੇ ਦਾਣੇ,
ਇਸ ਦੇ ਵਲ ਛਲ ਕੌਣ ਪਛਾਣੇ, ਚੀਣਾ ਰੁੱਲ ਗਿਆ ਵਿਚ ਪਾਹੀ ।
ਮੇਰੇ ਕਿਉਂ ਚਿਰ ਲਾਇਆ ਮਾਹੀ ।
ਚੀਣਾ ਚੁਣ ਚੁਣ ਝੋਲੀ ਪਾਵੇ, ਬੈਠਾ ਹੀਰੇ ਤਰਫ਼ ਤਕਾਵੇ,
ਜੋ ਕੁਝ ਲਿਖਿਆ ਲੇਖ ਸੋ ਪਾਵੇ, ਰੋ ਰੋ ਲੜਦੇ ਨੈਣ ਸਿਪਾਹੀ ।
ਮੇਰੇ ਕਿਉਂ ਚਿਰ ਲਾਇਆ ਮਾਹੀ ।
ਇਹ ਗੱਲ ਸਹਿਤੀ ਨਣਦ ਪਛਾਤੀ, ਦੋਹਾਂ ਦੀ ਵੇਦਨ ਇੱਕੋ ਜਾਤੀ,
ਉਹ ਵੀ ਆਹੀ ਸੀ ਮਦਮਾਤੀ, ਓਥੇ ਦੋਹਵਾਂ ਸੱਥਰ ਪਾਹੀ ।
ਮੇਰੇ ਕਿਉਂ ਚਿਰ ਲਾਇਆ ਮਾਹੀ ।
ਬੁੱਲਾ ਸਹਿਤੀ ਫੰਦ ਚਲਾਇਆ, ਹੀਰ ਸਲੇਟੀ ਨਾਗ ਲੜਾਇਆ,
ਜੋਗੀ ਮੰਤਰ ਝਾੜਨ ਆਇਆ, ਦੁਹਾਂ ਦੀ ਆਸ ਮੁਰਾਦ ਪੁਚਾਈ ।
ਮੇਰੇ ਕਿਉਂ ਚਿਰ ਲਾਇਆ ਮਾਹੀ ।

### 2. ਮੇਰੇ ਮਾਹੀ ਕਿਉਂ ਚਿਰ ਲਾਇਆ ਏ

ਕਹਿ ਬੁੱਲ੍ਹਾ ਹੁਣ ਪ੍ਰੇਮ ਕਹਾਣੀ, ਜਿਸ ਤਨ ਲਾਗੇ ਸੋ ਤਨ ਜਾਣੇ,
ਅੰਦਰ ਝਿੜਕਾਂ ਬਾਹਰ ਤਾਅਨੇ, ਨੇਹੁੰ ਲਾ ਇਹ ਸੁੱਖ ਪਾਇਆ ਏ ।
ਮੇਰੇ ਮਾਹੀ ਕਿਉਂ ਚਿਰ ਲਾਇਆ ਏ ।
ਨੈਣਾਂ ਕਾਰ ਰੋਵਣ ਦੀ ਪਕੜੀ, ਇਕ ਮਰਨਾ ਦੋ ਜੱਗ ਦੀ ਫਕੜੀ,
ਬ੍ਰਿਹੋਂ ਜਿੰਦ ਅਵੱਲੀ ਜਕੜੀ, ਨੀ ਮੈਂ ਰੋ ਰੋ ਹਾਲ ਵੰਜਾਇਆ ਏ।
ਮੇਰੇ ਮਾਹੀ ਕਿਉਂ ਚਿਰ ਲਾਇਆ ਏ।
ਮੈਂ ਪਿਆਲਾ ਤਹਿਕੀਕ ਲੀਤਾ ਏ, ਜੋ ਭਰ ਕੇ ਮਨਸੂਰ ਪੀਤਾ ਏ,
ਦੀਦਾਰ ਮਿਅਰਾਜ ਪੀਆ ਲੀਤਾ ਏ, ਮੈਂ ਖੂਹ ਥੀਂ ਵੁਜ਼ੂ ਸਜਾਯਾ ਏ।
ਮੇਰੇ ਮਾਹੀ ਕਿਉਂ ਚਿਰ ਲਾਇਆ ਏ।
ਇਸ਼ਕ ਮੁੱਲਾਂ ਨੇ ਬਾਂਗ ਦਿਵਾਈ, ਸ਼ਹੁ ਆਵਣ ਦੀ ਗੱਲ ਸੁਣਾਈ,
ਕਰ ਨੀਯਤ ਸਜਦੇ ਵੱਲ ਧਾਈ, ਨੀ ਮੈਂ ਮੂੰਹ ਮਹਿਰਾਬ ਲਗਾਯਾ ਏ ।
ਮੇਰੇ ਮਾਹੀ ਕਿਉਂ ਚਿਰ ਲਾਇਆ ਏ।
ਬੁੱਲਾ ਸ਼ਹੁ ਘਰ ਲਪਟ ਲਗਾਈ, ਰਸਤੇ ਮੈਂ ਸਭ ਬਣ ਤਣ ਜਾਈਂ,
ਮੈਂ ਵੇਖਾਂ ਆ ਇਨਾਇਤ ਸਾਈਂ, ਇਸ ਮੈਨੂੰ ਸ਼ਹੁ ਮਿਲਾਇਆ ਏ ।
ਮੇਰੇ ਮਾਹੀ ਕਿਉਂ ਚਿਰ ਲਾਇਆ ਏ।



## ਕਾਵਿ ਸੰਸਾਰ

### 3. ਮੇਰੇ ਨੌਸ਼ਹੁ ਦਾ ਕਿਤ ਮੋਲ

ਮੇਰੇ ਨੌਸ਼ਹੁ ਦਾ ਕਿਤ ਮੋਲ।
ਮੇਰੇ ਨੌਸ਼ਹੁ ਦਾ ਕਿਤ ਮੋਲ।
ਅਗਲੇ ਵੱਲ ਦੀ ਖਬਰ ਨਾ ਕੋਈ ਰਹੀ ਕਿਤਾਬਾਂ ਫੋਲ।
ਸੱਚੀਆਂ ਨੂੰ ਪਏ ਵੱਜਣ ਪੌਲੇ ਝੂਠੀਆਂ ਕਰਨ ਕਲੋਲ।
ਚੰਗ ਚੰਗੇਰੇ ਪਰੇ ਪਰੇਰੇ ਅਸੀਂ ਆਈਆਂ ਸੀ ਅਨਭੋਲ।
ਬੁੱਲਾ ਸ਼ਾਹ ਜੇ ਬੋਲਾਂਗਾ ਹੁਣ ਕੌਣ ਸੁਣੇ ਮੇਰੇ ਬੋਲ।
ਮੇਰੇ ਨੌਸ਼ਹੁ ਦਾ ਕਿਤ ਮੋਲ।
ਮੇਰੇ ਨੌਸ਼ਹੁ ਦਾ ਕਿਤ ਮੋਲ।

## ਬਾਬੂ ਰਜਬ ਅਲੀ

### ਪ੍ਰਸੰਗ ਸ਼ਹੀਦ ਬਾਬਾ ਦੀਪ ਸਿੰਘ ਜੀ

ਦੋਹਰੇ
ਦੀਪ ਸਿੰਘ ਸਰਦਾਰ ਦਾ ਛੇੜ ਰਿਹਾ ਪਰਸੰਗ ।
ਸੀਸ ਕਟਿਆ ਹੱਥ ਪਰ ਧਰੇ, ਕਰੇ ਸੂਰਮਾ ਜੰਗ ।
ਚਾਹੜੇ ਕਟਕ ਦੁਰਾਨੀਆਂ, ਫਿਰੇ ਧਾੜ ਤੇ ਧਾੜ ।
ਅੰਮ੍ਰਿਤਸਰ ਗੜ੍ਹ ਗੁਰਾਂ ਦਾ, ਦੇਣ ਪਠਾਣ ਉਜਾੜ।
ਹਰਮੰਦਰ ਨੂੰ ਗੇਰ ਕੇ, ਅੱਟਤਾ ਗੁਰ ਦਾ ਤਾਲ ।
ਖ਼ਬਰ ਪੁਚਾਤੀ ਲਾਲਿਆਂ, ਬਿਰਧ ਦੀਪ ਸਿੰਘ ਭਾਲ ।
ਡੂਢਾ ਛੰਦ-੧
ਜਾ ਕੇ ਦੀਪ ਸਿੰਘ ਨੂੰ ਸੁਣੌਂਦਾ ਏਲਚੀ, ਹੈ ਅੰਧੇਰ ਪੈ ਗਿਆ ।
ਨੱਠ ਚਲੇ ਬਾਜ਼ਾਂ ਵਾਲੇ ਦੇ ਗੁਲੇਲਚੀ, ਆ ਦੁਰਾਨੀ ਬਹਿ ਗਿਆ ।
ਸ਼ਹਿਰ ਤੇ ਜ਼ੁਲਮ ਦੇ ਕਨਾਤ ਤਾਣ ਤੇ, ਲਿਆ ਫੜੌਂਦਾ ਰੁੱਕੇ ਪਿਆ ।
ਬਾਬਾ ਜੀ ਗੁਰੂ ਦੇ ਧਰਮ ਅਸਥਾਨ ਤੇ, ਕਿਉਂ ਨਵਾਬ ਬੁੱਕੇ ਪਿਆ।
ਜ਼ਾਲਮ ਜਹਾਨ ਖਾਂ ਉਲਾਮਾ ਖਟ ਲਿਆ, ਲਿਆ ਸ਼ਰੀਕਾਂ ਵੈਰੀ ਪਾ।
ਗੁਰੂ ਰਾਮਦਾਸ ਦਾ ਤਲਾਬ ਅੱਟ ਲਿਆ, ਮੰਦਰ ਸੁਨਹਿਰੀ ਢਾਹ।
ਬੜੀ ਮਿੱਟੀ ਚੜ੍ਹੀ 'ਵੀ ਕੰਧਾਰੀ ਸਾਨ ਤੇ, ਮੋਢਿਆਂ ਤੋਂ ਥੁੱਕੇ ਪਿਆ ।
ਬਾਬਾ ਜੀ ਗੁਰੂ ਦੇ ਧਰਮ ਅਸਥਾਨ ਤੇ, ਕਿਉਂ ਨਵਾਬ ਬੁੱਕੇ ਪਿਆ।
ਲਹਿ ਪਈਆਂ ਪਹਾੜ ਤੋਂ ਚੁੜੇਲਾਂ ਪਾਪਣਾਂ, ਕਿਤੋਂ ਰਕਤ ਪੀਣੀਆਂ।
ਗਿਆ ਮਾਝਾ ਸ਼ੇਰਾਂ ਦਾ ਉਜਾੜਿਆ ਆਪਣਾ, ਪਈਆਂ ਡਰਨ ਸ਼ੀਂਹਣੀਆਂ।
ਚੜ੍ਹੋ ਕੋਈ ਜੁਆਨ ਆਕੜੇ ਜਵਾਨ ਤੇ, ਫੱਟਾਂ ਤੇ ਲੂਣ ਭੁੱਕੇ ਪਿਆ।
ਬਾਬਾ ਜੀ ਗੁਰੂ ਦੇ ਧਰਮ ਅਸਥਾਨ ਤੇ, ਕਿਉਂ ਨਵਾਬ ਬੁੱਕੇ ਪਿਆ।
ਜਿੱਥੇ ਪੜ੍ਹੋ ਪੋਥੀਆਂ ਖੰਡਾਈ ਲਿੱਦ ਪਈ, ਕਿਤੇ ਗਰੰਥ ਗੋਥ 'ਤੇ।
ਹਨਸਾਂ ਨੂੰ ਸਰਾਂ ਤੋਂ ਦਵੱਲੇ ਗਿੱਧ ਪਈ, ਝੜਾਤੀ ਲੋਥ ਲੋਥ 'ਤੇ ।
ਸਾਡੇ ਭਾਅ ਦੇ ਜਮ ਕਿਧਰੋਂ ਲਿਆਣ ਤੇ, ਸਰੀਰੋਂ ਚੰਮ ਸੁੱਕੇ ਪਿਆ।
ਬਾਬਾ ਜੀ ਗੁਰੂ ਦੇ ਧਰਮ ਅਸਥਾਨ ਤੇ, ਕਿਉਂ ਨਵਾਬ ਬੁੱਕੇ ਪਿਆ।
ਕਰਦੇ ਬੜਾ ਪਛਤਾਵਾ ਦਿਲ ਮਾਂ, ਹੈ ਸਫ਼ਰ ਕੈ ਕੋਹ ਪਏ ।
ਘੜੀ-ਘੜੀ ਮਗਰੋਂ ਮੁਧੌਂਦੇ ਚਿਲਮਾਂ, ਬੋਰਿਆਂ 'ਚ ਟੋਬੈਕੋ ਪਏ ।
ਖ਼ਾਨ ਦਾ ਦਿਮਾਗ ਚੜਿਆ 'ਵਿਆ ਸਮਾਨ ਤੇ, ਬੁੜਕੌਂਦਾ ਹੁੱਕੇ ਪਿਆ।
ਬਾਬਾ ਜੀ ਗੁਰੂ ਦੇ ਧਰਮ ਅਸਥਾਨ ਤੇ, ਕਿਉਂ ਨਵਾਬ ਬੁੱਕੇ ਪਿਆ।
ਮੜਿਆਂ ਨੂੰ ਤੋੜਦੇ ਹੱਟਾਂ ਤੇ ਟੁੱਟ ਪਏ, ਪਈਆਂ ਕੰਬਣ ਲਾਲੀਆਂ ।
ਬਾਣੀਆਂ ਡਰਾਕਲਾਂ ਤੇ ਰੋਜ਼ ਕੁੱਟ ਪਏ, ਉੱਤੋਂ ਕੱਢਣ ਗਾਲੀਆਂ ।
ਪੁੱਠੇ ਅਲਫ਼ਾਜ਼ ਚੜ੍ਹੇ 'ਵੇ ਜ਼ਬਾਨ ਤੇ, ਤੇ ਘਸੁੰਨ ਠੁੱਕੇ ਪਿਆ ।
ਬਾਬਾ ਜੀ ਗੁਰੂ ਦੇ ਧਰਮ ਅਸਥਾਨ ਤੇ, ਕਿਉਂ ਨਵਾਬ ਬੁੱਕੇ ਪਿਆ ।
'ਬਾਬੂ' ਛੈਣੀ ਚਾਹੀਏ ਲੋਹੇ ਦੇ ਕੱਟਣ ਨੂੰ, ਬਣੀ 'ਵੀ ਫੌਲਾਦ ਦੀ ।
ਹੋਣੀ ਨੂੰ ਬੁਲਾ ਲੋ ਲਹੂ ਦੇ ਚੱਟਣ ਨੂੰ, ਨੈਂ ਚਲਾ ਦਿਓ ਰਾਧ ਦੀ ।
ਟਿੱਡੀ ਦਲ ਲੱਥਾ ਮੰਦਿਰ-ਮਕਾਨ ਤੇ, ਨਾ ਮੁਕਾਇਆਂ ਮੁੱਕੇ ਪਿਆ ।
ਬਾਬਾ ਜੀ ਗੁਰੂ ਦੇ ਧਰਮ ਅਸਥਾਨ ਤੇ, ਕਿਉਂ ਨਵਾਬ ਬੁੱਕੇ ਪਿਆ ।

### ਰਘਬੀਰ ਛੰਦ-2

ਗੱਲ ਏਲਚੀ ਨੇ ਕੀਤੀ, ਅਬਦਾਲੀ ਦੀ ਪਲੀਤੀ,
ਰੋ ਪਿਆ ਅੱਖੀਂ ਦੇ ਘਸੁੰਨ, ਖੜ ਜਾਂਦਾ ਹੋ ਕੇ ਸੁੰਨ, ਜੀ ਪੱਥਰ ਦਾ ਜਿਉਂ ਥਮਲਾ ।
ਲਗੀ ਕਾਲਜੇ ਨੂੰ ਅੱਗ, ਜਾਵੇ ਮੂੰਹ ਦੇ ਵਿੱਚੋਂ ਝੱਗ,
ਨੈਣੋਂ ਝੜਨ ਚੰਗਿਆੜੇ, ਭਰਮੇ ਮੁਛਹਿਰੇ ਤਾੜੇ, ਤੇ ਗੁੱਸੇ 'ਚ ਹੋ ਗਿਆ ਕਮਲਾ ।
ਤਾਲ ਪੂਰੇ ਦਾ ਦਰੇਗ, ਕਦੇ ਧੂਲੇ ਮਿਆਨੋਂ ਤੇਗ,
ਜ਼ਹਿਰ ਘੋਲੇ ਸੱਪ ਜ਼ਹਿਰੀ, ਗੇਰਿਆ ਮੰਦਰ ਸੁਨਹਿਰੀ, ਜਿਉਂ ਫੁੱਲਾਂ ਦਾ ਸੋਹੇ ਗਮਲਾ ।
'ਬਾਬੂ' ਰੱਖਣੀ ਉਡੀਕ, ਤੁਸੀਂ ਦੋ ਕੁ ਵੀਕ ਤੀਕ,
ਛੇੜ ਦੇਵਾਂਗਾ ਫ਼ਸਾਦ, ਟੁਐਂਟੀ ਟੂ ਦਿਨਾਂ ਦੇ ਬਾਦ, ਜੀ ਕਰਾਂਗੇ ਆ ਕੇ ਹਮਲਾ ।
ਰਘਬੀਰ ਛੰਦ-3
ਬਾਬਾ ਦੀਪ ਸਿੰਘ ਸੋਚੇ, ਦਿਲ ਲੜਨੇ ਨੂੰ ਲੋਚੇ,
ਜਪੇ ਨਾਮ ਲਾ ਸਮਾਧੀ, ਓਦੋਂ ਰੋਟੀ ਵੀ ਨਾ ਖਾਧੀ, ਸੀ ਬਿਰਧ ਲੈਂਦਾ ਤਰਲੇ ।
ਕੰਮ ਪੈ ਗਿਆ ਜ਼ਰੂਰੀ, ਉੱਠੀ ਕਾਲਜੇ 'ਚੋਂ ਲੂਹਰੀ,
ਸੀਗਾ ਤੜਕਾ ਪਹਿਰ, ਲਿੱਸਾ ਜਿਆ ਤਰੰਗ ਗਹਿਰ, 'ਤੇ ਜਿੰਦ ਧਰਲੇ ।
ਪਿੰਡਾ ਫ਼ਿਕਰਾਂ ਨੇ ਬਿੱਧਾ, ਹੋ ਗਿਆ ਮਾਲਵੇ ਨੂੰ ਸਿੱਧਾ,
ਜਿਹੜਾ ਜਾਵੇ ਸਿੰਘ ਮਿਲ, ਕਹੇ ਲਾਵਣੀ ਨਾ ਢਿਲ, ਜੀ ਅੱਖਾਂ 'ਚ ਜਲ ਭਰ ਲੇ ।
ਭੁੱਖ ਲੱਗੇ ਬੁਲ ਚੱਬੇ, ਪਾਣੀ ਛੱਪੜਾਂ ਦਾ ਲੱਭੇ,
ਮੌਤ ਤੋਂ ਬਨਾ ਲੇ ਗਾਨੇ, ਸੜਨੇ ਨੂੰ ਪਰਵਾਨੇ, ਛੀ ਹਜ਼ਾਰ 'ਕੱਠੇ ਕਰ ਲੇ

## ਸੁਰਜੀਤ ਪਾਤਰ

ਨਿੱਤ ਸੂਰਜਾਂ ਨੇ ਚੜਨਾ, ਨਿੱਤ ਸੂਰਜਾਂ ਨੇ ਲਹਿਣਾ
ਨਿੱਤ ਸੂਰਜਾਂ ਨੇ ਚੜਨਾ, ਨਿੱਤ ਸੂਰਜਾਂ ਨੇ ਲਹਿਣਾ
ਪਰਬਤ ਤੋਂ ਸਾਗਰਾਂ ਵੱਲ ਨਦੀਆਂ ਨੇ ਰੋਜ਼ ਵਹਿਣਾ
ਇਕ ਦੂਜੇ ਮਗਰ ਘੁੰਮਣਾ ਰੁੱਤਾਂ ਤੇ ਮੌਸਮਾਂ ਨੇ
ਇਹ ਸਿਲਸਿਲਾ ਜੁਗੋ ਜੁਗ ਏਦਾਂ ਹੀ ਚੱਲਦਾ ਰਹਿਣਾ
ਰੁਕਣੀ ਨਹੀਂ ਕਹਾਣੀ, ਬੱਝੇ ਨ ਰਹਿਣੇ ਪਾਣੀ
ਰੂਹੋਂ ਬਗੈਰ ਸੱਖਣੇ, ਬੁਤ ਨਾ ਬਣਾ ਕੇ ਰੱਖਣੇ
ਪਾਣੀ ਨੇ ਰੋਜ਼ ਤੁਰਨਾ, ਕੰਢੀਆਂ ਨੇ ਰੋਜ਼ ਖੁਰਨਾ
ਖੁਰਦੇ ਨੂੰ ਦੇ ਦਿਲਾਸਾ, ਤੁਰਦੇ ਨੇ ਨਾਲ ਰਹਿਣਾ
ਚੰਨ ਤਾਰਿਆਂ ਦੀ ਲੋਏ, ਇਕਰਾਰ ਜਿਹੜੇ ਹੋਏ
ਤਾਰੇ ਉਨਾਂ ਤੇ ਹੱਸੇ ਦੀਵੇ ਉਨਾਂ 'ਤੇ ਰੋਏ
ਟੁੱਟਦੇ ਕਰਾਰ ਦੇਖੇ, ਅਸਾਂ ਬੇਸ਼ੁਮਾਰ ਦੇਖੇ
ਲਫਜ਼ਾਂ ਦਾ ਬਣਿਆ ਦੇਖੀਂ ਕੱਲ ਇਹ ਮਹਿਲ ਵੀ ਢਹਿਣਾ
ਇਨਾਂ ਦੀਵਿਆਂ ਨੂੰ ਦੱਸ ਦੇ, ਇਨਾਂ ਤਾਰਿਆਂ ਨੂੰ ਕਹਿ ਦੇ
ਇਨਾਂ ਹੱਸਦੇ ਰੋਂਦਿਆਂ ਨੂੰ ਤੂੰ ਸਾਰਿਆਂ ਨੂੰ ਕਹਿ ਦੇ
ਅਸੀਂ ਜਾਨ ਵਲੋਂ ਦੀਵੇ, ਈਮਾਨ ਵਲੋਂ ਤਾਰੇ
ਅਸੀਂ ਦੀਵੇ ਵਾਂਗ ਬੁਝਣਾ, ਅਸੀਂ ਤਾਰੇ ਵਾਂਗ ਰਹਿਣਾ
ਸੁਣ ਹੇ ਝਨਾਂ ਦੇ ਪਾਣੀ, ਤੂੰ ਡੁੱਬ ਗਏ ਨ ਜਾਣੀਂ
ਤੇਰੇ ਪਾਣੀਆਂ ਤੇ ਤਰਨੀ ਇਸ ਪਿਆਰ ਦੀ ਕਹਾਣੀ
ਹੈ ਝੂਠ ਮਰ ਗਏ ਉਹ, ਡੁੱਬ ਕੇ ਤਾਂ ਤਰ ਗਏ ਉਹ
ਨਿੱਤ ਲਹਿਰਾਂ ਤੇਰੀਆਂ ਨੇ ਪਾ ਪਾ ਕੇ ਸ਼ੋਰ ਕਹਿਣ

## ਮਿਰਜ਼ਾ ਗਾਲਿਬ

ਦਿਲੇ-ਨਾਦਾਂ ਤੁਝੇ ਹੁਆ ਕਯਾ ਹੈ
ਦਿਲੇ-ਨਾਦਾਂ ਤੁਝੇ ਹੁਆ ਕਯਾ ਹੈ
ਆਖ਼ਿਰ ਇਸ ਦਰਦ ਕੀ ਦਵਾ ਕਯਾ ਹੈ
ਹਮ ਹੈਂ ਮੁਸ਼ਤਾਕ ਔਰ ਵੋ ਬੇਜ਼ਾਰ
ਯਾ ਇਲਾਹੀ ਯੇ ਮਾਜਰਾ ਕਯਾ ਹੈ
ਮੈਂ ਭੀ ਮੂੰਹ ਮੇਂ ਜ਼ੁਬਾਨ ਰਖਤਾ ਹੂੰ
ਕਾਸ਼ ਪੂਛੋ ਕਿ ਮੁੱਦਆ ਕਯਾ ਹੈ
ਜਬਕਿ ਤੁਜ ਬਿਨ ਨਹੀਂ ਕੋਈ ਮੌਜੂਦ
ਫਿਰ ਯੇ ਹੰਗਾਮਾ-ਏ-ਖ਼ੁਦਾ ਕਯਾ ਹੈ
ਯੇ ਪਰੀ ਚੇਹਰਾ ਲੋਗ ਕੈਸੇ ਹੈਂ
ਗ਼ਮਜ਼ਾ-ਓ-ਇਸ਼ਵਾ-ਓ ਅਦਾ ਕਯਾ ਹੈ
ਸ਼ਿਕਨੇ-ਜ਼ੁਲਫ਼-ਏ-ਅੰਬਰੀ ਕਯਾ ਹੈ
ਨਿਗਹ-ਏ-ਚਸ਼ਮ-ਏ-ਸੁਰਮਾ ਕਯਾ ਹੈ
ਸਬਜ਼ਾ-ਓ-ਗੁਲ ਕਹਾਂ ਸੇ ਆਯੇ ਹੈਂ
ਅਬਰ ਕਯਾ ਚੀਜ ਹੈ ਹਵਾ ਕਯਾ ਹੈ
ਹਮਕੋ ਉਨਸੇ ਵਫ਼ਾ ਕੀ ਹੈ ਉੱਮੀਦ
ਜੋ ਨਹੀਂ ਜਾਨਤੇ ਵਫ਼ਾ ਕਯਾ ਹੈ
ਹਾਂ ਭਲਾ ਕਰ ਤੇਰਾ ਭਲਾ ਹੋਗਾ
ਔਰ ਦਰਵੇਸ਼ ਕੀ ਸਦਾ ਕਯਾ ਹੈ
ਜਾਨ ਤੁਮ ਪਰ ਨਿਸਾਰ ਕਰਤਾ ਹੂੰ
ਮੈਂ ਨਹੀਂ ਜਾਨਤਾ ਦੁਆ ਕਯਾ ਹੈ
ਮੈਨੇ ਮਾਨਾ ਕਿ ਕੁਛ ਨਹੀਂ 'ਗ਼ਾਲਿਬ'
ਮੁਫ਼ਤ ਹਾਥ ਆਯੇ ਤੋ ਬੁਰਾ ਕਯਾ ਹੈ

# ਯਾਦਾਂ ਦੇ ਝਰੋਖੇ 'ਚ ਰੌਣਕੀ ਬੰਦੇ

**ਹਰਵਿੰਦਰ ਸਿੰਘ ਭੱਟੋਂ**

ਹਾਲੇ ਕਾਲਜ ਯੂਨੀਵਰਸਿਟੀਆਂ ਵਿੱਚ ਪੜਾਈਆਂ ਪੂਰੀਆਂ ਕਰ ਕੇ ਜ਼ਿੰਦਗੀ ਦੀ ਜੱਦੋ-ਜਹਿਦ ਸ਼ੁਰੂ ਹੀ ਕੀਤੀ ਸੀ ਕਿ ਕਿਸੇ ਦੀ ਬੁਰੀ ਨਜ਼ਰ ਲੱਗਣ ਵਾਂਗ ਯਾਰਾਂ ਦੀ ਮਾਲਾ ਵਿੱਚੋਂ ਕਈ ਹੀਰੇ ਯਾਰ ਗੁਆਚ ਗਏ।ਚੜਦੀ ਜਵਾਨੀ ਰੁੱਤੇ ਉੱਥੇ ਚਲੇ ਗਏ ਜਿੱਥੋਂ ਮੁੜ ਕੋਈ ਨਹੀਂ ਆਉਂਦਾ। ਇਨਾਂ ਯਾਰਾਂ ਵਿੱਚੋਂ ਹੀ ਇੱਕ ਯਾਰ ਸੀ ਪਰਮਜੀਤ ਸਿੰਘ ਜਿਸ ਨੂੰ ਅਸੀਂ ਸਾਰੇ ਪਿਆਰ ਤੇ ਸਤਿਕਾਰ ਨਾਲ ਪੰਮਾ ਬਾਈ ਕਹਿੰਦੇ ਸੀ।

ਪੰਮੇ ਬਾਈ ਦੇ ਫ਼ੱਕਰ ਸੁਭਾ ਤੇ ਦਿਲਦਾਰ ਹੋਣ ਕਰਕੇ ਉਹ ਬਹੁਤ ਯਾਦ ਆਉਂਦਾ। ਪੰਮੇ ਬਾਈ ਦਾ ਕੱਦ ਛੇ ਫੁੱਟ ਤੋਂ ਉੱਪਰ ਤੇ ਜੁੱਸਾ ਭਲਵਾਨਾਂ ਵਾਲਾ ਸੀ, ਪੂਰਾ ਤਕੜਾ ਕੱਦ ਕਾਠ ਸੀ, ਹਰ ਵੇਲੇ ਹੱਸੂ-ਹੱਸੂ ਕਰਦਾ ਚਿਹਰਾ, ਗੁੱਸਾ ਤਾਂ ਕਦੇ ਆਉਂਦਾ ਹੀ ਨਹੀਂ ਸੀ, ਬਾਈ ਨੂੰ ਏਨਾ ਫ਼ੱਕਰ ਸੁਭਾ ਸੀ ਕਿ ਕਿਸੇ ਗੱਲ ਦੀ ਪਰਵਾਹ ਹੀ ਨਹੀਂ ਕਰਨੀ ਪੰਮੇ ਨੇ ਹਰੇਕ ਨੂੰ ਪਿਆਰ ਨਾਲ ਬਾਬੇ ਕਹਿਣਾ.. ਬੋਲਦੇ ਨੇ ਮਲਕੇ ਮਲਕੇ ਬਹੁਤ ਕਹਿਣਾ।

ਅਸੀਂ ਐਮ.ਏ. ਵਿੱਚ ਖਾਲਸਾ ਕਾਲਜ ਚੰਡੀਗੜ ਦਾਖਲਾ ਜਾ ਲਿਆ ਉੱਥੇ ਮੇਲ ਹੋਇਆ, ਪੰਮੇ ਬਾਈ ਨਾਲ ਪੰਮੇ ਬਾਈ ਦਾ ਪਿੰਡ ਅਮਰਗੜ (ਮਲੇਰਕੋਟਲੇ) ਕੋਲ ਸੀ।

ਅਸੀਂ ਨਵੇਂ ਨਵੇਂ ਕਾਲਜ ਵਿੱਚ ਗਏ ਤਾਂ ਸਾਰੇ ਪੰਮੇ ਬਾਈ ਨੂੰ ਯਾਦ ਕਰੀ ਜਾਇਆ ਕਰਨ ਕੇ ਕਦੋਂ ਆਊ-ਕਦੋਂ ਆਊ, ਨਾਲੇ ਉਹਦੀਆਂ ਗੱਲਾਂ ਸੁਣਾ ਸੁਣਾ ਹਸਾਈ ਜਾਇਆ ਕਰਨ ਚੰਡੀਗੜ ਸਾਰੇ ਕਾਲਜਾਂ ਵਿੱਚ ਤੇ ਯੂਨੀਵਰਸਿਟੀ ਵਿੱਚ ਵਿਦਿਆਰਥੀ ਚੋਣਾਂ ਹੁੰਦੀਆਂ ਨੇ.. ਵਿਦਿਆਰਥੀ ਵੋਟਾਂ ਪਾ ਕੇ ਆਪਣੀ ਕੌਂਸਲ ਚੁਣਦੇ ਹਨ..। ਵਿਦਿਆਰਥੀ ਕੌਂਸਲ ਦੀਆਂ ਚੋਣਾਂ ਆ ਗਈਆਂ ਤਾਂ ਪੰਮਾ ਬਾਈ ਵੀ ਆ ਪਹੁੰਚਿਆ, ਸਾਡੇ ਗਰੁੱਪ ਵੱਲੋਂ ਵੀ ਹਿੱਸਾ ਲਿਆ ਜਾਣਾ ਸੀ। ਚੋਣਾਂ ਵਿੱਚ ਪਿਛਲੇ ਸਾਲ ਵੀ ਜੇਤੂ ਸਾਡਾ ਧੜਾ ਹੀ ਸੀ ਜਿਸਦਾ ਇੱਕ ਲੀਡਰ ਪੰਮਾ ਬਾਈ ਵੀ ਸੀ। ਜਿਸ ਦਿਨ ਕਾਲਜ ਆਇਆ ਤਾਂ ਸਾਡੇ ਨਾਲ ਦਾ ਇੱਕ ਮੁੰਡਾ ਸੀ ਲੱਕੀ, ਉਹਨੇ ਪੰਮੇ ਦਾ ਕੱਪੜਿਆਂ ਵਾਲਾ ਬੈਗ ਪੰਮੇ ਦੇ ਹੱਥੋਂ ਖੋ ਲਿਆ ਤੇ ਸਾਨੂੰ ਖੋਲ ਕੇ ਦਿਖਾਇਆ ਕਹਿੰਦਾ, ਆਹ ਦੇਖੋ ਇਹਦੇ ਬੈਗ ਵਿੱਚ ਸਾਰੇ ਕੱਪੜੇ ਮੈਲੇ ਨੇ, ਅਸੀਂ ਕਿਹਾ ਫ਼ੇਰ ਕੀ ਹੋਇਆ, ਕਹਿੰਦਾ ਯਾਰ ਇਹਨੂੰ ਘਰ ਤੋਂ ਕਾਲਜ ਤੁਰੇ ਨੂੰ ਪੰਦਰਾਂ ਵੀਹ ਦਿਨ ਹੋ ਗਏ, ਇਹਨੂੰ ਰਾਹ ਵਿੱਚ ਜਿਹੜਾ ਮਿਲ ਗਿਆ ਜਾਂ ਜੀਹਨੇ ਥੋੜਾ ਜਿਹਾ ਜੋਰ ਪਾ ਲਿਆ ਇਹ ਉਹਦੇ ਕੋਲ ਹੀ ਰਹਿ ਜਾਂਦਾ।

ਲੱਕੀ ਬਹੁਤ ਮਜ਼ਾਕੀਆ ਸੀ ਲੱਕੀ ਕਹਿੰਦਾ ਪੰਮਾ 45 ਕਿਲੋਮੀਟਰ ਲੰਬੀ ਗੱਲ ਕਰਦਾ ਹੁੰਦਾ, ਅਸੀਂ ਕਿਹਾ ਉਹ ਕਿੱਦਾਂ ਕਹਿੰਦਾ, ਕਈ ਵਾਰ ਕਾਲਜ ਆਉਂਦਾ ਹੋਇਆ ਪੰਮਾ ਮੈਨੂੰ ਘਰ ਤੋਂ ਨਾਲ ਲੈ ਆਉਂਦਾ, ਕਹਿੰਦਾ ਸਾਡਾ ਪਿੰਡ ਚੰਡੀਗੜ ਤੋਂ 45 ਕਿਲੋਮੀਟਰ ਦੂਰ ਆ..। ਇਹ ਪਿੰਡੋਂ ਬਾਹਰ ਨਿਕਲ ਕੇ ਇੱਕ ਗੱਲ ਸੁਣਾਉਣੀ ਸ਼ੁਰੂ ਕਰਦਾ, ਉਹ ਗੱਲ ਇੱਥੇ ਹੋਸਟਲ ਆ ਕੇ ਮੁੱਕਦੀ ਆ, ਪੰਮੇ ਨੇ ਕੋਲ ਬੈਠੇ ਨੇ ਹੱਸੀ ਜਾਣਾ ਅੱਖਾਂ ਮੀਚ ਮੀਚ।

ਵਿਦਿਆਰਥੀ ਚੋਣਾਂ ਲਈ ਪ੍ਰਚਾਰ ਸ਼ੁਰੂ ਹੋ ਗਿਆ ਤਾਂ ਇੱਕ ਦਿਨ ਸਾਡਾ ਸੀਨੀਅਰ ਬਾਈ ਹੈਪੀ ਸਾਡੇ ਕਮਰੇ ਵਿੱਚ ਆ ਕੇ ਪੰਮੇ ਨਾਲ ਲੜਨ ਲੱਗਾ ਕਿ ਮੇਰੇ ਨਾਲ ਵੋਟਾਂ ਨਾ ਮੰਗਣ ਜਾਇਆ ਕਰ ਯਾਰ, ਜੇ ਜਾਣਾ ਹੁੰਦਾ ਆਪਣੀ ਪੱਗ ਬੰਨ ਕੇ ਜਾਇਆ ਕਰ, ਅਸੀਂ ਕਿਹਾ ਕੀ ਗੱਲ ਹੋ ਗਈ ਤੁਹਾਡੀ, ਹੈਪੀ ਕਹਿੰਦਾ ਯਾਰ ਆਹ ਪੰਮਾ ਆਪ ਤਾਂ ਸਿਰ ਤੋਂ ਘੋਨ ਮੋਨ ਜਿਹਾ ਮੇਰੇ ਨਾਲ ਚਲਿਆ ਜਾਊ ਵੋਟਾਂ ਮੰਗਣ ਤੇ ਮੇਰੀ ਪੱਗ ਤੇ ਆਪਣੇ ਲਿੱਬੜੇ ਤਿੱਬੜੇ ਜਿਹੇ ਹੱਥ ਲਾ ਲਾ ਕਹੀ ਜਾਊ ਕਿ ਜੀ ਤੁਸੀਂ ਬੱਸ



ਸਾਡੀ ਆਹ ਪੱਗ ਦੀ ਇੱਜ਼ਤ ਰੱਖਣੀ ਆ, ਵੋਟ ਸਾਨੂੰ ਪਾਉਣੀ ਆ, ਯਾਰ ਦੋ ਘੰਟੇ ਵਿੱਚ ਵਿੱਚ ਸਾਰੀ ਪੱਗ ਲਥੇੜ ਦਿੰਦਾ ਮੇਰੀ। ਪੰਮਾ ਬਾਈ ਕੋਲ ਬੈਠਾ ਹੱਸੀ ਜਾਵੇ, ਬੱਸ ਹੱਸੀ ਜਾਵੇ, ਹੱਸੀ ਜਾਵੇ।

ਇੱਕ ਵਾਰ ਯੂਥ ਫ਼ੈਸਟੀਵਲ ਆ ਗਿਆ ਨੇੜੇ, ਸਾਡੇ ਕਾਲਜ ਦੀ ਭੰਗੜੇ ਦੀ ਟੀਮ ਬਹੁਤ ਵਧੀਆ ਸੀ, ਪੰਮਾ ਵੀ ਭੰਗੜਾ ਪਾਉਂਦਾ ਸੀ ਵਿੱਚ, ਸਾਡੇ ਪ੍ਰਿੰਸੀਪਲ ਸੰਘਾ ਸਾਹਿਬ ਤੇ ਸਾਡਾ ਭੰਗੜਾ ਤਿਆਰ ਕਰਾਉਣ ਵਾਲੇ ਸਰ ਕਾਲਜ ਦਾ ਚੱਕਰ ਲਾਉਂਦੇ ਲਾਉਂਦੇ ਸਾਡੇ ਕੋਲ ਆ ਗਏ ਤੇ ਕਹਿੰਦੇ ਪਰਮਜੀਤ ਚੱਲ ਜਾਹ ਸੱਤ ਸੈਕਟਰ ਦੀ ਮਾਰਕੀਟ ਵਿੱਚੋਂ ਢੋਲ ਵਾਲਾ ਲੈ ਕੇ ਆ, ਅੱਜ ਟਰਾਇਲ ਲੈ ਕੇ ਦੇਖਦੇ ਆ ਤੇ ਕੱਲ ਤੋਂ ਤਿਆਰੀ ਸ਼ੁਰੂ।

ਪੰਮਾ ਢੋਲ ਵਾਲੇ ਨੂੰ ਲੈਣ ਚਲਾ ਗਿਆ ਤੇ ਸਾਰੇ ਉਡੀਕ ਕਰਨ ਲੱਗੇ, ਜਦੋਂ ਅੱਧਾ ਕੁ ਘੰਟਾ ਲੰਘ ਗਿਆ ਤਾਂ ਪ੍ਰਿੰਸੀਪਲ ਸਰ ਤੇ ਕੋਚ ਸਰ ਕਹਿੰਦੇ ਅਸੀਂ ਦਫ਼ਤਰ ਵਿੱਚ ਹਾਂ ਜਦੋਂ ਪਰਮਜੀਤ ਢੋਲ ਵਾਲੇ ਨੂੰ ਲੈ ਕੇ ਆ ਗਿਆ ਸਾਨੂੰ ਬੁਲਾ ਲੈਣਾ।

ਜਦੋਂ ਇੱਕ ਘੰਟਾ ਲੰਘ ਗਿਆ, ਅਸੀਂ ਆਪਣੇ ਹੋਸਟਲ ਨੂੰ ਉੱਠ ਕੇ ਜਾਣ ਲੱਗੇ ਤਾਂ ਸਾਡੀਆਂ ਕਲਾਸਮੇਟ ਕੁੜੀਆਂ ਕਹਿੰਦੀਆਂ, ਤੁਸੀਂ ਕਿਉਂ ਚੱਲੇ? ਪਰਮਜੀਤ ਆਉਣ ਵਾਲਾ ਹੈ ਢੋਲ ਵਾਲੇ ਨੂੰ ਲੈ ਕੇ, ਅਸੀਂ ਕਿਹਾ ਕਿ ਪੰਮਾ ਬਾਈ ਨਹੀਂ ਮੁੜਦਾ ਹੁਣ। ਉਹਨੂੰ ਕੋਈ ਜਾਣ ਪਛਾਣ ਵਾਲਾ ਟੱਕਰ ਗਿਆ ਉਹ ਤਾਂ ਉਹਦੇ ਨਾਲ ਲੰਘ ਗਿਆ।

ਉਹੀ ਗੱਲ ਹੋਈ ਦੂਜੇ ਦਿਨ ਸਵੇਰੇ ਸਵੇਰੇ ਪੰਮੇ ਬਾਈ ਵਾਲਾ ਚਿੱਟਾ ਬਜਾਜ ਚੇਤਕ ਸਕੂਟਰ ਸਾਡਾ ਕੰਟੀਨ ਵਾਲਾ ਠੇਕੇਦਾਰ ਲਈ ਆਵੇ, ਅਸੀਂ ਕਿਹਾ ਕਿ ਤੈਨੂੰ ਕਿੱਥੋਂ ਮਿਲ ਗਿਆ ਸਕੂਟਰ ਤਾਂ ਉਹ ਕਹਿੰਦਾ ਕੱਲ ਮੈਨੂੰ ਸੱਤ ਸੈਕਟਰ ਪੰਮਾ ਮਿਲਿਆ ਸੀ, ਕਹਿੰਦਾ ਮੇਰਾ ਸਕੂਟਰ ਲੈ ਜਾਹ,; ਮੈਂ ਕਿਸੇ ਦੋਸਤ ਨਾਲ ਚੱਲਿਆਂ, ਕਿਤੇ ਮੈਂ ਤੇਰੇ ਤੋਂ ਆ ਕੇ ਲੈ ਲਵਾਂਗਾ, ਲਊ ਜੀ ਸਰਦਾਰ ਪਰਮਜੀਤ ਸਿੰਘ ਪੰਮਾ ਜੀ ਪੰਜ ਮਿੰਟ ਵਿੱਚ ਮਾਰਕੀਟ ਵਿੱਚੋਂ ਢੋਲ ਲੈਣ ਗਏ ਪੂਰੇ 17-18 ਦਿਨ ਬਾਅਦ ਵਾਪਸ ਮੁੜ ਕੇ ਆਏ ਕਾਲਜ।

ਅਸੀਂ ਆਏ ਨੂੰ ਪੁੱਛਿਆ ਕਿੱਧਰ ਲੰਘ ਗਿਆ ਸੀ ਕਹਿੰਦਾ ਯਾਰ ਇੱਕ ਮਿੱਤਰ ਮਿਲ ਗਿਆ ਉਹ ਕਹਿੰਦਾ ਜ਼ਰੂਰੀ ਕੰਮ ਆ, ਆਪਾਂ ਬਠਿੰਡੇ ਜਾਣਾ ਉੱਥੋਂ ਫ਼ੇਰ ਇੱਕ ਹੋਰ ਮਿੱਤਰ ਮਿਲ ਗਿਆ, ਉਹ ਫ਼ੇਰ ਹਿਸਾਰ ਲੈ ਗਿਆ, ਬੱਸ ਯਾਰ ਇੱਦਾਂ ਹੀ ਦਿਨ ਲੰਘ ਗਏ।

ਜਦੋਂ ਅਗਲੇ ਦਿਨ ਕਲਾਸ ਵਿੱਚ ਗਿਆ ਤਾਂ ਉਹਦੀ ਕਲਾਸ ਦੀਆਂ ਕੁੜੀਆਂ ਹੈਰਾਨ ਕਿ ਇਹੋ ਜਿਹਾ ਬੰਦਾ ਵੀ ਹੁੰਦਾ ਕਿ ਪੰਜ ਮਿੰਟ ਵਿੱਚ ਢੋਲ ਵਾਲੇ ਨੂੰ ਲੈਣ ਗਿਆ 17-18 ਦਿਨ ਬਾਅਦ ਮੁੜਿਆ।

# ਇਹ ਅਸੂਲ ਅਜ਼ੀਜ਼ ਹੈ

**ਗੁਰਜੀਤ ਕੌਰ ਬਡਾਲੀ**

ਮੋ. ੯੮੧੪੧੯੮੭੧੯

ਨਿਰੰਤਰਤਾ ਜਿੰਦਗੀ ਦੇ ਲਗ-ਭਗ ਹਰ ਪਹਿਲੂ ਵਿੱਚ ਵਿਚਰ ਰਿਹਾ ਇੱਕ ਅਸੂਲ ਹੈ। ਜੁੜਨਾ ਸੌਖਾ ਪਰ ਜੁੜੇ ਰਹਿਣਾ ਬਹੁਤ ਔਖਾ ਹੁੰਦਾ ਹੈ।ਸਿਰਫ਼ ਖ਼ਿਆਲਾਂ ਨਾਲ਼ ਕਦੇ ਵੀ ਤੁਸੀ ਜਿੱਤ ਨਹੀਂ ਹਾਸਿਲ ਕਰ ਸਕਦੇ। ਇੱਕ ਨਿਰੰਤਰਤਾ ਬਣਾਈ ਰੱਖਣੀ ਪੈਂਦੀ ਹੈ ਜਿਵੇਂ ਪਾਣੀ ਦਿੰਦੇ ਰਹੋ ਤਾਂ ਰੁੱਖ ਖਿੜਿਆ ਰਵੇਗਾ ਭਾਵੇਂ ਤੁਹਾਡੇ ਸੁਪਨੇ ਨੇ ਭਾਵੇਂ ਰਿਸ਼ਤੇ ਨੇ ਭਾਵੇਂ ਰੱਬ ਸਿਰਫ਼ ਕਹਿਣ ਜਾਂ ਸੋਚਣ ਨਾਲ ਨਹੀਂ। ਇੱਕ ਕਦਮ ਅੱਗੇ ਵਧਾਉਣ ਨਾਲ, ਵਿਸ਼ਵਾਸ਼ ਬਣਾਈ ਰੱਖਣ ਨਾਲ ਤੇ ਨਿਰੰਤਰਤਾ ਦੀ ਬਦੌਲਤ ਹੀ ਤੁਸੀਂ ਜਿੱਤ ਹਾਸਲ ਕਰ ਸਕਦੇ ਹੋ, ਆਪਣੇ ਰੱਬ ਨੂੰ ਪਾ ਸਕਦੇ ਹੋ, ਆਪਣੇ ਸੁਪਨਿਆਂ ਦੇ ਆਸਮਾਨ ਦੀ ਉਡਾਰੀ ਭਰ ਸਕਦੇ ਹੋ ਆਪਣੇ ਰਿਸ਼ਤਿਆਂ ਨੂੰ ਕਾਇਮ ਰੱਖ ਸਕਦੇ ਹੋ। ਬਾਦਸ਼ਾਹਤ ਕਦੇ ਵੀ ਭਟਕਣ ਨਾਲ ਨਹੀਂ ਮਿਲਦੀ ਪਰ ਫੈਸਲਿਆਂ ਦੀ ਖ਼ੁਦ ਮੁਖਤਿਆਰੀ ਅਤੇ ਤੁਹਾਡੀ ਮਿਹਨਤ, ਜਜ਼ਬੇ, ਸਭ ਤੋਂ ਜ਼ਰੂਰੀ ਤੁਹਾਡਾ ਆਪਣੇ ਆਪ ਵਿੱਚ ਵਿਸ਼ਵਾਸ਼ ਅਤੇ ਤੁਹਾਡਾ ਜੁੜਿਆ ਰਹਿਣਾ ਬਹੁਤ ਜ਼ਰੂਰੀ ਹੈ। ਇੱਕ ਚੀਜ਼ ਨੂੰ ਕਦੇ ਦੂਜੇ ਤੇ ਹਾਵੀ ਨਾ ਹੋਣ ਦਿਓ।ਸ਼ੋਹਰਤ ਨੂੰ ਕਦੇ ਆਪਣੇ ਭੋਲੇਪਨ ਤੇ ਕਬਜਾ ਨਾ ਕਰਨ ਦਿਓ। ਤੁਹਾਡੇ ਮਾਂ ਬਾਪ ਲਈ ਤੁਸੀਂ ਇੱਕ ਬੱਚੇ ਹੀ ਬਣੇ ਰਹੋ ਸ਼ਰਾਰਤਾਂ ਕਰਕੇ ਝਿੜਕਾਂ ਖਾਂਦੇ ਰਹੋ ਪਰ ਇੱਕ ਮਾਣ ਬਣਿਆ ਰਹੇ ਕਿ ਇਹ ਸਾਡੇ ਬੱਚੇ ਨੇ, ਹਮਸਫ਼ਰ ਲਈ ਨਦਾਨੀ, ਨਖਰੇ, ਤਕਰਾਰ, ਤੰਗੀ ਸਭ ਜ਼ਾਇਜ ਹੈ ਬਸ਼ਰਤੇ ਮੁਹੱਬਤ ਬਰਕਰਾਰ ਰਹੇ, ਹੋਰਨਾਂ ਰਿਸ਼ਤਿਆਂ ਲਈ ਤੁਸੀ ਇੱਕ ਸੰਜੀਦਾ, ਸੰਸਕਾਰੀ ਤੇ ਸਹਿਯੋਗੀ ਬਣੇ ਰਹੋ ਪਰ ਜ਼ਰੂਰੀ ਹੈ ਕਿ ਸਤਿਕਾਰ ਵੀ ਬਣਿਆ ਰਹੇ ਇਸੇ ਤਰਾਂ ਆਪਣੇ ਕਮ ਕਾਰ ਪ੍ਰਤੀ ਇਮਾਨਦਾਰ ਰਹੋ। ਇੱਕ ਨਿਰੰਤਰਤਾ ਹੀ ਹੈ ਜਿਸ ਨਾਲ ਜੀਵਨ ਸੰਭਵ ਹੈ, ਧਰਤੀ ਨਿਰੰਤਰ ਸੂਰਜ ਦੇ ਦੁਆਲੇ ਆਪਣੇ ਧੁਰੇ ਦੁਆਲੇ ਘੁੰਮ ਰਹੀ ਹੈ ਉਹਨੇ ਕਦੇ ਸ਼ਿਕਾਇਤ ਨਹੀਂ ਕੀਤੀ ਕਿ ਮੈਨੂੰ ਚੱਕਰ ਆਉਣ ਲੱਗ ਪਏ ਮੈਂ ਥੱਕ ਗਈ ਜਾਂ ਮੇਰਾ ਦਿਲ ਨਹੀਂ ਕਰਦਾ ਗੇੜੇ ਖਾਣ ਨੂੰ, ਮੌਸਮ ਨਿਰੰਤਰ ਨੇ ਉਹ ਕਦੇ ਵੀ ਆਪਸ 'ਚ ਝਗੜਾ ਨਹੀਂ ਕਰਦੇ ਕਿ ਮੈਂ ਪਹਿਲਾਂ ਜਾਣਾ ਜਾਂ ਮੈਂ ਤਾਂ ਬਾਅਦ ਜਾਣਾ ਪਹਿਲਾਂ ਤੂੰ ਜਾਹ, ਕਾਦਰ ਦੀ ਕੁਦਰਤ ਬਿਲਕੁਲ ਪਾਬੰਦ ਹੈ ਇਸੇ ਤਰਾਂ ਸਾਨੂੰ ਵੀ ਹੋਣਾ ਪਵੇਗਾ, ਬਦਲਾਅ ਨਿਯਮ ਹੈ ਜੀਵਨ ਦਾ, ਸਬਰ ਦਾ ਹੱਥ ਫੜ ਚਲਦੇ ਰਹੋ ਭਾਵੇਂ ਅਸੀਂ ਹਰ ਚੀਜ਼ ਹਾਸਿਲ ਨਹੀਂ ਕਰ ਸਕਦੇ ਬਲਕਿ ਇੱਕ ਉਸ ਲਈ ਜੋ ਸਾਡੇ ਖ਼ਾਤਿਰ ਬਣੀ ਹੀ ਨਹੀਂ ਓਹਦੀ ਭਾਲ ਵਿਚ ਜੋ ਹੈ ਉਸਨੂੰ ਵੀ ਗਵਾ ਲੈਂਦੇ ਹਾਂ ਕਿਉਕਿ ਸੰਤੁਸ਼ਟੀ ਜੋ ਕੋਲ ਹੈ ਸਿਰਫ ਉਸੇ ਵਿੱਚੋ ਹਾਸਿਲ ਕੀਤੀ ਜਾ ਸਕਦੀ ਹੈ। ਇੱਛਾਵਾਂ ਕਦੇ ਨਹੀਂ ਮੁੱਕਦੀਆਂ। ਇੱਕ ਤੋਂ ਬਾਅਦ ਦੂਜੀ ਦੀ ਲਾਲਸਾ ਤਿਆਰ ਹੈ, ਪੜਾਈ, ਨੌਕਰੀ, ਵਿਆਹ, ਬੱਚੇ, ਬੱਚਿਆਂ ਦੀ ਪੜਾਈ ਤੇ ਉਨਾਂ ਦੀ ਨੌਕਰੀ ਇਹੀ ਜੀਵਨ ਚੱਕਰ ਹੈ। ਇਸੇ ਲਈ ਜੁੜੇ ਰਹੋ ਸਵੇਰ ਤੋਂ ਸ਼ਾਮੀ ਆਪਣੇ ਆਪ ਨਾਲ, ਆਪਣੇ ਰੱਬ ਨਾਲ, ਆਪਣੇ ਕੰਮ ਕਾਰ ਨਾਲ, ਬਿਨਾਂ ਥੱਕੇ, ਬਿਨਾਂ ਹਾਰੇ, ਚਲਦੇ ਰਹੋ। ਤਾਂ ਕਿ ਦਿਨ ਦੀ ਮਿਹਨਤ ਤੋਂ ਬਾਅਦ ਰਾਤ ਸੁਖਾਲੀ ਨਿਕਲੇ ਜਦੋਂ ਆਪਣੇ ਜੀਵਨ ਵਿੱਚ ਗੁਜ਼ਾਰੇ ਇੰਨੇ ਸਾਲਾਂ 'ਚ ਪਿੱਛੇ ਝਾਤੀ ਮਾਰ ਕੇ ਦੇਖੀਏ ਤਾਂ ਸਕੂਨ ਦੀ ਮੁਸਕੁਰਾਹਟ ਚਿਹਰੇ 'ਤੇ ਜ਼ਰੂਰ ਖਿੜਨੀ ਚਾਹੀਦੀ ਹੈ ਤੇ ਸਾਡੇ ਕੋਲ ਦੱਸਣ ਲਈ ਹੋਵੇ ਕਿ ਅਸੀਂ ਆਪਣੇਂ ਵਿਚਾਰਾਂ ਤੇ ਕੇਂਦ੍ਰਿਤ ਰਹੇ ਹਾਂ ਤੇ ਅੱਜ ਦੀ ਇਹ ਜਿੱਤ ਮੇਰੇ ਉਨਾਂ ਸਾਰਿਆਂ ਪਲਾਂ ਵਿੱਚ ਕੀਤੀ ਮਿਹਨਤ ਦੀ ਬਦੌਲਤ ਹੈ। ਬਚਪਨ ਜਲਦੀ ਬੀਤ ਜਾਣ ਲਈ, ਜਵਾਨੀ ਤੇ ਬੁਢਾਪਾ ਸਮੇਂ ਤੋਂ ਪਹਿਲਾਂ ਆਉਣ ਲਈ ਤਿਆਰ ਰਹਿਣਗੇ ਤੇ ਸਾਡੀਆਂ ਇੱਛਾਵਾਂ ਕਦੇ ਵੀ ਨਹੀਂ ਮਰਨਗੀਆਂ, ਕਿਉਂਕਿ ਇਸ ਬ੍ਰਹਿਮੰਡ ਵਿੱਚ ਕਾਸ਼ ਅਤੇ ਆਕਾਸ਼ ਦੀ ਕੋਈ ਸੀਮਾ ਨਹੀਂ।

# ਰੋਟੀ ਅਤੇ ਪਿਆਰ

**ਜਸਵੰਤ ਸਿੰਘ ਜ਼ਫ਼ਰ**



ਹਰਫਾਂ ਦੇ ਨੂਰ

ਅਸੀਂ ਜਿਹੋ ਜਿਹੇ ਵੀ ਹੋਈਏ ਬਚਪਨ ਵਿਚ ਖਾਣ-ਪੀਣ ਦੇ ਪ੍ਰਬੰਧ ਦਾ ਕੋਈ ਫਿਕਰ ਨਹੀਂ ਹੁੰਦਾ। ਇਹ ਸਾਨੂੰ ਮਾਤਾ-ਪਿਤਾ ਅਤੇ ਘਰ ਦੇ ਵੱਡੇ ਜੀਆਂ ਤੋਂ ਹੱਕ ਦੇ ਤੌਰ 'ਤੇ ਪ੍ਰਾਪਤ ਹੁੰਦਾ ਹੈ।

ਮਰਨ ਤੋਂ ਬਾਅਦ ਸੰਤਾਨ ਮੂੰਹ 'ਚ ਬੜੇ ਘਿਉ ਆਦਿ ਪਾਉਂਦੀ ਹੈ। ਸ਼ਰਾਧ ਜਾਂ ਪਿੰਡ ਭਰਾਈ ਕਰਾਉਂਦੀ ਜਾਂ ਲੰਗਰ ਲਾਉਂਦੀ ਹੈ।

ਇਨਾਂ ਦੋਹਾਂ ਦੇ ਵਿਚਕਾਰਲੇ ਸਮੇਂ ਵਿਚ ਸਾਨੂੰ ਆਪਣੇ ਖਾਣ-ਪੀਣ ਦਾ ਪ੍ਰਬੰਧ ਕਰਨ ਲਈ ਆਪ ਕੰਮ, ਉਦਮ, ਮਿਹਨਤ ਅਤੇ ਦੌੜ-ਭੱਜ ਕਰਨੀ ਪੈਂਦੀ ਹੈ। ਸਾਡੀ ਆਪਣੀ ਜਿੰਮੇਵਾਰੀ ਹੁੰਦੀ ਹੈ।

ਇਸੇ ਤਰਾਂ ਅਸੀਂ ਜਿਹੋ ਜਿਹੇ ਵੀ ਹੋਈਏ ਬਚਪਨ ਵਿਚ ਸਾਡੇ ਮਾਤਾ-ਪਿਤਾ, ਭੈਣ-ਭਰਾ ਅਤੇ ਘਰ ਦੇ ਹੋਰ ਜੀਅ ਆਪਣੇ ਆਪ ਹੀ ਖੂਬ ਪਿਆਰ ਕਰਦੇ ਰਹਿੰਦੇ ਹਨ।

ਮਰਨ ਤੋਂ ਬਾਅਦ ਸੰਤਾਨ ਅਤੇ ਹੋਰ ਕਰੀਬੀ ਮ੍ਰਿਤਕ ਸਰੀਰ ਨੂੰ ਜੱਫੀਆਂ ਪਾ ਕੇ ਅਤੇ ਹੋਰ ਕਈ ਤਰੀਕਿਆਂ ਨਾਲ ਪਿਆਰ-ਸਤਿਕਾਰ ਦਾ ਇਜ਼ਹਾਰ ਕਰਦੇ ਹਨ।

ਇਨਾਂ ਦੋਹਾਂ ਦੇ ਵਿਚਕਾਰਲੇ ਦੇ ਸਮੇਂ ਵਿਚ ਪਿਆਰ ਪ੍ਰਾਪਤੀ ਲਈ ਸਾਨੂੰ ਆਪਣੇ ਵਤੀਰੇ, ਲਿਆਕਤ, ਮਿਹਨਤ, ਕਮਾਈ, ਹੁਨਰ, ਸਿਰਜਣਾ, ਸੋਹਜ-ਸਲੀਕੇ, ਬੋਲ-ਬਾਣੀ, ਉਪਯੋਗਤਾ, ਸਹਿਯੋਗ ਆਦਿ ਨਾਲ ਹਰ ਤਰਾਂ ਦੇ ਪਿਆਰ ਦੇ ਯੋਗ ਹੋਣਾ ਪੈਂਦਾ ਹੈ। ਭਾਵ ਬਚਪਨ ਤੋਂ ਬਾਅਦ ਪਿਆਰ ਵੀ ਰੋਟੀ ਵਾਂਗ ਕਮਾਉਣਾ ਹੁੰਦਾ ਹੈ।

ਰੋਂਦੂ ਜਿਹੀਆਂ ਪਿਆਰ ਕਵਿਤਾਵਾਂ ਕਵੀ ਨੂੰ ਤਰਸ ਦਾ ਪਾਤਰ ਅਤੇ ਪਾਠਕ ਨੂੰ ਪਿਆਰ-ਕਮਾਊ ਦੀ ਬਜਾਏ ਪਿਆਰ-ਮੰਗਤਾ ਬਣਾਉਂਦੀਆਂ ਹਨ।

ਅੱਜ ਕੱਲ ਪੰਜਾਬੀ ਦੇ ਬਹੁਤੇ ਹਿੱਟ ਗਾਣੇ ਨੌਜਵਾਨਾਂ ਨੂੰ ਪਿਆਰ-ਕਮਾਊ ਦੀ ਬਜਾਏ ਪਿਆਰ ਦੇ ਲੁਟੇਰੇ ਜਾਂ ਡਾਕੂ ਬਣਨ ਲਈ ਉਕਸਾਉਂਦੇ ਹਨ।

ਮੈਨੂੰ ਕਮਾਊ ਜੀਊੜੇ ਹੀ ਭਾਉਂਦੇ ਹਨ, ਮੰਗਤੇ ਅਤੇ ਲੁਟੇਰੇ ਦੋਵੇਂ ਚੰਗੇ ਨਹੀਂ ਲੱਗਦੇ।

ਇਥੇ ਇਸ਼ਤਿਹਾਰ ਲਗਾਉਣ ਲਈ ਕਾਲ ਕਰੋ:

510-240-5949

Email:asrtimes@gmail.com

# ਪੰਜਾਬ ਗੰਭੀਰ ਵਿੱਤੀ ਸੰਕਟ ਵੱਲ

## ✪ ਰਿਜ਼ਰਵ ਬੈਂਕ ਆਫ ਇੰਡੀਆ ਦੀ ਰਿਪੋਰਟ ਮੁਤਾਬਿਕ ਪੰਜਾਬ, ਕੇਰਲ, ਪੱਛਮੀ ਬੰਗਾਲ, ਰਾਜਸਥਾਨ ਤੇ ਬਿਹਾਰ ਸਰਕਾਰ ਸਿਰ ਕਰਜ਼ਾ ਭਾਰੀ

## ✪ ਸਰਕਾਰਾਂ ਕਰਜ਼ਾ ਮੋੜਨ ਲਈ ਲੈ ਰਹੀਆਂ ਨੇ ਹੋਰ ਕਰਜ਼ਾ

ਪੰਜਾਬ ਲੰਮੇ ਸਮੇਂ ਤੋਂ ਵਿੱਤੀ ਸੰਕਟ ਵਿੱਚ ਉਲਝਦਾ ਦਿਖਾਈ ਦੇ ਰਿਹਾ ਹੈ। ਰਿਜ਼ਰਵ ਬੈਂਕ ਆਫ ਇੰਡੀਆ (ਆਰਬੀਆਈ) ਦੀ ਤਾਜ਼ਾ ਰਿਪੋਰਟ ਮੁਤਾਬਕ ਪੰਜਾਬ, ਕੇਰਲ, ਪੱਛਮੀ ਬੰਗਾਲ, ਰਾਜਸਥਾਨ ਅਤੇ ਬਿਹਾਰ ਸਰਕਾਰਾਂ ਸਿਰ ਕਰਜ਼ਾ ਵਧਣ ਦੀ ਰਫ਼ਤਾਰ ਉਸ ਹੱਦ ਤੱਕ ਪਹੁੰਚਦੀ ਦਿਖਾਈ ਦੇ ਰਹੀ ਹੈ ਜਿਸ ਨੂੰ ਉਤਾਰ ਸਕਣਾ ਸੁਖਾਲਾ ਨਹੀਂ ਹੈ। ਕਰਜ਼ੇ ਦੇ ਬੋਝ ਹੇਠ ਦੱਬੀਆਂ ਇਨ੍ਹਾਂ ਚਾਰ ਸਰਕਾਰਾਂ ਦਾ ਕਰਜ਼ਾ 2026-27 ਤਕ ਕੁੱਲ ਘਰੇਲੂ ਪੈਦਾਵਾਰ ਦਾ 30 ਫ਼ੀਸਦੀ ਤੋਂ ਵਧ ਕੇ 35 ਫ਼ੀਸਦੀ ਹੋ ਸਕਦਾ ਹੈ। 2026-27 ਤਕ ਪੰਜਾਬ ਦਾ ਕਰਜ਼ਾ ਕੁੱਲ ਘਰੇਲੂ ਪੈਦਾਵਾਰ ਦਾ 45 ਫ਼ੀਸਦੀ ਤੱਕ ਜਾ ਸਕਦਾ ਹੈ। ਹੁਣ ਸਰਕਾਰਾਂ ਕਰਜ਼ਾ ਮੋੜਨ ਲਈ ਕਰਜ਼ਾ ਲੈ ਰਹੀਆਂ ਹਨ : ਇਕ ਸਮੇਂ ਇਹ ਵੀ ਸੰਭਵ ਨਹੀਂ ਹੋਵੇਗਾ। ਰਿਜ਼ਰਵ ਬੈਂਕ ਨੇ ਪੰਜਾਬ ਸਰਕਾਰ ਵੱਲੋਂ ਮੁਫ਼ਤ ਸੇਵਾਵਾਂ ਦੇਣ ਦਾ ਦਾਇਰਾ ਲਗਾਤਾਰ ਵਧਾਏ ਜਾਣ ਨੂੰ ਕਰਜ਼ਾ ਵਧਣ



ਦਾ ਮੁੱਖ ਕਾਰਨ ਦੱਸਿਆ ਹੈ। ਪੰਜਾਬ ਦਾ ਮੁੱਖ ਖਰਚਾ ਕਰਜ਼ਾ ਵਾਪਸੀ ਦੀਆਂ ਕਿਸ਼ਤਾਂ, ਸਰਕਾਰੀ ਮੁਲਾਜ਼ਮਾਂ ਅਤੇ ਅਫ਼ਸਰਾਂ ਦੀਆਂ ਤਨਖ਼ਾਹਾਂ ਅਤੇ ਪੈਨਸ਼ਨਾਂ ਅਤੇ ਹੋਰ ਜ਼ਰੂਰੀ ਮੱਦਾਂ 'ਤੇ ਹੁੰਦਾ ਹੈ।

ਰਿਜ਼ਰਵ ਬੈਂਕ ਅਨੁਸਾਰ ਸੂਬੇ ਕੋਲ ਵਿਕਾਸ ਲਈ ਸਾਧਨ ਬੇਹੱਦ ਸੀਮਤ ਹੋ ਗਏ ਹਨ। 2007 ਵਿਚ ਪੰਜਾਬ ਦਾ ਕਰਜ਼ਾ 55153 ਕਰੋੜ ਰੁਪਏ ਸੀ ਜੋ ਦਸ ਸਾਲਾਂ ਦੇ ਅਕਾਲੀ-ਭਾਜਪਾ ਰਾਜ ਦੌਰਾਨ 1.82 ਲੱਖ ਕਰੋੜ ਰੁਪਏ ਹੋ ਗਿਆ। ਕਾਂਗਰਸ ਸਰਕਾਰ ਦੌਰਾਨ ਇਹ ਹੋਰ ਵਧ ਕੇ ਮਾਰਚ 2022 ਤੱਕ ਲਗਭਗ 2.73 ਲੱਖ ਕਰੋੜ ਰੁਪਏ ਤੱਕ ਪਹੁੰਚ ਗਿਆ। ਮੰਨਿਆ ਜਾ ਰਿਹਾ ਹੈ ਕਿ 2022-23 ਦੌਰਾਨ ਇਹ ਕਰਜ਼ਾ 3.15 ਲੱਖ ਕਰੋੜ ਰੁਪਏ ਹੋ ਜਾਵੇਗਾ। ਵਿਧਾਨ ਸਭਾ ਚੋਣਾਂ ਦੌਰਾਨ ਕੀਤੇ ਵਾਅਦਿਆਂ 'ਤੇ ਅਮਲ ਕਰਨ ਨਾਲ ਇਹ ਵਾਧਾ ਹੋਰ ਵੀ ਜ਼ਿਆਦਾ ਹੋ ਸਕਦਾ ਹੈ। ਸਾਲ 2021-22 ਦੌਰਾਨ ਕਰਜ਼ੇ ਦੀ ਕਿਸ਼ਤ ਮੋੜਨ ਲਈ ਸਾਲ ਦੌਰਾਨ ਇਕੱਠੇ ਹੋਏ ਮਾਲੀਏ ਦਾ 21 ਫ਼ੀਸਦੀ ਖ਼ਰਚ ਹੋਇਆ। 36.9 ਫ਼ੀਸਦੀ ਮਾਲੀਆ ਮੁਲਾਜ਼ਮਾਂ ਦੀਆਂ ਤਨਖ਼ਾਹਾਂ ਅਤੇ ਪੈਨਸ਼ਨਾਂ 'ਤੇ ਖਰਚ ਹੁੰਦਾ ਹੈ। ਪਿਛਲੀ ਸਰਕਾਰ ਨਵੀਂ ਸਰਕਾਰ ਵਾਸਤੇ 8500 ਕਰੋੜ ਰੁਪਏ ਬਿਜਲੀ ਸਬਸਿਡੀ ਅਤੇ ਹੋਰ ਪੁਰਾਣੀਆਂ ਦੇਣਦਾਰੀਆਂ ਵੀ ਛੱਡ ਗਈ ਹੈ।

ਆਪ ਸਰਕਾਰ ਦਾ ਦਾਅਵਾ ਹੈ ਕਿ ਉਹ ਪੈਸੇ ਦੀ ਬੱਚਤ ਅਤੇ ਭ੍ਰਿਸ਼ਟਾਚਾਰ ਦੂਰ ਕਰਕੇ ਹਾਲਾਤ ਵਿਚ ਸੁਧਾਰ ਲਿਆਵੇਗੀ। ਵਿੱਤੀ ਸੁਧਾਰਾਂ ਦੇ ਮਾਮਲੇ ਵਿਚ ਅਜੇ ਕੋਈ ਵੱਡਾ ਕਦਮ ਨਹੀਂ ਚੁੱਕਿਆ ਗਿਆ। ਰਿਜ਼ਰਵ ਬੈਂਕ ਦੀ ਚਿਤਾਵਨੀ ਨਜ਼ਰਅੰਦਾਜ਼ ਕਰਨ ਵਾਲੀ ਨਹੀਂ ਹੈ। ਪੰਜਾਬ ਸਰਕਾਰ ਸਾਹਮਣੇ ਹੋਰਾਂ ਦੇ ਨਾਲ ਨਾਲ ਸਭ ਤੋਂ ਵੱਡੀ ਚੁਣੌਤੀ ਸੂਬੇ ਦੀ ਵਿੱਤੀ ਹਾਲਤ ਨੂੰ ਸੁਧਾਰਨ ਦੀ ਹੈ। ਦੂਸਰੇ ਸੂਬਿਆਂ ਵਾਂਗ ਪੰਜਾਬ ਦਾ ਭਵਿੱਖ ਵੀ ਆਪਣੀ ਆਰਥਿਕਤਾ ਨਾਲ ਜੁੜਿਆ ਹੋਇਆ ਹੈ ਅਤੇ ਸਰਕਾਰ ਨੂੰ ਇਸ ਬਾਰੇ ਗੰਭੀਰਤਾ ਨਾਲ ਵਿਚਾਰ ਕਰਨਾ ਚਾਹੀਦਾ।

## ਭਾਜਪਾ ਦਾ ਅਗਲਾ ਨਿਸ਼ਾਨਾ ਹੋ ਸਕਦਾ ਹੈ ਝਾਰਖੰਡ, ਊਧਵ ਕੋਲ ਪ੍ਰਬੰਧਕਾਂ ਦੀ ਘਾਟ

ਜੇਕਰ ਮਹਾਰਾਸ਼ਟਰ ਵਿਚ ਭਾਜਪਾ ਦਾ 'ਆਪਰੇਸ਼ਨ ਲੋਟਸ' ਸਫਲ ਹੁੰਦਾ ਹੈ ਤਾਂ ਝਾਰਖੰਡ ਵਿਚ ਵੀ ਇਸੇ ਤਰਾਂ ਦਾ 'ਆਪਰੇਸ਼ਨ' ਹੋਵੇਗਾ। ਝਾਰਖੰਡ ਵਿਚ ਸਰਕਾਰ ਚਲਾ ਰਹੇ ਝਾਰਖੰਡ ਮੁਕਤੀ ਮੋਰਚਾ ਵਿਚ ਤਾਂ ਵੰਡ ਦੀ ਸੰਭਾਵਨਾ ਘੱਟ ਹੈ ਪਰ ਉਸ ਦੀ ਭਾਈਵਾਲ ਕਾਂਗਰਸ ਦੇ ਕਈ ਵਿਧਾਇਕ ਪਹਿਲਾਂ ਤੋਂ ਭਾਜਪਾ ਦੇ ਸੰਪਰਕ ਵਿਚ ਹਨ। ਜਿਸ ਤਰਾਂ ਮਹਾਰਾਸ਼ਟਰ ਵਿਚ ਦੋ ਵਾਰ ਦੀਆਂ ਕੋਸ਼ਿਸ਼ਾਂ ਤੋਂ ਬਾਅਦ ਤੀਜੀ ਵਾਰ ਵਿਚ ਭਾਜਪਾ ਨੂੰ ਸਫਲਤਾ ਮਿਲੀ ਹੈ, ਉਸੇ ਤਰਾਂ ਉਹ ਝਾਰਖੰਡ ਵਿਚ ਵੀ ਦੋ ਕੋਸ਼ਿਸ਼ਾਂ 'ਚ ਅਸਫਲ ਰਹਿ ਚੁੱਕੀ ਹੈ। ਜਲਦ ਹੀ ਹੁਣ ਉਹ ਅਗਲੇ ਕੁਝ ਦਿਨਾਂ ਵਿਚ ਤੀਜੀ ਕੋਸ਼ਿਸ਼ ਕਰ ਸਕਦੀ ਹੈ। ਇਸੇ ਦਰਮਿਆਨ ਭਾਜਪਾ ਨੇ ਝਾਰਖੰਡ ਦੀ ਰਾਜਪਾਲ ਰਹੀ ਦਰੋਪਦੀ ਮੁਰਮੂ ਨੂੰ ਰਾਸ਼ਟਰਪਤੀ ਅਹੁਦੇ ਦਾ ਉਮੀਦਵਾਰ ਬਣਾਇਆ ਹੈ। ਉਨਾਂ ਦਾ ਜਿੱਤਣਾ ਲਗਭਗ ਤੈਅ ਹੈ। ਭਾਜਪਾ ਦੇ ਇਸ ਇਕ ਫ਼ੈਸਲੇ ਨਾਲ ਉਸ ਨੇ ਆਦਿਵਾਸੀ ਵਿਰੋਧੀ ਹੋਣ ਦੇ ਆਪਣੇ ਅਕਸ ਨੂੰ ਬਦਲਿਆ ਹੈ। ਝਾਰਖੰਡ ਦੇ ਆਦਿਵਾਸੀ ਵਿਧਾਇਕਾਂ ਨੂੰ ਵੀ ਹੁਣ ਭਾਜਪਾ ਦੇ ਨਾਲ ਜਾਣ ਵਿਚ ਕੋਈ ਪ੍ਰੇਸ਼ਾਨੀ ਨਹੀਂ ਹੋਵੇਗੀ। ਪਿਛਲੀਆਂ ਚੋਣਾਂ 'ਚ ਭਾਜਪਾ ਨੂੰ 25 ਸੀਟਾਂ ਮਿਲੀਆਂ ਸਨ, ਜਿਨਾਂ 'ਚ ਸਿਰਫ਼ ਦੋ ਆਦਿਵਾਸੀ ਜਿੱਤੇ ਸਨ। ਪਹਿਲਾ ਗ਼ੈਰ ਆਦਿਵਾਸੀ ਮੁੱਖ ਮੰਤਰੀ ਬਣਾਉਣ ਨਾਲ ਭਾਜਪਾ ਦਾ ਅਕਸ ਆਦਿਵਾਸੀ ਵਿਰੋਧੀ ਦਾ ਬਣ ਗਿਆ ਸੀ, ਜੋ ਹੁਣ ਬਦਲ ਜਾਵੇਗਾ। ਇਸ ਲਈ ਝਾਰਖੰਡ ਵਿਚ ਹੁਣ ਤੋਂ ਹੀ ਕਿਆਸ ਅਰਾਈਆਂ ਦਾ ਦੌਰ ਸ਼ੁਰੂ ਹੋ ਗਿਆ ਹੈ। ਫਿਲਹਾਲ 'ਆਪ੍ਰੇਸ਼ਨ ਲੋਟਸ' ਸਫ਼ਲ ਨਾ ਹੋਣ ਦੀ ਇਕ ਸਥਿਤੀ ਇਹ ਬਣ ਰਹੀ ਹੈ ਕਿ ਰਾਜ ਵਿਚ ਇਕ ਸੀਟ 'ਤੇ ਵਿਧਾਨ ਸਭਾ ਦੀ ਉਪ ਚੋਣ ਹੋ ਰਹੀ ਹੈ, ਜਿਸ 'ਤੇ ਕਾਂਗਰਸ ਦੇ ਜਿੱਤਣ ਦੀ ਮਜ਼ਬੂਤ ਸੰਭਾਵਨਾ ਹੈ। ਜੇਕਰ ਕਾਂਗਰਸ ਜਿੱਤਦੀ ਹੈ ਤਾਂ ਉਸ ਦੇ ਵਿਧਾਇਕਾਂ ਦੀ ਗਿਣਤੀ ਵਧੇਗੀ ਅਤੇ ਉਦੋਂ ਉਸ ਦੇ ਦੋ-ਤਿਹਾਈ ਵਿਧਾਇਕਾਂ ਨੂੰ ਤੋੜਨਾ ਥੋੜਾ ਹੋਰ ਮੁਸ਼ਕਲ ਹੋ ਜਾਵੇਗਾ।ਮਹਾਰਾਸ਼ਟਰ ਦੇ ਘਟਨਾਕ੍ਰਮ ਤੋਂ ਬਾਅਦ ਇਸ ਤਰਾਂ ਦੀਆਂ ਕਈ ਖ਼ਬਰਾਂ ਆਈਆਂ ਹਨ ਕਿ ਮੁੱਖ ਮੰਤਰੀ ਊਧਵ ਠਾਕਰੇ ਨੂੰ ਕਈ ਮਹੀਨਿਆਂ ਤੋਂ ਪਤਾ ਸੀ ਕਿ ਉਨਾਂ ਦੀ ਪਾਰਟੀ ਵਿਚ ਬਗਾਵਤ ਦੀ ਤਿਆਰੀ ਹੋ ਰਹੀ ਹੈ। ਐਨ.ਸੀ.ਪੀ. ਸੁਪਰੀਮੋ ਸ਼ਰਦ ਪਵਾਰ ਸਮੇਤ ਕਈਆਂ ਆਗੂਆਂ ਰਾਹੀਂ ਉਨਾਂ ਨੂੰ ਜਾਣਕਾਰੀ ਮਿਲ ਗਈ ਸੀ ਕਿ ਸ਼ਿਵ ਸੈਨਾ ਦੇ ਅੰਦਰ ਸਭ ਠੀਕ ਨਹੀਂ ਹੈ ਅਤੇ ਉਨਾਂ ਨੂੰ ਆਪਣਾ ਘਰ ਠੀਕ ਕਰਨਾ ਚਾਹੀਦਾ ਹੈ। ਸਵਾਲ ਹੈ ਕਿ ਜਦੋਂ ਊਧਵ ਠਾਕਰੇ ਜਾਣਦੇ ਸਨ ਤਾਂ ਉਨਾਂ ਨੇ ਸਮਾਂ ਰਹਿੰਦਿਆਂ ਸੰਕਟ-ਪ੍ਰਬੰਧ ਕਿਉਂ ਨਹੀਂ ਕੀਤਾ ? ਇਸ ਦਾ ਇਕ ਕਾਰਨ ਤਾਂ ਊਧਵ ਠਾਕਰੇ ਦੀ ਸਿਹਤ ਖ਼ਰਾਬ ਸੀ, ਜਿਸ ਨਾਲ ਉਹ ਆਪਣੀ ਪਾਰਟੀ ਦੇ ਨੇਤਾਵਾਂ ਤੋਂ ਦੂਰ ਰਹੇ ਸਨ। ਇਸ ਤੋਂ ਇਲਾਵਾ ਇਕ ਵੱਡਾ ਕਾਰਨ ਇਹ ਹੈ ਕਿ ਸ਼ਿਵ ਸੈਨਾ ਦੇ ਕੋਲ ਕੋਈ ਪ੍ਰਬੰਧਕ ਨਹੀਂ ਹੈ। ਇਸ ਤੋਂ ਪਹਿਲਾਂ ਮਹਾ ਵਿਕਾਸ ਅਘਾੜੀ ਬਣੀ ਅਤੇ ਊਧਵ ਠਾਕਰੇ ਮੁੱਖ ਮੰਤਰੀ ਬਣੇ ਤਾਂ ਉਸ ਦੇ ਪਿੱਛੇ ਸ਼ਰਦ ਪਵਾਰ ਦਾ ਪ੍ਰਬੰਧ ਸੀ। ਬਾਅਦ 'ਚ ਵੀ ਗੱਠਜੋੜ ਸਰਕਾਰ ਚਲਾਈ ਰੱਖਣ ਵਿਚ ਪਵਾਰ ਦਾ ਪ੍ਰਬੰਧ ਹੀ ਕੰਮ ਕਰਦਾ ਰਿਹਾ। ਪਹਿਲੀ ਵਾਰ ਸ਼ਿਵ ਸੈਨਾ 'ਚ ਸੰਕਟ ਪੈਦਾ ਹੋਇਆ ਅਤੇ ਉਹ ਬੇਕਾਬੂ ਹੋ ਗਿਆ, ਕਿਉਂਕਿ ਪਿਛਲੇ ਦੋ ਦਹਾਕਿਆਂ ਵਿਚ ਸ਼ਿਵ ਸੈਨਾ ਨੇ ਕੋਈ ਪ੍ਰਬੰਧਕ ਨਹੀਂ ਬਣਾਇਆ। ਉਸ ਦੇ ਚੋਟੀ ਦੇ ਨੇਤਾ ਭਾਵ ਠਾਕਰੇ ਪਰਿਵਾਰ ਮੰਨਦਾ ਰਿਹਾ ਕਿ ਕੋਈ ਵੀ ਸ਼ਿਵ ਸੈਨਿਕ ਬਾਗ਼ੀ ਹੋਣ ਬਾਰੇ ਸੋਚ ਹੀ ਨਹੀਂ ਸਕਦਾ। ਬਾਲ ਠਾਕਰੇ ਦੇ ਜ਼ਮਾਨੇ 'ਚ ਸ਼ਿਵ ਸੈਨਾ ਦੇ ਕੋਲ ਮਨੋਹਰ ਜੋਸ਼ੀ, ਛਗਨ ਭੁਜਬਲ, ਨਾਰਾਇਣ ਰਾਣੇ ਵਰਗੇ ਨੇਤਾ ਸਨ, ਜੋ ਹਰਮਨ ਪਿਆਰੇ ਵੀ ਸਨ ਅਤੇ ਪ੍ਰਬੰਧਾਂ 'ਚ ਵੀ ਮਾਹਿਰ ਸਨ। ਹੁਣ ਲੈ ਦੇ ਕੇ ਇਕ ਸੰਜੈ ਰਾਊਤ ਬਚੇ ਹਨ, ਪਰ ਉਹ ਵੀ ਬਿਆਨ ਦੇਣ ਵਾਲੇ ਨੇਤਾ ਅਤੇ ਬੁਲਾਰੇ ਹਨ, ਪ੍ਰਬੰਧਕ ਨਹੀਂ।

### ਸਰਾਂ ਵਿਚ ਕਮਰਾ ਬੁੱਕ ਕਰਵਾਉਣ ਦੇ ਨਾਂ 'ਤੇ ਸ਼ਰਧਾਲੂਆਂ ਨਾਲ ਜਾਰੀ ਠੱਗੀ

ਸ਼੍ਰੋਮਣੀ ਕਮੇਟੀ ਦੇ ਪ੍ਰਬੰਧਾਂ ਅਧੀਨ ਚਲ ਰਹੀ ਸਾਰਾਗੜ੍ਹੀ ਸਰਾਂ ਵਿਚ ਕਮਰੇ ਬੁੱਕ ਕਰਵਾਉਣ ਦੇ ਨਾਂ 'ਤੇ ਕਿਸੇ ਨੌਸਰਬਾਜ ਵਲੋਂ ਵੈੱਬਸਾਈਟ ਤਿਆਰ ਕਰ ਕੇ ਸ਼ਰਧਾਲੂਆਂ ਨਾਲ ਠੱਗੀ ਮਾਰਨ ਦਾ ਸਿਲਸਿਲਾ ਜਾਰੀ ਹੈ। ਭਾਵੇਂ ਕਿ ਸ਼੍ਰੋਮਣੀ ਕਮੇਟੀ ਵਲੋਂ ਇਹ ਮਾਮਲਾ ਸਾਹਮਣੇ ਆਉਣ ਉਪਰੰਤ ਇਸ ਸੰਬੰਧ ਵਿਚ ਪੁਲਿਸ ਨੂੰ ਲਿਖਤੀ ਸ਼ਿਕਾਇਤ ਦਰਜ ਕਰਵਾਈ ਹੈ।ਇਸ ਸੰਬੰਧ ਵਿਚ ਮੈਨੇਜਰ ਸਰਾਵਾਂ ਗੁਰਮੀਤ ਸਿੰਘ ਨੇ ਦੱਸਿਆ ਕਿ ਸਰਾਗੜ੍ਹੀ ਸਰਾਅ ਵਿਚ ਕਮਰੇ ਬੁੱਕ ਕਰਨ ਲਈ ਕਿਸੇ ਨੌਸਰਬਾਜ ਵਲੋਂ ਆਪਣੀ ਵੈਬਸਾਈਟ ਬਣਾਈ ਗਈ ਜਿਸ ਵਲੋਂ ਸ਼ਰਧਾਲੂਆਂ ਕੋਲੋਂ ਸ੍ਰੀ ਹਰਿਮੰਦਰ ਸਾਹਿਬ ਨੇੜੇ ਸਰਾਗੜ੍ਹੀ ਸਰਾਂ ਵਿਚ ਕਮਰੇ ਦੀ ਬੁਕਿੰਗ ਕਰਵਾਉਣ ਬਦਲੇ ਐਡਵਾਂਸ ਦੇ ਨਾਂ 'ਤੇ ਅੱਧਾ ਕਿਰਾਇਆ ਵਸੂਲ ਕੀਤਾ ਜਾਂਦਾ ਹੈ ਪਰ ਇੱਥੇ ਉਸ ਦੇ ਕਿਸੇ ਵੀ ਕਮਰੇ ਦੀ ਬੁਕਿੰਗ ਨਹੀਂ ਹੁੰਦੀ, ਜਿਸ ਨਾਲ ਸ਼ਰਧਾਲੂਆਂ ਦੀ ਲੁੱਟ ਹੋ ਰਹੀ ਹੈ। ਉਨਾਂ ਦੱਸਿਆ ਕਿ ਬੀਤੇ ਦਿਨ ਵੀ ਦਿੱਲੀ ਦੇ ਤਿਲਕ ਨਗਰ ਇਲਾਕੇ ਤੋਂ ਇਕ ਹੋਰ ਸ਼ਰਧਾਲੂ ਆਪਣੇ ਪਰਿਵਾਰ ਨਾਲ ਇੱਥੇ ਆਇਆ, ਜਿਸ ਨਾਲ ਵੀ ਉਕਤ ਵਿਅਕਤੀ ਵਲੋਂ ਕਮਰੇ ਦੀ ਬੁਕਿੰਗ ਦੇ ਨਾਂ 'ਤੇ ਪੈਸੇ ਠੱਗੇ ਗਏ। ਮੈਨੇਜਰ ਸਰਾਵਾਂ ਨੇ ਦੱਸਿਆ ਕਿ ਇਸ ਸੰਬੰਧ 'ਚ ਉਨਾਂ ਵਲੋਂ ਪੁਲਿਸ ਨੂੰ ਪਹਿਲਾਂ ਹੀ ਸ਼ਿਕਾਇਤ ਦਿੱਤੀ ਜਾ ਚੁੱਕੀ ਹੈ ਅਤੇ ਪੁਲਿਸ ਵਲੋਂ ਦੱਸਿਆ ਜਾ ਰਿਹਾ ਹੈ ਕਿ ਠੱਗੀ ਮਾਰਨ ਵਾਲੇ ਦਾ ਨੰਬਰ ਬਾਹਰੀ ਸੂਬੇ ਦਾ ਹੋਣ ਕਰ ਕੇ ਉਸ ਦੀ ਪੜਤਾਲ ਵਿਚ ਦੇਰੀ ਲੱਗ ਰਹੀ ਹੈ।

# ਮਹਿਲਾ ਕੁਸ਼ਤੀ ਮੁਕਾਬਲਿਆਂ 'ਚ ਹਰਿਆਣਵੀ ਪਹਿਲਵਾਨਾਂ ਦੀ ਝੰਡੀ

## ਸਰਿਤਾ ਮੋਰ ਦੁਨੀਆ ਦੀ ਮੋਹਰੀ ਪਹਿਲਵਾਨ ਬਣੀ

**ਜਗਤਾਰ ਸਮਾਲਸਰ**

ਸਰਿਤਾ ਮੋਰ ਦਾ ਜਨਮ 16 ਅਪ੍ਰੈਲ 1995 ਨੂੰ ਪਿੰਡ ਬਰੋਦਾ ਜ਼ਿਲਾ ਸੋਨੀਪਤ (ਹਰਿਆਣਾ) ਵਿਖੇ ਇਕ ਸਾਧਾਰਨ ਕਿਸਾਨ ਪਰਿਵਾਰ ਵਿਚ ਹੋਇਆ। ਉਨਾਂ ਨੇ ਪਿਤਾ ਦਾ ਨਾਂ ਰਾਮ ਚੰਦਰ ਮੋਰ ਹੈ। ਆਪਣੇ ਤਿੰਨ ਭੈਣ-ਭਰਾਵਾਂ ਵਿਚੋਂ ਸਰਿਤਾ ਸਭ ਤੋਂ ਛੋਟੀ ਹੈ। ਬਚਪਨ ਵਿਚ ਹੀ ਸਰਿਤਾ ਨੂੰ ਕਬੱਡੀ ਅਤੇ ਕੁਸ਼ਤੀ ਖੇਡਣ ਦਾ ਸ਼ੌਕ ਸੀ। ਉਸਨੇ 12 ਸਾਲ ਦੀ ਉਮਰ ਵਿਚ ਹੀ ਚੌਧਰੀ ਭਰਤ ਸਿੰਘ ਮੈਮੋਰੀਅਲ ਸਪੋਰਟਸ ਸਕੂਲ ਨਿਡਾਨੀ (ਹਰਿਆਣਾ) ਵਿਚ ਕੁਸ਼ਤੀ ਦਾ ਅਭਿਆਸ ਸ਼ੁਰੂ ਕੀਤਾ। ਇਸ ਖੇਡ ਵਿਚ ਅੱਗੇ ਵਧਣ ਲਈ ਉਸ ਦੇ ਪਿਤਾ ਵਲੋਂ ਵਿਸ਼ੇਸ਼ ਸਹਿਯੋਗ ਦਿੱਤਾ ਗਿਆ। ਸਰਿਤਾ ਨੂੰ ਕੁਸ਼ਤੀ ਦਾ ਅਜਿਹਾ ਸ਼ੌਕ ਲੱਗਿਆ ਕਿ ਉਸ ਨੇ ਆਪਣੇ ਹੋਰ ਸਾਰੇ ਸ਼ੌਕ ਤਿਆਗ ਦਿੱਤੇ। ਸਰਿਤਾ ਮੋਰ ਹੁਣ ਭਾਰਤੀ ਰੇਲਵੇ ਵਿਭਾਗ ਵਿਚ ਨੌਕਰੀ ਕਰ ਰਹੀ ਹੈ। ਇਕ ਮਾਰਚ 2017 ਵਿਚ ਸਰਿਤਾ ਮੋਰ ਦਾ ਵਿਆਹ ਕੌਮਾਂਤਰੀ ਪਹਿਲਵਾਨ ਰਾਹੁਲ ਮਾਨ ਨਾਲ ਹੋਇਆ। ਸੰਨ 2011 ਵਿਚ ਇਕ ਨੈਸ਼ਨਲ ਚੈਂਪੀਅਨਸ਼ਿਪ ਦੌਰਾਨ ਉਸ ਦੇ ਮੋਢੇ 'ਤੇ ਸੱਟ ਲੱਗ ਗਈ ਸੀ। ਜਿਸ ਦੌਰਾਨ ਕਿਆਸ ਲਗਾਏ ਜਾ ਰਹੇ ਸਨ ਕਿ ਸ਼ਾਇਦ ਹੁਣ ਉਸਨੂੰ ਕੁਸ਼ਤੀ ਤੋਂ ਦੂਰ ਹੋਣਾ ਪਵੇਗਾ ਪਰ ਆਪਣੀ ਸਖ਼ਤ ਮਿਹਨਤ ਨਾਲ ਉਹ ਜਲਦੀ ਹੀ ਇਸ ਬੁਰੇ ਦੌਰ ਤੋਂ ਉੱਭਰ ਕੇ ਫਿਰ ਕੁਸ਼ਤੀ ਦੇ ਮੈਦਾਨ ਵਿਚ ਆ ਡਟੀ ਸੀ।

ਸਰਿਤਾ ਮੋਰ ਦੀਆਂ ਪ੍ਰਾਪਤੀਆਂ-ਸਰਿਤਾ ਮੋਰ ਨੇ ਸੰਨ 2017 ਦੀ ਏਸ਼ੀਆਈ ਕੁਸ਼ਤੀ ਚੈਂਪੀਅਨਸ਼ਿਪ ਦੇ 58 ਕਿਲੋ ਭਾਰ ਵਰਗ ਵਿਚ ਚਾਂਦੀ ਦਾ ਤਮਗਾ ਜਿੱਤਿਆ ਅਤੇ ਸਾਲ 2020 ਵਿਚ 59 ਕਿਲੋ ਭਾਰ ਵਰਗ ਵਿਚ ਏਸ਼ੀਆਈ ਕੁਸ਼ਤੀ ਚੈਂਪੀਅਨਸ਼ਿਪ ਵਿਚ ਉਸਨੇ ਸੋਨੇ ਦਾ ਤਮਗਾ ਜਿੱਤ ਕੇ ਭਾਰਤ ਦਾ ਨਾਂ ਰੋਸ਼ਨ ਕੀਤਾ। ਸਾਲ 2021 ਵਿਚ ਉਸ ਨੇ ਰੋਮ (ਇਟਲੀ) ਵਿਚ ਆਯੋਜਿਤ ਮਾਟੇਓ ਪੇਲੀਕੋਨ ਰੈਂਕਿੰਗ ਸੀਰੀਜ਼ ਵਿਚ 57 ਕਿਲੋਗਰਾਮ ਭਾਰ ਵਰਗ ਵਿਚ ਚਾਂਦੀ ਦਾ ਤਮਗਾ ਜਿੱਤਿਆ ਅਤੇ ਇਸੇ ਸਾਲ 2022 ਵਿਚ ਅਲਮਾਟੀ (ਕਜ਼ਾਕਿਸਤਾਨ) ਵਿਚ ਆਯੋਜਿਤ ਹੋਈ ਵਿਸ਼ਵ ਰੈਂਕਿੰਗ ਸੀਰੀਜ਼-2022 ਵਿਚ 59 ਕਿਲੋਗਰਾਮ ਭਾਰ ਵਰਗ ਵਿਚ ਸੋਨੇ ਦਾ ਤਮਗਾ ਜਿੱਤ ਕੇ ਵਿਸ਼ਵ ਦੀ ਨੰਬਰ ਇਕ ਪਹਿਲਵਾਨ ਹੋਣ ਦਾ ਮਾਣ ਹਾਸਲ ਕੀਤਾ ਹੈ। ਸਰਿਤਾ ਮੋਰ ਦਾ ਕੌਮੀ ਅਤੇ ਕੌਮਾਂਤਰੀ ਪੱਧਰ 'ਤੇ ਹੁਣ ਤੱਕ ਦਾ ਪ੍ਰਦਰਸ਼ਨ ਬਹੁਤ ਹੀ ਸ਼ਾਨਦਾਰ ਰਿਹਾ ਹੈ। ਉਸ ਨੇ ਨੈਨੀਤਾਲ ਵਿਖੇ ਸਾਲ 2010 ਵਿਚ ਹੋਈ ਸਬ-ਜੂਨੀਅਰ ਨੈਸ਼ਨਲ ਚੈਂਪੀਅਨਸ਼ਿਪ ਵਿਚ ਸੋਨੇ ਦਾ, ਕੰਨਿਆ ਕੁਮਾਰੀ ਵਿਖੇ ਸਾਲ 2011 ਦੌਰਾਨ ਹੋਈ ਸਬ-ਜੂਨੀਅਰ ਕੌਮੀ ਚੈਂਪੀਅਨਸ਼ਿਪ ਵਿਚ ਸੋਨੇ ਦਾ, 2011 ਵਿਚ ਥਾਈਲੈਂਡ ਵਿਖੇ ਆਯੋਜਿਤ ਹੋਈ ਏਸ਼ੀਆਈ ਕੈਡੇਟ ਚੈਂਪੀਅਨਸ਼ਿਪ ਵਿਚ ਚਾਂਦੀ ਦਾ, ਚੰਡੀਗੜ੍ਹ ਵਿਖੇ 2013 ਵਿਚ ਹੋਈ ਜੂਨੀਅਰ ਨੈਸ਼ਨਲ ਚੈਂਪੀਅਨਸ਼ਿਪ ਵਿਚ ਸੋਨੇ ਦਾ, 2014 ਦੀ ਜੂਨੀਅਰ ਨੈਸ਼ਨਲ ਚੈਂਪੀਅਨਸ਼ਿਪ ਵਿਚ ਸੋਨੇ ਦਾ,



ਝਾਰਖੰਡ ਵਿਖੇ 2015 ਦੌਰਾਨ ਹੋਈ ਜੂਨੀਅਰ ਨੈਸ਼ਨਲ ਚੈਂਪੀਅਨਸ਼ਿਪ ਵਿਚ ਸੋਨੇ ਦਾ, ਮਿਆਮਾਂਰ ਵਿਖੇ 2015 ਵਿਚ ਹੋਈ ਜੂਨੀਅਰ ਏਸ਼ਿਆਈ ਚੈਂਪੀਅਨਸ਼ਿਪ ਵਿਚ ਚਾਂਦੀ ਦਾ ਤਮਗਾ ਜਿੱਤ ਕੇ ਹਮੇਸ਼ਾ ਆਪਣੀ ਖੇਡ ਦਾ ਲੋਹਾ ਮਨਵਾਇਆ।

2015 ਵਿਚ ਕਜ਼ਾਕਿਸਤਾਨ ਵਿਖੇ ਆਯੋਜਿਤ ਰਾਸ਼ਟਰਪਤੀ ਕੱਪ ਦੌਰਾਨ ਚਾਂਦੀ ਦਾ ਤਗ਼ਮਾ, ਗੋਂਡਾ (ਯੂ.ਪੀ.) ਵਿਖੇ ਸਾਲ 2014 ਵਿਚ ਆਯੋਜਿਤ ਸੀਨੀਅਰ ਨੈਸ਼ਨਲ ਚੈਂਪੀਅਨਸ਼ਿਪ ਵਿਚ ਸੋਨੇ ਦਾ ਤਮਗਾ, 2015 ਦੌਰਾਨ ਦਿੱਲੀ ਵਿਖੇ ਹੋਈ ਸੀਨੀਅਰ ਨੈਸ਼ਨਲ ਚੈਂਪੀਅਨਸ਼ਿਪ ਵਿਚ ਸੋਨੇ ਦਾ ਤਮਗਾ, 2016 ਦੀ ਸੀਨੀਅਰ ਨੈਸ਼ਨਲ ਚੈਂਪੀਅਨਸ਼ਿਪ ਵਿਚ ਸੋਨੇ ਦਾ ਤਮਗਾ, 2017 ਵਿਚ ਇੰਦੌਰ ਵਿਖੇ ਆਯੋਜਿਤ ਸੀਨੀਅਰ ਰਾਸ਼ਟਰੀ ਚੈਂਪੀਅਨਸ਼ਿਪ ਵਿਚ ਕਾਂਸੀ ਦਾ ਤਮਗਾ, 2018 ਦੀ ਸੀਨੀਅਰ ਨੈਸ਼ਨਲ ਚੈਂਪੀਅਨਸ਼ਿਪ ਵਿਚ ਸੋਨੇ ਦਾ ਤਮਗਾ, 2017 ਦੀ ਸੀਨੀਅਰ ਏਸ਼ੀਅਨ ਚੈਂਪੀਅਨਸ਼ਿਪ ਵਿਚ ਚਾਂਦੀ ਦਾ ਤਮਗਾ, 2016 ਦੌਰਾਨ ਸਿੰਗਾਪੁਰ ਵਿਖੇ ਆਯੋਜਿਤ ਹੋਈਆਂ ਰਾਸ਼ਟਰ ਮੰਡਲ ਖੇਡਾਂ ਵਿਚ ਚਾਂਦੀ ਦਾ ਤਮਗਾ ਅਤੇ ਕੇਰਲ ਵਿਖੇ 2015 ਦੌਰਾਨ ਹੋਈਆਂ ਕੌਮੀ ਖੇਡਾਂ ਵਿਚ ਸੋਨੇ ਦਾ ਤਮਗਾ ਜਿੱਤਿਆ। ਉਸਦੇ ਹੁਣ ਤੱਕ ਦੇ ਖੇਡ ਕਰੀਅਰ 'ਤੇ ਧਿਆਨ ਮਾਰਦਿਆਂ ਸਹਿਜੇ ਹੀ ਇਸ ਗੱਲ ਦਾ ਅਹਿਸਾਸ ਹੋ ਜਾਂਦਾ ਹੈ ਕਿ ਸਰਿਤਾ ਮੋਰ ਨੇ ਭਾਰਤੀ ਔਰਤ ਕੁਸ਼ਤੀ ਨੂੰ ਅਸਮਾਨ ਤੱਕ ਪਹੁੰਚਾਉਣ ਲਈ ਵੱਡੀ ਭੂਮਿਕਾ ਅਦਾ ਕੀਤੀ ਹੈ। ਭਾਰਤੀ ਔਰਤ ਕੁਸ਼ਤੀ ਨੂੰ ਭਵਿੱਖ ਵਿਚ ਸਰਿਤਾ ਮੋਰ ਤੋਂ ਵੱਡੀਆਂ ਉਮੀਦਾਂ ਹਨ।




## ਪਾਠਕਾਂ ਦਾ ਨਜ਼ਰੀਆ

### ਭਾਈ ਦਲਜੀਤ ਸਿੰਘ ਬਿੱਟੂ ਪੰਜਾਬ ਤੇ ਪੰਥ ਦੀ ਸਾਖੀ ਅੱਗੇ ਤੋਰਨਗੇ

ਸਿੱਖ ਸੁਰਤ ਦੀ ਪਰਵਾਜ ਵਿੱਚ 'ਸਾਖੀ' ਨੂੰ ਬਹੁਤ ਅਹਿਮ ਥਾਂ ਹਾਸਲ ਹੈ, ਇਸਦਾ ਮਤਲਬ ਤੇ ਹੈ ਅੱਖੀਂ ਵੇਖੀ ਜਾਂ ਕੰਨੀ ਸੁਣੀ ਵਾਰਤਾ ਨੂੰ ਬਿਆਨ ਕਰਨਾ (ਇਹ ਗਵਾਹ ਤੇ ਗਵਾਹੀ ਦੇ ਰੂਪ ਵਿਚ ਵੀ ਰੂਪਮਾਨ ਹੁੰਦੀ ਹੈ। ਸਿੱਖ ਸਾਹਿਤ ਵਿੱਚ ਇਹ ਸ਼ਬਦ ਗੁਰੂ ਨਾਨਕ ਪਾਤਸ਼ਾਹ ਦੇ ਜੀਵਨ ਤੋਂ ਪ੍ਰਾਰੰਭ ਹੋ ਕੇ ਸਿੱਖ ਜੀਵਨ ਨੂੰ ਪ੍ਰਭਾਸ਼ਿਤ ਕਰਨ ਤੱਕ ਆਪਣੀ ਪੂਰਨ ਹਾਜ਼ਰੀ ਲਵਾਉਂਦਾ ਹੈ। ਸਾਖੀ : ਇਤਿਹਾਸ ਨੂੰ ਬੇ-ਰਸਾ ਤੇ ਬੋਝਲ ਹੋਣ ਤੋਂ ਬਚਾ ਕੇ ਰਸ ਭਰਪੂਰ ਬਣਾ ਸਰੋਤੇ ਨੂੰ ਇੰਝ ਆਪਣੇ ਨਾਲ ਬੰਨਦੀ ਹੈ ਜਿਵੇਂ ਸਾਰਾ ਵਾਕਿਆ ਉਸਦੀ ਹਾਜ਼ਰੀ ਵਿੱਚ ਉਸਦੇ ਸਨਮੁਖ ਹੀ ਵਾਪਰ ਰਿਹਾ ਹੋਵੇ ।

ਆਮ ਤੌਰ 'ਤੇ ਲੋਕ ਮਕਾਨ ਦੀਆਂ ਕੰਧਾਂ ਅਤੇ ਮੁਨਾਰਿਆਂ ਦੀ ਚਰਚਾ ਤੇ ਕਰਦੇ ਹਨ ਪਰ ਇਸਨੂੰ ਮਜ਼ਬੂਤੀ ਦੇਣ ਲਈ ਧਰਤੀ ਵਿੱਚ ਆਪਣੇ ਆਪ ਨੂੰ ਅਦਿੱਖ ਕਰਕੇ ਪਈਆਂ ਮਜ਼ਬੂਤ ਨੀਂਹਾਂ ਨੂੰ ਵਿਸਾਰ ਦਿੰਦੇ ਹਨ। ਸਿੱਖ ਸੰਘਰਸ਼ ਵਿੱਚ ਵਾਪਰੀਆਂ ਘਟਨਾਵਾਂ ਤੇ ਪ੍ਰਮੁਖ ਪਾਤਰਾਂ ਦਾ ਜ਼ਿਕਰ ਤਾਂ ਹਮੇਸ਼ਾ ਹੁੰਦਾ ਹੈ ਪਰ ਇਸ ਸੰਘਰਸ਼ ਤੇ ਸਿੱਖ ਜੁਝਾਰੂਆਂ ਲਈ ਆਪਣਾ ਸਭ ਕੁਝ ਕੁਰਬਾਨ ਕਰਕੇ ਇਸ ਨੂੰ ਚੱਲਦਾ ਰੱਖਣ ਵਾਲੇ ਆਮ ਲੋਕਾਂ ਦੀਆਂ ਸ਼ਹਾਦਤਾਂ ਦਾ ਵਖਿਆਨ ਗਾਇਬ ਹੋ ਜਾਂਦਾ ਹੈ। ਭਾਈ ਦਲਜੀਤ ਸਿੰਘ ਬਿੱਟੂ ਨੇ ਆਪਣੀ ਰਚਨਾ 'ਖਾੜਕੂ ਸੰਘਰਸ਼ ਦੀ ਸਾਖੀ' ਰਾਹੀ ਸਾਨੂੰ ਉਨਾਂ ਅਣਜਾਣ ਰੂਹਾਂ ਦਾ ਦੀਦਾਰ ਕਰਵਾਇਆ ਹੈ, ਜਿਨਾਂ ਦੀ ਕਥਾ ਤਵਾਰੀਖ਼ ਹੀ ਨਹੀਂ ਸ਼ਾਇਦ ਸਿੱਖ ਸਮਝ ਵਿਚੋਂ ਵੀ ਵਿਸਰ ਚੁਕੀ ਸੀ।

ਇਸ 300 ਸਫ਼ੇ ਦੀ ਸਾਖੀ ਨੂੰ ਭਾਈ ਸਾਬ ਨੇ ਛੇ ਭਾਗਾਂ ਵਿੱਚ ਵੰਡਿਆਂ ਹੈ। ਅਣਜਾਣੇ ਸਿੱਦਕੀ ਅਤੇ ਯੋਧੇ, ਅਣਗੌਲੇ ਸਿੱਦਕੀ ਅਤੇ ਯੋਧੇ, ਠਾਹਰਾਂ ਵਾਲੇ ਪਰਿਵਾਰ, ਟੁਟਦੇ ਤਾਰਿਆਂ ਦੀ ਚਮਕ, ਜੰਗ ਦੀ ਲਪੇਟ ਵਿੱਚ ਆਮ ਲੋਕ, ਜੰਗ ਅਤੇ ਬੰਦਿਆਂ ਦੇ ਕਿਰਦਾਰ। ਇਸ ਸਾਖੀ ਵਿੱਚ ਉਨਾਂ ਆਮ ਲੋਕਾਂ ਦੇ ਜੀਵਨ ਨੂੰ ਛੋਹਿਆ ਗਿਆ ਹੈ ਜਿਨਾਂ ਨੇ ਖਾੜਕੂ ਸੰਘਰਸ਼ ਲਈ ਨੀਂਹਾਂ ਦਾ ਕੰਮ ਕੀਤਾ। ਇਹ ਸ਼ਾਇਦ ਪਹਿਲੀ ਕਿਤਾਬ ਹੈ ਜੋ ਲੋਕਾਂ ਦੇ ਜੰਗਲ ਦਾ ਜ਼ਿਕਰ ਕਰਦੀ ਹੈ, ਜਿਸਨੇ ਜੁਝਾਰੂਆਂ ਦੀ ਹਰ ਤਰਾਂ ਮਦਦ ਕੀਤੀ : ਉਸ ਲਈ ਉਨਾਂ ਨੂੰ ਚਾਹੇ ਕੋਈ ਵੀ ਕੀਮਤ ਉਤਾਰਨੀ ਪਈ ਹੋਵੇ ਉਨਾਂ ਖਿੜੇ ਮੱਥੇ ਸਭ ਪ੍ਰਵਾਨ ਕੀਤਾ।

ਇਹ ਕਿਤਾਬ ਦਸਦੀ ਹੈ ਸਿੱਦਕ ਗੁਰੂ ਦੀ ਬਖਸ਼ਿਸ਼ ਹੈ, ਦ੍ਰਿੜਤਾ ਗੁਰੂ ਦੀ ਮਿਹਰ ਹੈ, ਨੀਂਹਾਂ ਤਾਂ ਖੜੋਤੀਆਂ ਰਹਿੰਦੀਆਂ ਹਨ ਪਰ ਕਈ ਵਾਰ ਕੰਧਾਂ ਡਿੱਗ ਕੇ ਉਨਾਂ ਨੂੰ ਛੇਤੀ ਨੰਗਾ ਕਰ ਦਿੰਦੀਆਂ ਹਨ ਤੇ ਉਸ ਵਕਤ ਨੀਂਹਾਂ ਵੀ ਸ਼ਸ਼ੋਪੰਜ ਵਿੱਚ ਪੈ ਜਾਂਦੀਆਂ ਹਨ ਕਿ ਅਸੀਂ ਕਿੰਨਾ ਨੂੰ ਓਟ ਦਿੱਤੀ ਸੀ। ਇਹ ਕਿਤਾਬ ਇਹ ਵੀ ਦਸਦੀ ਹੈ ਕਿ ਗੁਰੂ ਕਿ ਸਿੱਖ ਲਈ ਗੁਰਬਾਣੀ ਦਾ ਅਦਬ ਕਿੱਡੀ ਵੱਡੀ ਗੱਲ ਹੈ : ਇਹ ਕਿਤਾਬ ਅਨੁਭਵ ਦੇ ਉਸ ਪੜਾਅ ਨੂੰ ਵੀ ਸਾਖੀ ਜਰੀਏ ਸਨਮੁਖ ਲੈ ਕੇ ਆਉਂਦੀ ਹੈ, ਜਿਥੇ ਸੁਰਤ ਸ਼ਬਦ ਨਾਲ ਅਭੇਦ ਹੋ ਨਿਰਭੈਤਾ ਦੇ ਸਿਖਰ ਤੇ ਜੀਵਨ ਨੂੰ ਕਿਵੇਂ ਪਹੁੰਚਾ ਦਿੰਦੀ ਹੈ। ਇੱਥੇ ਸੇਵਾ ਨਿਮਤ ਕੁਰਬਾਨੀ ਦੇਣ ਲਈ ਤਤਪਰ ਰਹਿਣ ਦੀ ਵਾਰਤਾ ਵੀ ਹੈ ਤੇ ਨਿੱਜੀ ਗਰਜਾਂ ਲਈ ਥੱਲੇ ਡਿੱਗਣ ਦੀ ਕਥਾ ਵੀ। ਇਥੇ ਉਸ ਗੁਰੂ ਨਾਲ ਜੁੜੀ ਸੁਰਤ ਦੇ ਦਰਸ਼ਨ ਵੀ ਹੁੰਦੇ ਹਨ : ਜਿਥੇ ਦੁਸ਼ਮਣ ਤੇ ਦੋਸਤ ਨਾਲ ਇਕੋ ਵਤੀਰਾ ਹੈ ਦੂਜੇ ਪਾਸੇ ਉਹ ਸੁਰਤ ਵੀ ਦਿਖਾਈ ਦਿੰਦੀ ਹੈ ਜੋ ਆਪਣਿਆਂ ਨੂੰ ਹੀ ਦੁਸ਼ਮਣ ਮੰਨ ਵਹਿਸ਼ੀ ਦਰਿੰਦੇ ਬਣਾ ਦਿੰਦੀ ਹੈ।ਇਥੇ ਸੰਘਰਸ਼ ਦੇ ਰਾਹ ਤੁਰੇ ਤੇ ਸ਼ਹੀਦ ਹੋਏ ਪੁਤਾਂ ਨੂੰ ਉਡੀਕਦੀਆਂ ਮਾਵਾਂ ਦੀ ਗਾਥਾ ਵੀ ਹੈ ਤੇ ਇਨਾਂ ਯੋਧਿਆਂ ਦੀ ਸੇਵਾ ਕਰਨ ਕਰਕੇ ਉਜਾੜੇ ਪਰਿਵਾਰਾਂ ਦੀ ਕਥਾ ਵੀ ਨਾਲ ਟੁਰਦੀ ਹੈ। ਇਥੇ ਜੇ ਉੱਚੇ ਸੁੱਚੇ ਕਿਰਦਾਰਾਂ ਦਾ ਜ਼ਿਕਰ ਹੈ ਤਾਂ ਥੱਲੇ ਡਿੱਗੇ ਕਿਰਦਾਰਾਂ ਦਾ ਵੀ ਕਿੱਸਾ ਹੈ। ਇੱਥੇ ਜੇ ਭਰੋਸੇ ਦੀਆਂ ਕਥਾਵਾਂ ਦਾ ਰਸ ਹੈ ਤਾਂ ਬੇ-ਭਰੋਸਗੀ ਦੀ ਕਥਾ ਦੁਆਰਾ ਹੋਏ ਨੁਕਸਾਨ ਵੀ ਸਨਮੁਖ ਰੱਖੇ ਗਏ ਹਨ। ਇਹ ਸੰਘਰਸ਼ ਦੇ ਚੜਾਅ ਤੇ ਉਤਰਾਅ ਦੇ ਕਾਰਨਾਂ ਨੂੰ ਛੂਹਣ ਦਾ ਪਹਿਲਾ ਸਾਰਥਕ ਕਦਮ ਵੀ ਹੈ, ਇਥੇ ਸਿਰਫ ਸੋਹਲੇ ਹੀ ਨਹੀਂ ਕਮੀਆਂ ਦੀ ਵੀ ਗੱਲ ਹੈ।

ਇਹ ਸਾਖੀ ਇੱਥੇ ਨਹੀਂ ਮੁਕਣੀ : ਹੋਰ ਅੱਗੇ ਤੁਰੇਗੀ, ਅਜੇ ਇਸਨੂੰ ਭਾਈ ਦਲਜੀਤ ਸਿੰਘ ਹੀ ਅੱਗੇ ਟੋਰਨਗੇ ਪਰ ਇਸਨੂੰ ਪੜਨ ਤੋਂ ਬਾਅਦ ਉਹਨਾਂ ਦੇ ਸਮਕਾਲੀ ਵੀ ਸ਼ਾਇਦ ਹੋਰ ਸਾਖੀ ਲਿਖਣ ਲਈ ਅੱਗੇ ਆਵਣ, ਮੇਰੀ ਅਰਦਾਸ ਹੈ ਸਾਖੀ ਆਪਣੇ ਉਸ ਰੂਪ ਵਿੱਚ ਵੀ ਰੂਪਮਾਨ ਹੋਵੇ ਜੋ ਸ਼ਖਾਵਾਂ ਦਾ ਹੁੰਦਾ ਹੈ, ਹੋਰ ਅੱਗੇ ਵਧੇ, ਫੈਲੇ। ...ਆਮੀਨ

**ਬਲਦੀਪ ਸਿੰਘ ਰਾਮੂੰਵਾਲੀਆ**

### ਸੁਖਬੀਰ ਦੇ ਹੰਕਾਰ ਅਤੇ ਪ੍ਰਕਾਸ਼ ਸਿੰਘ 'ਬਾਦਲ' ਦੀ ਪਰਿਵਾਰ ਪ੍ਰਸਤੀ ਨੇ ਅਕਾਲੀ ਦਲ ਦਾ ਭੋਗ ਪਾਇਆ

2019 ਦੀ ਲੋਕ ਸਭਾ ਚੋਣ ਸਮੇਂ ਪੰਥ ਨੇ ਸੱਤਾ ਹੰਕਾਰੀ ਬਾਦਲਾਂ ਦੀਆਂ ਅੱਖਾਂ ਖੋਲਣੀਆਂ ਚਾਹੀਆਂ ਪਰ ਕੁੰਭਕਰਨੀ ਨੀਂਦ ਕਿੱਥੇ ਖੁੱਲਦੀ ਹੈ, 2022 ਵਿੱਚ ਇਨਾਂ ਨੂੰ ਸਿਰਫ ਤਿੰਨ ਸੀਟਾਂ ਮਿਲੀਆਂ, ਵੱਡੇ ਬਾਦਲ ਅਤੇ ਛੋਟੇ ਬਾਦਲ ਵੀ ਹਾਰ ਗਏ, ਪਰਿਵਾਰ ਦੇ ਦੂਜੇ ਜੀਅ ਅਤੇ ਚਾਪਲੂਸ ਮੰਡਲੀ ਵੀ ਹਾਰ ਗਈ ਫਿਰ ਆਇਆ ਪੰਥ ਚੇਤੇ, ਸੰਗਰੂਰ ਦੀ ਜਿਮਨੀ ਚੋਣ ਵਿੱਚ ਬੰਦੀ ਸਿੰਘ ਚੇਤੇ ਆ ਗਏ, ਇਸ ਵੇਲੇ ਤੱਕ ਵੇਲਾ ਲੰਘ ਚੁੱਕਾ ਸੀ। ਹੁਣ ਪੰਥ ਇਨਾਂ ਨੂੰ ਹੋਰ ਮੌਕਾ ਨਹੀਂ ਦੇਣਾ ਚਾਹੁੰਦਾ ਸੀ, ਕਿਉਂਕਿ ਪੰਥ ਇਨਾਂ ਨੂੰ ਵਾਰ ਵਾਰ ਮੌਕੇ ਦੇ ਚੁੱਕਿਆ ਸੀ ।

ਪੰਥ ਦੀ ਨੌਜਵਾਨੀ ਨੇ ਅੰਗੜਾਈ ਲਈ, ਆਪਣੇ ਫਰਜ਼ ਪਛਾਣੇ ਅਤੇ ਸਿਮਰਨਜੀਤ ਸਿੰਘ ਮਾਨ ਪਿੱਛੇ ਚਟਾਨ ਵਾਂਗ ਡੱਟ ਗਏ, ਇਨਾਂ ਦੇ ਹਰ ਪਾਖੰਡ ਦਾ ਪਰਦਾਫਾਸ਼ ਕਰਦਿਆਂ ਪੰਥ ਨੇ ਸਿਮਰਨਜੀਤ ਸਿੰਘ ਮਾਨ ਦੀ ਝੋਲੀ ਜਿੱਤ ਪਾ ਦਿੱਤੀ। ਹੁਣ ਕੁੱਝ ਬਾਦਲ ਦਲੀਏ ਇਨਾਂ ਤੋਂ ਅਸਤੀਫੇ ਮੰਗ ਰਹੇ ਹਨ, ਹੁਣ ਅਸਤੀਫੇ ਲੈ ਕੇ ਕੀ ਕਰੋਗੇ ? ਹੁਣ ਇਨਾਂ ਨੂੰ ਆਪਣੇ ਕਾਰੋਬਾਰਾਂ ਵੱਲ ਧਿਆਨ ਦੇਣ ਦਿਓ, ਪਸ਼ਚਾਤਾਪ ਕਰਨ ਦਿਓ। ਪੰਥ ਪ੍ਰਸਤ ਅਤੇ ਪੰਜਾਬ ਪ੍ਰਸਤ ਨੌਜਵਾਨੀ ਨੂੰ ਅੱਗੇ ਲਾ ਕੇ ਨਵੀਆਂ ਸੰਭਾਵਨਾਵਾਂ ਨੂੰ ਮੌਕਾ ਦਿਓ ਤਾਂਕਿ ਪੰਜਾਬ ਅਤੇ ਪੰਥਪ੍ਰਸਤ ਮਿਲ ਕੇ ਕੌਮੀ ਪਹਿਰੇਦਾਰੀ ਦੀ ਸੇਵਾ ਨਿਭਾ ਸਕਣ।

**ਸੁਖਦੇਵ ਸਿੰਘ 'ਭੌਰ'**

### ਗੰਨ ਕਲਚਰ ਪੰਜਾਬ ਲਈ ਖਤਰਨਾਕ

ਅੱਜ ਪੰਜਾਬ ਵਿਚ ਇਕ ਵੱਡੀ ਸਮੱਸਿਆ ਜੋ ਉੱਭਰ ਰਹੀ ਹੈ ਉਹ ਹੈ 'ਗੰਨ ਕਲਚਰ' (ਹਥਿਆਰ ਸੱਭਿਆਚਾਰ) ਦਾ ਵਧਦਾ ਪ੍ਰਭਾਵ। ਅੱਜ ਪੰਜਾਬੀ ਗਾਣਿਆਂ ਤੇ ਫ਼ਿਲਮਾਂ ਵਿਚ ਲਹਿਰਾਉਂਦੇ ਖ਼ਤਰਨਾਕ ਹਥਿਆਰ, ਕਤਲਾਂ ਦਾ ਫ਼ਿਲਮਾਂਕਣ, ਵੱਡਾ-ਟੁੱਕੀ ਦੇ ਸੀਨ ਆਮ ਵੇਖੇ ਜਾਂਦੇ ਹਨ, ਜੋ ਖ਼ਾਸਕਰ ਨੌਜਵਾਨਾਂ ਤੇ ਅੱਲੜਾਂ ਨੂੰ ਮਨੋਵਿਗਿਆਨਕ ਤੌਰ 'ਤੇ ਬਹੁਤ ਆਕਰਸ਼ਿਤ ਕਰਦੇ ਹਨ ਤੇ ਕਈ ਨੌਜਵਾਨ ਤੇ ਅੱਲੜ ਆਪਣੇ ਆਪ ਨੂੰ ਵੀ ਇਸ ਤਰਾਂ ਦੇ ਗੈਂਗਸਟਰਾਂ ਦੇ ਰੂਪ ਵਿਚ ਦੇਖਣ ਨੂੰ ਹੀ ਆਪਣਾ ਸੁਪਨਾ ਬਣਾ ਬੈਠਦੇ ਹਨ। ਇਸ ਤਰਾਂ ਦੀਆਂ ਉਦਾਹਰਨਾਂ ਵੀ ਮੌਜੂਦ ਹਨ ਜਿੱਥੇ ਚੰਗੇ ਤੇ ਖਾਂਦੇ-ਪੀਂਦੇ ਘਰਾਂ ਦੇ ਮੁੰਡੇ ਵੀ ਸ਼ੌਕ ਵਜੋਂ ਗੈਂਗਸਟਰ ਬਣ ਗਏ। ਭਾਵੇਂ ਲੋਕਤੰਤਰ ਵਿਚ ਸਭ ਨੂੰ ਆਪਣੇ ਵਿਚਾਰਾਂ ਦਾ ਪ੍ਰਗਟਾਵਾ ਕਰਨ ਦਾ ਅਧਿਕਾਰ ਹੈ ਪਰ ਅਜਿਹੀਆਂ ਕਿਰਤਾਂ, ਸੰਗੀਤ ਤੇ ਫ਼ਿਲਮਾਂ ਪ੍ਰਤੀ ਸਰਕਾਰ ਨੂੰ ਸਖ਼ਤ ਹੋਣ ਦੀ ਲੋੜ ਹੈ, ਜੋ ਕਿਸੇ ਨੂੰ ਗੈਂਗਸਟਰ ਬਣਾਉਣ ਲਈ ਪ੍ਰੇਰਦੀਆਂ ਹਨ। ਪੰਜਾਬ ਵਿਚ ਹਥਿਆਰ ਰੱਖਣ ਦਾ ਵਧ ਰਿਹਾ ਰੁਝਾਨ ਬੇਹੱਦ ਚਿੰਤਾਜਨਕ ਹੈ। ਪੰਜਾਬ ਵਿਚ ਭਾਰਤ ਦੀ ਕੁੱਲ ਅਬਾਦੀ ਦਾ 2 ਪ੍ਰਤੀਸ਼ਤ ਹਿੱਸਾ ਰਹਿੰਦਾ ਹੈ ਪਰ ਭਾਰਤ ਦੇ ਹਥਿਆਰਾਂ ਦੇ ਜਾਰੀ ਕੀਤੇ ਗਏ ਕੁੱਲ ਲਾਇਸੈਂਸਾਂ ਵਿਚੋਂ 10 ਫ਼ੀਸਦੀ ਇਕੱਲੇ ਪੰਜਾਬ ਵਿਚ ਹੀ ਜਾਰੀ ਕੀਤੇ ਗਏ ਹਨ। ਹੋਰ ਸੌਖੇ ਸ਼ਬਦਾਂ ਵਿਚ ਕਹੀਏ ਤਾਂ ਪੰਜਾਬ ਵਿਚ 1000 ਵਿਅਕਤੀਆਂ ਪਿੱਛੇ 13 ਲੋਕਾਂ ਲੋਕ ਲਾਇਸੰਸੀ ਹਥਿਆਰ ਹਨ, ਜਦਕਿ 2017 ਦੀ ਇਕ ਰਿਪੋਰਟ ਮੁਤਾਬਿਕ 8900 ਲੋਕਾਂ ਪਿੱਛੇ ਸਿਰਫ ਇਕ ਡਾਕਟਰ ਹੀ ਹੈ। ਜਿੱਥੇ ਪੰਜਾਬ ਵਿਚ ਇਕ ਪਾਸੇ ਚਾਰ ਲੱਖ ਲਾਇਸੰਸੀ ਹਥਿਆਰ ਹਨ, ਉਥੇ ਦੂਜੇ ਪਾਸੇ ਗ਼ੈਰ-ਕਾਨੂੰਨੀ ਹਥਿਆਰਾਂ ਦੀ ਵੀ ਪੰਜਾਬ ਵਿਚ ਭਰਮਾਰ ਹੈ। ਪਿਛਲੇ ਕੁਝ ਸਾਲਾਂ ਵਿਚ ਹੀ ਪੁਲਿਸ ਨੇ 2000 ਤੋਂ ਵੱਧ ਗ਼ੈਰ-ਕਾਨੂੰਨੀ ਹਥਿਆਰ ਜੋ ਗੈਂਗਸਟਰਾਂ ਨੂੰ ਵੇਚੇ ਗਏ ਸਨ, ਬਰਾਮਦ ਕੀਤੇ ਸਨ। ਇਹ ਦੇਸੀ ਹਥਿਆਰ ਮੁੱਖ ਤੌਰ 'ਤੇ ਮੇਰਠ, ਸਹਾਰਨਪੁਰ ਵਰਗੇ ਥਾਵਾਂ ਤੋਂ ਆਉਂਦੇ ਹਨ। ਦੇਸੀ ਕੱਟੇ, 9 ਐਮ.ਐਮ. ਪਿਸਟਲ, ਪੁਆਇੰਟ 30 ਬੋਰ ਰਾਈਫਲ ਵਰਗੇ ਹਥਿਆਰ 5000 ਤੋਂ 1,50,000 ਰੁਪਏ ਤੱਕ ਪੰਜਾਬ ਵਿਚ ਮਿਲ ਜਾਂਦੇ ਹਨ। ਕੁਝ ਸਾਲ ਪਹਿਲਾਂ ਸੀ.ਬੀ.ਆਈ. ਨੇ ਹਥਿਆਰਾਂ ਦੇ 12000 ਜਾਅਲੀ ਲਾਇਸੈਂਸ ਫੜੇ ਸਨ ਤੇ ਇਹ ਸਾਰੇ ਦੇ ਸਾਰੇ ਪੰਜਾਬ ਦੇ ਫ਼ਿਰੋਜ਼ਪੁਰ ਤੋਂ ਜਾਰੀ ਕੀਤੇ ਹੋਏ ਸਨ। ਸਵਾਲ ਇਹ ਹੈ ਕਿ ਜੇਕਰ 12000 ਜਾਅਲੀ ਲਾਇਸੈਂਸ ਪੰਜਾਬ ਤੋਂ ਬਾਹਰ ਜਾਰੀ ਹੋਏ ਤਾਂ ਖ਼ੁਦ ਪੰਜਾਬ ਅੰਦਰ ਕਿੰਨੇ ਜਾਅਲੀ ਲਾਇਸੈਂਸ ਜਾਰੀ ਕੀਤੇ ਗਏ ਹੋਣਗੇ। ਸਰਕਾਰ ਵਲੋਂ ਹਥਿਆਰਾਂ ਦੇ ਵੱਡੇ ਪੱਧਰ 'ਤੇ ਲਾਇਸੈਂਸ ਜਾਰੀ ਕਰਨ ਦਾ ਰੁਝਾਨ ਪੰਜਾਬ ਵਿਚ ਲਗਭਗ 90 ਦੇ ਦੌਰ ਸ਼ੁਰੂ ਵਿਚ ਹੋਇਆ ਸੀ ਜਦੋਂ ਪੰਜਾਬ ਦੇ ਹਾਲਾਤ ਅਸਥਿਰ ਸਨ ਤੇ ਉਦੋਂ ਹੀ ਸੀਨੀਅਰ ਲੀਡਰਾਂ ਨੂੰ ਵੱਡੇ ਪੱਧਰ 'ਤੇ ਸੁਰੱਖਿਆ ਦਸਤੇ ਮੁਹੱਈਆ ਕਰਵਾਉਣ ਦਾ ਰੁਝਾਨ ਵੀ ਆਰੰਭ ਹੋਇਆ ਸੀ ਜੋ ਅੱਜ ਤੱਕ ਜਾਰੀ ਹੈ। ਸਿਰਫ ਗਾਇਕਾਂ ਜਾਂ ਫ਼ਿਲਮਾਂ 'ਤੇ ਹੀ 'ਗੰਨ ਕਲਚਰ' ਨੂੰ ਉਤਸ਼ਾਹਿਤ ਕਰਨ ਦਾ ਦੋਸ਼ ਲਾਉਣਾ ਠੀਕ ਨਹੀਂ, ਕਿਉਂਕਿ ਰਾਜਨੀਤਕ ਲੋਕਾਂ ਨੇ ਵੀ ਇਸ 'ਗੰਨ ਕਲਚਰ' ਨੂੰ ਉਤਸ਼ਾਹਿਤ ਕੀਤਾ ਹੈ। ਆਪਣੇ ਚਹੇਤਿਆਂ ਨੂੰ ਖ਼ੁਸ਼ ਕਰਨ ਲਈ ਤੇ ਆਪਣੇ ਖ਼ਾਸਮ-ਖ਼ਾਸ ਲੋਕਾਂ ਦੇ ਹੱਥਾਂ ਵਿਚ ਹਥਿਆਰ ਫੜਾ ਕੇ ਲੋਕਾਂ ਵਿਚ ਆਪਣਾ ਦਬਦਬਾ ਵਧਾਉਣ ਲਈ ਵੀ ਰਾਜਨੀਤਕ ਲੋਕਾਂ ਵਲੋਂ ਲੰਮੇ ਸਮੇਂ ਤੋਂ ਲੋਕਾਂ ਨੂੰ ਧੜਾਧੜ ਲਾਇਸੈਂਸ ਮੁਹੱਈਆ ਕਰਵਾਉਣ ਸੰਬੰਧੀ ਐਸ.ਐਚ.ਓ. ਤੋਂ ਲੈ ਕੇ ਐਸ.ਐਸ.ਪੀਜ਼ ਤੱਕ ਸਿਫ਼ਾਰਸ਼ਾਂ ਆਮ ਹੁੰਦੀਆਂ ਰਹੀਆਂ ਹਨ। ਅੱਜ ਹਾਲ ਇਹ ਹੈ ਕਿ ਸਾਧਾਰਨ ਅਪਰਾਧੀ ਵੀ ਦੇਸੀ ਕੱਟੇ ਲੈ ਕੇ ਘੁੰਮ ਰਿਹਾ ਹੈ ਤੇ ਵਾਰਦਾਤਾਂ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਸਿੱਧੂ ਮੂਸੇਵਾਲਾ ਕਤਲਕਾਂਡ ਵਿਚ ਤਾਂ ਰੂਸ ਦੀ ਖ਼ਤਰਨਾਕ ਰਾਈਫਲਾਂ ਏ.ਐਨ-94 ਦੀ ਵਰਤੋਂ ਹੋਈ ਹੈ। ਇਥੇ ਪੰਜਾਬ ਦੀ ਭੂਗੋਲਿਕ ਸਥਿਤੀ ਵੀ ਅਹਿਮ ਰੋਲ ਅਦਾ ਕਰਦੀ ਹੈ। ਬੇਰੁਜ਼ਗਾਰ ਨੌਜਵਾਨ ਨਿਰਾਸ਼ ਹੋ ਕੇ ਪਹਿਲਾਂ ਨਸ਼ਿਆਂ ਵੱਲ ਤੇ ਫਿਰ ਕਿਸੇ ਗੈਂਗ ਵਿਚ ਸ਼ਾਮਿਲ ਹੋਣ ਦੇ ਰਾਹ ਪੈ ਜਾਂਦੇ ਹਨ। 'ਗੰਨ ਕਲਚਰ' ਦੀ ਸਮੱਸਿਆ ਨੂੰ ਹਲਕੇ ਵਿਚ ਨਹੀਂ ਲੈਣਾ ਚਾਹੀਦਾ, ਇਹ ਐਨੀ ਗੰਭੀਰ ਹੈ ਕਿ ਇਸ ਸਮੱਸਿਆ ਨੇ ਤਾਂ ਅਮਰੀਕਾ ਵਰਗੀ ਮਹਾਂਸ਼ਕਤੀ ਦੀਆਂ ਵੀ ਗੋਡਣੀਆਂ ਲਵਾ ਕੇ ਰੱਖ ਦਿੱਤੀਆਂ ਹਨ।

**ਖੁਸ਼ਵਿੰਦਰ ਸਿੰਘ**

# ਪੁਸਤਕ ਸਮੀਖਿਆ: ਖਾੜਕੂ ਸੰਘਰਸ਼ ਦੀ ਸਾਖੀ



## ਹਰਦੇਵ ਸਿੰਘ

ਖਾੜਕੂ ਸੰਘਰਸ਼ ਬਾਰੇ ਕਿਤਾਬ ਲਿਖਣ ਵਾਲਿਆਂ ਵਿੱਚ ਸਿੱਖ, ਗੈਰ-ਸਿੱਖ ਅਤੇ ਸਾਬਕਾ ਸਰਕਾਰੀ ਸੇਵਾਦਾਰ ਸ਼ਾਮਲ ਹਨ। ਈ.ਐਚ. ਕਾਰ ਦੇ ਕਥਨ '(ਇਤਿਹਾਸਕ) ਤੱਥਾਂ ਦਾ ਅਧਿਐਨ ਕਰਨ ਤੋਂ ਪਹਿਲਾਂ ਇਤਿਹਾਸਕਾਰ ਦਾ ਅਧਿਐਨ ਕਰੋ' ਨੂੰ ਆਧਾਰ ਮੰਨ ਕੇ ਇਸ ਵਿਸ਼ੇ 'ਤੇ ਲਿਖਣ ਵਾਲਿਆਂ ਨੂੰ ਤਿੰਨ ਵੰਨਗੀਆਂ ਵਿੱਚ ਵੰਡਿਆ ਜਾ ਸਕਦਾ ਹੈ: ਖਾੜਕੂ ਹਮਦਰਦ, ਨਿਰਪੱਖ ਅਤੇ ਵਿਰੋਧੀ ਧਿਰ ਭਾਵ ਸਰਕਾਰੀ ਪੱਖ। ਏ.ਆਰ. ਦਰਸ਼ੀ, ਮਲੋਏ ਕ੍ਰਿਸ਼ਨ ਧਰ, ਜਾਇਸੀ ਪੈਟਿਗ੍ਰਿਊ, ਜੋਗਿੰਦਰ ਸਿੰਘ, ਖੁਸ਼ਵੰਤ ਸਿੰਘ-ਕੁਲਦੀਪ ਨਈਅਰ, ਦਲਬੀਰ ਸਿੰਘ, ਜਸਪਾਲ ਸਿੰਘ ਸਿੱਧੂ ਅਤੇ ਅਜਮੇਰ ਸਿੰਘ ਦੀਆਂ ਰਚਨਾਵਾਂ ਵਿੱਚ ਖਾੜਕੂ ਸੰਘਰਸ਼ ਦੇ ਵੱਖ-ਵੱਖ ਪੱਖਾਂ ਬਾਰੇ ਮਹੱਤਵਪੂਰਨ ਚਰਚਾ ਹੋਈ ਹੈ। ਅਹਿਮ ਨੁਕਤਾ ਇਹ ਹੈ ਕਿ ਸਰਕਾਰੀ ਪੱਖ ਤੋਂ ਕੇ.ਪੀ. ਐਸ ਗਿੱਲ, ਕੁਲਦੀਪ ਬਰਾੜ ਅਤੇ ਜੀ.ਬੀ. ਸਿੰਘ ਤਰਤੀਬ ਅਨੁਸਾਰ ਪੁਲਿਸ, ਫੌਜ ਅਤੇ ਖੁਫੀਆ ਤੰਤਰ ਦੇ ਸਿਰਮੌਰ ਅਹੁਦੇਦਾਰਾਂ, ਜੋ ਸਿੱਧੇ ਤੌਰ 'ਤੇ ਇਸ ਜੰਗ ਦਾ ਹਿੱਸਾ ਰਹੇ, ਦੀਆਂ ਰਚਨਾਵਾਂ ਛਪ ਚੁਕੀਆਂ ਹਨ। ਜਦਕਿ ਸਿੱਖ ਪੱਖ ਤੋਂ ਸੰਘਰਸ਼ ਦੀ ਸਿਖਰਲੀ ਕਤਾਰ ਦੇ ਆਗੂਆਂ ਵਿੱਚੋਂ ਭਾਈ ਦਲਜੀਤ ਸਿੰਘ ਲਿਖਿਤ 'ਖਾੜਕੂ ਸੰਘਰਸ਼ ਦੀ ਸਾਖੀ' ਇਸ ਵੰਨਗੀ ਦੀ ਪਹਿਲੀ ਰਚਨਾ ਹੈ। ਇਸ ਪੁਸਤਕ ਦਾ ਕਰਤਾ ਸਿਰਕੱਢ ਖਾੜਕੂ ਜਰਨੈਲ ਹੋਣ ਦੇ ਨਾਲ-ਨਾਲ ਸਿਖਰਲੇ ਖਾੜਕੂ ਆਗੂਆਂ ਦਾ ਸਾਥੀ ਹੈ। ਲੇਖਕ ਦੀ ਗਿਣਤੀ ਉਨਾਂ ਖਾੜਕੂ ਯੋਧਿਆਂ ਵਿੱਚ ਕੀਤੀ ਜਾਂਦੀ ਹੈ ਜਿਨਾਂ ਨੇ ਲਹਿਰ ਨੂੰ ਵਿਹਾਰਕ, ਵਿਚਾਰਧਾਰਕ ਅਤੇ ਭਾਵਨਾਤਮਕ ਸੇਧ ਦੇਣ ਦੀ ਕੋਸ਼ਿਸ਼ ਕੀਤੀ। ਕਿਹਾ ਜਾ ਸਕਦਾ ਹੈ ਕਿ ਖਾੜਕੂ ਸੰਘਰਸ਼ ਨੂੰ ਕਿਸੇ ਨੁਕਤੇ ਤੋਂ ਵੀ ਜਾਣਨ ਦੀ ਚਾਹ ਰੱਖਣ ਵਾਲਿਆਂ ਲਈ ਹਥਲੀ ਰਚਨਾ ਬੇਹਦ ਅਹਿਮ ਹੈ।

ਵਿਸ਼ਵ ਯੁੱਧਾਂ ਪਿੱਛੋਂ ਇਤਿਹਾਸਕਾਰੀ ਨੂੰ ਰਾਸ਼ਟਰਵਾਦੀ ਹੱਦਾਂ ਚੋਂ ਕਢਣ ਲਈ ਜੇਮਜ ਐਡਗਰ ਸਵੈਨ ਨੇ 'ਅ ਹਿਸਟਰੀ ਆਫ ਵਰਲਡ ਸਿਵਿਲਾਇਜੇਸ਼ਨ' ਦੀ ਰਚਨਾ ਕੀਤੀ। ਸਵੈਨ ਇਤਿਹਾਸ ਦੇ ਕੇਂਦਰੀ ਨੁਕਤੇ ਵਜੋਂ ਸੱਭਿਆਚਾਰ ਅਤੇ ਸੱਭਿਅਤਾ ਨੂੰ ਰੱਖਦਾ ਹੈ ਜਿਸ ਵਿੱਚ ਅਰਥ, ਰਾਜ, ਕਲਾ ਅਤੇ ਵਿਗਿਆਨ ਮੁੱਖ ਮਸਲੇ ਹਨ। ਡਾ. ਗੁਰਭਗਤ ਸਿੰਘ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਇਸ ਦੁਆਲੇ ਉੱਸਰੇ ਸਿੱਖ ਸੱਭਿਆਚਾਰ ਵਿੱਚ ਵਿਸ਼ਵ ਸੱਭਿਅਤਾ ਨੂੰ ਸੇਧ ਦੇਣ ਲਈ ਅਹਮ ਸੰਭਾਵਨਾਵਾਂ ਹਨ। ਇਸ ਕਰਕੇ ਇਤਿਹਾਸ ਨੂੰ ਕਿਰਤ, ਨਾਮ, ਵੰਡ ਛਕਣ ਅਤੇ ਨਿਰਭਉ, ਨਿਰਵੈਰ ਤੇ ਸਾਂਝੀਵਾਲਤਾ ਜਿਹੇ ਸਿੱਖ ਸੱਭਿਆਚਾਰਕ ਨੁਕਤਿਆਂ ਤੋਂ ਵੇਖੇ ਜਾਣ ਦੀ ਲੋੜ ਹੈ।

ਹਾਲੀਵੁਡ ਫਿਲਮ 'ਦ ਲਾਸਟ ਸਮੁਰਾਏ' ਵਿੱਚ ਆਖਿਰੀ ਸਮੁਰਾਈ ਯੋਧੇ ਦਾ ਸਾਥ ਮਾਣਨ ਵਾਲੇ ਅੰਗ੍ਰੇਜ ਜਰਨੈਲ ਅਤੇ ਜਾਪਾਨੀ ਸਮਰਾਟ, ਜੋ ਕਿਸੇ ਵੇਲੇ ਸਮੁਰਾਏ ਦਾ ਵਿਦਿਆਰਥੀ ਰਿਹਾ ਸੀ, ਦਾ ਸੰਵਾਦ ਦਿਲਚਸਪ ਹੈ, ਜਿਸ ਦਾ ਇੱਕ ਸਵਾਲ ਹਥਲੀ ਰਚਨਾ ਸੰਬੰਧੀ ਵੀ ਢੁਕਵਾਂ ਹੈ:-

ਸਮਰਾਟ : ਮੈਨੂੰ ਦੱਸ ਕਿ ਉਹ (ਸਮੁਰਾਏ ਯੋਧਾ) ਕਿਵੇਂ ਮਰਿਆ।

ਅੰਗ੍ਰੇਜ : ਮੈਂ ਤੈਨੂੰ ਦੱਸਾਂਗਾ ਕਿ ਉਹ ਕਿਵੇਂ ਜੀਵਿਆ।

ਬੇਸ਼ੱਕ ਇਤਿਹਾਸ ਦੀਆਂ ਤਾਰੀਖਾਂ ਤੇ ਵੇਰਵੇ ਵੀ ਮਹੱਤਵਪੂਰਨ ਹੁੰਦੇ ਹਨ ਪਰ ਸਭ ਤੋਂ ਵੱਧ ਮਹੱਤਵਪੂਰਨ ਉਹ ਜੀਵਨ ਰਉਂ ਅਤੇ ਅਨੁਭਵ ਹੁੰਦਾ ਹੈ ਜਿਸ ਨੂੰ ਮਨੁੱਖ ਨੇ ਜੀਵਿਆ ਹੈ। ਭਾਈ ਦਲਜੀਤ ਸਿੰਘ ਦੀ ਕਿਤਾਬ 'ਖਾੜਕੂ ਸੰਘਰਸ਼ ਦੀ ਸਾਖੀ : ਅਣਗੌਲੇ, ਅਣਜਾਣੇ ਸਿਦਕੀ ਅਤੇ ਯੋਧੇ' ਵਿੱਚ ਸਿੱਖ ਸੰਘਰਸ਼ ਦੇ ਕਈ ਅਹਿਮ ਪੱਖ ਅਤੇ ਤੱਥ ਸਾਹਮਣੇ ਆਏ ਹਨ ਪਰ ਇਸ ਕਿਤਾਬ ਦਾ ਸਭ ਤੋਂ ਵੱਡਾ ਹਾਸਲ ਇਸ ਅੰਦਰ ਦਰਜ ਉਹ ਦਿੱਬਤਾ, ਪਵਿੱਤਰਤਾ ਅਤੇ ਸਮਰਪਣ ਦਾ ਅਹਿਸਾਸ ਹੈ, ਜੋ ਖਾੜਕੂ ਸੰਘਰਸ਼ ਦਾ ਅਸਲ ਤੱਤ ਹੈ। ਪ੍ਰੋ. ਕੁਲਵੰਤ ਸਿੰਘ ਗਰੇਵਾਲ ਆਖਿਆ ਕਰਦੇ ਸਨ ਕਿ ਸਿੱਖ ਦੀ ਰੂਹ ਨੂੰ ਉਹ ਖੁਰਾਕ ਸਟੇਜੀ ਨਾਟਕ ਨਹੀਂ ਦੇ ਸਕਦੇ ਜੋ ਸ਼ਬਦ ਵਿਚਾਰ, ਸਾਖੀ ਅਤੇ ਕੀਰਤਨ ਦਿੰਦੇ ਹਨ। ਖੱਬੇ ਪੱਖੀ ਲਹਿਰ ਨੇ ਨਾਟਕਾਂ ਰਾਹੀਂ ਮਨੁੱਖੀ ਲੋੜਾਂ, ਵਸੀਲਿਆਂ ਦੀ ਲੁੱਟ ਅਤੇ ਸਮਾਜਵਾਦੀ ਬਦਲ ਨੂੰ ਬਾਖੂਬੀ ਉਭਾਰਿਆ ਹੈ ਪਰ ਖਾੜਕੂ ਲਹਿਰ ਦੀ ਜਿੰਦ-ਜਾਨ ਤਾਂ ਅਰਦਾਸ, ਨਾਮ ਅਤੇ ਗੁਰੂ ਦੇ ਅੰਗ-ਸੰਗ ਹੋਣਾ ਹੈ। ਇਨਾਂ ਸਰੋਕਾਰਾਂ ਨੂੰ ਸਟੇਜ਼ ਜਾਂ ਸਕਰੀਨ 'ਤੇ ਉਤਾਰਨਾ ਨਾਮੁਮਕਿਨ ਵਰਗਾ ਔਖਾ ਕਾਰਜ ਹੈ।

ਭਾਈ ਵੀਰ ਸਿੰਘ ਨੇ ਚੇਤਨ ਤੌਰ 'ਤੇ ਇਤਿਹਾਸ ਦੀ ਥਾਂ ਸਾਖੀ ਰਚਨਾ ਨੂੰ ਪਹਿਲ ਦਿੱਤੀ ਹੈ। ਕਲਗੀਧਰ ਚਮਤਕਾਰ ਅੰਦਰ ਉਹ ਇਕ ਗੁਰਸਿੱਖ ਦੇ ਮੂਹੋਂ ਅਖਵਾਉਂਦੇ ਹਨ, 'ਇਤਿਹਾਸ ਸਿਰਫ ਛਿਲੜ ਤੱਕਦਾ ਹੈ, ਇਤਿਹਸਾਕਾਰ ਨੂੰ ਗਿਰੀ ਅਤੇ ਗਿਰੀ ਦੀਆਂ ਬਰਕਤਾਂ ਨਹੀਂ ਪਤਾ। ਗੁਰੂ ਨਿੱਤ ਹੈ ਅਤੇ ਗੁਰੂ ਤੇ ਸਿੱਖ ਦਾ ਨਾਤਾ ਨਿੱਤ ਹੈ। ਇਤਿਹਾਸਕਾਰ ਪਿੱਛੇ ਲੱਗ ਕੇ ਸਿੱਖ ਗੁਰੂ ਨਾਲ ਆਪਣਾ ਨਾਤਾ ਖਰਾਬ ਨਾ ਕਰੇ।' ਸੁਖਮਨੀ ਦੇ ਜਾਪ ਵਿੱਚ ਜੁੜੀ ਬੀਬੀ ਦੇਸਾਂ ਦਾ ਹੱਥੀਂ ਤਿਆਰ ਕੀਤਾ ਖੇਸ ਗੁਰੂ ਗੋਬਿੰਦ ਸਿੰਘ ਜੀ ਦੇ ਪਾਵਨ ਚਰਨਾਂ ਵਿੱਚ ਭੇਟ ਕਰਨ ਦੀ ਸਾਖੀ ਭਾਈ ਵੀਰ ਸਿਘ ਲਈ ਸ਼ਾਹੀ ਲਸ਼ਕਰ ਵੱਲੋਂ ਸੂਬਾ ਜਿੱਤ ਲੈਣ ਦੀ ਖਬਰ ਨਾਲੋਂ ਵਧੀਕ ਮਹੱਤਵਪੂਰਨ ਹੈ। ਕਿਉਂਕਿ ਇਹ ਸਾਖੀ ਗੁਰੂ ਅਤੇ ਸਿੱਖ ਦੇ ਨਾਤੇ ਨੂੰ ਰੂਪਮਾਨ ਕਰਦੀ ਹੈ। ਇਸ ਪੱਖੋਂ 'ਖਾੜਕੂ ਸੰਘਰਸ਼ ਦੀ ਸਾਖੀ' ਪੁਨੀਤ ਸਿੱਖ ਸਾਹਿਤ ਦੀ ਸਾਖੀ ਪਰੰਪਰਾ ਨੂੰ ਅੱਗੇ ਤੋਰਨ ਵਾਲੀ ਰਚਨਾ ਹੈ। ਇਹ ਰਚਨਾ ਵੱਡੇ ਅਹੁਦੇਦਾਰਾਂ ਜਾਂ ਵੱਡੇ ਕਾਰਨਾਮਿਆਂ ਦੀ ਬਜਾਏ ਉਨਾਂ ਸ਼ਖਸੀਅਤਾਂ ਨੂੰ ਪਹਿਲ ਦਿੰਦੀ ਹੈ ਜਿਨਾਂ ਵਿੱਚੋਂ ਸਹਿਜੇ ਹੀ ਸਿੱਖੀ ਦੀ ਮਹਿਕ ਪ੍ਰਗਟ ਹੁੰਦੀ ਹੈ।




ਖਾੜਕੂ ਲਹਿਰ ਦੇ ਨਿਸ਼ਾਨੇ, ਪ੍ਰਾਪਤੀਆਂ, ਖਾਮੀਆਂ, ਬੇ-ਵਿਸਾਹੀਆਂ ਅਤੇ ਸਰਕਾਰ ਨਾਲ ਚੱਲੀਆਂ ਤੇ ਟੁੱਟੀਆਂ ਵਾਰਤਾ ਲੜੀਆਂ ਆਦਿ ਕਿੰਨੇ ਮਸਲੇ ਅਜਿਹੇ ਹਨ ਜਿਨਾਂ ਬਾਰੇ ਹਰ ਪਾਠਕ ਦੇ ਮਨ ਵਿੱਚ ਜਿਗਿਆਸਾ ਹੈ। ਖਾੜਕੂ ਸੰਘਰਸ਼ ਨੂੰ ਸਮਝਣ ਲਈ ਦਰਿਆਈ ਪਾਣੀ, ਚੰਡੀਗੜ ਅਤੇ ਰਾਜਾਂ ਦੇ ਵੱਧ ਹੱਕ ਅਤੇ ਖੁਦਮੁਖਤਿਆਰੀ ਜਾਂ ਅਜਾਦੀ ਆਦਿ ਮਸਲੇ ਬਹੁਤ ਮਹੱਤਵਪੂਰਨ ਹਨ ਪਰ ਸਭ ਤੋਂ ਮਹੱਤਵਪੂਨ ਮਸਲਾ ਰੱਬੀ ਰਜਾ ਅਤੇ ਸਰਕਾਰੀ ਸੱਤਾ ਦੇ ਟਾਕਰੇ ਵਿੱਚ ਪਿਆ ਹੈ। ਇਹ ਉਹੀ ਟਕਰਾਅ ਹੈ ਜੋ ਭਗਤ ਪ੍ਰਹਲਾਦ ਅਤੇ ਰਾਜਾ ਹਰਣਾਖਸ਼ ਵਿਚਾਲੇ ਹੋਇਆ ਸੀ, ਜੋ ਭਗਤ ਨਾਮਦੇਵ ਅਤੇ ਸੁਲਤਾਨ ਵਿਚਾਲੇ ਹੋਇਆ ਸੀ। ਸਾਮੀ ਧਰਮ ਪਰੰਪਰਾ ਦੇ ਪਵਿੱਤਰ ਗ੍ਰੰਥਾਂ (ਕਤੇਬ) ਦੀ ਪਹਿਲੀ ਪੋਥੀ 'ਉਤਪਤੀ' ਵਿੱਚ ਆਦਮ ਤੇ ਹਵਾ ਦੇ ਪੁੱਤਰਾਂ: ਹਾਬਲ ਤੇ ਕਾਇਨ ਦੀ ਸਾਖੀ ਹੈ। ਦੋਵੇਂ ਆਪਣੀ ਕਿਰਤ ਵਿੱਚੋਂ ਰੱਬ ਅੱਗੇ ਕੁਰਬਾਨੀ ਭੇਟ ਕਰਦੇ ਹਨ। ਹਾਬਲ ਦੀ ਕਬੂਲ ਅਤੇ ਕਾਇਨ ਦੀ ਨਾਕਬੂਲ ਹੁੰਦੀ ਹੈ। ਸਾਡੇ ਵਿੱਚੋਂ ਜਿਸ ਕਿਸੇ ਨੂੰ ਵਧੀਕ ਮਨੁੱਖ ਕਬੂਲ ਕਰ ਲੈਣ ਉਸ ਨਾਲ ਈਰਖਾ ਕੀਤੀ ਜਾਣ ਲੱਗਦੀ ਹੈ, ਜਿਸ ਨੂੰ ਰੱਬ ਕਬੂਲ ਕਰ ਲਵੇ ਉਸ ਨਾਲ ਬਹੁਤ ਵੱਡੀ ਈਰਖਾ ਪੈਦਾ ਹੋਣੀ ਸੁਭਾਵਕ ਹੈ। ਕਾਇਨ ਹੱਥੋਂ ਹਾਬਲ ਦਾ ਕਤਲ ਹੁੰਦਾ ਹੈ। ਰੱਬ ਵੱਲੋਂ ਕਬੂਲਿਆ ਜਾਣਾ ਹੀ ਹਾਬਲ ਦਾ ਕਸੂਰ ਸੀ। ਇਹੀ ਕਸੂਰ ਈਸਾ ਮਸੀਹ, ਸ੍ਰੀ ਗੁਰੂ ਅਰਜਨ ਦੇਵ ਅਤੇ ਸ੍ਰੀ ਗੁਰੂ ਤੇਗ ਬਹਦਾਰ ਜੀ ਦਾ ਸੀ। ਇਹੀ ਕਸੂਰ ਧਰਮ ਲਈ ਸ਼ਹੀਦ ਹੋਣ ਵਾਲੇ ਬਹੁਤਾਤ ਲੋਕਾਂ ਦਾ ਹੁੰਦਾ ਹੈ ਅਤੇ ਇਹੀ ਕਸੂਰ ਪਿਛਲੀਆਂ ਕੁਝ ਸਦੀਆਂ ਤੋਂ ਸਿੱਖ ਕਰ ਰਹੇ ਹਨ। ਦੌਲਤ, ਵਸੀਲੇ ਅਤੇ ਸੱਤਾ ਹਾਸਲ ਕਰ ਚੁਕੇ ਮਨੁੱਖ ਲਈ ਨਿਰਭਉ ਤੇ ਨਿਰਵੈਰ ਸੰਤ ਪੁਰਸ਼ ਵੱਡਾ ਕਸੂਰਵਾਰ ਹੁੰਦਾ ਹੈ। ਜੇਕਰ ਇਹ ਕਸੂਰ ਸਿਰਫ ਸੰਤ ਜਰਨੈਲ ਸਿੰਘ ਵਿੱਚ ਹੁੰਦਾ ਤਾਂ ਸ਼ਾਇਦ ਉਨਾਂ ਦੀ ਸ਼ਹਾਦਤ ਪਿਛੋਂ ਗੱਲ ਮੁੱਕ ਜਾਣੀ ਸੀ ਪਰ 'ਖਾੜਕੂ ਸੰਘਰਸ਼ ਦੀ ਸਾਖੀ' ਆਮ ਸਿੱਖਾਂ ਦੇ ਵੀ ਅਜਿਹੇ ਗੁਨਾਹਗਾਰ ਹੋਣ ਦੀ ਗਵਾਹੀ ਭਰਦੀ ਹੈ। ਖਾੜਕੂ ਸੰਘਰਸ਼ ਦੌਰਾਨ ਸਾਬਤ ਸੂਰਤ ਅਤੇ ਕੇਸਰੀ ਦਸਤਾਰ ਗੁਰੂ ਪਿਆਰ ਦਾ ਚਿੰਨ ਬਣ ਗਏ ਸਨ। 'ਕੇਸਰੀ ਦਸਤਾਰ ਵਾਲਾ ਗੱਭਰੂ' ਸਾਖੀ ਅੰਦਰਲੇ ਸਾਬਤ ਸੂਰਤ ਨੌਜਵਾਨ ਦੀ ਕੇਸਰੀ ਦਸਤਾਰ ਅਤੇ ਬੇਖੌਫ ਚਿਹਰਾ ਹੀ ਉਸ ਉੱਪਰ ਪੁਲਸੀਆ ਕਹਿਰ ਦਾ ਕਾਰਨ ਬਣਦਾ ਹੈ।

ਸੱਭਿਆਚਾਰ ਚਿਹਨ ਮਨੁੱਖੀ ਮਨ ਦੇ ਉਸ ਅਵਚੇਤਨ ਭਾਗ ਵਿੱਚ ਸਮਾਹਿਤ ਹੁੰਦੇ ਹਨ ਜਿਸ ਨੂੰ ਚਾਹ ਕੇ ਉਲੰਘਿਆ ਨਹੀਂ ਜਾ ਸਕਦਾ। ਪੰਜਾਬ ਸੱਭਿਆਚਾਰ ਅੰਦਰ ਇਸ਼ਕ ਲਈ ਕੁਰਬਾਨ ਹੋਣ ਵਾਲੇ ਹੀਰ-ਰਾਂਝੇ ਅਤੇ ਸੱਸੀ ਪੁੰਨੂ ਆਦਿ ਦੇ ਆਪਾ ਵਾਰਨ ਦੇ ਅਜਿਹੇ ਚਿਹਨ ਹਨ ਜਿਨਾਂ ਨੂੰ ਸੂਫੀ ਫਕੀਰਾਂ ਨੇ ਇਸ਼ਕ ਹਕੀਕੀ ਦੇ ਪ੍ਰਥਾਏ ਵਰਤਿਆ ਹੈ। ਵਿਸ਼ਵ ਸੱਭਿਆਚਾਰਾਂ ਉੱਪਰ ਝਾਤ ਮਾਰਿਆਂ ਵੇਖੀਦਾ ਹੈ ਕਿ ਅਜਿਹੇ ਜੋਰਾਵਰ ਚਿਹਨ ਜੁੱਗਾਂ ਤੱਕ ਅਬਦਲ ਰਹਿੰਦਿਆਂ ਲੋਕ ਸੁਰਤ ਦੀ ਅਗਵਾਈ ਕਰਦੇ ਹਨ। ਖਾੜਕੂ ਸੰਘਰਸ਼ ਨੇ ਆਪਾ ਵਾਰ ਕੇ ਇਸ਼ਕ ਦੀਆਂ ਨਵੀਆਂ ਮੰਜਿਲਾਂ ਨੂੰ ਸਰ ਕੀਤਾ ਹੈ। ਕਵੀਸ਼ਰਾਂ ਵੱਲੋਂ ਲਿਖੀਆਂ ਦੋ ਤੁਕਾਂ:- 'ਜਿਨਾਂ ਵੇਖ ਲਏ ਨੇ ਕੰਢੇ ਪਾਰ ਵਾਲੇ, ਉਹ ਤਾਂ ਘੜਿਆਂ ਦਾ ਆਸਰਾ ਭਾਲਦੇ ਨਹੀਂ' ਅਤੇ 'ਜਿੱਥੇ ਮੁਕਦੀ ਏ ਰਾਂਝਿਆਂ ਮਜਨੂਆਂ ਦੀ, ਉੱਥੋਂ ਸ਼ੁਰੂ ਹੁੰਦੀ ਦਾਸਤਾਨ ਸਾਡੀ' ਮਾਨੋ ਪੰਜਾਬ ਦੇ ਸੱਭਿਆਚਾਰ ਚਿੰਨਾਂ ਦੇ ਯੁਗ ਪਲਟੇ ਦਾ ਪ੍ਰਤੀਕ ਬਣਦੀਆਂ ਹਨ।

ਭਾਰਤੀ ਦਰਸ਼ਨ ਨੇ ਤਿੰਨ ਗੁਣੀ ਸੰਸਾਰਕ ਜੀਵਨ ਅਤੇ ਤ੍ਰਿਗੁਣ-ਅਤੀਤ ਆਤਮਕ ਜੀਵਨ ਦਾ ਸੰਕਲਪ ਪ੍ਰਵਾਨ ਕੀਤਾ ਗਿਆ ਹੈ। ਤਿੰਨ ਗੁਣ ਬੌਧਿਕਤਾ ਅਤੇ ਤਰਕ ਦੇ ਘੇਰੇ ਅੰਦਰ ਹਨ ਅਤੇ ਚੌਥਾ ਪਦ ਇਨਾਂ ਦੀ ਪਹੁੰਚ ਤੋਂ ਬਾਹਰਾ। ਰੁਡਾਫ ਆਟੋ ਦੇ 'ਆਈਡਿਆ ਆਫ ਹੋਲੀ' ਵਾਂਗ ਇਹ ਰਹਸਪੂਰਨ ਅਨੁਭਵ ਮੁਕੰਮਲ ਤੌਰ 'ਤੇ ਅਲੋਕਾਰੀ (ਮੀਰ;;ਖ ਰਵੀਕਗ) ਹੈ। ਗੁਰੂ ਸਾਹਿਬਾਨ ਦੇ ਜੀਵਨ ਚਰਿਤ ਬਾਰੇ ਗੱਲ ਕਰਦਿਆਂ ਪ੍ਰੋਫੈਸਰ ਪੂਰਨ ਸਿੰਘ 'ਗੈਰ ਮਾਮੂਲੀ ਅਤੇ ਅਦਭੁਤ' ਰੱਬੀ ਜਹੂਰ ਦਾ ਜਿਕਰ 'ਮਾਮੂਲੀ ਅਤੇ ਅਚਰਜ ਰਹਿਤ' ਸ਼ਬਦਾਂ ਵਿੱਚ ਕੀਤੇ ਜਾਣ ਨੂੰ ਕੂੜਾ ਤੇ ਝੂਠਾ ਆਖਦਾ ਹੈ। ਬੇਸ਼ੱਕ ਇੰਨ-ਬਿੰਨ ਨਾ ਸਹੀ ਪਰ ਇਹ ਨੇਮ ਕਾਫੀ ਹੱਦ ਤੱਕ ਸਾਹਵੇਂ-ਮੱਥੇ ਸ਼ਹੀਦ ਹੋਣ ਵਾਲਿਆਂ ਦੇ ਜਿਕਰ 'ਤੇ ਵੀ ਢੁਕਦਾ ਹੈ। ਹਥਲੀ ਰਚਨਾ ਇਤਿਹਾਸਕ ਘਟਨਾਵਾਂ ਦਾ ਬਿਆਨ ਗੁਰਬਾਣੀ ਦੇ ਰਹੱਸਪੂਰਨ ਮੁਹਾਵਰੇ 'ਚ ਕਰਦੀ ਹੈ, ਜਿਸ ਵਿੱਚ ਦੈਵੀ ਹੁਕਮ ਸਦਾ ਕਾਰਜਸ਼ੀਲ ਰੰਹਿਦਾ ਹੈ।

ਅੱਜ ਇਹ ਸੱਚ ਕਿਸੇ ਤੋਂ ਲੁਕਿਆ ਨਹੀਂ ਕਿ ਮਨੁੱਖ ਦੀ ਸ਼ਖ਼ਸੀ ਘਾੜਤ ਵਿੱਚ ਰਸ ਅਤੇ ਰਸਾਇਣ/ਦ੍ਰਵ ਦਾ ਮਹੱਤਵਪੂਰਨ ਯੋਗਦਾਨ ਹੈ। ਅਜਿਹਾ ਕੋਈ ਵੀ ਵਿਚਾਰ ਜਾਂ ਬ੍ਰਿਤਾਂਤ ਜੋ ਸਰੀਰ ਅਤੇ ਮਨ ਅੰਦਰ ਹਿਲਜੁਲ ਪੈਦਾ ਨਹੀਂ ਕਰਦਾ, ਉਹ ਸਾਡੇ ਆਪੇ ਦਾ ਹਿੱਸਾ ਨਹੀਂ ਬਣਦਾ। ਅਜੋਕੀ ਨੀ+ਰਸ ਕਿਸਮ ਦੀ ਇਤਿਹਾਸਕਾਰੀ ਆਪਣੇ ਸਾਰੇ ਲਾਹੇਵੰਦੇ ਪੱਖਾਂ ਦੇ ਹੁੰਦਿਆਂ ਵੀ ਮਨੁੱਖ ਦੇ ਸਦਾਚਾਰਕ ਅਤੇ ਅਧਿਆਤਮਕ ਉੱਥਾਨ ਵਿੱਚ ਬਣਦਾ ਯੋਗਦਾਨ ਪਾਉਣ ਤੋਂ ਅਸਮਰੱਥ ਹੈ। ਇਸ ਦੇ ਮੁਕਾਬਲੇ ਸ਼ਾਂਤ, ਭਗਤੀ ਅਤੇ ਵੀਰ ਆਦਿ ਰਸ ਪ੍ਰਧਾਨ ਸਾਖੀ ਸਾਹਿਤ ਦਾ ਪ੍ਰਭਾਵ ਕਿਸੇ ਤੋਂ ਲੁਕਿਆ-ਛਿਪਿਆ ਨਹੀਂ। ਇਸ ਪੱਖੋਂ ਹਥਲੀ ਰਚਨਾ ਦੀ ਹਰੇਕ ਸਾਖੀ ਦੇਹ, ਮਨ ਅਤੇ ਸੁਰਤ ਅੰਦਰ ਝਰਨਾਹਟ ਪੈਦਾ ਕਰਨ ਦਾ ਮਾਦਾ ਰੱਖਦੀ ਹੈ।

ਖਾੜਕੂ ਸੰਘਰਸ਼ ਖਿਲਾਫ ਜੁਲਮ ਅਤੇ ਧ੍ਰੋਹ ਕਰਨ ਵਾਲੇ ਅਠਾਰਵੀਂ ਸਦੀ ਵਾਂਗ ਗੈਰ-ਪਛਾਣ ਵਾਲੇ ਨਹੀਂ ਸਗੋਂ ਬਹੁਗਿਣਤੀ ਸਿੱਖ ਪਛਾਣ ਵਾਲੇ ਹੀ ਸਨ। ਹਥਲੀ ਕਿਤਾਬ ਪੜਦਿਆਂ ਹਜਰਤ ਈਸਾ ਦਾ ਆਪਣਿਆਂ ਵੱਲੋਂ ਫੜਾਏ ਜਾਣਾ ਅਤੇ ਆਪਣੀ ਕੌਮ ਦੇ ਫਰੀਸੀਆਂ ਤੇ ਜਾਜਕਾਂ ਵੱਲੋਂ ਰੋਮਨ ਹਕੂਮਤ ਪਾਸੋਂ ਈਸਾ ਲਈ ਸੂਲੀ ਦੀ ਮੰਗ ਕਰਨਾ ਯਾਦ ਆਉਂਦੇ ਹਨ। ਜਦੋਂ ਅਖੌਤੀ 'ਵੱਡੇ' ਆਪਣੇ ਫਰਜਾਂ ਤੋਂ ਭੱਜ ਜਾਂਦੇ ਹਨ ਤਾਂ ਬੇਪਛਾਣ ਤੇ ਸਿਦਕੀ ਲੋਕ ਉਨਾਂ ਦੇ ਲਾਏ ਦਾਗ ਨੂੰ ਨਿਸ਼ਬਦ ਰਹਿ ਕੇ ਆਪਣੇ ਖੂਨ ਨਾਲ ਧੋਂਦੇ ਹਨ। ਸਰਹੱਦੀ ਪਿੰਡ 'ਚ ਸਿੰਘਾਂ ਨੂੰ ਠਾਹਰ ਦੇਣ ਵਾਲੀ ਸਿਦਕੀ ਵਿਧਵਾ ਬੀਬੀ ਨੇ ਅਸਹਿ ਤਸੀਹੇ ਝੱਲ ਕੇ ਵੀ ਈਨ ਨਾ ਮੰਨੀ ਪਰ ਖਾੜਕੂ ਜਰਨੈਲ ਤਸ਼ੱਦਦ ਅੱਗੇ ਟੁੱਅ ਗਿਆ। ਜਿਸ ਕਿਸੇ ਨੇ ਮੈਲ ਗਿਬਸਨ ਦੀ ਫਿਲਮ 'ਦ ਪੈਸ਼ਨ ਆਫ਼ ਦ ਕਰਾਇਸਟ' ਵੇਖੀ ਹੈ, ਉਸ ਬੀਬੀ ਦਾ ਹਾਲ ਪੜ ਕੇ ਉਨਾਂ ਨੂੰ ਬੀਬੀ ਮਰੀਅਮ (ਈਸਾ ਦੀ ਮਾਤਾ) ਦੀਆਂ ਪਥਰਾਈਆਂ ਅੱਖਾਂ ਯਾਦ ਆ ਸਕਦੀਆਂ ਹਨ।

ਥਾਮਸ ਕਾਰਲਾਇਲ ਦਾ ਕਥਨ ਹੈ ਕਿ ਪੁਰਾਣੇ ਸਮਿਆਂ ਵਿੱਚ ਦਿੱਬ ਗੁਣਾਂ ਨੂੰ ਪਛਾਣਦਿਆਂ ਲੋਕ ਆਪਣੇ ਵਿੱਚੋਂ ਹੀ ਆਡਿਨ ਜਿਹੇ ਇੱਕ ਮਨੁੱਖ ਨੂੰ ਦੇਵਤਾ ਪ੍ਰਵਾਨ ਕਰ ਲੈਂਦੇ ਸਨ। ਫਿਰ ਸਮਾਂ ਪਾ ਕੇ ਦੇਵਤਾ ਮੰਨਣ ਦੀ ਥਾਂ ਅਜਿਹੇ ਦਿੱਬ ਪੁਰਸ਼ਾਂ ਨੂੰ ਰੱਬੀ ਪੈਗਾਮ ਪਹੁੰਚਾਉਣ ਵਾਲਾ ਪੈਗੰਬਰ ਮੰਨਣ ਲੱਗੇ। ਕਾਰਲਾਇਲ ਆਪਣੇ ਸਮਕਾਲ ਬਾਰੇ ਆਖਦਾ ਹੈ ਕਿ ਹੁਣ ਲੋਕ ਕਿਸੇ ਮਨੁੱਖ ਨੂੰ ਪੈਗੰਬਰ ਵੀ ਨਹੀਂ ਮੰਨਣਗੇ। ਆਮ ਧਾਰਨਾ ਹੈ ਕਿ ਭਗਤ ਅਤੇ ਗੁਰੂ ਸਾਹਿਬਾਨ ਦੀਆਂ ਸ਼ਖ਼ਸੀਅਤਾਂ ਦਾ ਬਾਅਦ ਵਿੱਚ ਕਰਾਮਾਤੀ ਅੰਸ਼ ਜੋੜ ਕੇ ਦੈਵੀਕਰਨ ਕੀਤਾ ਗਿਆ ਹੈ। ਗੁਰੂ ਸਾਹਿਬਾਨ ਸੰਬੰਧੀ ਜੋ ਭਟ ਸਾਹਿਬਾਨ ਦੇ ਪਾਵਨ ਵਾਕ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹਨ ਉਹ ਬਾਅਦ ਦੇ ਨਹੀਂ ਸਗੋਂ ਸਮਕਾਲੀ ਹਨ। ਫਰਕ ਦ੍ਰਿਸ਼ਟੀ ਦਾ ਹੈ। ਅਸੀਂ ਸਮਕਾਲ ਜਾਂ ਨੇੜ ਸਮਕਾਲ ਦੀਆਂ ਗੈਰ-ਦੁਨਿਆਵੀ ਸ਼ਖ਼ਸੀਅਤਾਂ ਨੂੰ ਵੀ ਦੁਨਿਆਵੀ ਪੈਮਾਨਿਆਂ ਰਾਹੀਂ ਨਾਪਣ ਦੇ ਆਦੀ ਹੋ ਗਏ ਹਾਂ। ਇਸੇ ਆਦਤ ਵਿੱਚੋਂ ਅਸੀਂ ਸੰਤ ਜਰਨੈਲ ਸਿੰਘ ਅਤੇ ਸਿੱਖ ਸੰਘਰਸ਼ ਦੇ ਜੁਝਾਰੂਆਂ ਨੂੰ ਵੇਖਣ ਦੀ ਕੋਸ਼ਿਸ਼ ਕਰਦੇ ਹਾਂ। ਸਾਡੇ ਆਪਣੇ ਵਿਦਵਾਨ ਬਹੁਤ ਜੋਰ ਲਾ ਕੇ ਸੰਤ ਜਰਨੈਲ ਸਿੰਘ ਨੂੰ ਸਿੱਖਾਂ ਦੇ ਸ਼ਾਨਦਾਰ ਸਿਆਸੀ ਆਗੂ ਅਤੇ ਜੰਗੀ ਜਰਨੈਲ ਵਜੋਂ ਪੇਸ਼ ਕਰਦੇ ਹਨ। ਅਸੀਂ ਉਨਾਂ ਵਿੱਚੋਂ 'ਮੰਨੈ ਮਗੁ ਨ ਚਲੈ ਪੰਥੈ ਮੰਨੈ ਧਰਮ ਸੇਤੀ ਸਨਬੰਧ॥' ਦੇ ਅਮਲ ਨੂੰ ਵੇਖਣ ਵਿੱਚ ਅਸਮਰੱਥ ਹੁੰਦੇ ਜਾ ਰਹੇ ਹਾਂ। ਅਸੀਂ ਸ਼ਖ਼ਸੀਅਤਾਂ ਅਤੇ ਉਨਾਂ ਦੇ ਜੀਵਨ ਅਮਲ ਨੂੰ ਸਮੇਂ ਅਤੇ ਥਾਂ ਦੇ ਅਧੀਨ ਵਿਚਾਰਦਿਆਂ ਉਨਾਂ ਦੇ ਸਰਬਕਾਲੀ ਅਤੇ ਸਰਬਥਾਨੀ ਪ੍ਰਸੰਗ ਨੂੰ ਵਿਸਾਰ ਰਹੇ ਹਾਂ। ਸਿੱਖ ਸੰਘਰਸ਼ ਨੂੰ 'ਜੰਗ ਹਿੰਦ ਪੰਜਾਬ ਦਾ' ਵਜੋਂ ਪੇਸ਼ ਕਰਦਿਆਂ ਅਸੀਂ ਭੁੱਲ ਜਾਂਦੇ ਹਾਂ ਕਿ ਇਸ ਪੈਮਾਨੇ ਨਾਲ ਪੰਜਾਬ ਤੋਂ ਬਹਾਰਲੇ: ਕਸ਼ਮੀਰੀ, ਦੱਖਣੀ ਅਤੇ ਪੂਰਬੀ ਸਿੱਖ ਵੀ ਇਸ ਸੰਘਰਸ਼ ਚੋਂ ਬਾਹਰ ਧੱਕੇ ਜਾਂਦੇ ਹਨ। ਕੀ ਸ੍ਰੀ ਦਰਬਾਰ ਸਾਹਿਬ ਦੇ ਸਾਕੇ ਵਿੱਚ ਗੈਰ-ਸਿੱਖਾਂ ਲਈ ਵੀ ਕੋਈ ਪ੍ਰੇਰਨਾ ਜਾਂ ਆਸ ਦੀ ਕਿਰਨ ਪਈ ਹੋਈ ਹੈ। ਕੀ ਵਿਦੇਸ਼ਾਂ ਦੇ ਰਾਜਨਾਇਕਾਂ ਅਤੇ ਸੈਲਾਨੀਆਂ ਦੀਆਂ ਸ੍ਰੀ ਦਰਬਾਰ ਸਾਹਿਬ ਫੇਰੀਆਂ ਸਿਰਫ ਸਿਆਸੀ ਜਾਂ ਸੈਲਾਨੀ ਅਰਥ ਹੀ ਰਖਦੀਆਂ ਹਨ ? ਜਾਂ ਇਸ ਪਿੱਛੇ ਕੁਝ ਹੋਰ ਵੀ ਹੈ, ਜਿਸ ਨੂੰ ਸਮਝਣ ਦੀ ਲੋੜ ਹੈ। ਹਥਲੀ ਰਚਨਾ ਦਾ ਹਾਸਲ ਇਹ ਹੈ ਕਿ ਇਹ ਖਾੜਕੂ ਸੰਘਰਸ਼ ਦੇ ਫਿਰਕੂ, ਖੇਤਰੀ ਅਤੇ ਸਮਕਾਲੀ ਸਰੋਕਾਰਾਂ ਤੋਂ ਪਾਰਲੇ ਉਸ ਅਕਸ ਨੂੰ ਉਭਾਰਨ ਦਾ ਜਤਨ ਕਰਦੀ ਹੈ। ਉਹ ਅਕਸ ਜਿਸ ਦਾ ਧਰਮ ਦਇਆ 'ਚੋਂ ਪੈਦਾ ਹੁੰਦਾ ਅਤੇ ਸੰਤੋਖ ਹੀ ਜਿਸ ਦੀ ਮਰਿਆਦਾ ਦਾ ਸਾਰ ਹੈ।

ਧਰਮਾਂ ਦੇ ਇਤਿਹਾਸ ਨੂੰ ਅਧਿਐਨ ਕਰਦਿਆਂ ਆਮ ਕਰਕੇ ਇੱਕ ਸ਼ਬਦ 'ਪਹਿਲ ਤਾਜ਼ਗੀ' ਵਰਤਿਆ ਜਾਂਦਾ ਹੈ। ਇਹ ਭਾਵ ਉਸਾਰਿਆ ਜਾਂਦਾ ਹੈ ਕਿ ਧਰਮ ਸੰਸਥਾਪਕ ਦੇ ਸੰਸਾਰ ਤੋਂ ਰੁਖਸਤ ਹੋਣ ਪਿੱਛੋਂ ਸਮੇਂ ਦੇ ਵਹਿਣ ਨਾਲ ਪੈਰੋਕਾਰਾਂ ਵਿੱਚੋਂ ਧਰਮ ਦੀ ਮੂਲ ਪ੍ਰੇਰਨਾ ਫਿੱਕੀ ਹੁੰਦੀ ਜਾਂਦੀ ਹੈ। ਸੂਰਜ ਦੀ ਰੌਸ਼ਨੀ ਵਿੱਚ ਹਰ ਸ਼ੈ ਰੌਸ਼ਨ ਹੋ ਜਾਂਦੀ ਹੈ ਪਰ ਛਿਪਣ ਨਾਲ ਹੀ ਹਨੇਰਾ ਪਸਰਨਾ ਸ਼ੁਰੂ ਹੋ ਜਾਂਦਾ ਅਤੇ ਅਗਲੇ ਸੂਰਜ ਦੀ ਉਡੀਕ ਸ਼ੁਰੂ ਹੋ ਜਾਂਦੀ ਹੈ। ਵੈਦਿਕ ਪਰੰਪਰਾ ਦੇ ਅਵਤਾਰਵਾਦ ਅਤੇ ਕਤੇਬੀ ਨਬੀਆਂ ਦੀ ਲੜੀ ਨੂੰ ਇਸ ਦ੍ਰਿਸ਼ਟੀ ਤੋਂ ਵੇਖਿਆ ਜਾ ਸਕਦਾ ਹੈ। ਹਜਰਤ ਈਸਾ ਜੋ ਮਸੀਹੀਆਂ ਲਈ ਆਖਿਰੀ ਮਸੀਹਾ ਹਨ ਨੇ ਇਸ ਮਨੌਤ ਨੂੰ ਤੋੜਿਆ ਹੈ। ਮਸੀਹੀ ਬਾਈਬਲ ਦੀ ਪੋਥੀ 'ਰਸੂਲਾਂ ਦੇ ਕਰਤਬ' ਉਨਾਂ ਰਸੂਲਾਂ ਦੇ ਜੀਵਨ ਅਮਲ ਨੂੰ ਦਰਸਾਉਂਦੀ ਹੈ ਜਿਨਾਂ ਨੇ ਈਸਾ ਦੀ ਸ਼ਹਾਦਤ ਪਿੱਛੋਂ ਖਿਲਰ ਚੁਕੇ ਮਸੀਹੀ ਵਿਸ਼ਵਾਸੀਆਂ ਨੂੰ ਇੱਕਮੁੱਠ ਕੀਤਾ ਅਤੇ ਚਰਚ ਨੂੰ ਸ਼ਾਨਦਾਰ ਉਚਾਈਆਂ ਦਿੱਤੀਆਂ। ਇਸੇ ਤਰਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ-ਜੋਤਿ ਸਮਾਉਣ ਪਿੱਛੋਂ ਬਾਬਾ ਬੰਦਾ ਸਿੰਘ ਬਹਾਦਰ ਦੀ ਅਗਵਾਈ ਵਿੱਚ ਖਾਲਸਾ ਪੰਥ ਨੇ ਹੇਠਲੀ ਉੱਤੇ ਕਰ ਦਿੱਤੀ ਸੀ। ਅਨੰਤ ਤਸੀਹੇ, ਦੁਸ਼ਵਾਰੀਆਂ ਅਤੇ ਤੁਹਮਤਾਂ ਨੂੰ ਝੱਲਦਿਆਂ ਵੀ ਉਨਾਂ ਯੋਧਿਆਂ ਦੇ ਹਿਰਦਿਆਂ ਅੰਦਰ ਰੱਬੀ ਪਿਆਰ ਸਦਾ ਲਟ ਲਟ ਬਲਦਾ ਰਿਹਾ ਹੈ। ਪਰ ਵੇਖਣ ਵਾਲਾ ਨੁਕਤਾ ਇਹ ਹੈ ਕਿ ਈਸਾ ਮਸੀਹ ਨੇ ਰਸੂਲਾਂ ਦੀ ਚੋਣ ਆਪ ਕਰ ਦਿੱਤੀ ਸੀ ਅਤੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਦਸਮ ਪਿਤਾ ਨੇ ਆਪ ਤੋਰਿਆ ਸੀ। ਸ੍ਰੀ ਦਰਬਾਰ ਸਾਹਿਬ ਦੇ ਸਾਕੇ ਦੌਰਾਨ ਸੰਤ ਜਰਨੈਲ ਸਿੰਘ ਅਤੇ ਭਾਈ ਅਮਰੀਕ ਸਿੰਘ ਸਮੇਤ ਪ੍ਰਮੁੱਖ ਆਗੂ ਸ਼ਹੀਦ ਹੋ ਚੁਕੇ ਅਤੇ ਰਹਿੰਦੇ ਸਾਥੀ ਜੇਲਾਂ ਵਿੱਚ ਸਨ।

ਬਾਕੀ ਸਫ਼ਾ 30 'ਤੇ

## ਪੁਸਤਕ ਸਮੀਖਿਆ: ਖਾੜਕੂ ..

ਅਜਿਹੇ ਘੋਰ ਨਿਰਾਸ਼ਾ ਅਤੇ ਹਕੂਮਤੀ ਜਬਰ ਦੇ ਦੌਰ ਵਿੱਚ ਕੁਝ ਨੌਜਵਾਨ ਉੱਠ ਤੁਰੇ ਅਤੇ ਬਿਨਾਂ ਕਿਸੇ ਆਗੂ ਅਤੇ ਬਾਹਰਲੀ ਰਾਜਸੀ ਇਮਦਾਦ ਦੇ ਕਰਾਮਾਤਾਂ ਵਰਗੇ ਵਾਕੇ ਕਰ ਗਏ। ਅਜਿਹਾ ਇਤਿਹਾਸ ਵਿੱਚ ਆਏ ਦਿਨ ਨਹੀਂ ਹੁੰਦਾ। ਨਿਸ਼ਚਿਤ ਤੌਰ 'ਤੇ ਇਹ ਅਸਾਧਾਰਣ ਵਰਤਾਰਾ ਹੈ। ਸ਼ਹਾਦਤ ਮੌਕੇ ਬਾਬਾ ਬੰਦਾ ਸਿੰਘ ਦੇ ਆਖਿਰੀ ਬਿਆਨ ਵਿੱਚ ਇੱਕ ਅਹਿਮ ਨੁਕਤਾ ਉਨਾਂ ਵੱਲੋਂ ਹਕੂਮਤੀ ਜਬਰ ਦਾ ਟਾਕਰਾ ਕਰਦਿਆਂ ਕੁਝ ਨਿਰਦੋਸ਼ਾਂ ਦੇ ਜਾਨ-ਮਾਲ ਦੇ ਨੁਕਸਾਨ ਨੂੰ ਤਸਲੀਮ ਕਰਨਾ ਹੈ। ਵਿਸ਼ਵ ਧਰਮ ਅੰਦਰ ਧਰਮ ਜੁੱਧ ਤੇ ਕਰੂਸੇਡਸ ਦੇ ਵੱਡੇ ਕਿੱਸੇ ਮੌਜੂਦ ਹਨ ਪਰ ਬਾਬਾ ਬੰਦਾ ਸਿੰਘ ਵਾਂਗ ਬੇਦੋਸੇ ਖੂਨ ਅਤੇ ਰੱਬ ਪਾਸੋਂ ਉਸ ਦੇ ਨਿਆਂ ਵਜੋਂ ਮਿਲੇ ਤਸੀਹਿਆਂ ਨੂੰ ਦਾਤ ਵਜੋਂ ਪ੍ਰਵਾਨ ਕਰਨ ਦੀ ਮਿਸਾਲ ਲੱਭਣੀ ਬਹੁਤ ਔਖੀ ਹੈ। ਭਾਈ ਸੁੱਖਾ ਅਤੇ ਭਾਈ ਜਿੰਦਾ ਜਿਹੇ ਅਨੇਕਾਂ ਖਾੜਕੂ ਯੋਧਿਆਂ ਨੇ ਪੁਰਾਤਨ ਸਿੰਘਾਂ ਦੀਆਂ ਪੈੜਾਂ 'ਤੇ ਚਲਦਿਆਂ ਸੰਘਰਸ਼ ਦੌਰਾਨ ਡੁੱਲੇ ਬੇਦੋਸੇ ਖੂਨ 'ਤੇ ਅਫਸੋਸ ਜਾਹਿਰ ਕੀਤਾ ਹੈ। ਭਾਈ ਰਣਜੀਤ ਸਿੰਘ ਕੁੱਕੀ ਦੇ ਬਿਆਨਾਂ ਵਿੱਚ ਵੀ ਇਹ ਨੁਕਤਾ ਸਪਸ਼ਟ ਹੁੰਦਾ ਰਿਹਾ ਹੈ। ਹਥਲੀ ਕਿਤਾਬ ਨੇ ਅਜਿਹੇ ਬੇਦੋਸ਼ਿਆਂ ਨੂੰ ਹਮਦਰਦੀ ਭਰੀ ਸ਼ਰਧਾਂਜਲੀ ਦਿੰਦਿਆਂ ਇਸ ਨਿਵੇਕਲੀ ਪਰੰਪਰਾ ਨੂੰ ਹੋਰ ਅੱਗੇ ਤੋਰਿਆ ਹੈ।

ਬਾਬਾ ਬੰਦਾ ਸਿੰਘ ਵੱਲੋਂ ਸ਼ਹਾਦਤ ਜਾਂ ਭਜ ਨਿਕਲਣ ਦੀ ਬਜਾਏ ਗੁਰਦਾਸ ਨੰਗਲ ਵਿਖੇ ਗ੍ਰਿਫਤਾਰੀ ਦੇਣ ਦੀ ਚੇਤੰਨ ਨੀਤੀ ਅਤੇ ਰਾਜਧਾਨੀ ਵਿਚ ਦੇਸੀ-ਵਿਦੇਸ਼ੀ ਨੁਮਾਇੰਦਿਆਂ ਸਾਹਮਣੇ ਆਪਣੇ ਪੱਖ ਨੂੰ ਪੇਸ਼ ਕਰਨ ਵਿੱਚ ਕਾਮਯਾਬ ਹੋਣ ਦੇ ਬਾਵਜੂਦ ਲਗਭਗ ਦੋ ਸਦੀਆਂ ਤੱਕ ਬਾਬਾ ਬੰਦਾ ਸਿੰਘ ਬਹਾਦਰ ਨੂੰ ਸ਼ੰਕਿਆਂ ਵਿੱਚ ਘਿਰਿਆ ਰਹਿਣਾ ਪਿਆ। ਇਤਿਹਾਸ ਗਵਾਹ ਹੈ ਕਿ ਕਈ ਆਪਣੇ ਭਲੇ ਪੁਰਸ਼ ਵੀ ਉਨਾਂ ਨੂੰ ਸ਼ੱਕੀ ਅੱਖ ਨਾਲ ਵੇਖਦੇ ਰਹੇ ਸਨ। ਹੁਣ ਵੀ ਹਾਲਾਤ ਕੁਝ ਅਜਿਹੇ ਹੀ ਹਨ ਪਰ ਦੋ ਦਹਾਕਿਆਂ ਵਿੱਚ 'ਖਾੜਕੂ ਸੰਘਰਸ਼ ਦੀ ਸਾਖੀ' ਰਾਹੀਂ ਹਕੀਕਤ ਬਿਆਨ ਕਰਨ ਦੀ ਸ਼ੁਰੂਆਤ ਅਤੇ ਸੰਗਤ ਵੱਲੋਂ ਇਸ ਨੂੰ ਮਿਲਿਆ ਹੁੰਗਾਰਾ ਧਰਵਾਸ ਵਾਲੀ ਗੱਲ ਹੈ।

ਸੰਘਰਸ਼ੀ ਲਹਿਰਾਂ ਦੌਰਾਨ ਭਾਵਨਾਵਾਂ ਤੇਜ਼ ਅਤੇ ਵਿਚਾਰਧਾਰਕ ਹੱਦਬੰਦੀਆਂ ਸਖਤ ਹੋ ਜਾਂਦੀਆਂ ਹਨ ਅਤੇ ਕਈ ਵਾਰ ਸਮੁਚੇ ਵਰਤਾਰੇ ਨੂੰ ਆਪਣੇ ਅਤੇ ਬਿਗਾਨੇ ਦੋ ਹਿੱਸਿਆਂ ਵਿੱਚ ਵੰਡਿਆ ਜਾਣ ਲੱਗਦਾ ਹੈ। ਹਕੀਕਤ ਕਦੀ ਵੀ ਬਲੈਕ ਐਂਡ ਵਾਈਟ ਨਹੀਂ ਹੁੰਦੀ ਸਗੋਂ ਕੁਦਰਤੀ ਖਾਸੇ ਅਨੁਸਾਰ ਬਹੁਰੰਗੀ ਹੁੰਦੀ ਹੈ। ਇਸ ਸੱਚ ਵੱਲ ਕੰਡ ਕਰਕੇ ਕਿਸੇ ਵੀ ਲਹਿਰ ਨੂੰ ਸਹੀ ਰੂਪ ਵਿੱਚ ਜਾਣਿਆ ਨਹੀਂ ਜਾ ਸਕਦਾ। ਪੰਥ ਅੰਦਰ ਵੀ ਬਿਨਾਂ ਵਿਚਾਰ ਗੁਰਭਾਈਆਂ ਨੂੰ ਕੱਚਾ ਸਿੱਖ, ਡਰਪੋਕ, ਗੱਦਾਰ ਜਾਂ ਪੰਥ ਦੋਖੀ ਆਖਣ ਦੀ ਮਾੜੀ ਰੁਚੀ ਪੈਦਾ ਹੋ ਰਹੀ ਹੈ। ਇਹ ਸਾਡੀ ਕੌਮੀ ਅਰਦਾਸ ਵਿੱਚ ਮੰਗੇ ਜਾਂਦੇ ਵਿਸਾਹਦਾਨ ਤੇ ਭਰੋਸਾਦਾਨ ਦੇ ਉਲਟ ਪਾਸੇ ਜਾਂਦਾ ਅਮਲ ਹੈ। ਹਥਲੀ ਰਚਨਾ ਖਾੜਕੂ ਸੰਘਰਸ਼, ਸਿੰਘਾਂ ਅਤੇ ਕਾਰਨਾਮਿਆਂ ਉੱਪਰ ਕੀਤੇ ਜਾ ਰਹੇ ਸਵਾਲਾਂ ਦਾ ਸਿੱਧਾ ਜਵਾਬ ਦੇਣ ਦੀ ਬਜਾਏ ਪਾਠਕ ਸਾਹਮਣੇ ਲਹਿਰ ਦੀ ਬਹੁਰੰਗੀ ਹਕੀਕਤ ਨੂੰ ਰੂਪਮਾਨ ਕਰਦੀ ਹੈ। ਫੜੇ ਜਾਣ ਪਿੱਛੋਂ ਲੋਕ ਮਨਾਂ ਅੰਦਰ ਜਿਨਾਂ ਸਿੰਘਾਂ ਦੀ ਛਵੀ ਗੱਦਾਰਾਂ ਜਿਹੀ ਬਣ ਗਈ, ਉਨਾਂ ਦੇ ਖੁਫੀਆ ਤੰਤਰ ਦੇ ਨਾਲ ਰਹਿੰਦਿਆਂ ਵੀ ਸੰਘਰਸ਼ ਦਾ ਨੁਕਸਾਨ ਨਾ ਹੋਣ ਦੇਣਾ ਅਤੇ ਆਪਣਾ ਜੀਵਨ ਲੇਖੇ ਲਾਉਣ ਦੀ ਹਕੀਕਤ ਪਾਠਕ ਨੂੰ ਦੀਰਘ ਵਿਚਾਰ ਲਈ ਪ੍ਰੇਰਦੀ ਹੈ। ਇਸ ਪ੍ਰਸੰਗ ਵਿੱਚ ਕਾਰ ਸੇਵਾ ਵਾਲੇ ਬਾਬਾ ਜੀ ਦੀ ਸਾਖੀ ਵੇਖਣ ਯੋਗ ਹੈ। ਇਸ ਤਰਾਂ ਇਹ ਰਚਨਾ ਪਾਠਕ ਨੂੰ ਖਾੜਕੂ ਸੰਘਰਸ਼ ਸੰਬੰਧੀ ਬਣੇ-ਬਣਾਏ ਜਵਾਬ ਦੇਣ ਦੀ ਬਜਾਏ ਉਸ ਨੂੰ ਆਪਣਾ ਬਿਬੇਕ ਵਰਤ ਕੇ ਸਿੱਟੇ ਕਢਣ ਦੇ ਰਾਹ ਪਾਉਂਦੀ ਹੈ।

ਇਸ ਰਚਨਾ ਵਿੱਚੋਂ ਪ੍ਰੋਫੈਸਰ ਪੂਰਨ ਸਿੰਘ ਦੀ ਲਿਖਤ ਜਿਹੇ ਸਹਿਜ ਤੇ ਨਿਰਉਚੇਚ ਵਾਕਾਂ ਦੇ ਦਰਸ਼ਨ ਹੁੰਦੇ ਹਨ। ਸ਼ਬਦ, ਵਾਕ ਵਾਂਗ ਹੀ ਸਾਖੀਆਂ ਦੇ ਪਾਤਰ ਵੀ ਸਰਲ-ਸਾਦੇ ਹਨ। ਭਾਈ ਰਤਨ ਸਿੰਘ ਭੰਗੂ ਵੱਲੋਂ ਰਚੇ ਗਏ 'ਸ੍ਰੀ ਗੁਰੂ ਪੰਥ ਪ੍ਰਕਾਸ਼' ਬਾਰੇ ਗਿਆਨੀ ਗਿਆਨ ਸਿੰਘ ਜੀ ਦੀ ਰਾਏ ਸੀ ਕਿ ਇਹ ਸੁਥਰੀ ਕਵਿਤਾ ਨਹੀਂ ਹੈ। ਗਿਆਨ ਸਿੰਘ ਨੇ ਕਾਵਿ ਨੇਮਾਂ ਅਨੁਸਾਰ ਇੱਕ ਹੋਰ ਸ੍ਰੀ ਗੁਰੂ ਪੰਥ ਪ੍ਰਕਾਸ਼ ਦੀ ਰਚਨਾ ਕੀਤੀ। ਵਕਤ ਨੇ ਸਾਬਤ ਕਰ ਦਿੱਤਾ ਹੈ ਕਿ ਸਿਧਰੀ ਕਵਿਤਾ ਵਾਲੇ ਰਤਨ ਸਿੰਘ ਭੰਗੂ ਦੀ ਰਚਨਾ ਨੇ ਸਿੱਖ ਹਿਰਦਿਆਂ ਵਿੱਚ ਵਧੀਕ ਡੂੰਘੀ ਥਾਂ ਬਣਾਈ ਹੈ। ਭਲਵਾਨ ਬਾਪੂ ਜਿਹੇ ਕਿੰਨੇ ਹੀ ਕਿਰਦਾਰ ਅਜਿਹੇ ਹਨ ਜਿਨਾਂ ਵਿਚੋਂ ਟਾਲਸਟਾਏ ਦੀ ਕਹਾਣੀ 'ਤਿੰਨ ਸਾਧੂਆਂ' ਜਿਹਾ ਝਲਕਾਰਾ ਪੈਂਦਾ ਹੈ। ਕੁਝ ਪਾਤਰ ਕਾਕੂਜ਼ੋ ਓਕਾਕੁਰਾ ਦੀ 'ਦ ਬੁੱਕ ਆਫ ਟੀ' ਵਿਚਲੇ ਉਸਤਾਦ ਰਿਕਯੂ ਜਿਹੇ ਜਾਪਦੇ ਹਨ, ਜਿਨਾਂ ਨੂੰ ਹਕੂਮਤ ਨੇ ਨਿਰਦੋਸ਼ ਹੁੰਦਿਆਂ ਵੀ ਸ਼ੱਕ ਦੀ ਬਿਨਾਹ 'ਤੇ ਮੌਤ ਦਾ ਫਰਮਾਨ ਸੁਣਾ ਦਿੱਤਾ। ਉਹ ਆਪਣੀ ਨਿਰਦੋਸ਼ਤਾ ਦੇ ਵਾਸਤੇ ਨਹੀਂ ਪਾਉਂਦੇ ਨਾ ਹੀ ਜੀਵਨ ਦੀ ਭੀਖ ਮੰਗਦੇ ਹਨ ਸਗੋਂ ਸ਼ਾਹੀ ਆਦੇਸ਼ ਨੂੰ ਰਿਕਯੂ ਲਿਸ਼ਕਦੀ ਧਾਰ ਵਾਲੀ ਤੇਜ਼ ਕਟਾਰ ਵੱਲ ਪ੍ਰੇਮ ਨਾਲ ਦੇਖਦਿਆਂ ਪੂਰੇ ਅਦਬ ਤੇ ਸਿਦਕ ਨਾਲ ਨਿਭਾਉਂਦਾ ਹੈ। ਇਸ ਸ਼ਾਨਦਾਰ ਰਚਨਾ ਲਈ ਭਾਈ ਦਲਜੀਤ ਸਿੰਘ ਅਤੇ ਬਿਬੇਕਗੜ ਪ੍ਰਕਾਸ਼ਨ ਵਧਾਈ ਦੇ ਹੱਕਦਾਰ ਹਨ। ਮਿਆਰੀ ਛਪਾਈ ਤੇ ਜਿਲਦਬੰਦੀ ਅਤੇ ਪਰਮ ਸਿੰਘ ਦੀ ਖੂਬਸੂਰਤ ਚਿੱਤਰਕਾਰੀ ਕਿਤਾਬ ਨੂੰ ਹੋਰ ਚਾਰ-ਚੰਨ ਲਾਉਂਦੀ ਹੈ।

## 'ਸਫਲਿਓ ਬਿਰਖੁ...

ਇਸ ਲਈ ਇਨਾਂ ਦਾ ਸਤਿਕਾਰ ਕੀਤਾ ਜਾਣਾ ਚਾਹੀਦਾ ਹੈ।ਪੂਰੀ ਸ਼ਰਧਾ ਅਤੇ ਪ੍ਰੇਮ ਭਾਵ ਨਾਲ ਇਨਾਂ ਦੀ ਸਾਂਭ ਸੰਭਾਲ ਕੀਤੀ ਜਾਣੀ ਬਣਦੀ ਹੈ। ਜਿਨਾਂ ਥਾਵਾਂ 'ਤੇ ਰੁੱਖ ਉੱਗੇ ਹਨ ਉਹ ਥਾਵਾਂ ਸਵਰਗ ਸਮਾਨ ਹਨ।ਗੁਰੂ ਅਰਜਨ ਦੇਵ ਜੀ ਨੇ ਸਵਰਗੀ ਅਤੇ ਰੱਬੀ ਸਰੋਤਾਂ ਨੂੰ ਬਿਰਖ ਦੇ ਰੂਪ ਕਥਿਆ ਹੈ :-

**ਬਿਰਖੁ ਜਮਿਓ ਹੈ ਪਾਰਜਾਤ॥**
**ਫੂਲ ਲਗੇ ਫਲ ਰਤਨ ਭਾਂਤਿ॥**
(ਪੰਨਾ ੧੧੮੦)

ਇਸ ਲਈ ਪ੍ਰਮੇਸ਼ਰ ਦੇ ਪ੍ਰੇਮ ਵਿਚ ਰੰਗੇ ਫ਼ਕੀਰਾਂ ਨੂੰ ਰੁੱਖਾਂ ਦੀਆਂ ਰੱਖਾਂ ਦੇ ਸਵਰਗੀ ਨਜ਼ਾਰੇ ਬਹੁਤ ਧੂਹ ਪਾਉਂਦੇ ਹਨ। ਜਿਨਾਂ ਨੇ ਸੱਚੇ ਸਾਹਿਬ ਦੀ ਚਾਕਰੀ ਕਰਨੀ ਹੋਵੇ ਜਾਂ ਸੰਤਾਂ ਭਗਤਾਂ ਦੀ ਖੁਸ਼ੀ ਦਾ ਪਾਤਰ ਬਣਨਾ ਹੋਵੇ ਉਹ ਰੁੱਖਾਂ ਦੀ ਸੇਵਾ ਕਰਕੇ ਆਤਮਿਕ ਸ਼ੁੱਧੀ ਦੇ ਭਾਗੀ ਬਣ ਸਕਦੇ ਹਨ। ਸ਼ੇਖ਼ ਫਰੀਦ ਜੀ ਦਾ ਕਥਨ ਹੈ :-

**ਫਰੀਦਾ ਸਾਹਿਬ ਦੀ ਕਰਿ ਚਾਕਰੀ**
**ਦਰਵੇਸਾਂ ਨੋ ਲੋੜੀਐ ਰੁਖਾਂ ਦੀ ਜੀਰਾਂਦਿ॥**
(ਪੰਨਾ ੧੩੮੧)

ਰੁੱਖਾਂ ਪ੍ਰਤੀ ਪ੍ਰਭੂ ਪ੍ਰੇਮੀਆਂ ਦੇ ਮੋਹ ਦਾ ਕਾਰਨ ਰੁੱਖਾਂ ਦੇ ਰੱਬੀ ਗੁਣ ਹਨ। ਰੁੱਖ ਬਿਨਾਂ ਵਿਤਕਰੇ ਸਭ ਨੂੰ ਜੀਵਨ ਅਤੇ ਆਸਰਾ ਬਖ਼ਸ਼ਦੇ ਹਨ। ਹਰ ਦੁੱਖ ਅਤੇ ਔਖਿਆਈ ਨੂੰ ਚੁੱਪ ਚਾਪ ਜਿਗਰੇ ਨਾਲ ਸਹਿਣ ਕਰਦੇ ਹਨ। ਕਿਸੇ ਨਾਲ ਵੈਰ ਵਿਰੋਧ ਨਹੀਂ ਰੱਖਦੇ। ਬੁਰਾ ਕਰਨ ਵਾਲਿਆਂ ਦਾ ਵੀ ਭਲਾ ਚਿਤਵਦੇ ਹਨ। ਆਪਣੇ ਆਪ ਨੂੰ ਠੀਕ ਸਿੱਧ ਕਰਨ ਲਈ ਕਿਸੇ ਬਹਿਸ ਵਿਚ ਨਹੀਂ ਪੈਂਦੇ।ਰੁੱਖਾਂ ਦੀ ਜਾਨ ਲੈਣ ਵਾਲਿਆਂ ਜਾਂ ਇਨਾਂ ਨੂੰ ਵੱਢਣ ਵਾਲਿਆਂ ਪ੍ਰਤੀ ਵੀ ਰੁੱਖ਼ ਬਦਲਾਖ਼ੋਰ ਨਹੀਂ ਹੁੰਦੇ। ਜਿਵੇਂ ਪ੍ਰਮਾਤਮਾ ਉਨਾਂ ਨੂੰ ਵੀ ਪਾਲਦਾ ਅਤੇ ਪਿਆਰਦਾ ਹੈ ਜੋ ਉਸਦੀ ਯਾਦ ਵਿਚ ਨਹੀਂ ਜਿਉਂਦੇ ਜਾਂ ਉਸਦੀ ਹੋਂਦ ਨੂੰ ਨਹੀਂ ਮੰਨਦੇ, ਤਿਵੇਂ ਰੁੱਖ ਆਪਣੇ ਵੱਢਣ ਵਾਲਿਆਂ ਨੂੰ ਵੀ ਨਿਹਾਲ ਕਰਦੇ ਹਨ। ਵੱਢਣ ਵਾਲੀਆਂ ਕੁਹਾੜੀਆਂ ਤੇ ਆਰੀਆਂ ਲਈ ਵੀ ਦਸਤੇ ਪ੍ਰਦਾਨ ਕਰਦੇ ਹਨ।

**ਕਬੀਰ ਤਰਵਰ ਰੂਪੀ ਰਾਮੁ ਹੈ ਫਲ ਰੂਪੀ ਬੈਰਾਗੁ॥**
**ਛਾਇਆ ਰੂਪੀ ਸਾਧੁ ਹੈ ਜਿਨਿ ਤਜਿਆ ਬਾਦੁ ਬਿਬਾਦੁ॥**
**ਕਬੀਰ ਦਾਤਾ ਤਰਵਰੁ ਦਯਾ ਫਲੁ ਉਪਕਾਰੀ ਜੀਵੰਤ॥**
**ਪੰਖੀ ਚਲੇ ਦਿਸਾਵਰੀ ਬਿਰਖਾ ਸੁਫਲ ਫਲੰਤ॥**
(ਪੰਨਾ ੧੩੭੬)

ਇਸ ਤਰਾਂ ਕਬੀਰ ਜੀ ਅਨੁਸਾਰ ਰੁੱਖ਼ ਪਰਉਪਕਾਰੀ ਦਿਆਲੂ ਦਾਤੇ ਹਨ ਅਤੇ ਸੱਚਮੁਚ ਰੱਬ ਦਾ ਰੂਪ ਹਨ। ਰੁੱਖਾਂ ਤੋਂ ਪ੍ਰਾਪਤ ਹੋਣ ਵਾਲੀਆਂ ਦਾਤਾਂ ਅਨਮੋਲ ਹਨ। ਇਨਾਂ ਦੀਆਂ ਟਹਿਣੀਆਂ ਨੂੰ ਲੱਗੇ ਫ਼ੁਲਾਂ ਨੂੰ ਤੱਕ ਕੇ ਮਨਾਂ ਦੀ ਭੁੱਖ ਲਹਿੰਦੀ ਹੈ ਅਤੇ ਇਨਾਂ ਤੋਂ ਪ੍ਰਾਪਤ ਹੋਣ ਵਾਲੇ ਫ਼ਲ ਤਨਾਂ ਦੀ ਭੁੱਖ ਮਿਟਾਉਂਦੇ ਹਨ। ਰੁੱਖ਼ ਧਰਤੀ ਦੇ ਤਾਪਮਾਨ, ਮੌਸਮਾਂ ਅਤੇ ਬਾਰਸ਼ਾਂ ਨੂੰ ਨਿਯਮਿਤ ਰੱਖਦੇ ਹਨ।ਇਨਾਂ ਦੀ ਛਾਂ ਅਨਮੋਲ ਅਤੇ ਲ਼ਾਸਾਨੀ ਹੈ। ਰੁੱਖ਼ਾਂ ਬੂਟਿਆਂ ਨੂੰ ਨੁਕਸਾਨ ਪਹੁੰਚਾਉਣ ਤੋਂ ਵੱਡਾ ਕੋਈ ਪਾਪ ਨਹੀਂ।ਹੋਰ ਤਾਂ ਹੋਰ ਦੇਵੀ ਦੇਵਤਿਆਂ ਦੀ ਅਖੌਤੀ ਪੂਜਾ ਅਰਚਨਾ ਲਈ ਟਹਿਣੀਆਂ ਤੋਂ ਫ਼ੁਲ ਤੋੜਨਾ ਵੀ ਦੇਵਤਿਆਂ ਦੇ ਕਤਲ ਸਮਾਨ ਹੈ :-

**ਬ੍ਰਹਮੁ ਪਾਤੀ ਬਿਸਨੁ ਡਾਰੀ ਫੂਲ ਸੰਕਰ ਦੇਉ॥**
**ਤੀਨਿ ਦੇਵ ਪ੍ਰਤਖਿ ਤੋਰਹਿ ਕਰਹਿ ਕਿਸ ਕੀ ਸੇਉ॥**
(ਪੰਨਾ ੪੭੯)

ਗੁਰੂ ਨਾਨਕ ਦੇਵ ਜੀ ਵੀ ਪ੍ਰੇਰਨਾ ਕਰਦੇ ਹਨ ਕਿ ਫ਼ੁਲਾਂ ਨੂੰ ਤੋੜ ਕੇ ਇਨਾਂ 'ਤੇ ਕਬਜ਼ਾ ਜਮਾਉਣ, ਬੂਟਿਆਂ ਦੀਆਂ ਡਾਲੀਆਂ ਨੂੰ ਕਸ਼ਟ ਪਹੁੰਚਾਉਣ ਅਤੇ ਕੁਦਰਤੀ ਸੁੰਦਰਤਾ ਨੂੰ ਨਸ਼ਟ ਕਰਨ ਦੀ ਬਜਾਏ ਇਨਾਂ ਦੇ ਗੁਣਾਂ ਨੂੰ ਤਨੋ ਮਨੋ ਗ੍ਰਹਿਣ ਕਰਨਾ ਚਾਹੀਦਾ ਹੈ :-

**ਕਾਇਆ ਕੁਮਲ ਫੁਲ ਗੁਣ ਨਾਨਕ ਗੁਪਸਿ ਮਾਲ॥**
**ਏਨੀ ਫੁਲੀ ਰਉ ਕਰੇ ਅਵਰ ਕਿ ਚੁਣੀਅਹਿ ਡਾਲ॥**
(ਪੰਨਾ ੭੯੧)

ਪ੍ਰੰਤੂ ਅਸੀਂ ਪਰਉਪਕਾਰ ਰਹਿਤ ਜੀਵਨ ਜਿਉਂਣ ਵਾਲੇ, ਕਰੋਧ ਅਤੇ ਈਰਖਾ ਦੀ ਅੱਗ ਵਿਚ ਸੁੱਕੇ ਸੜੇ, ਸੁਗੰਧੀ ਰਹਿਤ ਸ਼ਖ਼ਸੀਅਤਾਂ ਦੇ ਮਾਲਕ ਅਤੇ ਆਪਣੇ ਅੰਸ਼ਕ ਗਿਆਨ ਨੂੰ ਸਿਰਫ਼ ਨਿੱਜੀ ਗਰਜ਼ਾਂ ਲਈ ਵਰਤਣ ਵਾਲੇ ਤਾਂ ਆਪਣੀਆਂ ਨਿੱਕੀਆਂ ਪ੍ਰਾਪਤੀਆਂ ਤੇ ਅਭਿਮਾਨ ਕਰਦੇ ਨਹੀਂ ਥੱਕਦੇ।ਆਪਣੀ ਵਡਿਆਈ ਕਰਨ ਦਾ ਕੋਈ ਮੌਕਾ ਨਹੀਂ ਖੁੰਝਾਉਂਦੇ। ਦੂਸਰੇ ਪਾਸੇ ਗੁਰੂ ਨਾਨਕ ਦੇਵ ਜੇ ਕਰਮਯੋਗੀ ਰੁੱਖਾਂ ਦੀ ਸਥਿਤੀ ਦਾ ਵਰਨਣ ਕਰਦਿਆਂ ਸਾਨੂੰ ਸਮਝਾਉਂਦੇ ਹਨ :-

**ਕਰਮ ਪੇਡੁ ਸਾਖਾ ਹਰੀ ਧਰਮੁ ਫਲੁ ਫੁਲੁ ਗਿਆਨ॥**
**ਪਤ ਪਰਾਪਤਿ ਛਾਵ ਘਣੀ ਚੂਕਾ ਮਨ ਅਭਿਮਾਨ॥**
(ਪੰਨਾ ੧੧੬੮)

ਅਸੀਂ ਆਪਣੇ ਆਲੇ ਦੁਆਲੇ ਕਿੰਨਾ ਵੀ ਪਰਦੂਸ਼ਨ ਫ਼ੈਲਾਈਏ, ਜ਼ਹਿਰ ਘੋਲੀਏ, ਹਵਾ ਪਾਣੀ ਨੂੰ ਅਪਵਿਤਰ ਕਰੀਏ ਪ੍ਰੰਤੂ ਬਿਰਖ ਨਿਰਾਸ਼ ਨਹੀਂ ਹੁੰਦੇ। ਹਵਾ ਵਿਚਲੇ ਧੂੜ ਅਤੇ ਧੂੰਏਂ ਦੇ ਕਣਾਂ ਨੂੰ ਆਪਣੇ ਪੱਤਿਆਂ ਉੱਤੇ ਸਾਂਭੀ ਰੱਖਦੇ ਹਨ। ਜ਼ਹਿਰੀਲੇ ਵਾਤਾਵਰਨ ਦੇ ਬਾਵਜੂਦ ਨਿਰੰਤਰ ਜੀਵਨ ਦਾਨ ਦੇ ਸੋਮੇ ਬਣੇ ਰਹਿੰਦੇ ਹਨ। ਜਿਸ ਤਰਾਂ ਗੁਰੂ ਅਰਜਨ ਦੇਵ ਆਖਦੇ ਹਨ :-

**ਆਸਿ ਪਾਸਿ ਬਿਖੂਆ ਕੇ ਕੁੰਟਾ ਬੀਚਿ ਅੰਮ੍ਰਿਤੁ ਹੈ ਭਾਈ ਰੇ॥** (ਪੰਨਾ ੩੮੫)

ਸਾਡੇ ਪਰਿਵਾਰਕ ਅਤੇ ਸਮਾਜਿਕ ਰਿਸ਼ਤਿਆਂ ਦੇ ਆਧਾਰ ਦਾ ਜ਼ਰੂਰੀ ਅੰਸ਼ ਸੁਆਰਥ ਹੈ।ਪਰ ਗੁਰੂ ਕਦੇ ਸੁਆਰਥੀ ਨਹੀਂ ਹੁੰਦਾ।ਜੋ ਸੁਆਰਥੀ ਹੋਵੇ ਉਹ ਗੁਰੂ ਹੋ ਹੀ ਨਹੀਂ ਸਕਦਾ। ਗੁਰੂ ਸਿਰਫ਼ ਦੇਣਾ ਜਾਣਦਾ ਹੈ। ਗੁਰੂ ਅੰਗਦ ਦੇਵ ਜੀ ਸੱਚੇ ਗੁਰੂ ਦੀ ਵਡਿਆਈ ਅਤੇ ਗੁਣਾਂ ਦਾ ਵਰਨਣ ਰੁੱਖ਼ ਦੀ ਉਦਾਹਰਣ ਨਾਲ ਕਰਦੇ ਹਨ। ਗੁਰੂ ਅਤੇ ਰੁੱਖ਼ ਅੰਮ੍ਰਿਤ ਦੇ ਦਾਤੇ ਹਨ, ਸ਼ੁਭ ਗੁਣਾਂ ਦੇ ਧਾਰਨੀ ਹੋਣ ਦਾ ਅਮਲੀ ਸੰਦੇਸ਼ ਦੇਣ ਵਾਲੇ ਹਨ ਅਤੇ ਮਹਾਨਤਾ ਦੀ ਸਿਖਰ ਹਨ :-

**ਸਤਿਗੁਰੁ ਅੰਮ੍ਰਿਤ ਬਿਰਖੁ ਹੈ ਅੰਮ੍ਰਿਤ ਰਸਿ ਫਲਿਆ॥**
(ਪੰਨਾ ੧੨੪੫)

ਰੁੱਖ਼ਾਂ ਦੇ ਦ੍ਰਿਸ਼ ਵੀ ਗੁਰੂ ਦੇ ਦਰਸ਼ਨਾਂ ਵਾਂਗ ਦਿਲ ਨੂੰ ਠੰਡਕ ਪਹੁੰਚਾਉਂਦੇ ਹਨ। ਰੁੱਖ਼ਾਂ ਨੂੰ ਪਾਲਣਾ ਸੰਭਾਲਣਾ ਸਤਿਗੁਰੂ ਦੀ ਸੇਵਾ ਸਮਾਨ ਕਾਰਜ ਹਨ। ਧਰਤੀ ਤੇ ਰੁੱਖ਼ ਬੂਟੇ ਲਾਉਣਾ ਅਤੇ ਲਗਵਾਉਣਾ ਪੂਰੇ ਗੁਰੂ ਦੀ ਚਰਨ ਛੋਹ ਪ੍ਰਾਪਤ ਕਰਨ ਵਾਂਗ ਹਨ।ਗੁਰੂ ਅਮਰਦਾਸ ਜੀ ਦਾ ਪਵਿੱਤਰ ਵਾਕ ਹੈ :- ਫਲ ਫੂਲ ਲਾਗੇ ਜਾਂ ਆਪੇ ਲਾਏ॥ਮੂਲਿ ਲਗੇ ਤਾਂ ਸਤਿਗੁਰੁ ਪਾਇ॥(ਪੰਨਾ ੧੧੭੭)

ਸਾਡੇ ਸਮਿਆਂ ਵਿਚ ਆਮ ਆਦਮੀ ਕ੍ਰੋਧ, ਲਾਲਚ ਅਤੇ ਹੰਕਾਰ ਦੀ ਅੱਗ ਵਿਚ ਸੜ ਰਿਹਾ ਹੈ। ਆਪਣੀ ਅਗਿਆਨਤਾ, ਅਣਗਹਿਲੀ ਅਤੇ ਸੌੜੇ ਸੁਆਰਥ ਕਾਰਨ ਕੁਦਰਤੀ ਵਾਤਾਵਰਣ ਨੂੰ ਵੀ ਨਸ਼ਟ ਕਰ ਰਿਹਾ ਹੈ। ਅਜਿਹੇ ਮਾਹੌਲ ਤੋਂ ਅਭਿੱਜ ਕੁਝ ਕੁ ਪਰਉਪਕਾਰੀ ਮਨੁੱਖ ਲੋਕਾਈ ਦੀ ਭਲਾਈ ਲਈ ਜੁਟੇ ਹੋਏ ਹਨ।ਹੋਰ ਸ਼ੁਭ ਕਾਰਜਾਂ ਦੇ ਨਾਲ ਨਾਲ ਉਹ ਰੁੱਖ਼ ਲਗਾਉਣ ਅਤੇ ਸੰਭਾਲਣ ਦਾ ਉਦਮ ਵੀ ਕਰ ਰਹੇ ਹਨ।ਉਹ ਸਮਝਦੇ ਹਨ ਕਿ ਮਨੁੱਖਾਂ ਦੀ ਕੁਦਰਤ ਵਿਰੋਧੀ ਸਾਰੀ ਸਰਗਰਮੀ ਦੇ ਟਾਕਰੇ ਲਈ ਘੱਟੋ-ਘੱਟ ਹਰੇ ਭਰੇ ਰੁੱਖ਼ਾਂ ਦੀ ਮੌਜੂਦਗੀ ਅਤਿ ਜ਼ਰੂਰੀ ਹੈ। ਅਜਿਹੀ ਸਥਿਤੀ ਵਿਚ ਗੁਰੂ ਅਰਜਨ ਸਾਹਿਬ ਦੇ ਬਚਨ ਦਾ ਧਿਆਨ ਆਉਂਦਾ ਹੈ :-

**ਦਾਵਾ ਅਗਨਿ ਬਹੁਤੁ ਤ੍ਰਿਣ ਜਾਲੇ ਕੋਈ ਹਰਿਆ ਬੂਟੁ ਰਹਿਓ ਰੀ॥**
(ਪੰਨਾ ੩੮੪)

ਰੁੱਖ਼ਾਂ ਦੀ ਹਰਿਆਲੀ ਪ੍ਰਮਾਣਿਕ ਜੀਵਨ ਦੀ ਆਸ ਦੀ ਪ੍ਰਤੀਕ ਹੈ। ਸੁਗੰਧੀਆਂ ਦੀ ਅਤੇ ਛਾਂਵਾਂ ਠੰਡੀਆਂ ਦੀ ਬੜੀ ਲੋੜ ਥੋੜ ਹੈ।ਜੇਕਰ ਅਸੀਂ ਰੁੱਖ਼ ਲਗਾਉਣ, ਬਚਾਉਣ ਅਤੇ ਸੰਭਾਲਣ ਦਾ ਉਦਮ ਕਰੀਏ ਤਾਂ ਚੰਗੇਰਾ ਵਾਤਾਵਰਣ ਸਿਰਜਣ ਵਿਚ ਸਾਡਾ ਹਿੱਸਾ ਪਏਗਾ ਅਤੇ ਰੁੱਖ਼ਾਂ ਵਾਲੇ ਮਹਾਨ ਗੁਣਾਂ ਦੇ ਅੰਸ਼ ਵੀ ਸਹਿ ਸੁਭਾਅ ਸਾਡੀ ਸ਼ਖ਼ਸ਼ੀਅਤ ਦਾ ਅੰਗ ਬਣਦੇ ਜਾਣਗੇ।ਦੂਹਰਾ ਲਾਹਾ ਲੈਣ ਲਈ ਗੁਰੂ ਅਮਰਦਾਸ ਦੇ ਵਾਕ ਤੋਂ ਰੋਸ਼ਨੀ ਲਈਏ :-

**ਛਾਵ ਘਣੀ ਫੂਲੀ ਬਨਰਾਇ॥ ਗੁਰਮੁਖਿ ਬਿਗਸੈ ਸਹਜਿ ਸੁਭਾਇ॥**
(ਪੰਨਾ ੧੧੭੩)

ਸਾਡੇ ਅਜਿਹੇ ਯਤਨਾਂ ਨੂੰ ਦੇਖ ਤੇ ਹੋਰ ਲੋਕ ਵੀ ਪ੍ਰੇਰਤ ਹੋਣਗੇ। ਭਲਾ ਕੰਮ ਹੁੰਦਾ ਦੇਖ ਕੇ ਹੋਰ ਭਲੇ ਲੋਕਾਂ ਦੇ ਮਨਾਂ ਵਿਚ ਉਸ ਕੰਮ ਪ੍ਰਤੀ ਚਾਅ ਪੈਦਾ ਹੋਣਾ ਸੁਭਾਵਕ ਹੈ। ਗੁਰੂ ਅਰਜਨ ਸਾਹਿਬ ਦਾ ਕਥਨ ਹੈ :-

**ਦੇਖੁ ਫੂਲ ਫੂਲ ਫੂਲੇ॥**
(ਪੰਨਾ ੧੧੮੫)

ਇਸ ਤਰਾਂ ਸਾਡੇ ਨਿੱਕੇ ਨਿੱਕੇ ਯਤਨ ਮਿਲ ਕੇ ਵੱਡੀ ਸਰਗਰਮੀ ਬਣਨਗੇ।ਅਜਿਹੀਆਂ ਸਰਗਰਮੀਆਂ ਨੂੰ ਧਰਤੀ ਨੂੰ ਹਰੀ ਭਰੀ ਕਰਨ ਲਈ ਇਕ ਵਿਆਪਕ ਮੁਹਿੰਮ ਵਿਚ ਤਬਦੀਲ ਕਰ ਸਕਦੇ ਹਾਂ।ਪੂਰੀ ਧਰਤੀ ਨੂੰ ਹਰਿਆਵਲ, ਫ਼ੁਲਾਂ, ਰੰਗਾਂ ਸੁਗੰਧਾਂ ਭਰੇ ਇਕ ਬਗੀਚੇ ਵਿਚ ਰੁਪਾਂਤ੍ਰਿਤ ਕਰ ਸਕਦੇ ਹਾਂ।ਅਜਿਹੇ ਸੁਹਾਵਨੇ ਸੁਪਨੇ ਦੀ ਪੂਰਤੀ ਦੀ ਸੰਭਾਵਨਾ ਦਾ ਗੁਰੂ ਅਰਜਨ ਸਾਹਿਬ ਵੀ ਵਿਸ਼ਵਾਸ ਦਿਵਾਉਂਦੇ ਹਨ :-

**ਏਕੁ ਬਗੀਚਾ ਪੇਡ ਘਨ ਕਰਿਆ॥ ਅੰਮ੍ਰਿਤ ਨਾਮੁ ਤਹਾ ਮਹਿ ਫਲਿਆ॥**
(ਪੰਨਾ ੩੮੫)

ਕਿਉਂਕਿ ਅਸੀਂ ਇਸ ਕਾਰਜ ਲਈ ਉਦਮ ਕਰਾਂਗੇ ਤਾਂ ਇਸ ਦੀ ਪੂਰਤੀ ਲਈ ਗੁਰੂ ਅਤੇ ਸਿਰਜਣਹਾਰ ਪ੍ਰਭੂ ਨੇ ਆਪ ਸਹਾਈ ਹੋਣਾ ਹੈ ਅਤੇ ਸਾਡੇ ਨਿੱਕੇ ਤੋਂ ਨਿੱਕੇ ਯੋਗਦਾਨ ਨੂੰ ਬੇਅਰਥ ਨਹੀਂ ਜਾਣ ਦੇਣਾ :-

**ਸਗਲ ਬਨਸਪਤਿ ਆਣਿ ਜੜਾਈ॥ ਸਗਲੀ ਫੂਲੀ ਨਿਫਲ ਨ ਕਾਈ॥**
(ਪੰਨਾ ੩੮੫)

ਇਸ ਲਈ ਆਉ, ਧਰਤੀ ਨੂੰ ਸੁਹਾਵਨੀ ਬਣਾਉਣ ਲਈ ਜੁਟ ਜਾਈਏ। ਇਸ ਨੂੰ ਰੁੱਖ਼ਾਂ ਵੇਲਾਂ ਬੂਟਿਆਂ ਫ਼ੁਲਾਂ ਨਾਲ ਸਜਾ ਦੇਈਏ।ਇਸ ਕਾਰਜ ਲਈ ਸਾਲ ਵਿਚ ਦੋ ਵਾਰ ਢੁੱਕਵਾਂ ਮੌਸਮ ਹੁੰਦਾ ਹੈ। ਦੋਨੋਂ ਵਾਰ ਪੂਰਾ ਲਾਹਾ ਲਈਏ। ਆਪਣੇ ਹੋਰ ਸਾਥੀਆਂ ਨੂੰ ਪ੍ਰੇਰਤ ਕਰੀਏ। ਪੂਰੀ ਬਨਸਪਤੀ ਅੰਦਰ ਵਸੇ ਹੋਏ ਸਰਬ ਵਿਆਪਕ ਪ੍ਰਮੇਸ਼ਰ ਤੋਂ ਬਲਿਹਾਰ ਜਾਈਏ ਅਤੇ ਉਸ ਨੂੰ ਪ੍ਰਾਰਥਨਾ ਕਰੀਏ ਕਿ ਹੋਰ ਵਧੇਰੇ ਮਨੁੱਖਾਂ ਨੂੰ ਸੇਵਾ ਦੇ ਇਸ ਸੰਗਤੀ ਕਾਰਜ ਨਾਲ ਜੁੜਨ ਦਾ ਉਦਮ ਬਖ਼ਸ਼ਣ :-

**ਆਪੇ ਭਵਰਾ ਫੂਲ ਬੇਲਿ॥ ਆਪੇ ਸੰਗਤਿ ਮੀਤ ਮੇਲਿ॥**
(ਪੰਨਾ ੧੧੯੦)

## ਦੇਸ਼ ਦੀ ਮੌਜੂਦਾ...

ਸਰਕਾਰ ਲੋਕ ਭਲਾਈ ਛੱਡਕੇ ਨਿੱਜੀਕਰਨ ਨੂੰ ਤਰਜੀਹ ਦੇ ਰਹੀ ਹੈ ਅਤੇ ਸੰਵਿਧਾਨ ਵਿਚ ਦਰਜ ਮੁਢਲੇ ਫਰਜ਼ਾਂ ਨੂੰ ਲਾਗੂ ਕਰਨ ਤੋਂ ਮੁਕਤੀ ਪਾ ਰਹੀ ਹੈ। ਸਿੱਖਿਆ ਅਤੇ ਸਿਹਤ ਸਹੂਲਤਾਂ ਲੋਕਾਂ ਨੂੰ ਦੇਣ ਤੋਂ ਮੁਨਕਰ ਹੋ ਰਹੀ ਹੈ।

ਦੇਸ਼ ਦੀ ਮੌਜੂਦਾ ਸਥਿਤੀ ਦੇ ਅੰਗ-ਸੰਗ ਰਹਿੰਦਿਆਂ, ਸੋਚਣਾ ਬਣਦਾ ਹੈ ਕਿ ਦੇਸ਼ ਦੀ ਅਜ਼ਾਦੀ ਦੇ 75 ਵਰਿਆਂ ਬਾਅਦ, ਕੀ ਨਾਹਰਿਆਂ ਅਤੇ ਡੰਗ-ਟਪਾਊ ਯੋਜਨਾਵਾਂ ਨਾਲ ਲੋਕਾਂ ਦਾ ਕੁਝ ਸੌਰ ਸਕਦਾ ਹੈ ?

## ਫੈਡਰੇਸ਼ਨ ਆਫ ਸਿੱਖ...

ਯੋਗਦਾਨ ਗੁਰਦਵਾਰਾ ਪ੍ਰਬੰਧਕ ਕਮੇਟੀਆਂ ਦਾ ਹੀ ਹੁੰਦਾ ਹੈ। ਪਰ ਰੋਸ ਮੁਜ਼ਾਹਰੇ ਵਾਲੇ ਦਿਨ ਮੀਟਿੰਗ ਵਿੱਚ ਆਪਣੇ ਹੀ ਕੀਤੇ ਗਏ ਫੈਸਲੇ ਤੋਂ ਉਲਟ ਜਾ ਕੇ ਗੁਰਦਵਾਰਾ ਗੁਰੂ ਤੇਗ ਬਹਾਦਰ ਸਾਹਿਬ ਲੈਸਟਰ ਦੇ ਮੌਜੂਦਾ ਪ੍ਰਬੰਧਕਾਂ ਨੂੰ ਟਾਈਮ ਦੇਣ ਦਾ ਫੇਰ ਵਿਰੋਧ ਕਰ ਦਿੱਤਾ ਗਿਆ। ਜਿਸਦਾ ਸਾਡੇ ਵਲੋਂ ਸਖਤ ਇਤਰਾਜ ਕੀਤਾ ਗਿਆ। ਇਸ ਯੂ.ਕੇ. ਭਰ ਦੇ ਕੌਮੀ ਪ੍ਰੋਗਰਾਮ ਨੂੰ ਕਿਸੇ ਵੀ ਵਿਅਕਤੀਗਤ ਜਾਂ ਸਥਾਨਕ ਝਗੜੇ ਦੀ ਭੇਂਟ ਚੜਾਉਣਾ ਬਹੁਤ ਮਾੜੀ ਗੱਲ ਹੈ, ਜਿਸ ਕਾਰਨ ਪ੍ਰਬੰਧਕਾਂ ਅਤੇ ਸਿੱਖ ਸੰਗਤਾਂ ਦੇ ਮਨਾਂ ਨੂੰ ਭਾਰੀ ਠੇਸ ਪੁੱਜੀ । ਇਹੋ ਜਿਹਾ ਦੁੱਖਦਾਇਕ ਵਰਤਾਰਾ ਭਵਿੱਖ ਵਿੱਚ ਨਹੀਂ ਹੋਣਾ ਚਾਹੀਦਾ। ਇਸ ਸਬੰਧੀ ਅਗਲੀ ਮੀਟਿੰਗ ਵਿੱਚ ਗੰਭੀਰਤਾ ਨਾਲ ਵਿਚਾਰ ਕਰਕੇ ਸਾਰਥਿਕ ਅਤੇ ਸਾਂਝੀ ਨੀਤੀ ਤਿਆਰ ਕੀਤੀ ਜਾਵੇਗੀ । ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂ.ਕੇ. ਦੇ ਕੋਆਰਡੀਨੇਟਰਜ਼ ਭਾਈ ਲਵਸ਼ਿੰਦਰ ਸਿੰਘ ਅਤੇ ਭਾਈ ਜੋਗਾ ਸਿੰਘ, ਬ੍ਰਿਟਿਸ਼ ਸਿੱਖ ਕੌਂਸਲ ਦੇ ਮੁਖੀ ਭਾਈ ਤਰਸੇਮ ਸਿੰਘ ਦਿਓਲ, ਯੂਨਾਈਟਿਡ ਖਾਲਸਾ ਦਲ ਯੂ.ਕੇ. ਪ੍ਰਧਾਨ ਭਾਈ ਨਿਰਮਲ ਸਿੰਘ ਸੰਧੂ, ਸ਼੍ਰੋਮਣੀ ਅਕਾਲੀ ਦਲ ਯੂ.ਕੇ. ਦੇ ਪ੍ਰਧਾਨ ਭਾਈ ਗੁਰਦੇਵ ਸਿੰਘ ਚੌਹਾਨ, ਧਰਮਯੁੱਧ ਜਥਾ ਦਮਦਮੀ ਟਕਸਾਲ ਯੂ.ਕੇ. ਦੇ ਮੁਖੀ ਜਥੇਦਾਰ ਚਰਨ ਸਿੰਘ, ਬੱਬਰ ਅਕਾਲੀ ਆਰਗੇਨਾਈਜ਼ੇਸ਼ਨ ਦੇ ਮੁਖੀ ਜਥੇਦਾਰ ਅਵਤਾਰ ਸਿੰਘ ਸੰਘੇੜਾ ਨੇ ਉਕਤ ਘਟਨਾ ਦੀ ਸਖਤ ਨਿਖੇਧੀ ਕਰਦਿਆਂ ਉਨਾਂ ਗੁਰਦਵਾਰਾ ਪ੍ਰਬੰਧਕਾਂ ਤੋਂ ਨਿਮਰਤਾ ਸਹਿਤ ਖਿਮਾ ਜਾਚਨਾ ਕੀਤੀ ਹੈ, ਜਿਨਾਂ ਨੂੰ ਇਸ ਸਾਲ ਸਟੇਜ ਤੋਂ ਟਾਈਮ ਨਹੀਂ ਦਿੱਤਾ ਗਿਆ। ਸ਼ਹੀਦਾਂ ਨੂੰ ਸਮਰਪਿਤ ਇਸ ਸਾਂਝੇ ਕੌਮੀ ਪ੍ਰੋਗਰਾਮ ਵਿੱਚ ਕਿਸੇ ਵੀ ਬੁਲਾਰੇ ਜਾਂ ਜਥੇ ਨੂੰ ਸਿਆਸੀ ਪਾਰਟੀਆਂ ਦੇ ਵਿਰੋਧ ਅਤੇ ਹਮਾਇਤ ਦੀਆਂ ਗੱਲਾਂ ਕਰਨ ਤੋਂ ਵੀ ਦੂਰ ਰਹਿਣਾ ਚਾਹੀਦਾ ਹੈ। ਇਸ ਦੇ ਨਾਲ ਹੀ ਫੈਡਰੇਸ਼ਨ ਆਫ ਸਿੱਖ ਆਰਗੇਨਾਈਜ਼ੇਸ਼ਨ ਯੂ.ਕੇ. ਵਲੋਂ ਭਾਰਤ ਦੇ ਅਖੌਤੀ ਅਜਾਦੀ ਦਿਹਾੜੇ ਮੌਕੇ 15 ਅਗਸਤ ਨੂੰ ਲੰਡਨ ਵਿਖੇ ਭਾਰਤੀ ਅੰਬੈਸੀ ਮੂਹਰੇ ਰੋਸ ਮੁਜ਼ਾਹਰੇ ਦਾ ਐਲਾਨ ਕੀਤਾ ਗਿਆ। ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂ.ਕੇ. ਵਲੋਂ ਸਮੂਹ ਸਿੱਖ ਸੰਗਤਾਂ ਅਤੇ ਗੁਰਦਵਾਰਾ ਪ੍ਰਬੰਧਕ ਕਮੇਟੀਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ, ਜਿਨਾਂ ਦੇ ਭਰਵੇਂ ਸਹਿਯੋਗ ਨਾਲ ਹਰ ਸਾਲ ਇਹ ਰੋਸ ਮੁਜ਼ਾਹਰਾ ਕਾਮਯਾਬ ਹੁੰਦਾ ਹੈ।

## 'ਆਪ' ਸਰਕਾਰ ਦੇ...

ਤਿਲਕੀ ਹੈ ਤਾਂ ਲਾਰੈਂਸ ਬਿਸਨੋਈ ਵੱਲ ਵੀ ਜਾਵੇਗੀ ਕਿ ਉਹ ਕਿਹੜੀ ਕਿਹੜੀ ਜੇਲ ਵਿਚ ਕੀ ਕੀ ਕਰਦਾ ਰਿਹਾ ਹੈ। ਬਾਜਵਾ ਨੇ ਬੈਂਸ ਨੂੰ ਇਹ ਵੀ ਕਿਹਾ, 'ਤੁਸੀਂ ਅਸਤੀਫਾ ਦਿਓਗੇ ? ਜੇ ਅੰਸਾਰੀ ਦੀ ਪਤਨੀ ਦੇ ਜੇਲ ਵਿਚ ਰਹਿਣ ਦਾ ਮਾਮਲਾ ਝੂਠਾ ਨਿਕਲਿਆ।' ਇਸ ਮਗਰੋਂ ਬੈਂਸ ਨੂੰ ਚੁੱਪ ਕਰਨਾ ਪਿਆ।

### ਸਿਮਰਨਜੀਤ ਸਿੰਘ ਮਾਨ ਦੀ ਜਿੱਤ ਗੂੰਜੀ

ਸੰਗਰੂਰ ਸੰਸਦੀ ਚੋਣ ਦੇ ਨਤੀਜੇ ਨੂੰ ਲੈ ਕੇ ਰਾਜਾ ਵੜਿੰਗ ਤੇ ਮੀਤ ਹੇਅਰ ਆਹਮੋ-ਸਾਹਮਣੇ ਹੋ ਗਏ। ਵੜਿੰਗ ਨੇ ਆਖ ਦਿੱਤਾ ਕਿ ਨਾਅਰਿਆਂ ਨਾਲ ਇਨਕਲਾਬ ਨਹੀਂ ਆਉਂਦਾ ਅਤੇ ਸੰਗਰੂਰ ਵਿੱਚ ਜਵਾਨੀ ਨੇ 80 ਵਰਿਆਂ ਦੇ ਸਿਮਰਨਜੀਤ ਸਿੰਘ ਮਾਨ ਨੂੰ ਜਿਤਾ ਦਿੱਤਾ ਹੈ। ਮੀਤ ਹੇਅਰ ਨੇ ਜੁਆਬੀ ਹੱਲੇ 'ਚ ਕਾਂਗਰਸ ਨੂੰ ਕਿਹਾ, 'ਅਸੀਂ ਤਾਂ ਚੋਣ ਹਾਰੇ ਹਾਂ ਪਰ ਤੁਹਾਡਾ ਲੋਕਾਂ ਨੇ ਜਲੂਸ ਕੱਢਿਆ ਹੈ।'

## ਭਾਜਪਾ ਦਾ ਬੁਲਡੋਜ਼ਰ...

ਮੁਹੰਮਦ ਜਾਵੇਦ ਨਾਲ ਜੋ ਕੁਝ ਹੋਇਆ ਹੈ, ਉਹ ਕੋਈ ਇਕੱਲਾ ਇਕਹਿਰਾ ਕੇਸ ਨਹੀਂ ਹੈ। ਜ਼ਿਲਾ ਪੁਲਿਸ ਨੇ ਇਸੇ ਤਰਾਂ ਦੀ ਕਾਰਵਾਈ ਲਈ 10 ਜੂਨ ਦੀ ਘਟਨਾ ਵਿਚ ਸ਼ਾਮਲ ਪਾਏ ਗਏ 85 ਮੁੱਖ ਮੁਲਜ਼ਮਾਂ ਦੇ ਨਾਂ ਮਿਊਂਸਪਲ ਅਧਿਕਾਰੀਆਂ ਨੂੰ ਭੇਜੇ ਹਨ। ਕੋਈ ਨਹੀਂ ਜਾਣਦਾ ਕਿ ਅਗਲੀ ਵਾਰ ਕਿਸ ਉੱਪਰ ਕੁਹਾੜੀ ਡਿੱਗੇਗੀ। ਹਿਰਾਸਤ ਵਿਚ ਲਏ ਗਏ ਵਿਅਕਤੀਆਂ ਦੇ ਵਾਰਸ ਡਰੇ ਹੋਏ ਹਨ। ਉਹ ਆਪਣੇ ਘਰਾਂ ਨੂੰ ਡੇਗੇ ਜਾਣ ਤੋਂ ਬਚਾਉਣ ਲਈ ਦਸਤਾਵੇਜ਼ ਇਕੱਤਰ ਕਰ ਰਹੇ ਹਨ। ਕੀ ਇਹ ਤ੍ਰਾਸਦੀ ਨਹੀਂ ਕਿ ਸਾਰੇ ਪੁਆੜੇ ਦੀ ਜੜ ਨੂਪੁਰ ਸ਼ਰਮਾ ਬੇਖ਼ੌਫ਼ ਘੁੰਮ ਰਹੀ ਹੈ ਜਿਸ ਦੀਆਂ ਟਿੱਪਣੀਆਂ ਕਰ ਕੇ ਦੇਸ਼ ਨੂੰ ਕੌਮਾਂਤਰੀ ਪੱਧਰ ’ਤੇ ਨੁਕਤਾਚੀਨੀ ਝੱਲਣੀ ਪਈ ਸੀ ਤੇ ਬਾਅਦ ਵਿਚ ਭਾਜਪਾ ਨੇ ਝੱਟ ਉਸ ਤੋਂ ਨਾਤਾ ਤੋੜ ਲਿਆ ਸੀ, ਜਦਕਿ ਉਸ ਦੀਆਂ ਟਿੱਪਣੀਆਂ ਤੋਂ ਆਹਤ ਹੋਏ ਲੋਕਾਂ ਦੇ ਘਰ ਤੋੜੇ ਜਾ ਰਹੇ ਹਨ? ਕੋਈ ਵੀ ਨਹੀਂ ਕਹਿੰਦਾ ਕਿ 10 ਜੂਨ ਨੂੰ ਹੋਈ ਹਿੰਸਾ ਵਿਚ ਸ਼ਾਮਲ ਲੋਕਾਂ ਨੂੰ ਬਰੀ ਕਰ ਦਿੱਤਾ ਜਾਵੇ ਜਾਂ ਉਨਾਂ ਖਿਲਾਫ਼ ਦੇਸ਼ ਦੇ ਕਾਨੂੰਨ ਮੁਤਾਬਕ ਕਾਰਵਾਈ ਨਾ ਕੀਤੀ ਜਾਵੇ, ਪਰ ਉਨਾਂ ਨੂੰ ਅਦਾਲਤ ਵੱਲੋਂ ਦੋਸ਼ੀ ਠਹਿਰਾਏ ਜਾਣ ਤੋਂ ਪਹਿਲਾਂ ਅਣਅਧਿਕਾਰਤ ਉਸਾਰੀ ਦੀ ਸਜ਼ਾ ਨਹੀਂ ਦਿੱਤੀ ਜਾ ਸਕਦੀ ਜਦਕਿ ਸਾਫ਼ ਨਜ਼ਰ ਆ ਰਿਹਾ ਹੈ ਕਿ ਇਸ ਦਾ ਅਸਲ ਮਕਸਦ ਉਨਾਂ ਨੂੰ ਸਬਕ ਸਿਖਾਉਣਾ ਹੈ। ਇਹੋ ਜਿਹੀ ਸਥਿਤੀ ਵਿਚ ਪੀੜਤ ਵਿਅਕਤੀਆਂ ਕੋਲ ਉਚੇਰੀਆਂ ਅਦਾਲਤਾਂ ਖ਼ਾਸਕਰ ਸੁਪਰੀਮ ਕੋਰਟ ਦਾ ਰੁਖ਼ ਕਰਨ ਤੋਂ ਬਿਨਾਂ ਕੋਈ ਰਾਹ ਨਹੀਂ ਬਚਦਾ ਜੋ ਲੋਕਾਂ ਦੇ ਬੁਨਿਆਦੀ ਅਧਿਕਾਰਾਂ ਅਤੇ ਸ਼ਹਿਰੀ ਆਜ਼ਾਦੀਆਂ ਦੀ ਪਹਿਰੇਦਾਰ ਮੰਨੀ ਜਾਂਦੀ ਹੈ ਕਿ ਉਹ ਇਸ ਝੱਲਪੁਣੇ ਨੂੰ ਰੁਕਵਾਏ। ਧਰਵਾਸ ਦੀ ਗੱਲ ਹੈ ਕਿ ਸੁਪਰੀਮ ਕੋਰਟ ਨੇ ਇਸ ਮਾਮਲੇ ਵੱਲ ਧਿਆਨ ਦਿੱਤਾ ਹੈ। ਹਾਲਾਂਕਿ ਪੀੜਤ ਪਰਿਵਾਰ ਲਈ ਤਾਂ ਬਹੁਤ ਦੇਰ ਹੋ ਗਈ ਹੈ, ਪਰ ਫਿਰ ਵੀ ਦੇਰ ਨਾਲ ਹੀ ਸਹੀ ਤਾਂ ਵੀ ਸੁਣਵਾਈ ਤਾਂ ਹੋਈ ਹੈ। ਹੁਣ ਇਹ ਮਾਮਲਾ ਸੁਪਰੀਮ ਕੋਰਟ ਦੇ ਪਾਲ਼ੇ ਵਿਚ ਹੈ ਤੇ ਅਸੀਂ ਇਹ ਆਸ ਤੇ ਪ੍ਰਾਰਥਨਾ ਕਰਦੇ ਹਾਂ ਕਿ ਬਰੇ-ਸਗੀਰ ਦੇ ਮਹਾਨ ਸ਼ਾਇਰ ਫ਼ੈਜ਼ ਅਹਿਮਦ ਫ਼ੈਜ਼ ਵਾਂਗ ਕਿਸੇ ਨੂੰ ਇਹ ਨਾ ਆਖਣਾ ਪਵੇ ਕਿ : ‘ਬਨੇ ਹੈਂ ਅਹਲੇ ਹਵਸ, ਮੁੱਦਈ ਭੀ ਮੁਨਸਿਫ਼ ਭੀ, ਕਿਸੇ ਵਕੀਲ ਕਰੇਂ, ਕਿਸ ਸੇ ਮੁਨਸਿਫ਼ੀ ਚਾਹੇਂ’।

## ਮਾਨ ਨੂੰ ਆਪ, ਕਾਂਗਰਸ...

ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਕੇਵਲ ਸਿੰਘ ਢਿੱਲੋਂ ਨੇ ਕਿਹਾ ਕਿ ਇਸ ਚੋਣ ਦੌਰਾਨ ਪਾਰਟੀ ਨੇ ਆਪਣਾ ਆਧਾਰ ਮਜ਼ਬੂਤ ਕੀਤਾ ਹੈ ਅਤੇ ਇਹ ਚੋਣ ਪਾਰਟੀ ਲਈ 2024 ਤੇ 2027 ਦੀਆਂ ਚੋਣਾਂ ਲਈ ਤਿਆਰੀ ਵਜੋਂ ਹੋ ਨਿਬੜੀ ਹੈ।

ਸ਼੍ਰੋਮਣੀ ਅਕਾਲੀ ਦਲ ਸੰਯੁਕਤ ਦੇ ਪ੍ਰਧਾਨ ਸ. ਸੁਖਦੇਵ ਸਿੰਘ ਢੀਂਡਸਾ ਨੇ ਚੋਣ ਜਿੱਤਣ ’ਤੇ ਸਿਮਰਨਜੀਤ ਸਿੰਘ ਮਾਨ ਨੂੰ ਮੁਬਾਰਕਾਂ ਦਿੱਤੀਆਂ ਤੇ ਕਿਹਾ ਕਿ ਇਹ ਜਿੱਤ ਆਪ ਪਾਰਟੀ ਦੀ ਸਰਕਾਰ ਵਲੋਂ ਪੰਜਾਬ ਦੇ ਅਹਿਮ ਮੁੱਦਿਆਂ ਨੂੰ ਪਾਸੇ ਕਰਨ ਤੇ ਕਾਨੂੰਨ ਵਿਵਸਥਾ ਵਿਗੜਨ ਕਾਰਨ ਲੋਕਾਂ ਦੀ ਨਿਰਾਸ਼ਾ ਦਾ ਨਤੀਜਾ ਹੈ। ਉਨਾਂ ਉਮੀਦ ਪ੍ਰਗਟ ਕੀਤੀ ਕਿ ਸਿਮਰਨਜੀਤ ਸਿੰਘ ਮਾਨ ਲੋਕ ਸਭਾ ’ਚ ਪੰਥ ਤੇ ਪੰਜਾਬ ਦੇ ਅਹਿਮ ਮੁੱਦਿਆਂ ਨੂੰ ਬੇਬਾਕੀ ਨਾਲ ਉਠਾਉਣਗੇ। ਉਨਾਂ ਕਿਹਾ ਕਿ ਪੰਜਾਬ ਵਿਚ ਅਕਾਲੀ ਵਿਚਾਰਧਾਰਾ ਨੂੰ ਨੁਕਸਾਨ ਪਹੁੰਚਾਉਣ ਤੇ ਕਮਜ਼ੋਰ ਕਰਨ ਲਈ ਜ਼ਿੰਮੇਵਾਰ ਬਾਦਲ ਪਰਿਵਾਰ ਦਾ ਸਿਆਸੀ ਸਫ਼ਾਇਆ ਕਰਕੇ ਲੋਕਾਂ ਨੇ ਵਿਖਾ ਦਿੱਤਾ ਹੈ।

## ਪੰਜਾਬੀ ਸੂਬਾ ਮੋਰਚਾ...

ਪੁਲਿਸ ਅਫ਼ਸਰਾਂ ਦੀ ਅਗਵਾਈ ਹੇਠ ਪੁਲਿਸ ਨੇ ਦਰਬਾਰ ਸਾਹਿਬ ਦੀ ਪਰਕਰਮਾ ਵਿਚ ਇੱਟਾਂ ਪੱਥਰ ਅਤੇ ਗੈਸ ਦੇ ਗੋਲੇ ਛੱਡੇ। ਪਰਕਰਮਾ ਵਿਚ ਇਕ ਦੀਵਾਰ ਡਿੱਗ ਪਈ। ਜਿਸ ਹੇਠ ਆ ਕੇ ਬਹੁਤ ਸਾਰੀ ਸੰਗਤ ਜਖਮੀ ਹੋ ਗਈ। ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਸਰਦਾਰ ਅਜਾਇਬ ਸਿੰਘ ਨੇ ਦੱਸਿਆ ਕਿ ਦੋ ਸਿੱਖ, ਪੁਲਿਸ ਦੀਆਂ ਗੋਲੀਆਂ ਨਾਲ ਸ਼ਹੀਦ ਹੋਏ ਹਨ। ਪਰ ਪੁਲਿਸ ਨੇ ਤਸਦੀਕ ਨਹੀਂ ਕੀਤੀ।

ਗੈਸ ਦਰਬਾਰ ਸਾਹਿਬ ਦੀ ਮੰਜਿਲ ਵੱਲ ਪੁੱਜ ਗਈ। ਕੀਰਤਨ ਅਤੇ ਅਖੰਡ ਪਾਠ ਕਰਨ ਵਾਲੇ ਸੇਵਾਦਾਰਾਂ ਨੂੰ ਬੜੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ। ਗੋਲੀਆਂ ਦੀ ਮਾਰ ਅਕਾਲ ਤਖਤ ਤੱਕ ਹੋਈ। ਸਾਰੀ ਕਾਰਵਾਈ ਦੀਆਂ ਤਸਵੀਰਾਂ ਲਾਈਆਂ ਗਈਆਂ। ਦਰਬਾਰ ਸਾਹਿਬ ਦੀ ਪਵਿੱਤਰਤਾ ਨੂੰ ਭੰਗ ਕੀਤਾ ਗਿਆ। ਪਰ ਸਤਿਆਗ੍ਰਹਿ ਨਹੀਂ ਰੁਕਿਆ। ਅਖ਼ਬਾਰਾਂ ਵਿਚ ਤਸਵੀਰਾਂ ਸਮੇਤ ਵੇਰਵਾ ਛਪਿਆ। ਮੰਜੀ ਸਾਹਿਬ ਤੇ ਪੁਲਿਸ ਦਾ ਕਬਜਾ ਸੀ। ਪਕਰਮਰਾ ਵਿਚ ਜਾਣ ਦਾ ਦਰਵਾਜਾ ਬੰਦ ਸੀ। ਅੱਥਰੂ ਗੈਸ ਦੇ ਗੋਲੇ ਛੱਡੇ ਜਾ ਰਹੇ ਸਨ। ਡਾਂਗਾਂ ਖੜਕ ਰਹੀਆਂ ਸਨ। ਪਿਸਤੌਲਾਂ ਤਣੀਆਂ ਹੋਈਆਂ ਸਨ। ਪਰ ਸਤਿਆਗ੍ਰਹੀ ਨੌਜਵਾਨ ਪਿੱਛੇ ਨਹੀਂ ਹਟੇ। ਅਕਾਲ ਤਖਤ ਦੇ ਸਾਹਮਣੇ ਦੀਵਾਨ ਲੱਗਾ। ਜਥੇਦਾਰ ਮੋਹਲ ਸਿੰਘ ਤੁੜ, ਜਥੇਦਾਰ ਬੂਟਾ ਸਿੰਘ, ਜਥੇਦਾਰ ਤਾਰਾ ਸਿੰਘ ਜੀ ਨੇ ਸਿੰਘਾਂ ਨੂੰ ਅੱਗੇ ਆਉਣ ਲਈ ਕਿਹਾ। ਸਿੰਘ ਸ਼ਾਂਤਮਈ ਡਟ ਗਏ। ਨੌਜਵਾਨ ਕੰਧ ਟੱਪ ਕੇ ਮੰਜੀ ਸਾਹਿਬ ਪਹੁੰਚੇ। ਪੰਜਾਬੀ ਸੂਬਾ ਜ਼ਿੰਦਾਬਾਦ ਦੇ ਨਾਹਰੇ ਲਾਉਂਦੇ ਡਾਂਗਾਂ ਖਾਂਦੇ ਤੇ ਉਹ ਗ੍ਰਿਫ਼ਤਾਰ ਹੋ ਜਾਂਦੇ। ਸਰਕਾਰ ਨੇ ਰੋਜ਼ਾਨਾ ਪ੍ਰਭਾਤ ਅਤੇ ਅਕਾਲੀ ਅਖ਼ਬਾਰਾਂ ਦੇ ਪ੍ਰਕਾਸ਼ਨ ਰੋਕ ਦਿੱਤੇ। ਅਜੀਤ ਅਤੇ ਅਕਾਲੀ ਪੱਤ੍ਰਿਕਾ ਤੇ ਰੋਕ ਦੀ ਕਾਰਵਾਈ ਹੋਈ। ਚਾਰੇ ਅਖ਼ਬਾਰਾਂ 4-9 ਜੁਲਾਈ 1955 ਤੱਕ ਬੰਦ ਰਹੀਆਂ ਤਾਂ ਜੋ ਪੁਲਿਸ ਤਸ਼ੱਦਦ ਦੀਆਂ ਖ਼ਬਰਾਂ ਅਖਬਾਰਾਂ ਰਾਹੀਂ ਬਾਹਰ ਨਾ ਨਿਕਲਣ। ਪੰਜ ਦਿਨਾਂ ਬਾਅਦ ਅਖ਼ਬਾਰ ਬਹਾਲ ਹੋਏ। ਪਾਵੇਂ ਬੀਬੀਸੀ ਲੰਡਨ ਅਤੇ ਅਮਰੀਕਾ ਤੱਕ ਖ਼ਬਰਾਂ ਪੁੱਜ ਚੁੱਕੀਆਂ ਸਨ।

ਪੁਲਿਸ ਦਾ ਖਿਆਲ ਸੀ ਕਿ ਮੰਜੀ ਸਾਹਿਬ ਦੀਵਾਨ ਅਸਥਾਨ ਤੇ ਕਬਜਾ ਕਰਕੇ, ਦਰਬਾਰ ਸਾਹਿਬ ਦੀ ਨਾਕਬੰਦੀ ਕਰਕੇ ਉਹ ਮੋਰਚਾ ਕੁਚਲ ਦੇਣਗੇ। ਪੁਲਿਸ ਨੇ ਮੰਜੀ ਸਾਹਿਬ ਛਾਉਣੀ ਪਾ ਲਈ। ਗੁਰੂ ਰਾਮਦਾਸ ਸਰਾਂ, ਲੰਗਰ, ਪ੍ਰਕਾਸ਼ ਅਸਥਾਨ ਅਤੇ ਚਲਾਏ ਜਾ ਰਹੇ ਲੰਗਰਾਂ ਤੇ ਕਬਜਾ ਕਰ ਲਿਆ। ਲੰਗਰਾਂ ਵਿਚੋਂ ਦਾਲ, ਆਟਾ, ਘਿਊ ਅਤੇ ਭਾਂਡੇ ਚੁੱਕ ਕੇ ਲੈ ਗਈ। ਬਾਬਾ ਅਟਲ ਅਤੇ ਕੌਲਸਰ ਸਰੋਵਰ ਦੀ ਪਵਿੱਤਰਤਾ ਭੰਗ ਹੋਈ। ਜੁਲਾਈ 4, 1955 ਨੂੰ ਦਰਬਾਰ ਸਾਹਿਬ ਵਾਸਤੇ ਕੜਾਹ ਪ੍ਰਸ਼ਾਦ ਅਤੇ ਪ੍ਰਸ਼ਾਦਿਆਂ ਤੇ ਵੀ ਰੋਕ ਲਗਾ ਦਿੱਤੀ। ਸੇਵਾਦਾਰਾਂ ਨੂੰ ਵੀ ਬੇਇੱਜ਼ਤ ਕੀਤਾ ਗਿਆ। ਸਖਤੀ ਦੇ ਬਾਵਜੂਦ ਵੀ ਅਕਾਲ ਤਖਤ ਸਾਹਿਬ ਤੇ ਪ੍ਰਸ਼ਾਦੇ ਦਾ ਭੰਡਾਰ ਲੱਗ ਗਿਆ। ਸੰਗਤਾਂ ਨੂੰ ਹੋਰ ਪ੍ਰਸ਼ਾਦੇ ਲਿਆਉਣ ਤੋਂ ਰੋਕਣਾ ਪਿਆ।

ਗ੍ਰਿਫ਼ਤਾਰੀਆਂ ਜਾਰੀ ਸਨ, ਪੁਲਿਸ ਨੇ ਹਿੰਦੂ ਸਿੱਖ ਫਸਾਦ ਕਰਵਾਉਣ ਦੀ ਸਾਜਿਸ਼ ਹੇਠ ਸ਼ਰਾਰਤੀ ਖੜੇ ਕਰ ਲਏ ਕਿ ਫਸਾਦ ਹੋਣ ਦੇ ਬਹਾਨੇ ਕਰਫਿਊ ਲਗਾ ਕੇ ਮੋਰਚਾ ਕੁਚਲ ਦਿੱਤਾ ਜਾਵੇ। ਪਰ ਇਹ ਸਾਜ਼ਿਸ਼ ਸਫ਼ਲ ਨਾ ਹੋਈ। ਰੋਜ਼ ਸੈਂਕੜੇ ਸਿੰਘ ਅਕਾਲ ਤਖਤ ਸਾਹਿਬ ਤੇ ਇਕੱਠੇ ਹੁੰਦੇ। ਚੀਫ਼ ਖਾਲਸਾ ਦੀਵਾਨ ਨੇ ਵੀ ਅਵਾਜ ਉਠਾਈ ਕਿ ਸਰਕਾਰ ਕੋਲੋਂ ਹੋ ਰਹੇ ਤਸ਼ੱਦਦ ਦੀ ਪੜਤਾਲ ਕਰਵਾਈ ਜਾਵੇ। ਸੰਤ ਮਹਾਤਮਾ ਵੀ ਮੋਰਚੇ ਵਿਚ ਕੁੱਦ ਪਏ। ਮਤਭੇਦ ਰੱਖਣ ਵਾਲੇ ਕਾਂਗਰਸੀ ਵੀ ਮੋਰਚੇ ਵਿਚ ਆ ਗਏ। ਸੱਚਰ ਸਰਕਾਰ ਬੌਖਲਾ ਗਈ। ਗ੍ਰਿਫ਼ਤਾਰੀਆਂ ਤੇ ਰੋਕ ਲਗਾ ਦਿੱਤੀ। ਪਰ ਥੋੜੇ ਚਿਰ ਬਾਅਦ ਹੀ ਗ੍ਰਿਫ਼ਤਾਰੀਆਂ ਫਿਰ ਸ਼ੁਰੂ ਹੋ ਗਈਆਂ।

ਜੁਲਾਈ 11, 1955 ਨੂੰ 600 ਗ੍ਰਿਫ਼ਤਾਰੀਆਂ ਹੋਈਆਂ। ਜੁਲਾਈ 12, 1955 ਨੂੰ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੇ ਸਰਦਾਰ ਗਿਆਨ ਸਿੰਘ ਰਾੜੇਵਾਲਾ ਨੂੰ ਇਤਲਾਹ ਦਿੱਤੀ ਕਿ ਪ੍ਰਧਾਨ ਮੰਤਰੀ ਨਹਿਰੂ ਨੇ ਸਦਭਾਵਨਾ ਅਧੀਨ ਨਾਹਰਿਆਂ ਤੋਂ ਪਾਬੰਦੀ ਹਟਾ ਲਈ ਹੈ। ਜਥੇਦਾਰ ਗੁਰਚਰਨ ਸਿੰਘ ਜੀ ਫਤਹਿਗੜ ਦੀ ਕਮਾਨ ਹੇਠ ਸਰਕੂਲਰ ਰੋਡ ਅੰਮ੍ਰਿਤਸਰ ਤੇ 10-15 ਹਜ਼ਾਰ ਦੀ ਸੰਗਤ ਨੇ ਪੰਜਾਬੀ ਸੂਬਾ ਜ਼ਿੰਦਾਬਾਦ ਦੇ ਨਾਹਰਿਆਂ ਨਾਲ ਅਸਮਾਨ ਗੁੰਜਾ ਦਿੱਤਾ। ਸਤਿਆਗ੍ਰਹੀ ਵਾਪਸ ਮੰਜੀ ਸਾਹਿਬ ਆ ਗਏ। ਇਹ ਮੋਰਚਾ 64 ਦਿਨਾਂ ਬਾਅਦ ਪੂਰੀ ਤਰਾਂ ਸ਼ਾਨ ਨਾਲ ਫਤਹਿ ਹੋਇਆ।

ਸਮੇਂ ਸਮੇਂ ਮੋਰਚਾ ਸਫ਼ਲਤਾਪੂਰਵਕ ਚਲਾਉਣ ਲਈ ਮਾਸਟਰ ਤਾਰਾ ਸਿੰਘ ਜੀ ਦੀ ਗ੍ਰਿਫ਼ਤਾਰੀ ਤੋਂ ਬਾਅਦ ਜਿਨਾਂ ਆਗੂਆਂ ਨੇ ਮੋਰਚੇ ਦੀ ਅਗਵਾਈ ਸੰਭਾਲੀ ਵਿਚ ਸ਼ਾਮਲ ਸਨ ; ਪ੍ਰਿੰਸੀਪਲ ਇਕਬਾਲ ਸਿੰਘ, ਸਰਦਾਰ ਭੁਪਿੰਦਰ ਸਿੰਘ ਮਾਨ, ਸਰਦਾਰ ਮੀਹਾਂ ਸਿੰਘ ਗਿੱਲ ਵਿਧਾਇਕ/ਵਜ਼ੀਰ (ਪੈਪਸੂ), ਸ. ਗੁਰਰਾਜ ਸਿੰਘ ਮੈਂਬਰ ਕੌਂਸਲ ਆਫ਼ ਸਟੇਟ, ਸਰਦਾਰ ਨਰਿੰਦਰ ਸਿੰਘ ਭੁਲੇਰ, ਸਰਦਾਰ ਪ੍ਰੀਤਮ ਸਿੰਘ ਮੋਫ਼ਰ ਵਿਧਾਇਕ (ਪੈਪਸੂ)।

ਇਸ ਮੋਰਚੇ ਵਿਚ ਅਕਾਲੀਆਂ ਨੇ ਪੰਥ ਦੀ ਅਵਾਜ ਤੇ ਸ਼ਾਨਦਾਰ ਹਿੱਸਾ ਲਿਆ। ਆਪਣੀਆਂ ਖੜੀਆਂ ਫਸਲਾਂ, ਚਲਦੇ ਵਪਾਰ, ਕਾਰੋਬਾਰ, ਨੌਕਰੀਆਂ, ਕੁਰਦੀਆਂ, ਪੜਾਈਆਂ ਦੀ ਪ੍ਰਵਾਹ ਨਾ ਕਰਦੇ ਹੋਏ 12000 ਜੇਲਾਂ ਵਿਚ ਗਏ।

ਜੋ ਜੋਸ਼, ਰੋਹ, ਹਿੰਮਤ, ਦਲੇਰੀ, ਬਹਾਦਰੀ, ਕੁਰਬਾਨੀ ਅਤੇ ਚੜਦੀ ਕਲਾ ਨਾਲ ਮੋਰਚੇ ਵੱਲੇ ਵਧੇ, ਸ਼੍ਰੋਮਣੀ ਕਮੇਟੀ ਦੇ 111 ਮੈਂਬਰ, ਸਾਰੇ ਅਕਾਲੀ, ਮੈਂਬਰ ਪਾਰਲੀਮੈਂਟ, ਵਿਧਾਇਕ, ਮਿਊਂਸਪਲ ਕਮਿਸ਼ਨਰ, ਸਿਰਕੱਢ ਸਿੱਖ ਆਗੂ, ਨਿਆਂਇਕ ਅਮਲਾ, ਵਕੀਲ, ਪ੍ਰੋਫੈਸਰ, ਪ੍ਰਿੰਸੀਪਲ, ਡਾਕਟਰ, ਵਿਦਿਆਰਥੀ ਅਤੇ ਹਰ ਖਿੱਤੇ ਦੇ ਆਗੂ ਅਤੇ ਸੇਵਾਦਾਰ ਜੇਲ ਗਏ। ਬੀਬੀਆਂ ਨੇ ਵੀ ਸਰਗਰਮੀ ਨਾਲ ਮੋਰਚੇ ਵਿਚ ਹਿੱਸਾ ਲਿਆ। ਗ੍ਰਿਫ਼ਤਾਰੀਆਂ ਦਿੱਤੀਆਂ। ਬੀਬੀ ਜੋਗਿੰਦਰ ਕੌਰ ਰੇਡੀਓ ਗਾਇਕ ਨੇ ਮੰਜੀ ਸਾਹਿਬ ਤੋਂ ਬੀਰਰਸੀ ਵਾਰਾਂ ਨਾਲ ਸੰਗਤਾਂ ਵਿਚ ਉਤਸ਼ਾਹ ਭਰਿਆ ਅਤੇ ਗ੍ਰਿਫ਼ਤਾਰ ਵੀ ਹੋਏ।

ਸ਼੍ਰੋਮਣੀ ਅਕਾਲੀ ਦਲ ਨੇ ਦਰਬਾਰ ਸਾਹਿਬ ਤੇ ਹੋਏ ਪੁਲਿਸ ਹਮਲੇ ਦੀ ਅਦਾਲਤੀ ਜਾਂਚ ਦੀ ਮੰਗ ਕੀਤੀ। ਪਰ ਸਰਕਾਰ ਨੇ ਕੋਈ ਕਾਰਵਾਈ ਨਾ ਕੀਤੀ। ਅਕਾਲੀ ਦਲ ਨੇ ਆਪ ਇਕ ਜਾਂਚ ਕਮੇਟੀ ਬਣਾਈ। ਸੇਵਾਮੁਕਤ ਜੱਜ ਸਰਦਾਰ ਤੇਜਾ ਸਿੰਘ, ਭਾਈ ਜੋਧ ਸਿੰਘ, ਕੰਵਰ ਦਲੀਪ ਸਿੰਘ ਮੈਂਬਰ ਸਨ। ਪੜਤਾਲੀਆ ਕਮੇਟੀ ਨੇ ਸਰਕਾਰ ਨੂੰ ਦੋਸ਼ੀ ਠਹਿਰਾਇਆ। ਮਾਸਟਰ ਜੀ ਨੂੰ 8 ਸਤੰਬਰ, 1955 ਨੂੰ ਗੁੜਗਾਵਾਂ ਜੇਲ ਤੋਂ ਰਿਹਾ ਕਰ ਦਿੱਤਾ। ਮੁੱਖ ਮੰਤਰੀ ਲਾਲ ਭੀਮ ਸੈਨ ਸੱਚਰ ਨੇ 10 ਨਵੰਬਰ, 1955 ਨੂੰ ਅਕਾਲ ਤਖਤ ਸਾਹਿਬ ਤੇ ਆ ਕੇ ਮਾਫ਼ੀ ਮੰਗੀ। ਜਨਵਰੀ 21, 1956 ਨੂੰ ਮੁੱਖ ਮੰਤਰੀ ਸਰਦਾਰ ਪ੍ਰਤਾਪ ਸਿੰਘ ਕੈਰੋਂ ਨੂੰ ਬਣਾਇਆ। ਕਾਂਗਰਸ ਨਾਲ ਚਲਦੇ ਟਕਰਾਓ ਦੇ ਦੌਰ ਵਿਚ ਪੰਜਾਬੀ ਸੂਬਾ ਮੋਰਚਾ 1960 ਲੱਗਿਆ।

## ਸਾਬਕਾ ਓਲੰਪੀਅਨ...

ਇਸ ਤੋਂ ਬਾਅਦ ਉਨਾਂ 2008 ਤੱਕ ਪੰਜਾਬ ਰਾਜ ਦੇ ਖੇਡ ਵਿਭਾਗ ਵਿੱਚ ਕੋਚ ਵਜੋਂ ਸੇਵਾ ਨਿਭਾਈਆਂ। ਉਨਾਂ ਦੇਹਾਂਤ ਤੋਂ ਕੁਝ ਸਮਾਂ ਪਹਿਲਾਂ ਲਾਇਲਪੁਰ ਖ਼ਾਲਸਾ ਕਾਲਜ ਫ਼ਾਰ ਵਿਮੈਨ ਵਿਚ ਵੀ ਮਹਿਲਾ ਹਾਕੀ ਖਿਡਾਰਨਾਂ ਨੂੰ ਹਾਕੀ ਦੇ ਗੁਰ ਸਿਖਾਏ। ਹਾਕੀ ਇੰਡੀਆ ਨੇ ਵਰਿੰਦਰ ਸਿੰਘ ਦੇ ਦੇਹਾਂਤ ’ਤੇ ਸੋਗ ਪ੍ਰਗਟ ਕੀਤਾ ਹੈ। ਹਾਕੀ ਇੰਡੀਆ ਨੇ ਬਿਆਨ ਜਾਰੀ ਕਰ ਕੇ ਕਿਹਾ ਕਿ ਵਰਿੰਦਰ ਸਿੰਘ ਦੀਆਂ ਪ੍ਰਾਪਤੀਆਂ ਨੂੰ ਦੁਨੀਆ ਭਰ ਦਾ ਹਾਕੀ ਭਾਈਚਾਰਾ ਯਾਦ ਰੱਖੇਗਾ।

## ਰਾਜਕੀ ਸੱਤਾ ਤੇ...

ਉਹ ਭਾਰਤ ਦੀ ਤਾਂ ਗੱਲ ਹੀ ਛੱਡੋ, ਪੱਛਮੀ ਬੰਗਾਲ ਜਿਹੇ ਇਕ ਵੱਡੇ, ਵਿਆਪਕ ਤੇ ਵੰਨ-ਸੁਵੰਨਤਾ ਵਾਲੇ ਸੂਬੇ ਦਾ ਪ੍ਰਸ਼ਾਸਨ ਵੀ ਕਾਰਗਰ ਢੰਗ ਨਾਲ ਚਲਾਉਣ ਦੇ ਯੋਗ ਨਹੀਂ ਹੋ ਸਕਦੇ। ਜਿਹੜੇ ਆਗੂ ਆਪਣੇ ਚਮਚਿਆਂ ਤੋਂ ਆਪਣੀ ਵਾਹ-ਵਾਹ ਸੁਣਨ ਦੇ ਆਦੀ ਹੋਣ ਉਹ ਪ੍ਰਧਾਨ ਮੰਤਰੀ ਜਾਂ ਮੁੱਖ ਮੰਤਰੀ ਬਣ ਕੇ ਬਹੁਤ ਬੁਰੇ ਸਾਬਿਤ ਹੁੰਦੇ ਹਨ ਬਨਿਸਬਤ ਉਨਾਂ ਆਗੂਆਂ ਦੇ ਜੋ ਨਿੱਠ ਕੇ ਜਾਣਕਾਰੀ ਲੈਂਦੇ ਹਨ, ਆਪਣੇ ਸਿਆਸੀ ਸਾਥੀਆਂ, ਵਿਰੋਧੀਆਂ ਤੇ ਆਜ਼ਾਦ ਮੀਡੀਆ ਤੋਂ ਮਿਲਦੀ ਆਲੋਚਨਾ ਨੂੰ ਸਵੀਕਾਰ ਕਰਦੇ ਹਨ ਤੇ ਉਸ ਦਾ ਹੁੰਗਾਰਾ ਭਰਦੇ ਹਨ।

ਨਵੀਂ ਦਿੱਲੀ ਦੀ ਗੱਦੀ ’ਤੇ ਬੈਠ ਕੇ ਸੁਪਰਮੈਨ ਵਾਂਗ ਭਾਰਤ ਸਰਕਾਰ ਨੂੰ ਚਲਾਉਣ ਨਾਲ ਸਾਡੇ ਦੇਸ਼ ਦਾ ਆਰਥਿਕ ਵਾਅਦਾ ਪੂਰਾ ਨਹੀਂ ਹੋਵੇਗਾ, ਸਾਡੀ ਸਮਾਜਿਕ ਇਕਸੁਰਤਾ ਮਜ਼ਬੂਤ ਨਹੀਂ ਹੋ ਸਕੇਗੀ ਤੇ ਸਾਡੀ ਕੌਮੀ ਸੁਰੱਖਿਆ ਯਕੀਨੀ ਨਹੀਂ ਹੋ ਸਕੇਗੀ। ਇਕ ਸੱਤਾਵਾਦੀ ਪ੍ਰਧਾਨ ਮੰਤਰੀ ਦੇ ਨਾਲ ਬਹੁਤ ਸਾਰੇ ਸੱਤਾਵਾਦੀ ਮੁੱਖ ਮੰਤਰੀ ਪੈਦਾ ਹੋ ਜਾਂਦੇ ਹਨ ਜਿਸ ਕਰਕੇ ਇਕ ਰਾਸ਼ਟਰ ਦੇ ਤੌਰ ’ਤੇ ਸਾਡੀਆਂ ਸੰਭਾਵਨਾਵਾਂ ਲਈ ਖ਼ਤਰਾ ਬਣ ਜਾਂਦਾ ਹੈ। ਭਾਰਤ ਅਤੇ ਭਾਰਤੀਆਂ ਦੇ ਹਿੱਤਾਂ ਦੀ ਰੱਖਿਆ ਉਹੀ ਆਗੂ ਬਿਹਤਰ ਕਰ ਸਕਦੇ ਹਨ ਜੋ ਆਪੋ ਆਪਣੇ ਖੇਤਰਾਂ ਦੇ ਮਾਹਿਰਾਂ ਅਤੇ ਵਿਆਪਕ ਰੂਪ ਵਿਚ ਨਾਗਰਿਕਾਂ ਦੀ ਸੁਣਦੇ ਹੋਣ -ਜੋ ਆਪਣੇ ਮੰਤਰੀਆਂ ਨੂੰ ਅਖ਼ਤਿਆਰ ਦਿੰਦੇ ਹੋਣ (ਅਤੇ ਬਣਦਾ ਸਿਹਰਾ ਵੀ ਦਿੰਦੇ ਹੋਣ), ਜੋ ਜਨਤਕ ਸੰਸਥਾਵਾਂ ਦੀ ਖ਼ੁਦਮੁਖ਼ਤਾਰੀ ਅਤੇ ਪ੍ਰੈਸ ਦੀ ਅਜ਼ਾਦੀ ਦਾ ਸਤਿਕਾਰ ਕਰਦੇ ਹੋਣ, ਜੋ ਸਿਆਸੀ ਵਿਰੋਧੀ ਨਾਲ ਉਸਾਰੂ ਸੰਵਾਦ ਰਚਾਉਂਦੇ ਹੋਏ ਇਕ ਦੂਜੇ ’ਤੇ ਦੂਸ਼ਣਬਾਜ਼ੀ ਤੋਂ ਗੁਰੇਜ਼ ਕਰਦੇ ਹੋਣ।

## ਅਜਨਬੀ...

ਕੰਬਖ਼ਤ...ਹਮੇਸ਼ਾ ਵਿਚਕਾਰ ਲੱਤ ਅੜਾਉਂਦਾ ਏ।’ ਉਸ ਪਿੱਛੋਂ ਜਿਵੇਂ ਈ ਉਸਨੇ ਪੌੜੀਆਂ ਚੜਨੀਆਂ ਸ਼ੁਰੂ ਕੀਤੀਆਂ, ਕੁੱਤਾ ਸਾਰਾ ਜ਼ੋਰ ਲਾ ਕੇ ਪਿੱਛੇ ਖਿੱਚਣ ਲੱਗਾ, ਤੇ ਫਰਸ਼ ’ਤੇ ਪਸਰ ਗਿਆ। ਹੁਣ ਬੁੱਢੇ ਨੂੰ ਕੁੱਤੇ ਦੀ ਜ਼ੰਜੀਰ ਫੜ ਕੇ ਉਸਨੂੰ ਇਕ-ਇਕ ਪੌੜੀ ਉੱਤੇ ਖਿੱਚਣਾ, ਚੜਾਉਣਾ ਪਿਆ।

ਉਸੇ ਸਮੇਂ ਸਾਡੀ ਮੰਜ਼ਿਲ ’ਤੇ ਰਹਿਣ ਵਾਲਾ ਇਕ ਹੋਰ ਆਦਮੀ ਵੀ ਸੜਕ ਵਾਲੇ ਪਾਸਿਓਂ ਅੰਦਰ ਆਇਆ। ਉਸ ਬਾਰੇ ਇੱਥੇ ਆਮ ਧਾਰਨਾ ਏ ਕਿ ਔਰਤਾਂ ਦਾ ਦਲਾਲ ਏ ਉਹ। ਪਰ ਉਸਨੂੰ ਪੁੱਛੋ ਕਿ ਕੀ ਕੰਮ ਕਰਦੇ ਓਂ, ਤਾਂ ਦਸਦਾ ਏ ਕਿ ਉਹ ਮਾਲਗੋਦਾਮ ਵਿਚ ਨੌਕਰ ਏ। ਹਾਂ, ਇਹ ਜ਼ਰੂਰ ਏ ਕਿ ਆਪਣੀ ਸੜਕ ’ਤੇ ਇਸਨੂੰ ਬਹੁਤੇ ਲੋਕ ਨਹੀਂ ਜਾਣਦੇ। ਮੇਰੇ ਨਾਲ ਅਕਸਰ ਇਸਦੀ ਦੁਆ-ਸਲਾਮ ਹੋ ਜਾਂਦੀ ਏ। ਮੈਂ ਈ ਇਕ ਅਜਿਹਾ ਆਦਮੀ ਹਾਂ ਜਿਹੜਾ ਧਿਆਨ ਨਾਲ ਇਸ ਦੀਆਂ ਗੱਲਾਂ ਸੁਣ ਲੈਂਦਾ ਹਾਂ, ਸੋ ਕਦੀ-ਕਦੀ ਇਕ-ਅੱਧੀ ਗੱਲ ਕਰਨ ਲਈ ਮੇਰੇ ਕਮਰੇ ਵਿਚ ਵੀ ਆ ਜਾਂਦਾ ਏ, ਤੇ ਸੱਚ ਪੁੱਛੋਂ ਤਾਂ ਮੈਨੂੰ ਇਸ ਦੀਆਂ ਗੱਲਾਂ ਕਾਫ਼ੀ ਰੋਚਕ ਲੱਗਦੀਆਂ ਨੇ। ਸ਼ਾਇਦ ਇਸੇ ਲਈ ਮੈਨੂੰ ਇਸ ਤੋਂ ਕੰਨੀ ਬਚਾਉਣ ਦਾ ਕੋਈ ਕਾਰਨ ਦਿਖਾਈ ਨਹੀਂ ਦਿੰਦਾ। ਨਾਂ ਏ, ਸਿੰਤੇ-ਰੇਮੰਡ ਸਿੰਤੇ। ਗਠੀਲਾ ਸਰੀਰ, ਮਧਰਾ ਕੱਦ, ਮੁੱਕੇਬਾਜ਼ਾਂ ਵਰਗੀ ਨੱਕ ਤੇ ਹਮੇਸ਼ਾ ਚੁਸਤ-ਦਰੁਸਤ ਕੱਪੜਿਆਂ ਵਿਚ ਲੈਸ। ਇਕ ਵਾਰੀ ਸਲਾਮਾਨੋ ਨੂੰ ਲੈ ਕੇ ਉਸਨੇ ਵੀ ਮੈਨੂੰ ਕਿਹਾ ਸੀ, ‘ਬੇਸ਼ਰਮੀ ਦੀ ਹੱਦ ਏ।’ ਫੇਰ ਪੁੱਛਿਆ ਸੀ, ‘ਜਿਸ ਢੰਗ ਨਾਲ ਇਹ ਬੁੱਢਾ ਕੁੱਤੇ ਨਾਲ ਪੇਸ਼ ਆਉਂਦਾ ਏ, ਇਸ ਤੋਂ ਤੁਹਾਨੂੰ ਨਫ਼ਰਤ ਤੇ ਚਿੜਚਿੜਾਹਟ ਨਈਂ ਹੁੰਦੀ?’ ਮੈਂ ਜਵਾਬ ਦਿੱਤਾ, ‘ਨਈਂ ਬਈ।’

ਅਸੀਂ ਦੋਵਾਂ ਨੇ-ਸਿੰਤੇ ਨੇ ਤੇ ਮੈਂ-ਨਾਲੋ-ਨਾਲ ਪੌੜੀਆਂ ਚੜੀਆਂ। ਮੈਂ ਆਪਣੇ ਕਮਰੇ ਵੱਲ ਮੁੜਨ ਲੱਗਾ ਤਾਂ ਬੋਲਿਆ, ‘ਦੇਖੋ, ਅੱਜ ਤੁਸੀਂ ਖਾਣਾ ਮੇਰੇ ਨਾਲ ਈ ਖਾਓ ਤਾਂ ਕੈਸਾ ਰਹੇ? ਹਲਵਾ ਤੇ ਸ਼ਰਾਬ ਐ ਆਪਣੇ ਘਰ ਅੱਜ।’

ਸੋਚਿਆ, ਚਲੋ ਆਪਣਾ ਖਾਣਾ ਬਣਾਉਣ ਤੋਂ ਜਾਨ ਛੁੱਟੀ। ਕਿਹਾ, ‘ਬਹੁਤ-ਬਹੁਤ ਸ਼ੁਕਰੀਆ’ ਕਮਰਾ ਉਸਦੇ ਕੋਲ ਵੀ ਇਕ ਈ ਏ। ਬਿਨਾਂ ਜੰਗਲੇ ਵਾਲੀ ਛੋਟੀ-ਜਿਹੀ ਰਸੋਈ ਏ। ਦੇਖਿਆ, ਪਲੰਘ ਉਤਲੀ ਟਾਂਡ ’ਤੇ ਗੁਲਾਬੀ ਤੇ ਸਫੇਦ ਪਲਸਤਰ ਦੀ ਬਣੀ ਦੇਵਦੂਤ ਦੀ ਮੂਰਤੀ ਰੱਖੀ ਹੋਈ ਏ। ਸਾਹਮਣੇ ਵਾਲੀ ਕੰਧ ’ਤੇ ਨਾਮੀ ਖਿਡਾਰੀਆਂ ਤੇ ਨੰਗੀਆਂ ਔਰਤਾਂ ਦੀਆਂ ਤਸਵੀਰਾਂ ਮੇਖਾਂ ਨਾਲ ਠੋਕੀਆਂ ਹੋਈਆਂ ਨੇ। ਬਿਸਤਰਾ ਵਿਛਾਇਆ ਨਹੀਂ ਸੀ ਹੋਇਆ ਤੇ ਕਮਰੇ ਵਿਚ ਚਾਰੇ-ਪਾਸੇ ਗੰਦਗੀ ਸੀ। ਵੜਦਿਆਂ ਈ ਉਸਨੇ ਜਾ ਕੇ ਮੋਮਬੱਤੀ ਵਾਲਾ ਲੈਂਪ ਜਗਾ ਦਿੱਤਾ। ਫੇਰ ਜੇਬ ਵਿਚ ਹੱਥ ਪਾ ਕੇ ਕੱਪੜੇ ਦੀ ਚਿੱਕੜ ਹੋਈ ਪੱਟੀ ਕੱਢੀ ਤੇ ਉਸਨੂੰ ਸਿੱਧੇ ਹੱਥ ’ਤੇ ਲਪੇਟ ਲਿਆ। ਮੈਂ ਪੁੱਛਿਆ, ‘ਕੋਈ ਤਕਲੀਫ਼ ਏ?’ ਬੋਲਿਆ, ‘ਇਕ ਆਦਮੀ ਨੇ ਬੜਾ ਤੰਗ ਕੀਤਾ ਹੋਇਆ ਸੀ, ਸੋ ਉਸੇ ਨਾਲ ਜ਼ਰਾ ਹੱਥੋਪਈ ਹੋ ਗਈ।’

ਦੱਸਣ ਲੱਗਿਆ, ‘ਮੁਸੀਬਤ ਮੁੱਲ ਲੈਂਦਾ ਫਿਰਾਂ, ਮੈਂ ਅਜਿਹਾ ਆਦਮੀ ਨਈਂ...ਹਾਂ, ਇਹ ਹੋਰ ਗੱਲ ਏ ਕਿ ਗੁੱਸਾ ਜ਼ਰਾ ਜਲਦੀ ਆ ਜਾਂਦਾ ਏ। ਉਸ ਆਦਮੀ ਨੇ ਲਲਕਰਾ ਮਾਰਿਆ ‘ਮਰਦ ਬੱਚਾ ਏਂ ਤਾਂ ਟਰਾਮ ’ਚੋਂ ਜ਼ਰਾ ਹੇਠਾਂ ਉੱਤਰ।’ ਮੈਂ ਕਿਹਾ, ‘ਬਕ-ਬਕ ਨਾ ਕਰ। ਮੈਂ ਤੇਰਾ ਕੁਛ ਨਈਂ ਵਿਗਾੜਿਆ।’ ਇਸ ’ਤੇ ਉਹ ਬੋਲਿਆ, ਪਤਾ ਈ ਕੀ-‘ਸਾਲੇ ’ਚ ਹਿੰਮਤ ਈ ਨਈਂ।’ ਮੈਂ ਕਿਹਾ, ‘ਜ਼ਬਾਨ ਬੰਦ ਕਰਦਾ ਏਂ ਜਾਂ ਆ ਕੇ ਮੈਂ ਬੰਦ ਕਰਾਂ?’ ਤਾਂ ਜਵਾਬ ਦੇਂਦਾ ਏ, ‘ਜ਼ਰਾ ਕਰਕੇ ਤਾਂ ਦੇਖ...’ ਮੇਰੇ ਵਿਚ ਏਨੀ ਤਾਬ ਕਿੱਥੇ? ਝੱਟ ਮੁੱਕਾ ਉਸਦੇ ਮੂੰਹ ’ਤੇ ਜੜ ਦਿੱਤਾ ਤਾਂ ਚਾਰੇ ਖਾਨੇ ਚਿਤ। ਮੈਂ ਕੁਝ ਚਿਰ ਰੁਕਿਆ ਕਿ ਹੁਣ ਉੱਠੇ, ਹੁਣ ਉੱਠੇ। ਫੇਰ ਉਸਨੂੰ ਸਹਾਰਾ ਦੇ ਕੇ ਖੜਾ ਕਰਨ ਲੱਗਾ। ਪਰ ਜਦੋਂ ਕੋਈ ਹੋਰ ਵੱਸ ਨਾ ਚੱਲਿਆ ਤਾਂ ਜਨਾਬ ਨੇ ਪਏ-ਪਏ ਈ ਲੱਤ ਚਲਾ ਦਿੱਤੀ। ਹੁਣ ਮੈਂ ਗੋਡਿਆਂ ਹੇਠ ਲੈ ਲਿਆ ਤੇ ਦੋ-ਚਾਰ ਥੱਪੜ ਜੜ ਦਿੱਤੇ ਕਿ ਸੂਰ ਵਾਂਗ ਖ਼ੂਨ ਥੁੱਕਣ ਲੱਗਾ। ਮੈਂ ਪੁੱਛਿਆ, ‘ਕਿਓਂ, ਹੁਣ ਤਾਂ ਤਸੱਲੀ ਹੋ-ਗੀ ਨਾ?’ ਬੋਲਿਆ, ‘ਹਾਂ-ਜੀ-’

ਗੱਲਾਂ ਕਰਦਾ-ਹੋਇਆ ਸਿੰਤੇ ਆਪਣੀ ਪੱਟੀ ਠੀਕ ਕਰਦਾ ਰਿਹਾ ਸੀ। ਮੈਂ ਬਿਸਤਰੇ ‘ਤੇ ਬੈਠ ਗਿਆ ਸੀ।

ਉਹ ਬੋਲਿਆ, ‘ਸੋ ਭਾਈ ਸਾਹਬ, ਤੁਸੀਂ ਓਂ ਦੱਸੋ, ਇਸ ਵਿਚ ਮੇਰਾ ਕੀ ਕਸੂਰ? ਉਹ ਤਾਂ ਖ਼ੁਦ ਚਾਹੁੰਦਾ ਸੀ। ਮੈਂ ਠੀਕ ਕਹਿ ਰਿਹਾਂ ਨਾ?’

ਮੈਂ ਸਿਰ ਹਿਲਾਅ ਕੇ ਹਾਮੀ ਭਰੀ। ਉਹ ਬੋਲਦਾ ਰਿਹਾ, ‘ਪਰ ਗੱਲ ਇਹ ਐ ਕਿ ਮੈਂ ਇਕ ਦੂਜੇ ਮਾਮਲੇ ਵਿਚ ਤੁਹਾਡੀ ਸਲਾਹ ਚਾਹੁੰਦਾ ਆਂ। ਉਂਜ ਉਸਦਾ ਸੰਬੰਧ ਇਸ ਗੱਲ ਨਾਲ ਵੀ ਐ। ਤੁਸੀਂ ਮੈਥੋਂ ਜ਼ਿਆਦਾ ਦੁਨੀਆਂ ਦੇਖੀ ਐ। ਮੈਨੂੰ ਪਤਾ ਏ, ਤੁਸੀਂ ਮੇਰੀ ਮਦਦ ਕਰ ਸਕਦੇ ਓਂ। ਜੇ ਤੁਸੀਂ ਏਨਾ ਕਰ ਦਿਓਂ ਤਾਂ ਮੈਂ ਜ਼ਿੰਦਗੀ ਭਰ ਤੁਹਾਡਾ ਸਾਥ ਦਿਆਂਗਾ। ਭਾਈ ਸਾਹਬ ਮੈਂ ਕਦੀ ਕਿਸੇ ਦਾ ਅਹਿਸਾਨ ਨਈਂ ਭੁੱਲਦਾ।’

ਜਦੋਂ ਇਸ ’ਤੇ ਵੀ ਮੈਂ ਕੁਝ ਨਾ ਬੋਲਿਆ ਤਾਂ ਉਸਨੇ ਪੁੱਛਿਆ, ‘ਤੁਸੀਂ ਚਾਹੋਂ ਤਾਂ ਅਸੀਂ ਲੋਕ ਪੱਕੇ ਦੋਸਤ ਬਣ ਜਾਈਏ...?’ ਮੈਂ ਕਿਹਾ, ‘ਮੈਨੂੰ ਕੀ ਇਤਰਾਜ਼ ਏ...’ ਲੱਗਿਆ, ਇਸ ਨਾਲ ਉਸਦੀ ਤਸੱਲੀ ਹੋ ਗਈ। ਉਸਨੇ ਭੁੰਨਿਆ ਹੋਇਆ ਪੁਡਿੰਗ ਕੱਢ ਕੇ ਭਾਂਡੇ ਵਿਚ ਗਰਮ ਕੀਤਾ ਤੇ ਸ਼ਰਾਬ ਦੀਆਂ ਦੋ ਬੋਤਲਾਂ ਮੇਜ਼ ’ਤੇ ਰੱਖ ਕੇ ਖਾਣਾ ਸਜ਼ਾ ਦਿੱਤਾ। ਇਸ ਦੌਰਾਨ ਉਹ ਬਿਲਕੁਲ ਚੁੱਪ ਰਿਹਾ।

ਜਦੋਂ ਅਸੀਂ ਖਾਣ ਬੈਠੇ ਤਾਂ ਉਸਨੇ ਆਪਣੀ ਰਾਮ-ਕਹਾਣੀ ਸ਼ੁਰੂ ਕਰ ਦਿੱਤੀ। ਸ਼ੁਰੂ ਵਿਚ ਜ਼ਰਾ-ਜਿਹੀ ਝਿਜਕ ਸੀ, ਬਾਅਦ ਵਿਚ ਨਹੀਂ ਰਹੀ।

‘ਇਹ ਸਾਰਾ ਝਗੜਾ ਵੀ ਉਸੇ ਇਕ ਕੁੜੀ ਦੇ ਪਿੱਛੇ ਐ। ਗੱਲ ਇਹ ਐ ਕਿ ਕਾਫ਼ੀ ਦਿਨਾਂ ਤੋਂ ਮੇਰੇ ਤੇ ਉਸ ਕੁੜੀ ਦੇ ਸਰੀਰਕ ਸੰਬੰਧ ਨੇ। ਤੇ ਤੁਹਾਥੋਂ ਕੀ ਲੁਕੋਣਾ ਬਈ ਮੈਂ ਉਸਨੂੰ ਰਖੈਲ ਵਾਂਗ ਰੱਖ ਲਿਆ ਸੀ। ਚੰਗੀ-ਖਾਸੀ ਰਕਮ ਮੈਨੂੰ ਉਸ ’ਤੇ ਖਰਚ ਕਰਨੀ ਪਈ ਸੀ। ਜਿਸ ਆਦਮੀ ਦੀ ਮੈਂ ਠੁਕਾਈ ਕੀਤੀ ਐ, ਉਹ ਉਸਦਾ ਭਰਾ ਐ।’

(ਚਲਦਾ...)

## ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ

# ਜਾਣੋ ਪਲ ਪਲ ਦੀ ਖਬਰ




ON

**jus PUNJABI HD** **sling**

CREDIBILITY RELIABILITY

**Minute to Minute Coverage of Punjab Elections**

# *Punjabi Super Pack*

**20 channels for only $25/month on sling**

SCAN ME TO SUBSCRIBE

**Get 30% off ANY Pack for the first month! w/code: SLINGER854**

**To Subscribe Call: +1-718-752-9290**

**Visit: sling.com/juspunjabi**

for advertisement & more information call: +1-718-752-9293

www.jusbroadcasting.com